ISSN:2231-6930

97

# ਪ੍ਰਵਚਨ



ਅਕਤੂਬਰ-ਦਸੰਬਰ 2024

ਮੁੱਲ 75 ਰੁਪਏ

‘ਪ੍ਰਵਚਨ’ ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ, ਯੂ.ਜੀ.ਸੀ. ਕੇਅਰ
ਲਿਸਟ ਅਨੁਸਾਰ ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ

ਸਾਲ : 24 ਪੁਸਤਕ ਲੜੀ : 97 ਅਕਤੂਬਰ–ਦਸੰਬਰ 2024

**ਬਾਨੀ ਸੰਪਾਦਕ: ਡਾ. ਰਜਨੀਸ਼ ਬਹਾਦਰ ਸਿੰਘ**
**ਮੁੱਖ ਸੰਪਾਦਕ: ਡਾ. ਕੁਲਵੰਤ ਸਿੰਘ**
124, CHHOTI BARADARI-II
Jalandhar-144001
Mob: 98722-44885
pravachanpunjabi@gmail.com
www.pravachan. org
**ਸੰਪਾਦਕ: ਡਾ. ਰਮਿੰਦਰ ਕੌਰ**
Mob: 94172–75147
**ਸਲਾਹਕਾਰ ਬੋਰਡ**
ਡਾ. ਰਵੀ ਰਵਿੰਦਰ (ਦਿੱਲੀ ਯੂਨੀਵਰਸਿਟੀ)
ਡਾ. ਜਸਵਿੰਦਰ ਸਿੰਘ (ਪਟਿਆਲਾ)
ਡਾ. ਮਹਿਲ ਸਿੰਘ (ਅੰਮ੍ਰਿਤਸਰ)
ਡਾ. ਜਨਮੀਤ
ਡਾ. ਜਸ ਮੰਡ
ਸੁਕੀਰਤ
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)
ਡਾ. ਪਰਮਜੀਤ ਕੌਰ ਸਿੱਧੂ (ਕੁਰੂਕਸ਼ੇਤਰ ਯੂਨੀਵਰਸਿਟੀ)
ਸੰਤੋਖ ਧਾਲੀਵਾਲ (ਯੂ. ਕੇ.)
ਬਲਬੀਰ ਪਰਵਾਨਾ
ਰਾਹੁਲ ਸਿੰਘ

**ਚੰਦਿਆਂ ਦਾ ਵੇਰਵਾ:**

| | |
|---|---|
| India | Rs. 75 Per Issue |
| | Rs.1500 Per 5 Years |
| U.K. | £20 Per Year |
| | £100 Per 5 Years |
| U.S.A./ | $40 Per Year |
| | $160 Per 5 Years. |
| Canada | $40 Per Year |
| | $200 Per 5 Years. |

## ਅੰਦਰ ਪੜ੍ਹੋ


- ਸੰਪਾਦਕੀ/ ਸਾਹਿਤ ਅਤੇ ਸਮਾਜ .....2
- ਗ਼ਜ਼ਲਾਂ/ਅਨੀ ਕਾਠਗੜ੍ਹ ..............4
- ਕਵਿਤਾਵਾਂ/ਰਣਧੀਰ ..................6
- ਕਵਿਤਾਵਾਂ/ਸੰਦੀਪ .................10
- ਕਵਿਤਾਵਾਂ/ਜਗਦੀਪ ਜਵਾਹਰ ਕੇ ..12
- ਕਵਿਤਾਵਾਂ/ਮਨਦੀਪ ਔਲਖ .......15
- ਰਚਨਾਵਾਂ
  ਸਤਨਾਮ ਕੌਰ ਤੁਗਲਵਾਲਾ .........17
- ਕਵਿਤਾਵਾਂ/ਗੁਰਪ੍ਰੀਤ ਗਿੱਲ .........18
- ਸਾਡਾ ਤੁਹਾਡਾ, ਸਭ ਦਾ ਪਾਤਰ
  –ਵਰਿਆਮ ਸਿੰਘ ਸੰਧੂ ..............22

**ਕਹਾਣੀਆਂ**

- ਰਫ਼ੂਜੀ/ਸਵਦੇਸ਼ ਦੀਪਕ/
  ਅਨੁ: **ਪਰਮਜੀਤ ਢੀਂਗਰਾ** ........... 68
- ਮਦਰਜ਼ ਡੇ ਗਿਫਟ/ ਨਿਰੰਜਣ ਬੋਹਾ .80
- ਡੋਪਾਮਾਈਨ/ਅਲਫ਼ਾਜ਼ .............89
- ਸਮਕਾਲ ਅਤੇ ਮੇਰੀ ਨਾਵਲੀ
  ਸਿਰਜਣਕਾਰੀ –ਸੰਤੋਖ ਧਾਲੀਵਾਲ 101
- ਪੰਜਾਬ ਸੰਕਟ ਅਤੇ ਫ਼ਿਲਮ:
  ਪੇਸ਼ਕਾਰੀ ਅਤੇ ਵਿਚਾਰਧਾਰਕ ਨਿਰੂਪਣ
  –ਸੁਖਵਿੰਦਰ ਕੌਰ .................. 107
- ਅਮਰਜੀਤ ਕੌਂਕੇ ਦੀ ਕਵਿਤਾ ਵਿਚ
  ਨਾਰੀ ਸੰਵੇਦਨਾ ਦੇ ਵਿਭਿੰਨ ਪਾਸਾਰ
  –ਡਾ. ਰਚਨਾ ਕੁਮਾਰੀ ............. 117
- ਕਹਾਣੀ ਪੜ੍ਹਤ
  –ਡਾ. ਪਰਮਜੀਤ ਕੌਰ ............. 130
- ਸਮਕਾਲੀ ਸਾਹਿਤ ਨੂੰ ਵਾਚਦਿਆਂ 138


**Title**
**Lynn Chewning**

ਸੰਪਾਦਕੀ

# ਸਾਹਿਤ ਅਤੇ ਸਮਾਜ

ਸਾਹਿਤ ਅਤੇ ਸਮਾਜ ਦੇ ਆਪਸੀ ਰਿਸ਼ਤੇ ਬਾਰੇ ਚਰਚਾ ਵੀ ਉਤਨੀ ਹੀ ਪੁਰਾਣੀ ਹੈ ਜਿੰਨੀ ਸਾਹਿਤ ਦੀ ਆਪਣੀ ਹੋਂਦ। ਪੱਛਮੀ ਵਿਦਵਾਨਾਂ ਤੋਂ ਲੈ ਕੇ ਭਾਰਤੀ ਆਚਾਰੀਆਂ ਨੇ ਵੀ ਇਨ੍ਹਾਂ ਦੋਹਾਂ ਦੇ ਸੰਬੰਧਾਂ ਬਾਰੇ ਭਰਪੂਰ ਚਰਚਾ ਕੀਤੀ ਹੈ। ਇਸ ਸਮੁੱਚੀ ਵਿਚਾਰ ਚਰਚਾ ਨੂੰ ਮੋਟੇ ਰੂਪ ਵਿਚ ਦੋ ਮੁੱਦਿਆਂ 'ਤੇ ਕੇਂਦ੍ਰਿਤ ਸਮਝਿਆ ਜਾ ਸਕਦਾ ਹੈ। ਇਕ ਮੱਤ ਸਾਹਿਤ ਤੇ ਸਮਾਜ ਦੇ ਆਪਸੀ ਸੰਬੰਧਾਂ ਤੇ ਸਹਿਹੋਂਦ ਨਾਲ ਜੁੜਿਆ ਹੈ ਅਤੇ ਦੂਸਰਾ ਮੱਤ ਇਸ ਦੇ ਉਲਟ ਦੋਹਾਂ ਨੂੰ ਸੁਤੰਤਰ ਇਕਾਈਆਂ ਨੇ ਹੋਂਦਾਂ ਦੇ ਰੂਪ ਵਿਚ ਸਥਾਪਿਤ ਕਰਦਾ ਹੈ।

ਜੇਕਰ ਵਿਦਵਾਨਾਂ ਦੀਆਂ ਸਥਾਪਨਾਵਾਂ ਨੂੰ ਪਾਸੇ ਰੱਖ ਕੇ ਸੋਚਿਆ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਮਨੁੱਖ ਇਕ ਸਮਾਜਕ ਪ੍ਰਾਣੀ ਹੈ, ਜਿਸ ਦੇ ਹਰ ਕਾਰਜ ਵਿਚ ਸਮਾਜਕਤਾ ਦਾ ਦਖ਼ਲ ਹੁੰਦਾ ਹੈ। ਆਤਮ-ਪ੍ਰਗਟਾਵੇ ਪਿੱਛੇ ਵੀ ਇਹੀ ਸਮਾਜਕਤਾ ਹੀ ਕੰਮ ਕਰ ਰਹੀ ਹੁੰਦੀ ਹੈ। ਇਸ ਪ੍ਰਗਟਾਵੇ ਦੀ ਪ੍ਰਵਿਰਤੀ ਦਾ ਸਭ ਤੋਂ ਉੱਚਾ ਤੇ ਸੁਚੱਜਾ ਰੂਪ ਸਾਹਿਤ ਦੇ ਮਾਧਿਅਮ ਰਾਹੀਂ ਹੀ ਸੰਭਵ ਹੁੰਦਾ ਹੈ। ਵੈਸੇ ਤਾਂ ਕਲਾ ਦੇ ਸਮੁੱਚੇ ਮਾਧਿਅਮ ਹੀ ਇਸ ਦਾਇਰੇ ਵਿਚ ਆਉਂਦੇ ਹਨ। ਪਰੰਤੂ, ਆਪਣੇ ਮਾਧਿਅਮ ਭਾਸ਼ਾ ਕਰਕੇ ਸਾਹਿਤ ਦੀ ਪਹੁੰਚ ਜਨ-ਮਾਨਸ ਤੱਕ ਹੋਣ ਦੀ ਸੰਭਾਵਨਾ ਸਭ ਤੋਂ ਵੱਧ ਹੁੰਦੀ ਹੈ, ਕਿਉਂਕਿ ਭਾਸ਼ਾ ਦੀ ਸਮਾਜਕ ਪ੍ਰਾਸੰਗਿਕਤਾ ਸਭ ਤੋਂ ਵਧੇਰੇ ਹੈ, ਜਦਕਿ ਕਲਾ ਦੇ ਬਾਕੀ ਮਾਧਿਅਮ ਸ਼ਾਇਦ ਇਤਨੇ ਪ੍ਰਚਲਿਤ ਤੇ ਪ੍ਰਵਾਨਿਤ ਨਹੀਂ। ਇਸੇ ਲਈ ਕਿਹਾ ਜਾ ਸਕਦਾ ਹੈ ਕਿ ਕਿਸੇ ਵੀ ਖਿੱਤੇ ਦਾ ਸਾਹਿਤ ਸਿਰਫ਼ ਇਕ ਕਲਾਤਮਿਕ ਕ੍ਰਿਤ ਹੀ ਨਹੀਂ ਹੁੰਦੀ, ਸਗੋਂ ਉਸ ਖਿੱਤੇ ਦਾ ਜੀਵੰਤ ਸਮਾਜਕ ਇਤਿਹਾਸ ਵੀ ਹੁੰਦਾ ਹੈ। ਇਸ ਲਈ ਕਿਸੇ ਵੀ ਇਲਾਕੇ ਦੇ ਇਤਿਹਾਸ, ਲੋਕ ਜੀਵਨ ਨੂੰ ਸਮਝਣ ਲਈ ਸਾਹਿਤ ਸਭ ਤੋਂ ਵਧੇਰੇ ਪ੍ਰਮਾਣਿਕ ਦਸਤਾਵੇਜ਼ ਮੰਨਿਆ ਜਾਂਦਾ ਹੈ। ਕਿਸੇ ਵੀ ਭਾਸ਼ਾ ਵਿਚ ਰਚੇ ਸਾਹਿਤ ਨੂੰ ਸਭ ਤੋਂ ਵਧੇਰੇ ਸੁੱਚਜੇ ਤੇ ਪ੍ਰਮਾਣਿਕ ਢੰਗ ਨਾਲ ਉਸ ਖਿੱਤੇ ਵਿਸ਼ੇਸ਼ ਵਿਚ ਹੀ ਸਮਝਿਆ ਜਾ ਸਕਦਾ ਹੈ, ਜਿਸ ਦੀ ਉਹ ਉਪਜ ਹੁੰਦਾ ਹੈ।

ਜਦੋਂ ਅਸੀਂ ਇਸ ਪ੍ਰਸੰਗ ਵਿਚ ਪੰਜਾਬੀ ਸਾਹਿਤ ਵੱਲ ਝਾਤ ਪਾਉਂਦੇ ਹਾਂ ਤਾਂ ਆਪਣੇ ਆਦਿ-ਕਾਲ ਤੋਂ ਹੀ ਪੰਜਾਬੀ ਸਾਹਿਤ ਆਪਣੇ ਸਮਾਜਕ ਪ੍ਰਸੰਗਾਂ ਪ੍ਰਤੀ ਸੁਚੇਤ ਨਜ਼ਰ ਆਉਂਦਾ ਹੈ। ਪੰਜਾਬੀ ਸਾਹਿਤ ਸਮਾਜਕ ਲਹਿਰਾਂ/ਜ਼ਰੂਰਤਾਂ ਦੀ ਉਪਜ ਹੈ, ਸੂਫ਼ੀ ਕਾਵਿ, ਭਗਤੀ ਕਾਵਿ, ਧਾਰਮਿਕ ਸੁਧਾਰਵਾਦੀ ਲਹਿਰ, ਪ੍ਰਗਤੀਵਾਦੀ ਲਹਿਰ ਆਦਿ ਸਾਰੀਆਂ ਹੀ ਲਹਿਰਾਂ ਕਿ ਪਾਸੇ ਸਮਾਜਕ ਜ਼ਰੂਰਤਾਂ ਵਿਚੋਂ ਆਪਣਾ ਸਰੂਪ ਗ੍ਰਹਿਣ ਕਰਦੀਆਂ ਹਨ ਤੇ ਦੂਸਰੇ ਪਾਸੇ ਇਨ੍ਹਾਂ ਨੇ ਸਾਹਿਤ ਨੂੰ ਆਪਣੇ ਪ੍ਰਚਾਰ-ਪ੍ਰਸਰ ਲਈ ਮਾਧਿਅਮ ਵਜੋਂ ਚੁਣਿਆ। ਸਾਹਿਤ ਨੂੰ ਲੋਕ-ਲਹਿਰਾਂ ਦੀ ਪ੍ਰਵਾਨਗੀ ਦੇ ਪੈਮਾਨੇ ਵਜੋਂ ਵੇਖਿਆ ਜਾ ਸਕਦਾ ਹੈ, ਜਿਸ ਲਹਿਰ ਨੇ ਜਿੰਨਾ ਵਧੇਰੇ ਸਾਹਿਤ ਰਚਿਆ ਉਸਦੀ ਪ੍ਰਵਾਨਗੀ ਉਤਨੀ ਹੀ ਵਧੇਰੇ ਸੀ। ਜੋ ਲਹਿਰਾਂ

ਅਜੇਹਾ ਕਰਨ ਵਿਚ ਸਫਲ ਨਹੀਂ ਹੋਈਆਂ, ਉਹ ਲੋਕਾਈ ਨਾਲੋਂ ਟੁੱਟੀਆਂ ਹੋਈਆਂ ਜਾਂ ਲੋਕ-ਸਰੋਕਾਰਾਂ ਤੋਂ ਦੁਰਾਡੀਆਂ ਸਨ। ਸਿਰਫ਼ ਲਹਿਰਾਂ ਹੀ ਨਹੀਂ ਸਾਹਿਤਕ ਵਿਧਾਵਾਂ ਵਿਚਲੀ ਤਬਦੀਲੀ ਨੂੰ ਸਮਾਜਕ ਤਬਦੀਲੀ ਦੇ ਇੰਡੀਕੇਟਰ ਵਜੋਂ ਵੇਖਿਆ ਜਾ ਸਕਦਾ ਹੈ। ਮੱਧਕਾਲੀ ਸਾਹਿਤਕ ਵਿਧਾਵਾਂ ਦਾ ਸਾਹਿਤਕ-ਦ੍ਰਿਸ਼ ਤੋਂ ਲਾਂਭੇ ਹੋਣਾ ਕੋਈ ਅਚਨਚੇਤੀ ਵਾਪਰਿਆ ਵਰਤਾਰਾ ਨਹੀਂ ਸੀ, ਸਗੋਂ ਸਮਾਜਕ-ਆਰਥਿਕ ਤਬਦੀਲੀ ਕਾਰਣ ਇਹ ਵਿਧਾਵਾ ਆਪਣੀ ਸਾਰਥਿਕਤਾ ਹੰਢਾ ਕੇ ਅਲੋਪ ਹੋਈਆਂ ਤੇ ਸਾਹਿਤਕ-ਦ੍ਰਿਸ਼ ਤੇ ਪੈਦਾ ਹੋਈ ਨਵੀਂ ਗਲਪ ਵਿਧਾ ਇਕ ਨਵੀਂ ਪੈਦਾ ਹੋ ਰਹੀ ਮੱਧ-ਸ਼੍ਰੇਣੀ ਦੇ ਪ੍ਰਗਟਾਵੇ ਦਾ ਮਾਧਿਅਮ ਬਣਕੇ ਇਕ ਨਵੀਂ ਸਮਾਜਕ ਤਬਦੀਲੀ ਵੱਲ ਇਸ਼ਾਰਾ ਕਰਦੀ ਹੈ।

ਜਿਵੇਂ ਕਿ ਅਸੀਂ ਪਹਿਲਾਂ ਵੀ ਜ਼ਿਕਰ ਕੀਤਾ ਸੀ ਕਿ ਇਸ ਚਰਚਾ ਦਾ ਇਤਿਹਾਸ ਸਾਹਿਤ ਦੀ ਹੋਂਦ ਜਿੰਨਾ ਹੀ ਪੁਰਾਣਾ ਹੈ, ਪਰ ਪੰਜਾਬੀ ਵਿਚ ਇਹ ਚਰਚਾ ਵਧੇਰੇ ਜ਼ੋਰ ਉਦੋਂ ਪਕੜਦੀ ਹੈ ਜਦੋਂ ਪ੍ਰਗਤੀਵਾਦੀ ਲਹਿਰ ਹੋਂਦ ਵਿਚ ਆਉਂਦੀ ਹੈ। ਪਰ ਇਹ ਵੀ ਇਸ ਚਿੰਤਨ ਦੀ ਵਿਡੰਬਨਾ ਹੀ ਕਹੀ ਜਾ ਸਕਦੀ ਹੈ ਕਿ ਸਿਧਾਂਤਕ ਪੱਧਰ ਤੇ ਸਾਹਿਤ ਤੇ ਸਮਾਜ ਦੀ ਦੂੰਦਾਤਮਿਕਤਾ ਨੂੰ ਸਵੀਕਾਰ ਕਰਦੇ ਹੋਏ ਪ੍ਰਗਤੀਵਾਦੀ ਲੇਖਕਾਂ ਨੇ ਸਾਹਿਤ ਨੂੰ ਸਮਾਜਕ/ ਰਾਜਨੀਤਕ ਤਬਦੀਲੀ ਦੇ ਲੀਡਿੰਗ ਟੂਲ ਵਜੋਂ ਪ੍ਰਚਾਰਨ ਤੇ ਵਰਤਣ ਦਾ ਯਤਨ ਕੀਤਾ। ਸਿੱਟੇ ਵਜੋਂ ਸਾਹਿਤ ਕਲਾਤਮਕ ਵਸਤੂ ਤੋਂ ਘੱਟ ਕੇ ਨਿਰੋਲ ਪ੍ਰਚਾਰ ਦੀ ਵਸਤੂ ਬਣ ਕੇ ਆਪਣੇ ਕਲਾਤਮਿਕ ਮਿਆਰਾਂ ਤੋਂ ਮੁਨਕਰ ਹੋਣ ਲੱਗਾ, ਹਾਲਾਂਕਿ ਸਾਹਿਤ ਨੇ ਲੀਡਿੰਗ ਭੂਮਿਕਾ ਦੀ ਥਾਂ ਸਹਾਇਕ ਦੀ ਭੂਮਿਕਾ ਨਿਭਾਉਣੀ ਸੀ, ਜਿਸਦਾ ਮਕਸਦ ਲੋਕ ਮਾਨਸਿਕਤਾ ਨੂੰ ਇਸ ਤਬਦੀਲੀ ਲਈ ਤਿਆਰ ਕਰਨਾ ਸੀ। ਇਸ ਲਈ ਸਾਹਿਤ ਤੇ ਸਮਾਜ ਦੇ ਸੰਬੰਧਾਂ ਨੂੰ ਇਨ੍ਹਾਂ ਪ੍ਰਸੰਗਾਂ ਵਿਚ ਹੀ ਵਿਚਾਰਿਆ ਜਾਣਾ ਚਾਹੀਦਾ ਹੈ।


*ਤ੍ਰੈਮਾਸਿਕ 'ਪ੍ਰਵਚਨ' ਪਿਛਲੇ 23 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ ਅਤੇ ਇਸ ਨੂੰ ਚੱਲਦਾ ਰੱਖਣ ਵਿਚ ਹਰ ਤਰ੍ਹਾਂ ਦੀ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1500 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

**KULWANT SINGH**

Ac. no. 07141000085751 IFSC PSIB0000714

PUNJAB & SINDH BANK

Defence Colony, Jalandhar

*ਇਸ ਵਾਰ ਦਾ ਕਵਿਤਾ ਵਾਲਾ ਭਾਗ ਡਾ. ਸੰਦੀਪ ਦੀ ਚੋਣ ਹੈ।*
*ਇਸ ਸੁਚੱਜੀ ਹੋਣ ਲਈ ਉਨ੍ਹਾਂ ਦਾ ਧੰਨਵਾਦ।-ਸੰਪਾਦਕ*

---

## ਗ਼ਜ਼ਲਾਂ/ਅਨੀ ਕਾਠਗੜ੍ਹ

(1)

ਦਿਸ਼ਾ, ਰਫ਼ਤਾਰ, ਮੰਜ਼ਿਲ, ਫ਼ੈਸਲਾ ਸਭ ਕੁਝ ਬਦਲ ਜਾਂਦੈ
ਜਿਵੇਂ ਹੀ ਸ਼ਾਮ ਹੁੰਦੀ ਹੈ, ਮੇਰਾ ਸਭ ਕੁਝ ਬਦਲ ਜਾਂਦੈ

ਉਨ੍ਹੋਂ ਮੈਨੂੰ ਕਿਹਾ "ਸੁਣ, ਦੇਖ ਹੁਣ ਓਦਾਂ ਨਹੀਂ ਸਭ ਕੁਝ"
ਮੈਂ ਉਸ ਨੂੰ ਪੁੱਛਿਆ "ਏਦਾਂ ਭਲਾ ਸਭ ਕੁਝ ਬਦਲ ਜਾਂਦੈ?

ਉਲੀਕੀ ਖ਼ੁਆਬ ਦੀ ਤਾਮੀਰ ਉਸ ਅੱਧੀ ਉਮਰ ਲਾ ਕੇ
ਫਿਰ ਇਕ "ਅੱਧੇ ਕੁ ਪਲ ਦਾ ਹਾਦਸਾ" ਸਭ ਕੁਝ ਬਦਲ ਜਾਂਦੈ

ਤੂੰ ਕਿਹੜੇ ਦੋਸਤਾਂ ਤੇ ਦੁਸ਼ਮਣਾਂ ਦੀ ਗੱਲ ਕਰਦਾ ਏਂ
ਮੈਂ ਆਪਣਾ ਆਪ ਤੱਕ ਅਜ਼ਮਾ ਲਿਆ, ਸਭ ਕੁਝ ਬਦਲ ਜਾਂਦੈ

ਤੇਰਾ ਜਜ਼ਬਾ, ਤੇਰੇ ਅਹਿਸਾਸ, ਤੇਰੇ ਫ਼ਲਸਫ਼ੇ ਕੀ ਨੇ?
ਸਮੇਂ ਦੇ ਨਾਲ਼ ਮੇਰੇ ਦੋਸਤਾਂ! ਸਭ ਕੁਝ ਬਦਲ ਜਾਂਦੈ

(2)

ਅਜੇ ਇਸ ਦੌੜ ਦਾ ਆਪਾਂ ਨਤੀਜਾ ਦੇਖਣਾ ਹੈ
ਅਸੀਂ ਕੁਝ ਦੇਰ ਕਰ ਕੇ ਫੇਰ ਪਿੱਛੇ ਪਰਤਣਾ ਹੈ

ਅਸੀਂ ਜਿੱਤੇ ਹੋਏ ਧਨ ਵਾਂਗ ਪਾਣੀ ਖ਼ਰਚਣਾ ਹੈ
ਤੇ ਫਿਰ ਮੰਗਲ ਦੀਆਂ ਤਹਿਆਂ 'ਚ ਜਾ ਕੇ ਭਾਲਣਾ ਹੈ

ਜਣਨ ਕਿਰਿਆ ਤੋਂ ਪਹਿਲਾਂ ਸੋਚਦੇ ਨੇ ਹੁਣ ਪਰਿੰਦੇ
ਅਸਾਥੋਂ ਬੋਟ ਪੁੱਛਣਗੇ ਕਿ ਕਿੱਥੇ ਉੱਡਣਾ ਹੈ?

ਨਹੀਂ! ਸਭ ਕੁਝ ਨਹੀਂ ਓਵੇਂ, ਜਿਵੇਂ ਤੂੰ ਦੇਖਦਾ ਹੈ
ਇਹ ਗੁੱਛਾ ਤੀਲ੍ਹਿਆਂ ਦਾ ਵੀ ਕਿਸੇ ਦਾ ਆਲ੍ਹਣਾ ਹੈ

ਇਹਨੂੰ ਛਣਕਾ ਲਵੇ ਕੋਈ ਵੀ ਆਪਣੀ ਤਾਲ ਉੱਤੇ
ਜਿਵੇਂ ਜੀਵਨ ਨਹੀਂ ਮੇਰਾ, ਇਹ ਕੋਈ ਛਣਕਣਾ ਹੈ

(3)

ਕਦੇ ਏਧਰ, ਕਦੇ ਓਧਰ ਫਿਰੇ ਸਾਇਆ ਜਿਹਾ ਮੇਰਾ
ਬਥੇਰਾ ਠਹਿਰਦਾਂ, ਐਪਰ ਨਹੀਂ ਕੁਝ ਠਹਿਰਦਾ ਮੇਰਾ

ਮੇਰਾ ਜੀਵਨ! ਨਹੀਂ ਮੇਰਾ ਨਹੀਂ! ਹਾਂ-ਹਾਂ! ਮੇਰਾ ਜੀਵਨ
ਖਿਲਾਫ਼ਤ ਕਰ ਰਿਹੈ ਮੇਰੀ ਕੋਈ ਦੂਜਾ ਧੜਾ ਮੇਰਾ

ਪਹਾੜਾਂ ਦੇ ਸਫ਼ਰ, ਖੇਡਾਂ, ਕਿਤਾਬਾਂ, ਮੌਨ, ਇਕਲਾਪਾ
ਸਮੇਂ ਦੇ ਨਾਲ਼ ਹਰ ਜਜ਼ਬਾ ਬਦਲਦਾ ਹੀ ਗਿਆ ਮੇਰਾ

ਨਜ਼ਰੀਆ ਬਦਲਦਾ ਮੈਂ ਵੇਖਿਆ ਉਸਦਾ ਅਚਾਨਕ ਹੀ
ਅਚਾਨਕ ਵਕਤ ਜਦ ਉਸਨੇ ਬਦਲਦਾ ਵੇਖਿਆ ਮੇਰਾ

ਮੈਂ ਖ਼ੁਦ ਹੀ ਹਾਂ? ਕਿ ਜਾਂ ਮੇਰਾ ਮੁਸੱਵਰ ਹੋਰ ਹੈ ਕੋਈ?
ਮੇਰੇ ਚਾਹੇ ਬਿਨਾਂ ਇਹ ਰੰਗ ਕਿੱਦਾਂ ਹੋ ਗਿਆ ਮੇਰਾ?

(4)

ਇਹ ਨਾ ਸਮਝੀਂ, ਮੈਂ ਸੰਸਾਰ ਤਿਆਗਣ ਬਾਰੇ ਸੋਚ ਰਿਹਾਂ
ਮੈਂ ਇਸ 'ਚੋਂ ਬੱਸ ਆਪਣਾ ਰਸਤਾ ਲੱਭਣ ਬਾਰੇ ਸੋਚ ਰਿਹਾਂ

ਮੈਂ ਇਸ ਸ਼ਹਿਰ ਨੂੰ ਸਮਝਣ, ਇਸ ਵਿਚ ਵਿਚਰਣ ਬਾਰੇ ਸੋਚ ਰਿਹਾਂ
ਇਸ ਚੌਸਰ ਦੇ ਕੰਢੇ ਬੈਠਾ, ਖੇਡਣ ਬਾਰੇ ਸੋਚ ਰਿਹਾਂ

ਇਕ ਦਿਨ ਇਕ ਚਿਹਰੇ ਦੇ ਪਹਿਲੇ ਪੰਨੇ 'ਤੇ ਕੁਝ ਪੜ੍ਹਿਆ ਸੀ
ਉਸ ਦਿਨ ਤੋਂ ਮੈਂ ਦੂਜਾ ਪੰਨਾ ਖੋਲ੍ਹਣ ਬਾਰੇ ਸੋਚ ਰਿਹਾਂ।

ਉਸਨੂੰ ਮੁੜ ਕਿੱਦਾਂ ਲੱਭਣਾ ਹੈ? ਮੇਰੇ ਚਿੱਤ-ਖ਼ਿਆਲ ਨਹੀਂ
ਮੈਂ ਤਾਂ ਉਸਦੇ ਬੱਸ ਅਚਾਨਕ ਗੁੰਮਣ ਬਾਰੇ ਸੋਚ ਰਿਹਾਂ।

ਕਿੱਧਰ ਉਮਰ ਤੁਰੀ ਜਾਂਦੀ ਐ, ਕਿੱਧਰ ਵਕਤ ਫਿਰੀ ਜਾਂਦੇ
ਇੱਕ ਅਰਸੇ ਤੋਂ ਮੈਂ ਇਸ ਬਾਰੇ ਸੋਚਣ ਬਾਰੇ ਸੋਚ ਰਿਹਾਂ

ਤੈਨੂੰ ਲੱਗਦੈ! ਇਸ ਥਾਂ 'ਤੇ ਮੈਂ ਨਾ ਹੁੰਦਾ, ਤਾਂ ਤੂੰ ਹੁੰਦਾ
ਆ ਤੂੰ ਵਸ ਲੈ! ਮੈਂ ਤਾਂ ਏਥੋਂ ਉੱਜੜਣ ਬਾਰੇ ਸੋਚ ਰਿਹਾਂ

## ਖ਼ਤ ਜੋ ਲਿਖਣੋਂ ਰਹਿ ਗਏ/ਰਣਧੀਰ

ਉਹਨਾਂ ਦਿਨਾਂ 'ਚ
ਮੈਂ ਬਹੁਤ ਮਸਰੂਫ਼ ਸਾਂ
ਲਿਖ ਨਹੀਂ ਸਕਿਆ ਤੈਨੂੰ ਖ਼ਤ

ਬਹੁਤ ਵਾਰ ਉਜਰ ਕੀਤਾ
ਕੋਈ ਬੋਲ ਬੋਲਾਂ
ਸ਼ਬਦ ਘੜਾਂ
ਪਰ
ਸ਼ਬਦ ਘੜਨ ਦੀ ਰੁੱਤੇ
ਪਹੁੰਚ ਗਿਆ ਕੰਨ ਵਿਨ੍ਹਾਉਣ
ਗੋਰਖ ਦੇ ਟਿੱਲੇ
ਗਲੀ ਗਲੀ ਘੁੰਮਿਆ
ਭਟਕਿਆ
ਪਾਟੇ ਕੰਨ ਠੀਕ ਕਰਵਾਉਣ
ਜਾਂ ਮੁੰਦਰਾਂ ਦਾ ਮੇਚ ਕਰਵਾਉਣ
ਕੁਝ ਵੀ ਸੀ
ਮੈਂ ਬਹੁਤ ਰੁਝਿਆ ਸਾਂ
ਇਸ਼ਕ ਨੂੰ ਜੋਗ ਬਨਾਉਣ
ਜੋਗ 'ਚੋਂ ਇਸ਼ਕ ਜਗਾਉਣ।

ਅਗਲੀ ਵਾਰ ਜਦ ਜਾਗ ਖੁੱਲ੍ਹੀ
ਮੇਰੇ ਕੋਲ ਮਸ਼ਕ ਸੀ
ਘਨੱਈਆ ਬਾਬਾ
ਪਿਲਾ ਰਿਹਾ ਸੀ ਜ਼ਖ਼ਮੀਆਂ ਨੂੰ ਪਾਣੀ
ਮੈਂ ਦੂਰ ਪਿਆ
ਦੋਸਤ ਦੁਸ਼ਮਣ ਗਿਣ ਰਿਹਾ ਸੀ
ਗਿਣਤੀ ਦੇ ਜੋੜ ਘਟਾਉ 'ਚ
ਰੁਕ ਗਿਆ
ਮੇਰੇ ਖ਼ਤਾਂ ਦਾ ਕਾਰਵਾਂ।

ਉਮੀਦ ਨਹੀਂ ਛੱਡੀ
ਵਕਤ ਬੀਤਦਾ ਗਿਆ
ਕਿਵੇਂ ਨਾ ਕਿਵੇਂ
ਖ਼ੁਦ ਨੂੰ ਘਸੀਟ ਲੈ ਆਇਆ
ਤੇਰੇ ਦਰ ਤੱਕ
ਚੌਂਕ ਗਿਆ ਰਸਤੇ ਦਾ ਜਾਹੋ ਜਲਾਲ ਵੇਖ
ਚੁੰਧਿਆਈਆਂ ਅੱਖਾਂ ਨਾਲ਼।

ਰਲ ਗਿਆ ਅੰਨ੍ਹੀ ਭੀੜ 'ਚ
ਜਾ ਰਹੀ ਸੀ ਜੋ
ਕਿਤੇ ਮਕਾਨ ਨੂੰ ਢੇਰੀ ਕਰਨ
ਕਿਤੇ ਅਬਲਾ ਦੀ ਪੱਤ ਰੋਲਣ
ਕਿਤੇ ਬੱਚਿਆਂ ਨੂੰ ਯਤੀਮ ਕਰਨ
ਮੇਰਾ ਕਸੂਰ ਬਸ ਏਨਾ ਸੀ
ਕਿ ਤੁਰ ਪਿਆ ਭੀੜ ਨਾਲ ਮੈਂ
ਨਹੀਂ ਓਦੋਂ
ਜ਼ਰੂਰ ਲਿਖਦਾ ਤੈਨੂੰ ਖ਼ਤ।

ਥੋੜ੍ਹੀ ਦੂਰ ਆ ਕੇ
ਦਮ ਮਾਰਦਿਆਂ ਸੋਚਿਆ
ਹੁਣ ਹੈ ਸਹੀ ਮੌਕਾ
ਸ਼ਬਦ ਚਿਤਰਨ ਦਾ

ਅਚਾਨਕ ਵੇਖਦੇ ਹੀ ਵੇਖਦੇ
ਮੇਰੇ ਹੱਥ ਗਲ਼ੇ ਦਾ ਟਾਇਰ ਹੋ ਗਏ
ਧੂ ਧੂ ਕਰਦੇ ਧੁਖ ਗਏ
ਮੇਰੇ ਸਮੇਤ ਕਈ ਹੋਰ ਬੰਦਿਆਂ
ਸ਼ਬਦ ਖੋਹ ਦਿੱਤੇ।

ਤੇਰਾ ਗ਼ਿਲਾ ਸਿਰ ਮੱਥੇ
ਮੈਨੂੰ ਮਾਫ਼ੀ ਪ੍ਰਵਾਨ ਕਰੀਂ
ਉਮੀਦ ਕਰਦਾਂ
ਸਦੀ ਦੇ ਏਸ ਵਰ੍ਹੇ
ਲਿਖ ਸਕੂੰਗਾ ਤੈਨੂੰ ਉਹ
ਖ਼ਤ ਜੋ ਲਿਖਣੋਂ ਰਹਿ ਗਏ।

## ਬਚੇ ਰਹੀਏ

ਜਦ ਉਹ ਬੋਲਦਾ ਹੈ
ਤਾਂ ਸੁੰਨ ਪਸਰ ਜਾਂਦੀ ਹੈ
ਜੰਗਲ ਵਾਂਗ ਨਹੀਂ
ਕਿ ਸ਼ਿਕਾਰ ਹੋਇਆ ਮਾਸੂਮ ਹਿਰਨ
ਤੜਪ ਨਾਲ ਚੀਕੇ

ਬੜੀ ਬਾਰੀਕ ਸੁਰ 'ਚ
ਉਹ ਤਕਰੀਰ ਕਰਦਾ
ਏਨੀ ਬਾਰੀਕ
ਕਿ ਸਾਹਮਣੇ ਬੈਠੇ ਆਦਮੀ ਦਾ ਸਿਰ
ਸਦਾ ਲਈ ਹਵਾ 'ਚ ਫੁੱਟਬਾਲ ਬਣ ਤੈਰਨ ਲੱਗਦਾ
ਤੈਰਦੇ ਸਿਰ ਨਾਲ
ਖੇਡਿਆ ਜਾਂਦਾ ਹੈ
ਗੋਲ ਕੀਤੇ ਜਾਂਦੇ ਹਨ
ਬਚੇ ਹੋਏ ਸਿਰ ਵਾਲਾ
ਆਦਮੀ ਦੱਸ ਸਕਦਾ

ਭੁੱਖ–ਦੁੱਖ
ਵੀਲ ਚੇਅਰ ਤੇ ਬੈਠਾ ਹੋਇਆ ਦੱਸ ਸਕਦਾ
'ਅਗਲੇ ਮੋੜ ਤੇ ਕਿਥੇ ਕੁ ਹੈ ਕਰਿਆਨੇ ਦੀ ਦੁਕਾਨ
ਕਿਥੇ ਹੈ ਸੱਜਣ ਦਾ ਘਰ
ਲਿਖ ਸਕਦਾ ਕੋਈ ਖ਼ਤ
ਪੜ੍ਹ ਸਕਦਾ ਕੋਈ ਕਿਤਾਬ
ਸਭ ਤੋਂ ਅਹਿਮ
ਏਨੇ ਭੀੜ ਭੜੱਕੇ ਵਿਚਕਾਰ ਵੀ
ਆਪਣੇ ਬੇਗਾਨੇ ਨੂੰ ਪਛਾਣ ਸਕਦਾ

ਹੁਣ ਜਦੋਂ ਚੁਫੇਰੇ ਫੈਲਿਆ ਹੈ
ਹਨੇਰਾ ਹੀ ਹਨੇਰਾ
ਸੋਚਦੇ ਹਾਂ
ਕਿੰਨੇ ਵੀ ਡੂੰਘੇ ਗਿਰੀਏ
ਬਚਿਆ ਰਹੇ ਸਿਰ
ਫੁੱਟਬਾਲ ਹੋਣ ਤੋਂ

## ਬੜਾ ਔਖਾ

ਇਹ ਬੜਾ ਔਖਾ
ਕਿ ਤੁਸੀਂ ਹਰ ਗੀਤ ਲਈ
ਕੰਨ ਬਣੋ
ਜਾਂ ਹਰ ਧੁਨ 'ਤੇ ਥਿਰਕੋ

ਔਖਾ ਬਹੁਤ ਹੈ
ਬੜੀ ਖਾਮੋਸ਼ੀ ਨਾਲ਼
ਬੋਲ ਸਕੋ
ਕੰਨ ਦੀ ਉਡੀਕ ਤੋਂ ਪਹਿਲਾਂ
ਸੁਣ ਸਮਝ ਸਕੋ
ਜੇ ਔਖਾ ਅਰਥ ਕਰਨਾ
ਬੱਚੇ ਦੀ ਹਰ ਕਿਲਕਾਰੀ ਦਾ

ਤਾਂ ਸਤਿਕਾਰ ਦੇਣਾ ਬਣਦਾ–
ਹਰ ਚੁੱਪ ਤੇ ਆਵਾਜ਼ ਦਾ
ਜਿੱਥੋਂ ਕਵਿਤਾ ਆਪਣੀ ਗੱਲ ਤੋਰਦੀ ਹੈ

## ਰੋਣ ਤੋਂ ਹੱਸਣ ਤੱਕ/ਸੰਦੀਪ

ਸਹਿਜ ਹੈ ਰੋਣਾ ਇਨਸਾਨ ਲਈ
ਬੱਚਾ ਜੰਮਦੇ ਹੀ ਰੋ ਲੈਂਦਾ
ਪਤਾ ਨਹੀਂ,
ਕੀ–ਕੀ ਸਿੱਖਣਾ ਪੈਂਦਾ ਹੱਸਣ ਲਈ?

ਬੱਚਾ ਰੋ ਲੈਂਦੇ ਬਿਨਾਂ ਹੰਝੂਆਂ ਤੋਂ
ਕੀ ਹੱਸਣ ਲਈ ਵੀ,
ਅਜਿਹਾ ਕੁਝ ਸੰਭਵ ਹੈ?
ਉਦਾਹਰਣ ਵਜੋਂ ਬਿਨਾਂ ਦੁੱਖ ਤੋਂ ਹੱਸਣਾ

ਇਹ ਸਵਾਲ ਵੀ ਅਣਸੁਲਝਿਆ ਹੈ ਹਾਲੇ
ਇਹ ਕਿਨਾਰੇ ਉੱਤੇ ਪੁੱਜੀ ਲਹਿਰ
ਹੱਸ ਰਹੀ ਹੈ ਜਾਂ ਰੋ ਰਹੀ
ਜਾਂ ਹੈ ਕੋਈ
ਇਹਨਾਂ ਦੋਵਾਂ ਤੋਂ ਵੱਖਰੀ ਕੋਈ ਅਵਸਥਾ

ਬੱਚਾ ਜਨਮ ਲੈਂਦਾ ਜਦੋਂ
ਕੰਢੇ ਲੱਗਦਾ ਹੈ?
ਜਾਂ ਡੁੱਬ ਜਾਂਦਾ ਹੈ ਇਸ ਸਾਗਰ ਅੰਦਰ?
ਬੱਚੇ ਤੋਂ ਪੁੱਛੋ ਤਾਂ ਹੱਸਦਾ ਇਸ ਸਵਾਲ ਤੇ
ਕਿਸੇ ਸਰੀਰ ਬੁੱਢੇ ਤੋਂ ਪੁੱਛੋ
ਤਾਂ ਉਹ ਚੁੱਪ ਅੰਦਰ ਘੁਲ਼ ਜਾਂਦਾ

ਸ਼ੁਰੂਆਤ ਦੇ ਰੋਣ ਦੇ ਸਬਕ ਤੋਂ
ਅੰਤਲੇ ਰੋਣ ਦੇ ਸਬਕ ਤੱਕ ਦੇ ਪਾਣੀਆਂ ਅੰਦਰ

ਲਾਵਾਰਿਸ ਕਿਸ਼ਤੀਆਂ ਵਾਂਗ ਹਨ
ਕੁਝ ਕੁ ਨੇ ਜਿਹੜੇ
ਹੱਸਣ ਦੇ ਕਾਰਨ

ਪਰ ਸ਼ਾਇਦ ਉਹਨਾਂ ਕਿਸ਼ਤੀਆਂ ਤੱਕ
ਡੁੱਬ ਕੇ ਹੀ ਪੁੱਜ ਸਕਦਾ ਮੈਂ....

## ਵਹਿਮ ਤੋਂ ਵਹਿਮ ਤੱਕ

ਮਿਲਣ ਲਈ
ਇੱਕ ਪਿਆਰੇ ਜਿਹੇ ਵਹਿਮ ਨੂੰ
ਜਾਇਜ਼ ਲੱਗ ਰਿਹੈ ਮੈਨੂੰ
ਹਜ਼ਾਰਾਂ ਮੀਲ ਦਾ ਇਹ ਸਫ਼ਰ ਵੀ

ਪਰ ਇਸ ਸੁਪਨੇ ਜਿਹੇ ਸਫ਼ਰ ਨੂੰ
ਮਿਲਾਂਗਾ ਕਦੇ ਫੇਰ
ਕਿਉਂਕਿ ਮੇਰਾ ਹਰ ਕਤਰਾ
ਮੱਲ ਰੱਖਿਐ ਪਹਿਲਾਂ ਹੀ
ਪਤਾ ਨਹੀਂ ਕਦੋਂ ਤੇ ਕੌਣ
ਹੱਕ ਜਿਹਾ ਧਰ ਗਿਆ
ਜਿਉਂ ਬੱਸ ਦੀ ਖੁੱਲੀ ਤਾਕੀ 'ਚੋਂ
ਸੀਟ ਤੇ ਰੱਖ ਜਾਂਦੈ ਥੈਲਾ ਕੋਈ

ਪਤਾ ਨਹੀਂ ਕਿੰਨਾ ਕੁ ਜਾਇਜ਼ ਹੈ?
ਇੱਕ ਵਹਿਮ ਲਈ
ਹੋਂਦ ਨੂੰ ਬਰਫ਼ ਕਰਨਾ
ਹੋ ਸਕਦੈ ਮੈਂ ਅੱਜ ਵੀ ਵਹਿਮ 'ਚ ਹੋਵਾਂ
ਤੇ ਪਿਘਲ ਜਾਵਾਂ ਰਾਹ 'ਚ ਹੀ
ਪਰ ਅੰਤ ਸਭਨਾਂ ਪਿਘਲ ਹੀ ਜਾਣੈ
ਅਸੀਂ ਬਿਨਾਂ ਵਹਿਮ ਤੋਂ ਵੀ
ਚੰਗਾ ਹੀ ਹੈ

ਮੇਰਾ ਵਹਿਮ 'ਚ ਹੋਣਾ
ਤੇ ਪਿਘਲਣਾ
ਇਸ ਉੱਚੇ ਵਹਿਮ ਲਈ....

## ਉਦਾਸੀ ਦਾ ਕੈਲੰਡਰ

ਮੈਂ ਕਿਸੇ ਵੀ ਆਮ ਸਮੇਂ 'ਚ
ਘਿਰਿਆ ਰਹਿੰਦਾ ਹਾਂ ਲਗਪਗ ਅੱਧਾ ਦਰਜਨ ਉਦਾਸੀਆਂ ਨਾਲ
ਅੰਬਰ 'ਚ ਜਿੰਨੇ ਵੀ ਘਰ ਢਹਿੰਦੇ
ਉਹਨਾਂ ਸਭ ਦੇ ਇੱਟਾਂ-ਰੋੜੇ ਡਿੱਗਦੇ ਆ ਮੇਰੇ ਸਿਰ 'ਤੇ।

ਇਸ ਵਕਤ ਵੀ ਮੈਂ ਖ਼ੁਦ ਨੂੰ ਸਿਉਣ ਦੀ ਹਾਲਤ 'ਚ ਨਹੀਂ
ਛਿੱਜ ਚੁੱਕੀ ਧਰਤੀ ਤੇ,
ਬੱਸ ਟਿਕਿਆ ਹਾਂ ਜਿਵੇਂ-ਤਿਵੇਂ
ਪਾਤਾਲ 'ਚ ਖੜ੍ਹਾ ਹੈ ਕੋਈ,
ਹੱਥ ਫੈਲਾਏ ਮੈਨੂੰ ਬੋਚਣ ਲਈ।

ਯੋਜਨਾ ਬਣਾਈ ਬੈਠਾ ਹਾਂ
ਛੁੱਟੀ ਵਾਲੇ ਦਿਨ ਕਿਸੇ ਖੱਡ 'ਚੋਂ ਖ਼ੁਦ ਨੂੰ ਲੱਭਣ ਦੀ
ਜੋ ਮਿਲ ਸਕਾਂ ਤੈਨੂੰ।

ਪਰ ਉਦਾਸੀਆਂ ਦੇ ਕੈਲੰਡਰ 'ਚ
ਹਾਲੇ ਲੱਭ ਨਹੀਂ ਰਹੀ ਛੁੱਟੀ।

## ਘਰ ਦਾ ਰਾਹ/ਜਗਦੀਪ ਜਵਾਹਰ ਕੇ

ਮੈਂ ਕੋਈ ਥੱਕਿਆ ਹਾਰਿਆ ਆਦਮੀ ਨਈਂ
ਜੋ ਬੈਡ ਤੇ ਪਿਆ ਮੌਤ ਉਡੀਕਦਾ ਹੋਵਾਂ

ਮੈਂ ਨੌਜਵਾਨ ਜਿਹਾ
ਬੀ.ਏ ਪਾਸ

ਬੇਰੁਜ਼ਗਾਰ ਹਾਂ
ਜੋ
ਚੌਰੱਸਤੇ ਤੇ ਖੜਾ ਦੁਚਿੱਤੀ ਵਿੱਚ ਹਾਂ

ਇਰਾਦਾ ਹੈ ਫੁੱਟਪਾਥ 'ਤੇ ਸੌਂਣ ਦਾ
ਪਰ ਰੁੱਤ ਕੀੜੇ ਮਕੌੜਿਆਂ ਦੀ ਹੈ
ਇਨ੍ਹਾਂ ਦਿਨਾਂ 'ਚ ਹੀ ਤਾਂ
ਬਾਪੂ ਦੇ ਕੀੜਾ ਛੂਹਿਆ ਸੀ
ਹੁਣ ਤੱਕ ਮੰਜੇ ਤੇ ਪਿਆ

ਤੇ ਰਹਿ ਗਈ ਵਿੱਚੇ
ਮੇਰੀ ਅੱਗੇ ਦੀ ਪੜ੍ਹਾਈ

ਮੇਰੇ ਕੋਲ ਘਰ ਹੈ
ਘਰ ਜਾਣ ਦਾ ਕਾਰਨ ਨਹੀਂ
ਭਲਾ ਲੇਬਰ ਚੌਂਕ 'ਚੋਂ
ਕੁਵੇਲਾ ਹੋਏ
ਖਾਲੀ ਹੱਥ ਕਿਹਦਾ
ਘਰ ਜਾਣ ਨੂੰ ਦਿਲ ਕਰਦਾ ਹੈ॥

## ਇਸ ਤਰ੍ਹਾਂ

ਤੂੰ ਇਸ ਤਰ੍ਹਾਂ ਮਿਲੀਂ ਕਦੇ
ਜਿਵੇਂ
ਲੰਘੇ ਵਕਤ ਤੋਂ ਬਾਅਦ
ਲੇਬਰ ਚੌਂਕ 'ਚੋਂ ਖਾਲੀ ਮੁੜਦੇ
ਕਿਸੇ ਮਜ਼ਦੂਰ ਨੂੰ
ਪਿੱਛੋਂ ਆਵਾਜ਼ ਪੈਂਦੀ ਹੈ॥

ਸੀਬੋ
ਕਹਿਣ ਨੂੰ ਤਿੰਨ ਧੀਆਂ ਦੀ ਮਾਂ

ਸਭ ਤੋਂ ਵੱਧ ਕਰਦੀ ਅੱਕੋ ਦਾ
ਅੱਕੋ ਦੇ ਜੰਮਣ ਵੇਲੇ
ਸੀਬੋ ਦਾ ਘਰ ਵਾਲਾ ਮਰ ਗਿਆ
ਉਹਦੇ ਕੋਲ ਅੱਕੋ ਚੌਥੀ ਸੀ।
ਸੀਬੋ ਦੀ ਗੁਆਂਢਣ ਬੰਸੋ ਨੇ
ਮਹੀਨਿਆਂ ਦੀ ਅੱਕੋ ਨੂੰ ਗੋਦ ਲੈ ਲਿਆ
ਤੇ ਪੁੱਤ ਬਣਾ ਪੜ੍ਹਾਈ-ਲਿਖਾਈ
ਹਰ ਚਾਅ ਪੂਰਿਆ।

ਅੱਕੋ ਜਦ ਵੀ ਹੁਣ ਪੇਕੇ ਘਰ ਆਉਂਦੀ
ਸੀਬੋ ਤਾਈਂ ਕੋਲ ਬੈਠਦੀ
ਦੁੱਖ-ਸੁੱਖ ਕਰਦੀ।

ਕਹਿੰਦੀ
ਜਦੋਂ ਦਾ ਛੋਟਾ ਵਿਦੇਸ਼ ਗਿਆ
ਸਾਲ ਲੰਘ ਗਏ
ਮਜਾਲ ਏ ਕਦੇ ਹਾਲ ਪੁੱਛ ਲਿਆ ਹੋਵੇ ਫੋਨ ਤੇ।

ਦਾਰੂ ਨੇ ਪਿਓ ਖਾ ਲਿਆ
ਬੇਗਾਨੇ ਘਰ ਤੋਰ ਕੇ ਉਹ ਤੁਰਗੀ
ਕਰਦੇ ਤਾਂ ਉਹ ਵੀ ਬਥੇਰਾ
ਕਦੇ ਘਾਟ ਨੀ ਹੋਣ ਦਿੱਤੀ ਕਿਸੇ ਚੀਜ਼ ਦੀ।

ਸੁੱਖ ਰੱਖੇ ਵਾਗੁਰੂ
ਸੀਬੋ ਗੋਡਿਆਂ ਭਾਰ ਉੱਠਦੀ ਆਖਦੀ
ਕੁੜੇ ਅੱਜ ਮੇਰੇ ਕੋਲ ਰੁਕ ਜਾਈਂ
ਨਾਲੇ ਮੇਰਾ ਚਿੱਤ ਜਾ ਲੱਗ ਜਾਊ।

ਅੱਕੋ ਆਖਦੀ
ਨਾ ਤਾਈਂ ਨਾ
ਮੈਨੂੰ ਤਾਂ ਜਦ ਵੀ ਮੋਹ ਆਉਂਦਾ ਪਿੰਡ ਦਾ
ਆਪਣਾ ਘਰ ਦੇਖਣ ਆ ਜਾਨੀ ਆਂ

ਤੈਨੂੰ ਤਾਂ ਪਤਾ
ਪੇਕੇ ਵੀ ਮਾਵਾਂ ਨਾਲ ਹੁੰਦੇ ਆ
ਹੁਣ ਏਥੇ ਮੇਰਾ ਕੀ ਹੈ।

## ਪਰਦਾ/ਮਨਦੀਪ ਔਲਖ

ਤੂੰ ਰੁੱਝਿਆ ਹੋਵੇਂਗਾ
ਆਪਣੇ ਦਫ਼ਤਰੀ ਕੰਮਾਂ-ਕਾਜਾ 'ਚ
ਤੇ
ਅਚਾਨਕ ਸਿਆਲ ਦੀ ਰੁੱਤੇ
ਵਰ੍ਹਦੇ ਮੀਂਹ ਦੀਆਂ ਕਣੀਆਂ
ਜਦ ਤੇਰੇ ਦਫ਼ਤਰ ਦੀਆਂ
ਖਿੜਕੀਆਂ 'ਤੇ ਵੱਜਣਗੀਆਂ
ਤੂੰ ਪਰਦੇ ਨੂੰ ਪਾਸੇ ਕਰੇਂਗਾ
ਤਾਂ ਸ਼ਾਇਦ ਤੈਨੂੰ ਮੇਰੀ ਯਾਦ ਆਵੇਗੀ

ਜਦ ਤੂੰ ਕਣੀਆਂ ਦੇ ਮੱਧਮ ਸੰਗੀਤ ਨੂੰ ਸੁਣੇਂਗਾ
ਤੇਰੇ ਚੇਤਿਆਂ 'ਚ ਮੇਰੀ ਆਵਾਜ਼ ਗੂੰਜੇਗੀ

ਜਦ ਤੂੰ ਕਣੀਆਂ ਦਾ ਹੇਠਾਂ ਡਿੱਗਣਾ
ਧਿਆਨ ਨਾਲ਼ ਦੇਖੇਂਗਾ
ਤਾਂ ਮੇਰੇ ਗਿੱਲੇ ਉਲਝੇ ਵਾਲ਼ਾਂ ਦੀ ਮਹਿਕ ਵੀ ਜ਼ਰੂਰ ਮਹਿਸੂਸ ਕਰੇਂਗਾ

ਤੇਰੇ ਦਫ਼ਤਰ ਨੇੜਲਾ
ਗੁਲਮੋਹਰ ਅਜੇ ਵੀ ਯਾਦ ਹੈ ਮੈਨੂੰ
ਵਰ੍ਹਦੇ ਮੀਂਹ ਦੀਆਂ ਬੂੰਦਾਂ 'ਚ
ਲਰਜਦੇ, ਝੂਮਦੇ ਗੁਲਮੋਹਰ ਦੇ ਪੱਤਿਆਂ ਦੀ ਮਸਤੀ ਨੂੰ
ਜ਼ਰਾ ਫੁਰਸਤ ਨਾਲ਼ ਵੇਖੀਂ
ਮੇਰੀ ਬੁੱਲ੍ਹਾਂ ਤੋਂ ਅੱਖਾਂ ਤੱਕ ਫੈਲਦੀ ਮੁਸਕਾਨ
ਤੇਰੀਆਂ ਨਜ਼ਰਾਂ ਸਾਹਵੇਂ ਵਿਛ ਜਾਵੇਗੀ
ਚਾਹ ਦੀ ਹਰ ਚੁਸਕੀ 'ਚ
ਤੈਨੂੰ ਮੇਰੀ ਮੁਹੱਬਤ ਦੀ ਮਿਠਾਸ ਆਵੇਗੀ

ਮੇਰੇ ਅਹਿਸਾਸ ਦਾ ਨਿੱਘ ਆਵੇਗਾ

ਬਸ ਤੂੰ ਪਰਦਾ ਪਿਛਾਂਹ ਕਰਨਾ ਨਾ ਭੁੱਲੀਂ
ਬਸ ਤੂੰ ਰੁੱਤਾਂ ਨਾਲ਼ ਸਾਂਝ ਬਣਾਈ ਰੱਖੀਂ

## ਹੋਣ-ਥੀਣ

ਜਿੱਥੇ ਬੱਦਲ ਪਹਾੜਾਂ ਦੀਆਂ ਚੋਟੀਆਂ ਛੂੰਹਦੇ ਹਨ
ਜਿੱਥੇ ਬਰਫ਼ ਟਾਹਣੀਆਂ ਨਾਲ਼ ਅਠਖੇਲੀਆਂ ਕਰਦੀ ਹੈ
ਬਾਰਿਸ਼ ਗਿੱਲੀ ਮਿੱਟੀ ਵਿੱਚੋਂ ਮਹਿਕ ਬਣ ਉਠਦੀ ਹੈ
ਹਰੀਆਂ ਚਰਗਾਹਾਂ ਵਿੱਚ ਅਜ਼ਾਦ ਘੁੰਮਦੇ ਹਨ
ਅਨੇਕ ਜੀਵ
ਪਹਾੜੀ ਨਦੀ ਜਿੱਥੇ ਨਿੱਕੇ-ਨਿੱਕੇ ਪੱਥਰਾਂ ਨੂੰ
ਗਲਵੱਕੜੀਆਂ ਪਾਉਂਦੀ ਹੈ
ਉੱਥੇ ਹੋਣਾ ਸੀ ਮੈਂ

ਜਿੱਥੇ ਇਹ ਸਾਰਾ ਕੁਝ ਗ਼ੈਰ-ਹਾਜ਼ਰ ਹੈ
ਮੈਂ ਉੱਥੇ ਹਾਂ
ਜਿੱਥੇ ਨਹੀਂ ਹੋ ਸਕੀ
ਉੱਥੇ ਹੋਣ ਦੇ ਸੁਪਨੇ ਨੂੰ
ਅੱਖਾਂ ਵਿੱਚ ਜਿਉਂਦਾ ਰੱਖੀ

## ਡਾਇਰੀ ਦਾ ਆਖ਼ਰੀ ਪੰਨਾ

ਮੈਂ ਆਪਣੀ ਡਾਇਰੀ ਵਿੱਚ ਲਿਖਿਆ
ਸਾਰਾ ਕੁਝ
ਚੰਗਾ ਤੇ ਬੁਰਾ ਵੀ
ਜੋ ਮੈਂ ਮਹਿਸੂਸ ਕੀਤਾ
ਤੁਰਦਿਆਂ ਤੇ ਜਿਉਂਦਿਆਂ
ਜਿਉਂਦਿਆਂ ਤੇ ਬੀਤਦਿਆਂ
ਆਪ ਲਿਖੀਆਂ ਕਵਿਤਾਵਾਂ
ਗਾਹੇ-ਬਗਾਹੇ ਪਸੰਦ ਆਏ ਸ਼ਿਅਰ
ਟੂਕਾਂ ਤੇ ਟਿੱਪਣੀਆਂ
ਦੋਸਤਾਂ ਦੇ ਪਤੇ, ਜ਼ਰੂਰੀ ਫ਼ੋਨ ਨੰਬਰ
ਤੇ ਕਈ ਵਾਰ

ਲੋੜੀਂਦੀਆਂ ਚੀਜ਼ਾਂ ਦੀ ਸੂਚੀ ਵੀ
ਡਾਇਰੀ ਦੇ ਪੰਨੇ
ਮੇਰੇ ਹੋਣ ਦਾ ਸਫ਼ਰਨਾਮਾ
ਕਈ ਪੰਨਿਆਂ 'ਤੇ ਚਿਪਕੀ ਹੈ ਮੇਰੀ ਮੁਸਕਾਨ
ਕਈਆਂ 'ਤੇ ਮੇਰੇ ਹੰਝੂਆਂ ਨਾਲ
ਧੁੰਦਲੇ ਹੋਏ ਅੱਖਰ

ਸਾਲਾਂ ਨਾਲ਼ ਬਦਲੇ ਲੋਕ
ਨੰਬਰ ਤੇ ਪਤੇ ਵੀ
ਮੈਂ ਵੀ
ਤੇ ਅਕਸਰ ਪੰਨੇ ਵੀ
ਪਰ ਸਫ਼ੇਦ ਪੰਨਿਆਂ 'ਤੇ ਲਕੀਰਾਂ ਵਿਚਲੀ ਵਿੱਥ
ਮੇਰੇ ਜਜ਼ਬਿਆਂ ਨੂੰ ਸਾਂਭੀ ਬੈਠੀ ਹੈ

ਆਖ਼ਰੀ ਪੰਨਾ
ਸੰਭਾਲੀ ਬੈਠਾ ਮੇਰੀ ਹੋਂਦ ਦੇ ਹੋਰ ਪਹਿਲੂ
ਉਸ ਉੱਤੇ ਵਾਹੇ ਗਏ ਚੀਚ ਵਲੋਲੇ
ਫੋਨ ਉੱਪਰ ਗੱਲ ਕਰਦਿਆਂ
ਉੱਕਰੇ ਅਣਘੜ ਆਕਾਰ
ਪੈੱਨ ਨੂੰ ਚਲਾਉਣ ਤੋਂ ਪਹਿਲਾਂ
ਰਵਾਂ ਕਰਨ ਦੇ ਨਿਸ਼ਾਨ
ਜਾਂ ਐਵੇਂ ਉਘੜ-ਦੁਘੜੀਆਂ ਆਕ੍ਰਿਤੀਆਂ

ਆਖ਼ਰੀ ਪੰਨਾ
ਉਹ ਸਭ ਕੁਝ ਸੰਭਾਲੀ ਬੈਠਾ
ਜੋ ਨਿਰਉਚੇਚ ਹੈ
ਨਿਰਸਵਾਰਥ ਤੇ ਅਕਾਰਣ ਵੀ
ਆਖ਼ਰੀ ਪੰਨਾ ਮੈਨੂੰ ਸਭ ਤੋਂ ਪਿਆਰਾ ਲੱਗਦਾ

## ਦੁਆਵਾਂ ਨਾਲ ਚੱਲਦੀਆਂ ਨੇ/ਸਤਨਾਮ ਕੌਰ ਤੁਗਲਵਾਲਾ

ਜਦੋਂ ਚੱਲਾ ਹਾਂ ਤਾਂ ਰਾਹਵਾਂ ਵੀ ਮੇਰੇ ਨਾਲ ਚੱਲਦੀਆਂ ਨੇ,
ਚੰਨ, ਤਾਰੇ ਵੀ ਤੁਰਦੇ ਨੇ, ਹਵਾਵਾਂ , ਨਾਲ ਚੱਲਦੀਆਂ ਨੇ।
ਕਦੇ ਪੀਲੇ, ਕਦੇ ਨੀਲੈ, ਕਦੇ ਰੰਗ ਗੰਦਮੀ ਜਾਪਣ,
ਬਹਾਰਾਂ ਨਾਲ ਚੱਲਦੀਆਂ ਨੇ, ਖਿਜ਼ਾਵਾਂ ਨਾਲ ਚੱਲਦੀਆਂ ਨੇ।

ਕਦੇ ਕੋਈ ਜ਼ਲਜ਼ਲਾ ਆਵੇ, ਕਦੇ ਆਵੇ ਤਪਸ਼ ਕਹਿਰਾਂ ਦੀ,
ਸਭ ਦੁੱਖ ਹਰ ਦੇਂਦੀਆ ਨੇ, ਦੁਆਵਾਂ ਨਾਲ ਚੱਲਦੀਆਂ ਨੇ।
ਲੰਮਾ ਏ ਸਫ਼ਰ ਹਯਾਤੀ ਦਾ, ਬਿਨਾਂ ਤੁਰਿਆਂ ਏ ਮੁੱਕੇ ਨਾ,
ਗਿਲੇ, ਸ਼ਿਕਵੇ ਵੀ ਚਲਦੇ ਨੇ, ਵਫਾਵਾਂ ਨਾਲ ਚੱਲਦੀਆਂ ਨੇ।
ਕਦੇ ਹਾਸਾ, ਕਦੇ ਗੁੱਸਾ, ਕਦੇ ਘੂਰੀ ਕੋਈ ਤੁਰਦੀ,
ਮੇਰੇ ਦਿਲਦਾਰ ਤੇਰੀਆਂ ਸਭ ਅਦਾਵਾਂ ਨਾਲ ਚੱਲਦੀਆਂ ਨੇ।
ਜੇ ਅੱਖਾਂ ਖੋਹਲ ਕੇ ਵੇਖਾਂ, ਤਾਂ ਦੂਰੀ ਕੋਹਾਂ ਦੀ ਜਾਪੇ,
ਜੇ ਝਾਕਾਂ ਦਿਲ ਦੇ ਅੰਦਰ ਤਾਂ, ਸਾਹਾਂ ਨਾਲ ਚੱਲਦੀਆਂ ਨੇ।
ਖਾਰੇ ਪਾਣੀ, ਠੰਢੇ ਹਾਉਕੇ, ਆਹਾਂ, ਸਭ ਨਾਲੋ ਨਾਲ ਈ ਚੱਲਣ,
ਤੇਰੇ ਦਰ ਕਰਨ ਨੂੰ ਸਿਜਦਾ, ਸਦਾਵਾਂ, ਨਾਲ ਚੱਲਦੀਆਂ ਨੇ।

## ਤੇਰਾ ਕੀ ਮੇਰਾ ਕੀ

ਢਿੱਡ ਦੀ ਭੁੱਖ ਨਚਾਈ ਫਿਰਦੀ,
ਸ਼ਾਮ ਏ ਕੀ, ਸਵੇਰਾ ਕੀ।
ਅਕਲੋਂ ਅੰਨ੍ਹੇ ਬਣੇ ਗਿਆਨੀ,
ਹੁਣ ਚਾਨਣ ਕੀ, ਹਨੇਰਾ ਕੀ।
ਧੁਰ ਅੰਦਰੋਂ ਜਦੋਂ ਅਣਖ ਈ ਮੁੱਕੀ,
ਫਿਰ ਗ਼ੈਰਤ ਕੀ ਤੇ ਜੇਰਾ ਕੀ।
ਦਿਲ ਦੇ ਅੰਦਰੋਂ ਸਿੱਕ ਜੇ ਮੁੱਕੀ,
ਫਿਰ ਦੂਰ ਏ ਕੀ, ਨੇੜਾ ਕੀ।
ਮਨ ਹੀ ਜਦ ਬੈਰਾਗੀ ਹੋਇਆ,
ਅੰਦਰ ਕੀ, ਚੁਫੇਰਾ ਕੀ।
ਵਾੜ ਹੀ ਜਦ ਖੇਤ ਨੂੰ ਖਾ ਗਈ,,
ਪਹਿਰਾ ਕੀ ,ਤੇ ਘੇਰਾ ਕੀ।
ਰੁੱਖਾਂ ਬਾਝੋਂ ਗੀਤ ਨੀ ਸੁਣਦੇ,
ਕੰਧ ਏ ਕੀ,ਬਨੇਰਾ ਕੀ।।
ਰਾਗ ਨਾਦ ਦੀ ਸਮਝ ਨਹੀਂ ਏ,
ਸ਼ਾਮ ਚੁਰਾਸੀ ਗੇੜਾ ਕੀ।
ਇੱਕ ਸਰਾਂ ਦੇ ਸਭ ਮੁਸਾਫ਼ਰ,
ਤੇਰਾ ਕੀ ਤੇ ਮੇਰਾ ਕੀ।

## ਕੌਣ ਮੈਂ ?/ਗੁਰਪ੍ਰੀਤ ਗਿੱਲ

ਕੌਣ ਮੈਂ, ਕਿੱਥੋਂ ਦੀ ਰਾਣੀ
ਕੋਈ ਕੀ ਸਮਝੇਗਾ।
ਮੈਂ ਇੱਕ ਅਧੂਰੀ ਕਹਾਣੀ
ਕੋਈ ਕੀ ਸਮਝੇਗਾ।
ਜਿਸ ਦੇ ਉਚਾਰਨ ਤੇ ਵਰਜ,
ਹਾਂ ਮੈਂ ਓਹ ਬਾਣੀ
ਕੋਈ ਕੀ ਸਮਝੇਗਾ।

ਝੁਲਸਣ, ਡੁੱਬਣ ਤੋਂ ਨੇ ਡਰਦੇ,
ਮੈਂ ਅੱਗ ਹਾਂ ਕਿ ਪਾਣੀ
ਕੋਈ ਕੀ ਸਮਝੇਗਾ।

ਲੋੜ ਦੀ ਵਸਤ ਬਣਾ ਦਿੱਤਾ,
ਕਿਸ ਦੀ ਧੀ ਧਿਆਣੀ
ਕੋਈ ਕੀ ਸਮਝੇਗਾ।

ਆਪਣੀ ਥਾਂ ਜੱਗ ਤੇ ਹਾਲੇ
ਮੈਂ ਆਪ ਨਾ ਜਾਣੀ
ਕੋਈ ਕੀ ਸਮਝੇਗਾ।

ਕਿਤਾਬ ਜਿਹੀ ਸੀਰਤ ਮੇਰੀ
ਲੋੜੋਂ ਵੱਧ ਸਿਆਣੀ
ਕੋਈ ਕੀ ਸਮਝੇਗਾ।

ਅੱਜ ਦੀ ਕੋਈ ਖ਼ਬਰ ਨਹੀਂ
ਮੈਂ ਤਾਂ ਗੱਲ ਪੁਰਾਣੀ
ਕੋਈ ਕੀ ਸਮਝੇਗਾ।
ਉੱਡ ਗਈ ਖੁਵਾਬਾਂ ਦੀ ਡਾਰ,
ਮੇਰੀ ਉਲਝੀ ਤਾਣੀ
ਕੋਈ ਕੀ ਸਮਝੇਗਾ।

## ਸੀਤਾ ਪੂਜਨ

ਥੱਕ ਹਾਰ ਕੇ, ਧੁੱਪ ਦੇ ਕਾਗ਼ਜ਼ ’ਤੇ ਮੈਂ ‘ਛਾਂ’ ਲਿਖਿਆ,
ਧੁੱਪ ਦੀ ਪਰ ਤਾਸੀਰ ਫਿਰ ਵੀ ਓਹੀ ਰਹੀ।

ਕਈ ਰੰਗ ਵਟਾਏ ਹੁਣ ਤਕ ਇਸ ਜ਼ਿੰਦਗੀ ਨੇ,
ਮੌਤ ਦੀ ਤਸਵੀਰ ਫਿਰ ਵੀ ਓਹੀ ਰਹੀ।

ਮਜ਼ਦੂਰੀ ਕਰਦੇ, ਲਕੀਰਾਂ ਸਣੇ, ਦੋਵੇਂ ਹੱਥ ਕੱਟੇ ਗਏ,
ਰੁੱਸੀ ਜਿਹੀ ਤਕਦੀਰ ਫਿਰ ਵੀ ਓਹੀ ਰਹੀ।

ਝੂਠ ਸੀ ਤਾਂ ਹੀ ਉਸਨੂੰ ਬਦਲਣਾ ਪਿਆ ਵਾਰ ਵਾਰ,
ਸੱਚ ਦੀ ਸ਼ਮਸ਼ੀਰ ਫਿਰ ਵੀ ਓਹੀ ਰਹੀ।

ਸੀਤਾ ਪਰਤੀ, ਬਾ-ਆਬਰੂ ਪਰਤੀ, ਪੂਜਨ ਹੋਇਆ,
ਬੰਦਿਸ਼ ਦੀ ਲਕੀਰ ਫਿਰ ਵੀ ਓਹੀ ਰਹੀ।

## ਸ਼ਿੱਦਤ ਦੀ ਤਾਕਤ

ਇਸ ਕੱਚ ਦੇ ਟੁੱਕੜੇ ਚੁਗ ਕੇ,
ਬਣਾ ਲੈ ਨਵੀਂ ਦਵਾਤ,
ਦੋ ਹੰਝੂਆਂ ਦੇ ਵਿੱਚ ਘੋਲ ਕੇ,
ਪੁਣ ਲੈ ਕਾਲੀ ਰਾਤ।

ਨਵਾਂ ਨਕੋਰ ਕੋਰਾ ਕਾਗਜ਼ ਦਿਨ,
ਆ ਵਿੱਛ ਜਾਣਾ ਸਾਹਵੇਂ,
ਦਵਾਤ ਕਲਮ ਤੈਨੂੰ ਦੇਣ ਦੁਆਵਾਂ,
ਲਿਖ ਕੁਝ ਤਾਂ ਮੇਰੇ ਨਾਵੇਂ।
ਦੁਪਹਿਰ ਖਿੜੀ ਦੇ ਫੁੱਲਾਂ ਕੋਲੋਂ,
ਲੈ ਕੇ ਸੁਗੰਧ ਉਧਾਰੀ।
ਇਸ ਖ਼ਤ ਨੂੰ ਸੀਨੇ ਨਾਲ ਲਾਕੇ,
ਮੋਹ ਦਾ ਛਿੱਟਾ ਮਾਰੀਂ।
ਪੱਤਿਆਂ ਤੋਂ ਚੁਗ, ਤ੍ਰੇਲ ਦੇ ਮੋਤੀ ,
ਨਾਲ ਦੇਵੀਂ ਤੂੰ ਨੱਥ,
ਮੱਥੇ ਛੁਹਾ ਕੇ,ਫੜਾ ਦੇਵੀਂ,

ਖ਼ਤ ਹਵਾ ਦੇ ਹੱਥ।
ਕਰਨ ਵਾਲੇ ਤਾਂ ਕਰ ਲੈਂਦੇ ਨੇ,
ਰੱਬ ਨਾਲ ਵੀ ਗੱਲਾਂ,
ਤੂੰ ਇਕੋ ਰੋਸਾ ਲੈ ਕੇ ਬੈਠੈਂ,
ਖ਼ਤ ਕਿਸ ਸਿਰਨਾਵੇਂ ਘੱਲਾਂ।

ਬਗ਼ੈਰ ਸਾਡਾ ਸਿਰਨਾਵਾਂ ਦੱਸੇ,
ਹਵਾ ਕਿਸੇ ਵੀ ਪਾਸੇ ਘੱਲ,
ਸਾਡੀ ਸ਼ਿੱਦਤ ਦੀ ਤਾਕਤ ਵੇਖੀਂ,
ਇਹਨੇ ਆਉਣਾ ਸਾਡੇ ਵੱਲ।

## ਰੱਬ ਨੂੰ ਲੱਭਦਿਆਂ...

ਬੇਘਰ ਹੋ,ਉਸ ਘਰ ਗਈ,
ਜਿੱਥੇ ਨਾਂ ਤੇਰੇ ਦੀ ਤਖ਼ਤੀ।
ਦਸਤਕ ਤੈਨੂੰ ਸੁਣਦੀ ਨਹੀਂ,
ਇਹ ਕੈਸੀ ਤੇਰੀ ਸਖ਼ਤੀ।
ਤੇਰੀ ਹੀ ਭਾਲ ਮੈਨੂੰ,
ਬਹਿ ਕੇ ਤੇਰੇ ਸਾਹਵੇਂ।
ਅੰਦਰ ਬਾਹਰ ਦੇਖਾਂ ਤੈਨੂੰ
ਲੱਭਾਂ ਕਿਹੜੀ ਥਾਵੇਂ।

ਕੈਸੀ ਸ਼ਕਲ, ਕੈਸਾ ਨਕਸ਼,
ਤੂੰ ਹੈਂ ਕਿਹੜੇ ਰੰਗ ਦਾ।
ਖ਼ਬਰੇ ਤੂੰ ਕੋਈ ਜਾਦੂਗਰ ਹੈਂ,
ਖ਼ਬਰੇ ਤੂੰ ਹੈਂ ਸੰਗਦਾ

ਕੋਹਾਂ ਤੀਕਰ ਭਾਲ ਰਹੀ ਹਾਂ
ਲੱਭੇ ਨਾ ਤੇਰੀ ਪੈੜ।
ਹੁੰਦਿਆਂ ਸੁੰਦਿਆਂ ਵੀ ਨਾ ਦਿੱਸੇਂ,
ਅੱਖ ਮੇਰੀ ਦਾ ਭੈੜ।

ਤੈਨੂੰ ਲੱਭਦੀ ਲੱਭਦੀ ਨੇ ਮੈਂ
ਆਪਣਾ ਆਪ ਗਵਾਇਆ।
ਪਾਉਣ ਦੀ ਜ਼ਿੱਦ ਛੱਡੀ,
ਤਾਂ ਜਾ ਕੇ ਤੈਨੂੰ ਪਾਇਆ।

# ਸਾਡਾ ਤੁਹਾਡਾ, ਸਭ ਦਾ ਪਾਤਰ

**-ਵਰਿਆਮ ਸਿੰਘ ਸੰਧੂ**

ਸੁਰਜੀਤ ਪਾਤਰ ਪੰਜਾਬੀ ਕਵਿਤਾ ਦੇ ਸਿਰ 'ਤੇ ਝੁੱਲਦਾ ਛਤਰ ਸੀ। ਕਵਿਤਾ ਦੇ ਆਸ਼ਕਾਂ ਦੇ ਦਿਲ ਦੀ ਆਵਾਜ਼ ਸੀ। ਹਨੇਰੇ ਮਨਾਂ ਲਈ ਚਾਨਣ ਦਾ ਗੀਤ ਸੀ। ਰਾਤੀਂ ਸੁੱਤਾ ਤੇ ਸੁੱਤਾ ਸੁੱਤਾ ਚੁੱਪ-ਚੁਪੀਤੇ ਤੁਰ ਗਿਆ। ਉੱਚਾ ਬੋਲਣਾ ਜਾਂ ਸ਼ੋਰ ਪਾਉਣਾ ਉਹਦੀ ਆਦਤ ਨਹੀਂ ਸੀ। ਉਹ ਸਹਿਜੇ ਤੁਰਦਾ, ਸਹਿਜੇ ਬੋਲਦਾ, ਸਹਿਜ-ਸੁਰ ਵਿੱਚ ਗਾਉਂਦਾ, ਸਹਿਜ ਰਹਿੰਦਾ। ਉਹਨੇ ਮੌਤ ਨੂੰ ਵੀ ਕਿਹਾ ਹੋਣਾ, "ਤੂੰ ਚੁਪਕੇ ਜਿਹੇ ਆਵੀਂ, ਆਪਾਂ ਬਿਨਾਂ ਕਿਸੇ ਨੂੰ ਦੱਸਿਆਂ ਚੁੱਪ-ਚਾਪ ਤੁਰ ਜਾਵਾਂਗੇ। ਬਹੁਤਾ ਹਾਲ ! ਪਾਹਰਿਆ ! ਕਰਨ ਦੀ ਲੋੜ ਨਹੀਂ !"

ਸਵੇਰੇ ਰੋਜ਼ ਵਾਂਗ ਨਾ ਉੱਠਿਆ ਤਾਂ ਪਤਨੀ ਜਗਾਉਣ ਗਈ। ਆਵਾਜ਼ ਦਿੱਤੀ, ਹਿਲਾ ਕੇ ਵੇਖਿਆ। ਉਹਦੇ ਹੱਥ ਕੰਬੇ, ਦਿਲ ਦੀ ਧੜਕਣ ਵਧ ਗਈ, ਅੱਖਾਂ ਅੱਗੇ ਹਨੇਰਾ ਛਾ ਗਿਆ। ਅਜੇ ਤਾਂ ਕੱਲ੍ਹ ਦੋ ਮਹਿਫ਼ਿਲਾਂ ਵਿਚ ਗਾਉਂਦਾ ਰਾਤ ਨੂੰ ਪ੍ਰਸੰਨ ਚਿੱਤ ਘਰ ਮੁੜਿਆ ਸੀ।

ਹੁਣ ਉੱਕਾ ਹੀ ਮੂੰਹ ਮੋੜ ਗਿਆ ਸੀ, ਮੋਹ ਤੋੜ ਗਿਆ ਸੀ !

ਬਾਬਾ ਬੋਲਤੇ ਥੇ ਕਹਾਂ ਗਏ !

ਤੁਰਿਆ ਤਾਂ ਘਰ ਦੇ ਜੀਆਂ ਦਾ ਹੀ ਨਹੀਂ, ਹਜ਼ਾਰਾਂ ਪਿਆਰਿਆਂ ਦਾ ਕਲੇਜਾ ਕੱਢ ਕੇ ਲੈ ਗਿਆ। ਸੋਸ਼ਲ ਮੀਡੀਆ 'ਤੇ ਹਾਹਾਕਾਰ ਮੱਚ ਗਈ।

ਪਰ ਕੁਝ ਕੁ ਲੋਕ ਅਜਿਹੇ ਵੀ ਸਨ ਜੋ ਸਦਾ ਉਹਦੀ ਪ੍ਰਸਿੱਧੀ ਤੇ ਲੋਕ-ਪ੍ਰਿਅਤਾ 'ਤੇ ਮੱਚਦੇ ਰਹਿੰਦੇ ਸਨ, ਪਾਤਰ ਦੇ ਮੱਚਦੇ ਸਿਵੇ ਦੇ ਠੰਢਾ ਹੋਣ ਦੇ ਨਾਲ ਹੀ ਉਹਨਾਂ ਦੇ ਕਲੇਜੇ ਨੂੰ ਵੀ ਠੰਢ ਪੈ ਗਈ। ਕੁਝ ਦਿਨ ਸ਼ਰਮ-ਕੁ-ਸ਼ਰਮੀ ਚੁੱਪ ਰਹਿਣ ਬਾਅਦ ਉਹਨਾਂ ਦੀ ਖੌਲਦੀ ਨਫ਼ਰਤ ਬਾਹਰ ਡੁੱਲ੍ਹਣ ਲੱਗੀ।

ਉਹ ਕਹਿਣ ਲੱਗੇ, "ਸਾਨੂੰ ਸੁਰਜੀਤ ਪਾਤਰ ਦੇ ਜਾਣ ਦਾ ਕੋਈ ਅਫ਼ਸੋਸ ਨਹੀਂ। ਉਹਨੇ ਸਰਕਾਰੇ ਦਰਬਾਰੇ ਸਥਾਪਤ ਹੋਣ ਲਈ ਅਜਿਹੀ ਕਵਿਤਾ ਲਿਖੀ, ਜੋ ਸਰਕਾਰ ਦਾ ਹਿੱਤ ਪਾਲਣ ਵਾਲੀ ਹੀ ਸੀ। ਉਹਦੀ ਕਵਿਤਾ ਨੇ ਪੂਰੇ ਦੌਰ ਦੀ ਹਕੀਕਤ ਨੂੰ ਨਜ਼ਰਅੰਦਾਜ਼ ਕੀਤਾ ਤੇ ਉਹ ਸਦਾ ਕਵਿਤਾ ਦੇ ਮੋਢਿਆਂ 'ਤੇ ਸਵਾਰ ਹੋ ਕੇ ਅਹੁਦਿਆਂ ਤੇ ਇਨਾਮਾਂ ਸਨਮਾਨਾਂ ਤੱਕ ਪਹੁੰਚਣ ਲਈ ਅਹੁਲਦਾ ਰਿਹਾ ! ਉਹ ਤਾਂ ਇਹ ਕਹਿਣ ਤੱਕ ਵੀ ਚਲੇ ਗਏ ਕਿ 'ਪੰਜਾਬ ਨੇ ਏਨੇ ਕੁ ਬੁਰੇ ਸੁਰਜੀਤ ਪੈਦਾ ਕੀਤੇ ਹਨ ਕਿ ਮਾਵਾਂ ਹੁਣ ਆਪਣੇ ਬੱਚਿਆਂ ਦਾ ਨਾਂ 'ਸੁਰਜੀਤ' ਰੱਖਣੋਂ ਝਿਜਕਣਗੀਆਂ।"

ਪਾਤਰ ਨੂੰ ਨਫ਼ਰਤ ਕਰਨ ਵਾਲੇ ਦੂਜੇ ਤੀਜੇ ਦਰਜੇ ਦੇ ਮੀਸਣੇ ਸ਼ਾਇਰ ਇਹ ਸੁਣ ਕੁ ਮੁਸਕੜੀਆਂ ਵਿੱਚ ਹੱਸਣ ਲੱਗੇ !

ਪਰ ਸੁਰਜੀਤ ਤਾਂ ਸੁਰ+ਜੀਤ ਸੀ। ਸ਼ਬਦ ਸੀ, ਸੁਰ ਸੀ, ਸੰਗੀਤ ਸੀ, ਧਰਤੀ ਦਾ ਗੀਤ ਸੀ। ਇਸ ਗੀਤ ਨੇ ਸਦਾ ਗਾਏ ਜਾਣਾ ਸੀ। ਇਹਨੇ ਨਿੰਦਕਾਂ ਦੇ ਮਾਰਿਆਂ ਕਿੱਥੇ ਮਰਨਾ ਹੈ !

## ਵੈਰਾਗ਼ੇ ਮਨ ਦੀ ਦਾਸਤਾਂ

ਮੈਨੂੰ ਕਨੇਡਾ ਵਿੱਚ ਅੱਧੀ ਰਾਤ ਵੇਲੇ ਪਤਾ ਲੱਗਾ ਕਿ ਕਵਿਤਾ ਦਾ ਸੂਰਜ ਡੁੱਬ ਗਿਆ ਹੈ। ਮੈਂ ਮਨ ਨੂੰ ਬਥੇਰਾ ਸਮਝਾਇਆ ਕਿ ਪਾਤਰ ਨੇ ਤਾਂ ਆਪ ਕਿਹਾ ਸੀ ਕਿ ਮੈਂ ਕਿਤੇ ਨਹੀਂ ਜਾਣ ਲੱਗਾ। ਮੈਂ ਸਿਵਿਆਂ 'ਚ ਸੜ ਕੇ ਵੀ ਮਰਨ ਨਹੀਂ ਲੱਗਾ।

ਸੂਰਜ ਨ ਡੁਬਦਾ ਕਦੇ ਸਿਰਫ਼ ਛੁਪਦਾ ਹੈ
ਮਤ ਸੋਚ ਕਿ ਮਰ ਜਾਏਂਗਾ ਸਿਵੇ 'ਚ ਬਲ ਕੇ।

ਪਰ ਵੈਰਾਗਿਆ ਹੋਇਆ ਮਨ ਆਖਦਾ ਸੀ ਕਿ ਅੱਜ ਪੰਜਾਬੀ ਅਦਬ ਦਾ ਉੱਚਾ ਸ਼ਮਲ੍ਹਾ ਡਿੱਗ ਪਿਆ ਹੈ। ਪੰਜਾਬੀ ਕਵਿਤਾ ਦਾ ਅਸਮਾਨੀ-ਬੁਰਜ ਢਹਿ ਗਿਆ ਹੈ।

ਸੰਤ ਸਿੰਘ ਸੇਖੋਂ ਨੇ ਕਦੀ ਕਿਹਾ ਸੀ ਕਿ ਵੀਹਵੀਂ ਸਦੀ ਵਿੱਚ ਪੰਜਾਬੀ ਕਵਿਤਾ ਦੀਆਂ ਸੱਤ ਚੋਟੀਆਂ ਹਨ, ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ, ਪਾਸ਼ ਅਤੇ ਸੁਰਜੀਤ ਪਾਤਰ । ਇੱਕਵੀਂ ਸਦੀ ਦੀ ਪਹਿਲੀ ਚੌਥਾਈ ਵਿੱਚ ਕੇਵਲ ਤੇ ਕੇਵਲ ਸੁਰਜੀਤ ਪਾਤਰ ਪੰਜਾਬੀ ਕਵਿਤਾ ਦੀ ਮਾਊਂਟ ਐਵਰੈਸਟ ਬਣ ਕੇ ਸ਼ਾਨ ਨਾਲ ਸਭ ਤੋਂ ਉੱਚਾ ਖਲੋਤਾ ਸੀ। ਅੱਜ ਸਾਡੀ ਉਹ ਮਾਊਂਟ ਐਵਰੈਸਟ ਵੀ ਢਹਿ ਗਈ।

ਪਰ ਇਹ ਤਾਂ ਵੈਰਾਗ਼ੇ ਮਨ ਦੀ ਬਾਤ ਹੈ। ਪਾਤਰ ਢੱਠਾ ਕਿੱਥੇ ਹੈ, ਉਹ ਤਾਂ ਸਾਡੇ ਅੰਦਰ ਪੋਟਾ ਪੋਟਾ ਕਰ ਕੇ ਉਸਰ ਰਿਹਾ ਹੈ। ਉਸਰਦਾ ਰਹਿਣਾ ਹੈ। ਆਖਣ ਨੂੰ ਤਾਂ ਭਾਵੇਂ ਪੰਜਾਬੀ ਕਵਿਤਾ ਦੇ ਖੇਤਰ ਵਿਚ ਨਵੀਂ ਸੁਰਜ਼ਮੀਨ ਦੀ ਤਲਾਸ਼ ਕਰਨ ਵਾਲਾ ਪੰਜਾਬੀ ਲੋਕ ਮਨਾਂ ਦਾ ਅਜ਼ੀਮ ਤੇ ਲੋਕ-ਪ੍ਰਿਅ ਸ਼ਾਇਰ ਸੁਰਜੀਤ ਪਾਤਰ ਅੱਜ ਸਾਡੇ ਦਰਮਿਆਨ ਨਹੀਂ ਰਿਹਾ, ਪਰ ਆਪਣੇ ਅੰਦਰ ਝਾਤ ਮਾਰ ਕੇ ਵੇਖੋ, ਉਹ ਕਿਧਰੇ ਨਹੀਂ ਗਿਆ, ਉਹ ਤਾਂ ਖ਼ੁਸ਼ਬੂ ਬਣ ਕੇ ਸਾਡੇ-ਤੁਹਾਡੇ ਧੁਰ ਅੰਦਰ ਵੜ ਕੇ ਕਿਤੇ ਬਹਿ ਗਿਆ ਹੈ।

ਵਾਰਿਸ ਸ਼ਾਹ ਵਾਂਗ ਉਸਦੇ ਬੋਲ ਪੰਜਾਬੀਆਂ ਦੇ ਦਿਲਾਂ ਦੀ ਆਵਾਜ਼ ਬਣ ਕੇ ਧੜਕਦੇ ਰਹਿਣਗੇ।

ਉਹਨੇ ਕਦੀ ਸਥਾਪਤੀ ਦੇ ਦੰਭੀ ਚਿਹਰੇ ਦਾ ਨਕਾਬ ਉਤਾਰਦੇ ਹੋਏ ਕਿਹਾ ਸੀ:

ਬੁੱਢੀ ਜਾਦੂਗਰਨੀ ਆਖਦੀ ਹੈ
ਤੇਰਾ ਵੀ ਨਾਮ ਰੱਖਾਂਗੇ
ਤੇਰੀ ਛਾਤੀ 'ਤੇ ਵੀ ਖ਼ੰਜਰ ਜਾਂ ਤਗ਼ਮਾ ਧਰ ਦਿਆਂਗੇ।
ਜੀਣ ਜੋਗਾ ਤਾਂ ਹੋ
ਤੇਰੀ ਵੀ ਹੱਤਿਆ ਕਰ ਦਿਆਂਗੇ।

ਪਰ ਬੁੱਢੀ ਜਾਦੂਗਰਨੀ ਕੀ ਜਾਣਦੀ ਹੈ ਕਿ ਜਿਹੜਾ ਇੱਕ ਵਾਰ ਪਾਤਰ ਵਾਂਗ 'ਜੀਣ ਜੋਗਾ' ਹੋ ਜਾਂਦਾ ਹੈ, ਉਹ ਮੌਤ ਦੀ ਹਿੱਕ 'ਤੇ ਪੈਰ ਰੱਖ ਕੇ ਸਦਾ ਜਿਉਂਦੀ ਰਹਿਣ ਵਾਲੀ ਜ਼ਿੰਦਗੀ ਦੇ ਵਿਹੜੇ ਵਿਚ ਜਾ ਖਲੋਂਦਾ ਹੈ ਤੇ ਬੁੱਢੀ ਜਾਦੂਗਰਨੀ ਪਿੱਛੇ ਹੱਥ ਮਲਦੀ ਰਹਿ ਜਾਂਦੀ ਹੈ।

ਉਹਨੇ ਇੱਕ ਵਾਰ ਨਹੀਂ, ਵਾਰ-ਵਾਰ ਬੁੱਢੀ ਜਾਦੂਗਰਨੀ ਨੂੰ ਸ਼ਰਮਿੰਦਾ ਕੀਤਾ। ਜਦੋਂ ਦੇਸ਼ ਦੇ ਬੁੱਧੀਜੀਵੀਆਂ ਦੇ ਕਤਲਾਂ 'ਤੇ, ਰੋਸ ਦਰਜ ਕਰਾਉਣ ਲਈ, ਦੇਸ਼ ਦੇ ਚੇਤੰਨ ਲੇਖਕਾਂ ਨੇ ਆਪਣੇ ਸਾਹਿਤ ਅਕਾਦਮੀ ਅਵਾਰਡ ਵਾਪਸ ਕੀਤੇ ਤਾਂ ਪਾਤਰ ਨੇ ਵੀ ਆਪਣਾ ਅਵਾਰਡ ਗਲੋਂ ਲਾਹ ਕੇ ਪੰਜਾਬੀ ਕਵਿਤਾ ਨੂੰ ਵੱਜਣ ਵਾਲਾ ਉਲ੍ਹਾਮਾ ਧੋ ਦਿੱਤਾ। ਜਦੋਂ ਉਹਦੇ ਕਿਸਾਨ ਦਿੱਲੀ ਦੇ ਬਾਡਰ 'ਤੇ ਸਾਲ ਭਰ ਮੀਂਹ ਹਨੇਰੀ ਵਿਚ, ਹਾੜ ਸਿਆਲ ਵਿਚ, ਪੰਜਾਬ ਦੀ ਅਜ਼ਮਤ ਦੀ ਰਾਖੀ ਲਈ ਸ਼ਾਨ ਨਾਲ ਸਿਰ ਉੱਚਾ ਚੁੱਕ ਕੇ ਜੂਝ ਰਹੇ ਸਨ ਤਾਂ ਪਾਤਰ ਦੇ ਅੰਦਰਲਾ ਸ਼ਾਇਰ ਮੁੜ ਜਾਗਿਆ। ਉਹਨੇ ਬੁੱਢੀ ਜਾਦੂਗਰਨੀ ਦੇ ਤਮਗ਼ੇ ਲਾਹ ਕੇ ਉਹਦੇ ਮੂੰਹ 'ਤੇ ਮਾਰੇ, "ਆਹ ਚੁੱਕ ! ਆਪਣੀ ਪਦਮਸ਼੍ਰੀ ! ਮੈਂ ਤੇਰੇ ਨਾਲ ਨਹੀਂ ਆਪਣੇ ਭਰਾਵਾਂ ਨਾਲ ਖਲੋਤਾ ਹਾਂ ! ਕਰ ਲੈ, ਮੇਰਾ ਜੋ ਕਰਨਾ ਈਂ ਮਾਰ ਸੁੱਟ, ਮੈਨੂੰ ਜੇ ਮਾਰਨਾ ਏਂ ਤਾਂ !"

ਪਰ ਪਾਤਰ ਦੀ ਕਵਿਤਾ ਨੂੰ ਕੌਣ ਮਾਰ ਸਕਦਾ ਹੈ। ਉਹਨੇ ਜੀਣ-ਜੋਗੀ ਕਵਿਤਾ ਲਿਖੀ ਹੈ ਤੇ ਜੀਣ-ਜੋਗੀ ਕਵਿਤਾ ਕਦੀ ਮਰਦੀ ਨਹੀਂ ਹੁੰਦੀ। ਨਾ ਪਾਤਰ ਨੇ ਕਦੇ ਮਰਨਾ ਹੈ।

ਜ਼ਿੰਦਗੀ ਦੇ ਸਦੀਵੀ ਵਿਹੜੇ ਵਿੱਚ ਪਾਤਰ ਨੇ ਜਿਹੜੇ ਬੋਲ ਆਪਣੇ ਬਲਦੇ ਹੱਥਾਂ ਨਾਲ ਹਵਾਵਾਂ ਵਿਚ ਲਿਖ ਦਿੱਤੇ, ਇਹ ਬੋਲ ਪੀੜ੍ਹੀਆਂ ਤੱਕ ਲਿਖੇ ਰਹਿਣਗੇ ਤੇ ਲੋਕ ਇਹਨਾਂ ਨੂੰ ਪੜ੍ਹਦੇ ਸੁਣਦੇ ਰਹਿਣਗੇ।

ਪਹਿਲਾਂ ਵੀ ਤਾਂ ਉਹ ਦਿਲ-ਦਿਲ ਵੱਸਿਆ ਸੀ। ਘਰ ਘਰ ਵੱਸਿਆ ਸੀ।

ਉਹ ਲੋਕ ਮਨਾਂ ਦੀ ਅਵਾਜ਼ ਸੀ !

ਉਹਦੀ ਆਵਾਜ਼ ਵਿਚ ਕੋਇਲ ਦੀ ਕੂ ਕੂ ਦੀ ਮਿਠਾਸ ਸੀ।

ਉਹਦੇ ਸ਼ਬਦਾਂ ਵਿਚ ਅੰਗਿਆਰ ਮਘਦੇ ਤੇ ਅਨਾਰ ਚੱਲਦੇ ਸਨ।

ਉਹਨੂੰ ਸੁਣਨਾ ਤੇ ਪੜ੍ਹਨਾ ਪੰਜਾਬ ਦੀ ਆਤਮਾ ਨੂੰ ਪੜ੍ਹਣਾ ਸੁਣਨਾ ਸੀ।

ਸੁਰਜੀਤ ਪਾਤਰ ਇਹਨਾਂ ਸਮਿਆਂ ਵਿਚ ਸਭ ਤੋਂ ਵੱਧ ਪੜ੍ਹੇ-ਸੁਣੇ ਜਾਣ ਵਾਲਾ ਪੰਜਾਬੀ ਦਾ ਸਰਵ-ਸਨਮਾਨਤ ਤੇ ਸਰਵ-ਪ੍ਰਵਾਨਤ ਸ਼ਾਇਰ ਸੀ। ਕੋਈ ਕਵੀ ਦਰਬਾਰ, ਕੋਈ ਸਾਹਿਤਕ ਸਮਾਗਮ ਉਹਦੀ ਹਾਜ਼ਰੀ ਬਿਨਾ ਅਧੂਰਾ, ਬੇਰਸ ਤੇ ਨਾਮੁਕੰਮਲ ਸਮਝਿਆ ਜਾਂਦਾ ਸੀ।

ਪਾਤਰ ਨੇ ਦੇਸ਼ ਵਿਦੇਸ਼ ਵਿਚ ਹੋਏ ਅਨੇਕਾਂ ਅੰਤਰਾਸ਼ਟਰੀ ਕਵਿਤਾ ਉਤਸਵਾਂ ਵਿਚ ਭਾਗ ਲਿਆ ਤੇ ਦੇਸ਼ ਅਤੇ ਦੁਨੀਆਂ ਦੀਆਂ ਵੱਖ ਵੱਖ ਵੱਡੀਆਂ ਸਮਝੀਆਂ ਜਾਂਦੀਆਂ ਜ਼ਬਾਨਾਂ ਵਿਚ ਕਵਿਤਾ ਸੁਣਾ ਕੇ ਪੰਜਾਬ ਤੇ ਪੰਜਾਬੀ ਦੀ ਪੱਗ ਉਚੀ ਕੀਤੀ। ਪੰਜਾਬੀ ਕਵਿਤਾ ਅਤੇ ਪੰਜਾਬੀ ਭਾਸ਼ਾ ਨੂੰ ਦੁਨੀਆਂ ਭਰ ਦੇ ਸਾਹਿਤਕਾਰਾਂ ਵਿਚ ਰਾਣੀ ਬਣਾ ਕੇ ਪੇਸ਼ ਕੀਤਾ।

ਪਾਤਰ ਨੂੰ ਮਿਲਣਾ ਅਤੇ ਸੁਣਨਾ ਹਮੇਸ਼ਾ ਬੜਾ ਅਨੋਖਾ ਤੇ ਮਾਣ-ਮੱਤਾ ਅਨੁਭਵ ਹੁੰਦਾ ਸੀ। ਉਹਦੇ ਬੋਲਾਂ ਵਿਚ ਪੰਜਾਬ ਦਾ ਦਿਲ ਧੜਕਦਾ ਹੈ। ਉਹਦੀ ਸ਼ਾਇਰੀ ਸੁੱਚੇ ਸਭਿਆਚਾਰ ਦਾ ਸਿਰਨਾਵਾਂ ਹੈ। ਉਹਦੀ ਸੁਰੀਲੀ ਆਵਾਜ਼ ਜਦ ਹਵਾਵਾਂ ਵਿਚ ਗੂੰਜਦੀ ਸੀ ਤਾਂ ਬੰਦਿਆਂ ਦੀ ਗੱਲ ਤਾਂ ਛੱਡੋ, ਰੁੱਖ ਵੀ ਸਾਜ਼ ਬਣ ਕੇ ਝੂਮਣ ਤੇ ਗਾਉਣ ਲੱਗਦੇ ਸਨ।

ਸੁਰਜੀਤ ਪਾਤਰ ਸ਼ਬਦਾਂ ਦਾ ਜਾਦੂਗਰ ਸੀ। ਇਹ ਜਾਦੂ ਅੱਧੀ ਸਦੀ ਤੋਂ ਪੰਜਾਬੀ ਪਾਠਕਾਂ–ਪਿਆਰਿਆਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਸੀ। ਉਸ ਵੱਲੋਂ ਸ਼ਬਦਾਂ ਨੂੰ ਜੋੜਨ ਤੇ ਬੀੜਨ ਦਾ ਹੁਨਰ ਤੇ ਹੁਸਨ ਮਨਾਂ ਨੂੰ ਮੋਹ ਲੈਂਦਾ। ਉਹਦੇ ਬੋਲਾਂ ਵਿਚੋਂ ਜਦੋਂ ਲੋਕ ਆਪਣੇ ਦੁੱਖਾਂ–ਦਰਦਾਂ, ਵਿਛੋੜਿਆਂ–ਮਿਲਾਪਾਂ, ਖ਼ੁਸ਼ੀਆਂ ਤੇ ਗਮੀਆਂ ਦੇ ਚਿਹਰੇ ਵੇਖਦੇ ਤਾਂ ਕਦੀ ਉਹਨਾਂ ਦੀਆਂ ਅੱਖਾਂ ਅੱਥਰੂਆਂ ਨਾਲ ਡੁਬਡੁਬਾ ਜਾਂਦੀਆਂ, ਕਦੀ ਬੁੱਲ੍ਹਾਂ ’ਤੇ ਮੁਸਕਾਣਾਂ ਫੈਲ ਜਾਂਦੀਆਂ। ਇਕ ਪਲ ਵਿਚ ਉਹ ਆਪਣੇ ਮਨਾ ਵਿਚ ਡੂੰਘਾ ਡੁੱਬ ਜਾਂਦੇ ਤੇ ਦੂਜੇ ਪਲ ਅੰਬਰਾਂ ਵਿਚ ਉੱਡਣ ਲੱਗਦੇ। ਉਹਦੇ ਸੁਰਮਈ ਸ਼ਬਦਾਂ ਦੀ ਰਿਮ–ਝਿਮ ਵਿਚ ਭਿੱਜਦੇ ਸਰੋਤੇ ਧੰਨ ਹੋ ਜਾਂਦੇ।

ਪਾਤਰ ਦੀ ਕਵਿਤਾ ਜੀਵਨ ਦੇ ਹਰ ਹਨੇਰੇ ਪਲ ਵਿਚ ਮੋਮਬੱਤੀਆਂ ਵਾਂਗ ਬਲ ਕੇ ਸਾਡੇ ਰਾਹਾਂ ਨੂੰ ਰੁਸ਼ਨਾਉਂਦੀ ਰਹੇਗੀ। ਅਸੀਂ ਉਦਾਸ ਹੋਵਾਂਗੇ ਤਾਂ ਸਾਨੂੰ ਨਿਰਾਸ਼ਾ ਦੇ ਡੂੰਘੇ ਖੂਹ ਵਿਚ ਡਿੱਗਣੋਂ ਬੋਚ ਕੇ ਬਚਾਅ ਲਵੇਗੀ ਤੇ ਫੁੱਲਾਂ ਜੋਗੀ ਬਚਾ ਕੇ ਰੱਖੀ ਜ਼ਮੀਨ ਵਿਚ ਲਿਜਾ ਖੜ੍ਹਾ ਕਰੇਗੀ।

ਮੈਂ ਉਹਦੀ ਗ਼ਜ਼ਲਾਂ ਦੀ ਪਹਿਲੀ ਕਿਤਾਬ ‘ਹਵਾ ਵਿਚ ਲਿਖੇ ਹਰਫ਼’ ਛਪਣ ’ਤੇ ਲਿਖਿਆ ਸੀ, “ਇਹ ਕਿਤਾਬ ਪੰਜਾਬੀ ਕਵਿਤਾ ਦੇ ਅਸਮਾਨ ਵੱਲ ਖੁੱਲ੍ਹਦੀ ਖਿੜਕੀ ਹੈ। ਉਰਦੂ ਵਾਲੇ ਮਾਣ ਨਾਲ ਕਹਿੰਦੇ ਨੇ ਕਿ ਸਾਡੇ ਕੋਲ ਗ਼ਾਲਿਬ ਹੈ, ਮੀਰ ਹੈ, ਫ਼ੈਜ਼ ਹੈ, ਇਹੋ ਮਾਣ ਹਿੰਦੀ ਵਾਲੇ ਕਰਦੇ ਨੇ ਕਿ ਸਾਡੇ ਕੋਲ ਦੁਸ਼ਿਅੰਤ ਕੁਮਾਰ ਹੈ। ਅੱਜ ਤੋਂ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਸਾਡੇ ਕੋਲ ਸੁਰਜੀਤ ਪਾਤਰ ਹੈ।”

ਅੱਜ ਤੱਕ ਸਟੇਜਾਂ ’ਤੇ ਭਾਸ਼ਨ ਕਰਨ ਵਾਲੇ ਵੱਡੇ ਬੁਲਾਰੇ ਆਪਣੀ ਗੱਲ ਨੂੰ ਪੁਸ਼ਟ ਕਰਨ ਲਈ, ਉਰਦੂ ਦੇ ਵੱਡੇ ਸ਼ਾਇਰਾਂ ਦੇ ਸ਼ਿਅਰ ਬੋਲਿਆ ਕਰਦੇ ਸਨ, ਪਰ ਹੁਣ ਉਹਨਾਂ ਨੂੰ ਉਰਦੂ ਜਾਂ ਹਿੰਦੀ ਵੱਲ ਵੇਖਣ ਦੀ ਲੋੜ ਨਹੀਂ ਪੈਂਦੀ, ਹੁਣ ਲੋੜ ਪੈਣ ’ਤੇ ਉਹਨਾਂ ਦੇ ਭਾਸ਼ਨਾ ਨੂੰ ਸ਼ਿੰਗਾਰਨ ਵਾਸਤੇ ਪਾਤਰ ਦੇ ਸ਼ਿਅਰ ਹੱਸਦੇ ਹੋਏ ਆ ਕੇ ਉਹਨਾਂ ਦੇ ਬੋਲਾਂ ਵਿਚ ਬੈਠ ਜਾਂਦੇ ਨੇ।

ਉਹਦੇ ਸ਼ਿਅਰਾਂ ਨੂੰ ਤੁਸੀਂ ਅਸੀਂ ਤਾਂ ਸਟੇਜਾਂ ਤੇ ਸਮਾਗਮਾ ਵਿਚ ਬੋਲਦੇ ਹੀ ਹਾਂ, ਪਰ ਉਹਦੇ ਸ਼ਿਅਰ ਤਾਂ ਭਾਰਤ ਦੀ ਸੰਸਦ ਵਿਚ ਵੀ, ਪੰਜਾਬ ਦੀ ਅਸੈਂਬਲੀ ਵਿਚ ਵੀ ਗੂੰਜਦੇ ਰਹੇ ਨੇ। ਗੂੰਜਦੇ ਰਹਿਣ ਨੇ !

ਉਸ ਦੇ ਸ਼ਿਅਰ ਤਾਂ ਗੁਰਦਿਆਲ ਸਿੰਘ ਦੇ ਨਾਵਲਾਂ ਦੇ ਪਾਤਰ ਵੀ ਬੋਲਦੇ ਨੇ।

ਰਵੀਸ਼ ਕੁਮਾਰ ਵਰਗਾ ਭਾਰਤ ਦਾ ਨਾਮਵਰ ਪੱਤਰਕਾਰ ਬੋਲਦਾ ਹੈ।

ਉਹ ਪੰਜਾਬੀ ਦਾ ਇੱਕੋ–ਇੱਕ ਸ਼ਾਇਰ ਹੈ ਜਿਸਨੂੰ ਵਾਰਿਸ ਸ਼ਾਹ ਵਰਗੀ ਲੋਕ–ਪ੍ਰਿਅਤਾ ਹਾਸਲ ਹੋਈ ਹੈ ਤੇ ਵਾਰਿਸ ਸ਼ਾਹ ਵਾਂਗ ਹੀ ਉਸਦੇ ਸ਼ਿਅਰ ਕੋਟ ਕੀਤੇ ਜਾਂਦੇ ਹਨ। ਕਦੀ ਕੋਈ ਗੁੰਝਲਦਾਰ ਘਟਨਾ ਜਾਂ ਵਰਤਾਰਾ ਵਾਪਰ ਜਾਏ ਤਾਂ ਲੋਕ ਕਹਿੰਦੇ ਹਨ, “ਹੁਣ ਏਥੇ ਵਾਰੇਸ਼ਾਹ ਕੀ ਲਿਖੂ?

ਅੱਗੇ ਤੋਂ ਅਜਿਹੀ ਮੁਸ਼ਕਿਲ ਬਣਨ ’ਤੇ ਲੋਕ ਕਿਹਾ ਕਰਨਗੇ, “ਹੁਣ ਏਥੇ ਪਾਤਰ ਕੀ

ਲਿਖੂ?"

ਇਹਦਾ ਮਤਲਬ ਹੈ ਕਿ ਪਾਤਰ ਸਾਨੂੰ ਗੱਲ ਗੱਲ 'ਤੇ, ਮੋੜ ਮੋੜ 'ਤੇ ਯਾਦ ਆਉਂਦਾ ਰਹੇਗਾ।

ਮੈਂ ਕਿਹਾ ਸੀ, 'ਸੁਰਜੀਤ ਪਾਤਰ ਨਾਅਰੇ ਜਾਂ ਲਲਕਾਰੇ ਦਾ ਨਹੀਂ, ਰਮਜ਼ ਤੇ ਇਸ਼ਾਰੇ ਦਾ ਸ਼ਾਇਰ ਹੈ। ਗੁਰਦਿਆਲ ਸਿੰਘ ਦੇ ਯਾਦ-ਸਮਾਗਮ ਵਿਚ ਬੋਲਦਿਆਂ ਮੈਂ ਕਿਹਾ ਸੀ, "ਜ਼ਰੂਰੀ ਨਹੀਂ, ਲਾਲ ਝੰਡਾ ਲੇਖਕ ਦੇ ਹੱਥ ਵਿਚ ਹੀ ਹੋਵੇ, ਉਹ ਉਹਦੇ ਦਿਲ ਵਿਚ ਵੀ ਹੁੰਦਾ ਹੈ।"

ਲਾਲ ਝੰਡਾ ਸੁਰਜੀਤ ਪਾਤਰ ਦੇ ਵੀ ਦਿਲ ਵਿਚ ਸੀ।

'ਕਿੰਨਾ ਹੈ ਮਹਾਨ ਦੇਸ਼, ਉਦੋਂ ਪਤਾ ਲੱਗਿਆ, ਜਦੋਂ ਮੇਰੀ ਹਿੱਕ 'ਚ ਤਿਰੰਗਾ ਗਿਆ ਗੱਡਿਆ' ਆਖਣ ਵਾਲੇ ਪਾਤਰ ਦੀ ਹਿੱਕ ਵਿੱਚ ਡੂੰਘਾ ਗੱਡਿਆ ਤਿਰੰਗਾ ਜਦੋਂ ਉਹਦੇ ਦਿਲ ਨੂੰ ਲਹੂ ਲੁਹਾਨ ਕਰ ਰਿਹਾ ਹੋਵੇ, ਤਾਂ ਉਸ ਡੁੱਲ੍ਹੇ ਲਹੂ ਨਾਲ ਰੰਗੀਜ ਕੇ ਝੰਡਾ ਆਪਣੇ ਆਪ ਲਾਲ ਹੋ ਜਾਂਦਾ ਹੈ। ਪਾਤਰ ਸ਼ਬਦਾਂ ਦੇ ਕਾਲੇ ਬੀਜਾਂ ਵਿਚੋਂ ਅਰਥਾਂ ਦੇ ਸੂਹੇ ਫੁੱਲ ਖਿੜਾ ਸਕਣ ਦਾ ਜਾਦੂ ਜਾਣਦਾ ਸੀ।

ਮੇਰਾ ਗੋਤੀ ਸ਼ਮਸ਼ੇਰ ਸੰਧੂ ਠੀਕ ਕਹਿੰਦਾ ਹੈ:-

ਪਹਿਲਾਂ ਵੀ ਮੈਂ ਕਹਿੰਦਾ ਸੀ ਤੇ ਹੁਣ ਵੀ। ਅਜੋਕੀ ਪੰਜਾਬੀ ਕਵਿਤਾ ਦਾ ਨੰਬਰ ਇੱਕ ਸੁਰਜੀਤ ਪਾਤਰ ਹੈ। ਨੰਬਰ ਦੋ ਸੁਰਜੀਤ ਪਾਤਰ ਹੈ। ਨੰਬਰ ਤਿੰਨ ਸੁਰਜੀਤ ਪਾਤਰ ਹੈ। ਕੋਈ ਹੋਰ ਨਾਂ ਇਸ ਸੂਚੀ 'ਚ ਸ਼ਾਮਲ ਕਰਨੇ ਹੋਣ ਤਾਂ ਤਿੰਨਾਂ ਤੋਂ ਬਾਅਦ ਕਰ ਲਵੋ। ਇੱਕ ਗੱਲ ਹੋਰ ਵਾਰਸ ਸ਼ਾਹ ਤੋਂ ਬਾਅਦ ਸ਼ਿਵ ਕੁਮਾਰ। ਸ਼ਿਵ ਤੋਂ ਬਾਅਦ ਪਾਸ਼। ਪਾਸ਼ ਤੋਂ ਬਾਅਦ ਸੁਰਜੀਤ ਪਾਤਰ ਸੀ। ਇਨ੍ਹਾਂ ਸ਼ਾਇਰਾਂ ਦਾ ਨਾਂ ਹੱਟੀ, ਭੱਠੀ ਜਾਂ ਖੇਤ ਦੇ ਬੰਨੇ 'ਤੇ ਖੜੋਤੇ ਕਿਸਾਨ, ਮਜ਼ਦੂਰ ਜਾਂ ਕਿਸੇ ਵੀ ਆਮ ਬੰਦੇ ਤੋਂ ਪੁੱਛ ਲਓ, ਉਹ ਜਾਣਦਾ ਜ਼ਰੂਰ ਹੈ।

ਪੰਜਾਬ ਦੀ ਧਰਤੀ 'ਤੇ ਜਿਸ ਗਾਉਂਦੇ ਪੈਗੰਬਰ ਨੇ 'ਸੱਚ ਸੁਣਾਇਸੀ ਸੱਚ ਕੀ ਬੇਲਾ' ਦਾ ਜੋ ਅਲਾਪ ਲਿਆ ਲਿਆ ਸੀ, ਉਹਦੀ ਸੁਰ ਵਿਚ, ਉਹਦੀ ਆਵਾਜ਼ ਵਿਚ ਆਪਣੀ ਆਵਾਜ਼ ਮਿਲਾ ਕੇ, ਪਾਤਰ ਉਹਨਾਂ ਰਾਹਾਂ 'ਤੇ ਤੁਰਦਾ, ਉਹਦੇ ਕਾਫ਼ਲੇ ਦਾ ਹਿੱਸਾ ਬਣ ਕੇ, ਉਸ ਮਹਾਨ ਬਾਬੇ ਦੀ ਬੁੱਕਲ ਵਿਚ ਜਾ ਬੈਠਾ ਹੈ। ਨਾ ਸਾਢੇ ਪੰਜ ਸਦੀਆਂ ਬੀਤ ਜਾਣ 'ਤੇ ਸਾਡਾ ਬਾਬਾ ਨਾਨਕ ਕਿਤੇ ਗਿਆ ਹੈ, ਨਾ ਪਾਤਰ ਨੇ ਹੁਣ ਕਿਤੇ ਜਾਣਾ ਹੈ। ਜੋ ਬਾਬੇ ਦੀ ਬੁੱਕਲ ਵਿਚ ਬਹਿ ਜਾਂਦਾ ਹੈ, ਉਹ ਕਦੀ ਮਰਦਾ ਨਹੀਂ। ਸਦਾ ਲਈ ਆਪਣੇ ਲੋਕਾਂ ਦੇ ਦਿਲਾਂ ਦੀ ਧੜਕਣ ਬਣ ਜਾਂਦਾ ਹੈ।

ਗੁਰਬਾਣੀ ਦਾ ਕਥਨ ਹੈ:-

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿ ਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ ॥

ਜੇ ਤੁਸੀਂ ਗੁਰੂ ਵੱਲ ਇੱਕ ਕਦਮ ਤੁਰਦੇ ਹੋ ਤਾਂ ਸਤਿਗੁਰ ਤੁਹਾਨੂੰ ਸੌ ਕਦਮ ਅੱਗੇ ਆ ਕੇ ਗਲ਼ ਨਾਲ ਲਾ ਲੈਂਦਾ ਹੈ।

ਇੰਝ ਹੀ ਲੇਖਕਾਂ ਬਾਰੇ ਕਿਹਾ ਜਾ ਸਕਦਾ ਹੈ, ਕਿ, ਜਿਹੜੇ ਲੇਖਕ ਲੋਕਾਂ ਦੇ ਬਣ ਕੇ ਲੋਕਾਂ ਨਾਲ ਖਲੋਂਦੇ ਹਨ, ਲੋਕਾਂ ਦੀ ਪੀੜ ਨਾਲ ਜਿਨ੍ਹਾਂ ਦੀ ਰੂਹ ਕਲਵਲ ਹੋਣ ਲੱਗਦੀ ਹੈ, ਲੋਕਾਂ ਦੇ ਅੱਥਰੂਆਂ ਨੂੰ ਜਿਹੜੇ ਆਪਣੇ ਸ਼ਬਦਾਂ ਵਿਚ ਮੋਤੀ ਬਣਾ ਕੇ ਪਰੋ ਲੈਂਦੇ ਨੇ, ਲੋਕਾਂ ਦੀ ਵਿਲਕਣੀ ਨੂੰ ਆਪਣਾ ਗੀਤ ਬਣਾ ਲੈਂਦੇ ਨੇ, ਲੋਕ ਵੀ ਉਹਨਾਂ ਨੂੰ ਸੌ ਕਦਮ ਅੱਗਿਉਂ ਚੱਲ ਕੇ ਆਪਣੇ ਗਲਾਂ ਨਾਲ ਲਾ ਲੈਂਦੇ ਨੇ।

ਆਪਣੇ ਪਿਆਰੇ ਸ਼ਾਇਰ ਨੂੰ ਵੀ ਉਹਦੇ ਆਪਣੇ ਲੋਕਾਂ ਨੇ ਸੌ ਕਦਮ ਅੱਗੇ ਹੋ ਕੇ ਆਪਣੇ ਗਲ ਨਾਲ ਘੁੱਟ ਲਿਆ ਹੈ। ਜਿਹੜਾ ਲੋਕਾਂ ਦੇ ਗਲ ਨਾਲ ਲੱਗ ਗਿਆ। ਉਹਨੇ ਹੁਣ ਕਿੱਥੇ ਜਾਣਾ ਹੈ! ਉਹ ਲੋਕਾਂ ਕੋਲ ਰਹੇਗਾ। ਸਾਡੇ, ਤੁਹਾਡੇ ਸਭਨਾਂ ਕੋਲ ਰਹੇਗਾ। ਸਾਡਾ-ਤੁਹਾਡਾ ਹਿੱਸਾ ਬਣ ਕੇ। ਤੁਹਾਡੀ ਆਪਣੀ ਦੇਹ ਜਾਨ ਬਣ ਕੇ।

ਸਾਡਾ ਪਾਤਰ ਆਪ ਹੀ ਤਾਂ ਕਹਿ ਗਿਆ ਹੈ:-
ਮੁਕਾ ਕੇ ਪਰਬਤਾਂ, ਜੰਗਲਾਂ, ਥਲਾਂ ਦਾ ਲੰਮਾ ਸਫ਼ਰ
ਨਦੀ ਦਾ ਨੀਰ ਹਾਂ, ਸਾਗਰ ਨੂੰ ਜਾ ਰਿਹਾ ਹਾਂ ਮੈਂ

ਇਨ੍ਹਾਂ ਹਵਾਵਾਂ ਚ ਹੀ ਗੀਤ ਬਣ ਕੇ ਗੂੰਜਾਂਗਾ
ਤੇਰੇ ਹੀ ਕੋਲ ਹਾਂ, ਕਦ ਦੂਰ ਜਾ ਰਿਹਾ ਹਾਂ ਮੈਂ।

## ਸੁਰਜੀਤ ਪਾਤਰ ਦੀ ਵਿਸਕੀ ਦੀ ਬੋਤਲ ਤੇ ਕਵਿਤਾ ਦਾ ਨਸ਼ਾ

1967-68 ਦੀ ਗੱਲ ਹੋਵੇਗੀ। ਅਸੀਂ ਆਪਣੇ ਇਲਾਕੇ ਵਿੱਚ 'ਸਾਹਿਤ ਕੇਂਦਰ ਭਿੱਖੀਵਿੰਡ' ਨਾਂ ਦੀ ਸਾਹਿਤ-ਸਭਾ ਬਣਾਈ ਹੋਈ ਸੀ, ਜਿਸ ਦੀਆਂ ਮਹੀਨਾਵਾਰ ਬੈਠਕਾਂ ਭਿੱਖੀਵਿੰਡ ਦੇ ਹਾਈ ਸਕੂਲ ਵਿਚ ਹੁੰਦੀਆਂ। ਮੈਂ 'ਸਾਹਿਤ-ਕੇਂਦਰ' ਦਾ ਜਨਰਲ ਸਕੱਤਰ ਵੀ ਸਾਂ ਤੇ ਕਰਤਾ-ਧਰਤਾ ਵੀ। ਆਪਣੇ ਇਲਾਕੇ ਵਿਚ ਸਾਹਿਤਕ-ਮੱਸ ਰੱਖਣ ਵਾਲੇ ਸੱਜਣਾਂ-ਮਿੱਤਰਾਂ ਨੂੰ ਮਿਲਾਉਣ ਲਈ ਮੈਂ ਸਥਾਪਤ ਤੇ ਨਵੇਂ ਲੇਖਕਾਂ ਨੂੰ ਵੀ ਬੁਲਾਉਂਦਾ ਰਹਿੰਦਾ।

ਇੱਕ ਵਾਰ ਜੋਗਿੰਦਰ ਕੈਰੋਂ ਵੀ ਆਇਆ। ਗੱਲ ਪੰਜਾਬੀ ਕਵਿਤਾ ਦੇ ਹਵਾਲੇ ਨਾਲ ਸ਼ਿਵ ਕੁਮਾਰ ਦੀ ਪ੍ਰਸਿੱਧੀ ਦੀ ਚੱਲ ਰਹੀ ਸੀ। ਜਦੋਂ ਉਹਦੇ ਬੋਲਣ ਦੀ ਵਾਰੀ ਆਈ ਤਾਂ ਵੇਲੇ ਦੇ ਕਵੀਆਂ ਬਾਰੇ ਹੋਰ ਗੱਲਾਂ ਕਰਨ ਤੋਂ ਬਾਅਦ ਕਹਿੰਦਾ, "ਤੁਸੀਂ ਸ਼ਿਵ ਕੁਮਾਰ ਦੀ ਗੱਲ ਕਰਦੇ ਓ! ਠੀਕ ਹੈ, ਪਰ, ਇੱਕ ਨਵਾਂ ਮੁੰਡਾ ਉੱਠਿਐ, ਤੁਸੀਂ ਵੇਖੋਗੇ, ਉਹ ਥੋੜੇ ਚਿਰ ਵਿੱਚ ਹੀ ਸ਼ਿਵ ਕੁਮਾਰ ਨੂੰ ਪਿੱਛੇ ਛੱਡ ਦੇਵੇਗਾ।"

ਅਸਲ ਵਿੱਚ ਉਹ ਪਟਿਆਲੇ ਵਿਚ ਆਪਣੇ ਨਾਲ ਪੜ੍ਹਦੇ ਰਹੇ ਆਪਣੇ ਜਮਾਤੀ ਸੁਰਜੀਤ ਪਾਤਰ ਦੀ ਗੱਲ ਕਰ ਰਿਹਾ ਸੀ।

ਸੁਣਨ ਵਾਲਿਆਂ ਨੂੰ ਇਹ ਦਾਅਵਾ ਅਤਿ-ਕਥਨੀ ਵਰਗਾ ਲੱਗਾ। ਸਭ ਦੇ ਚਿਹਰਿਆਂ 'ਤੇ ਵਿਅੰਗਮਈ ਮੁਸਕਰਾਹਟ ਸੀ।

"ਲਓ! ਨਮੂਨੇ ਮਾਤਰ ਉਹਦਾ ਇੱਕ ਸ਼ਿਅਰ ਸੁਣੋ!

ਸ਼ਿਅਰ ਸੀ:

ਦਰਵਾਜ਼ੇ 'ਤੇ ਲਿਖਿਆ ਹੋਇਆ, ਅੰਦਰ ਆਉਣਾ ਮਨ੍ਹਾ ਹੈ,
ਫਿਰ ਵੀ ਅੰਦਰ ਲੰਘ-ਲੰਘ ਆਉਂਦੇ, ਦੁੱਖ ਦਰਿਆਉਂ ਪਾਰ ਦੇ!

ਸਭਨਾ ਦਾ ਵਿਅੰਗਮਈ ਹਾਸਾ ਇੱਕ-ਦਮ ਛਿੱਥਾ ਜਿਹਾ ਪੈ ਗਿਆ।

ਮੈਂ ਹੱਸ ਕੇ ਕਿਹਾ, "ਹਾਂ, ਕੈਰੋਂ ਸਾਹਿਬ! ਗੱਲ ਤਾਂ ਜਾਪਦੀ ਹੈ ਤੁਹਾਡੇ 'ਇਸ ਮੁੰਡੇ' ਵਿੱਚ।

ਸਾਰਿਆਂ ਨੇ ਉਤਸ਼ਾਹ ਨਾਲ ਮੇਰੀ ਹਾਮੀ ਭਰੀ।

ਸੁਰਜੀਤ ਪਾਤਰ ਨਾਲ ਉਹਦੀ ਗ਼ੈਰ-ਹਾਜ਼ਰੀ ਵਿਚ ਮੇਰੀ ਇਹ 'ਪਹਿਲੀ ਮਿਲਣੀ' ਸੀ।

ਫਿਰ ਜੋਗਿੰਦਰ ਕੈਰੋਂ, ਸੁਰਜੀਤ ਪਾਤਰ ਨੂੰ 'ਬੀੜ ਬਾਬਾ ਬੁੱਢਾ ਸਾਹਿਬ ਕਾਲਜ' ਵਿਚ ਲੈ ਆਇਆ।

ਇਹ ਕਾਲਜ ਵੀ ਸਾਡੇ ਇਲਾਕੇ ਵਿਚ ਸੀ।

ਉਹਨਾਂ ਦੀ ਰਿਹਾਇਸ਼ ਅੰਬਰਸਰ ਵਿਚ ਸੀ।

ਕਦੀ ਕਦੀ ਮਿਲਣ-ਬੈਠਣ ਲੱਗੇ।

ਸਾਡਾ ਮੇਲ-ਜੋਲ ਵਧਣ ਲੱਗਾ। ਜੋਗਿੰਦਰ ਕੈਰੋਂ ਦੇ ਸੁਪਨੇ ਤੇ ਪਾਤਰ ਦੀਆਂ ਕਵਿਤਾਵਾਂ ਸੁਣਨੀਆਂ ਚੰਗੀਆਂ ਲੱਗਦੀਆਂ।

ਦਸੰਬਰ 1971 ਵਿਚ ਸੁਰਜੀਤ ਪਾਤਰ ਤੇ ਕੈਰੋਂ ਨੇ ਬੀੜ ਬਾਬਾ ਬੁੱਢਾ ਸਾਹਿਬ ਕਾਲਜ ਵਿਚ ਕਵੀ-ਦਰਬਾਰ ਕਰਵਾਇਆ। ਜਿਸ ਵਿਚ ਪੰਜਾਬੀ ਦੇ ਨਾਮਵਰ ਕਵੀ ਬੁਲਾਏ ਗਏ। ਮੈਂ 'ਨਾਮਵਰ' ਤਾਂ ਭਾਵੇਂ ਨਹੀਂ ਸਾਂ, ਪਰ ਕਵਿਤਾ ਲਿਖਦਾ ਸਾਂ ਤੇ ਕਵੀ-ਦਰਬਾਰਾਂ ਵਿਚ 'ਨਾਮਵਰ' ਕਵੀਆਂ ਨਾਲ ਕਵਿਤਾ ਪੜ੍ਹਦਾ ਰਹਿਦਾ ਸਾਂ। ਪਾਤਰ ਹੁਰਾਂ ਨੇ ਮੈਨੂੰ ਵੀ ਕਵੀ ਵਜੋਂ ਬੁਲਾਇਆ।

ਉਥੇ ਪਾਤਰ ਨੇ ਗ਼ਜ਼ਲ ਸੁਣਾਈ:

ਮੇਰਾ ਸੂਰਜ ਡੁੱਬਿਆ ਹੈ, ਤੇਰੀ ਸ਼ਾਮ ਨਹੀਂ ਹੈ।
ਤੇਰੇ ਸਿਰ 'ਤੇ ਤਾਂ ਸਿਹਰਾ ਹੈ, ਇਲਜ਼ਾਮ ਨਹੀਂ ਹੈ।
ਏਨਾ ਹੀ ਬਹੁਤ ਹੈ ਕਿ ਮੇਰੇ ਖ਼ੂਨ ਨੇ ਰੁੱਖ ਸਿੰਜਿਆ,
ਕੀ ਹੋਇਆ ਜੇ ਪੱਤਿਆਂ 'ਤੇ ਮੇਰਾ ਨਾਮ ਨਹੀਂ ਹੈ।

ਸ਼ਿਵ ਤੋਂ ਬਾਅਦ ਵਾਲਾ 'ਸੂਰਜ' ਉਦੈ ਹੋ ਚੁੱਕਿਆ ਸੀ। ਉਠਾਣ ਵੱਲ ਵਧ ਰਿਹਾ ਸੀ।

ਮੈਨੂੰ ਇਹ ਪੂਰੀ ਗ਼ਜ਼ਲ ਯਾਦ ਹੋ ਗਈ। ਪਾਤਰ ਦੀ ਧੁਨ ਵੀ। ਮੈਂ ਇਹ ਗ਼ਜ਼ਲ

ਗੁਣਗਣਾਉਂਦਾ ਰਹਿੰਦਾ।

ਕਦੀ ਕਦੀ ਸਟੇਜਾਂ 'ਤੇ ਗਾ ਕੇ ਵੀ ਆਪਣੀ ਬੱਲੇ ! ਬੱਲੇ ! ਵੀ ਕਰਾਉਂਦਾ ਰਿਹਾ।

ਉਹਦੀ ਕਵਿਤਾ ਦਾ ਜਾਦੂ ਮੇਰੇ ਸਿਰ ਚੜ੍ਹ ਬੋਲਣ ਲੱਗਾ।

ਕੁਝ ਚਿਰ ਬਾਅਦ ਉਹ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਦੇ ਭਾਸ਼ਾਵਾਂ ਦੇ ਵਿਭਾਗ ਵਿਚ ਚਲਾ ਗਿਆ। ਉਸੇ ਵਿਭਾਗ ਵਿਚ ਮੇਰੇ ਵੱਡੇ ਭਰਾਵਾਂ ਵਰਗੇ ਦੋਸਤ ਸਾਧੂ ਭਾ ਜੀ ਵੀ ਸਨ। ਜਦੋਂ ਪਾਤਰ ਦੇ ਉਸ ਵਿਭਾਗ ਵਿਚ ਜਾਣ ਤੋਂ ਬਾਅਦ ਮੈਂ ਪਹਿਲੀ ਵਾਰ ਸਾਧੂ ਭਾ ਜੀ ਨੂੰ ਮਿਲਣ ਗਿਆ ਤਾਂ ਪਾਤਰ ਨਾਲ ਮੇਲ ਹੋਣਾ ਹੀ ਸੀ।

ਰਾਤ ਨੂੰ ਪਾਤਰ ਸਾਧੂ ਭਾ ਜੀ ਦੇ ਘਰ ਆ ਗਿਆ ਕਿ ਖੁੱਲ੍ਹ ਕੇ ਗੱਲਾਂ ਬਾਤਾਂ ਹੋਣਗੀਆਂ। ਉਹਨੇ ਕਾ.ਗਜ਼ ਵਿਚ ਵਲ੍ਹੇਟੀ ਵਿਸਕੀ ਦੀ ਬੋਤਲ ਝਕਦਿਆਂ ਝਕਦਿਆਂ ਮੇਜ਼ 'ਤੇ ਰੱਖੀ, "ਮੈਂ ਸੋਚਿਆ, ਵਰਿਆਮ ਨਾਲ ਪ੍ਰੇਮ ਪਿਆਲਾ ਸਾਂਝਾ ਕਰਾਂਗੇ।"

ਸਾਧੂ ਭਾ ਜੀ ਤੇ ਮੈਂ ਹੱਸ ਪਏ। ਭਾ ਜੀ ਕਹਿੰਦੇ, "ਪਾਤਰ ਤੇਰੇ ਲਈ ਏਥੇ ਦਾਰੂ ਦੀ ਕੋਈ ਥੋੜ ਏ ਭਲਾ ! ਪਰ ਵਰਿਆਮ ਤਾਂ ਪੀਂਦਾ ਈ ਨਹੀਂ।"

ਪਲ ਭਰ ਲਈ ਪਾਤਰ ਦੇ ਚਿਹਰੇ 'ਤੇ ਨਿਰਾਸ਼ਾ ਦਾ ਪ੍ਰਛਾਵਾਂ ਜਿਹਾ ਪਿਆ।

ਮੈਂ ਕਿਹਾ, "ਪਾਤਰ ਤੇਰੀ ਕਵਿਤਾ ਦਾ ਨਸ਼ਾ ਹੀ ਐਸਾ, ਜਿਹਦਾ ਸਰੂਰ ਕਦੀ ਉੱਤਰਨ ਵਾਲਾ ਨਹੀਂ। ਬੱਸ ਤੂੰ ਉਹ 'ਬੋਤਲ' ਖੋਲ੍ਹੀ ਰੱਖੀਂ। ਅਸੀਂ ਪੀਂਦੇ ਰਹੀਏ ਤੇ ਸਰਸ਼ਾਰ ਹੁੰਦੇ ਰਹੀਏ !"

ਅਸੀਂ ਦੇਰ ਰਾਤ ਤੱਕ ਬੈਠੇ ਗੱਲਾਂ ਕਰਦੇ ਰਹੇ। ਜਾਣ ਲੱਗਿਆਂ ਉਹਨੇ ਮੋਹ ਨਾਲ ਸਵੇਰੇ ਆਪਣੇ ਘਰ ਆਉਣ ਦਾ ਸੱਦਾ ਦਿੱਤਾ।

ਉਹਦਾ ਘਰ ਅਜੇ ਖੁੱਲ੍ਹੇ ਮੈਦਾਨ ਵਿਚ ਨੰਗ-ਧੜੰਗ ਇਕੱਲ੍ਹਾ ਖਲੋਤਾ ਸੀ। ਬਿਨਾਂ ਪਲੱਸਤਰ ਘਰ ਦੀਆਂ ਦੀਵਾਰਾਂ 'ਤੇ ਬਾਲ ਅੰਕੁਰ ਨੇ ਲੀਕਾਂ ਵਾਹ ਕੇ 'ਚਿਤਰਕਾਰੀ' ਕੀਤੀ ਹੋਈ ਸੀ। ਕੁਝ ਦਿਨਾਂ ਬਾਅਦ ਇਸ ਇਕੱਲ੍ਹੇ ਮਕਾਨ ਨੂੰ ਵੇਖ ਕੇ ਚੋਰ ਆ ਗਏ। ਮੈਨੂੰ ਪਤਾ ਲੱਗਾ ਤਾਂ ਮੈਂ ਪਾਤਰ ਨੂੰ ਚਿੱਠੀ ਲਿਖੀ।

ਜਵਾਬ ਵਿਚ ਪਾਤਰ ਨੇ ਉਸ ਰਾਤ ਦਾ ਡਰਾਉਣਾ ਜ਼ਿਕਰ ਕਰਦਿਆਂ ਫ਼ੈਜ਼ ਦੇ ਸ਼ਿਅਰ ਦਾ ਆਸਰਾ ਲੈ ਕੇ ਤੋੜਾ ਝਾੜਿਆ।

ਸ਼ਾਮੇ-ਫ਼ਿਰਾਕ ਅਬ ਨ ਪੂਛ ਆਈ ਔਰ ਆਕੇ ਟਲ ਗਈ
ਦਿਲ ਥਾ ਕਿ ਫਿਰ ਬਹਲ ਗਯਾ, ਜਾਂ ਥੀ ਕਿ ਫਿਰ ਸੰਭਲ ਗਈ

ਚੋਰ ਸਮਾਨ ਚੁਰਾ ਸਕਦੇ ਸਨ, ਸ਼ਾਇਰੀ ਨੂੰ ਕੌਣ ਚੋਰੀ ਕਰ ਸਕਦਾ ਹੈ !

ਸਮੇਂ ਨਾਲ ਸਾਡੇ ਰਿਸ਼ਤੇ ਦੀ ਗੰਢ ਪੀਚਵੀਂ ਹੁੰਦੀ ਗਈ। ਇਹ ਵੱਖਰੀ ਗੱਲ ਹੈ ਕਿ ਮੇਲ-ਮਿਲਾਪ ਘੱਟ ਹੁੰਦਾ ਸੀ। ਪਰ ਜਦ ਵੀ ਮਿਲਦੇ ਸਮੇਂ ਨੂੰ ਕਸ਼ੀਦ ਕਰ ਕੇ ਘੁੱਟ ਘੁੱਟ ਪੀਂਦੇ ਰਹਿੰਦੇ। ਕਦੀ ਕਦੀ ਕਵੀ ਦਰਬਾਰਾਂ ਵਿਚ ਇੱਕੋ ਮੰਚ 'ਤੇ ਕਵਿਤਾ ਪੜ੍ਹਨ ਦਾ ਮੌਕਾ ਵੀ ਨਸੀਬ ਹੋ ਜਾਂਦਾ।

ਸੁਰਜੀਤ ਪਾਤਰ ਨਾਲ ਮੇਰਾ ਮੋਹਵੰਤਾ ਰਿਸ਼ਤਾ ਤਾ-ਉਮਰ ਬਣਿਆ ਰਿਹਾ। ਸਾਡੀ ਮੁਹੱਬਤੀ ਤਾਰ ਧੁਰ ਅੰਦਰੋਂ ਕਿਤੇ ਜੁੜ ਗਈ ਸੀ।

ਸਾਡੀ ਇਸ ਮੁਹੱਬਤੀ ਰਿਸ਼ਤਗੀ ਨੂੰ ਉਸ ਨਾਲ ਲਗਾਤਾਰ ਸਾਂਝੇ ਕੀਤੇ ਸੰਗੀਤਕ-ਸਮਾਗਮਾਂ ਨੇ ਇਸ ਰਿਸ਼ਤਗੀ 'ਤੇ ਗੂੜ੍ਹਾ ਮਜੀਠੀ ਰੰਗ ਚਾੜ੍ਹ ਦਿੱਤਾ।

ਇਸ ਰੰਗ ਦੀਆਂ ਕੁਝ ਝਲਕੀਆਂ ਇਸ ਪ੍ਰਕਾਰ ਹਨ।

## ਲਾਇਲਪੁਰ ਖ਼ਾਲਸਾ ਕਾਲਜ ਦੀ ਸੰਦਲੀ ਤੇ ਸੁਰਮਈ ਸ਼ਾਮ

ਦੇਸ਼-ਵਿਦੇਸ਼ ਵਿਚ ਸੁਰਜੀਤ ਪਾਤਰ ਦੀ ਕਵਿਤਾ ਦੇ ਆਸ਼ਕ ਉਹਨੂੰ ਬਾਰ ਬਾਰ ਸੁਣਨਾ ਚਾਹੁੰਦੇ। ਉਹਨਾਂ ਦੀ ਭੁੱਖ ਸ਼ਾਂਤ ਨਾ ਹੁੰਦੀ। ਪਰ ਅਜੇ ਕੋਈ ਅਜਿਹਾ ਪ੍ਰੋਗਰਾਮ ਨਹੀਂ ਸੀ ਹੋਇਆ, ਜਿਸ ਵਿਚ ਕੋਈ ਸਵਾਲ-ਕਰਤਾ ਪਾਤਰ ਦੇ ਬਰਾਬਰ ਬੈਠ ਕੇ ਉਹਦੇ ਨਾਲ ਉਹਦੇ ਜੀਵਨ ਤੇ ਉਹਦੀ ਕਵਿਤਾ ਦੇ ਰਹੱਸ ਬਾਰੇ ਡੂੰਘੇ ਸਵਾਲ ਕਰਦਾ। ਪਾਤਰ ਦੇ ਅੰਦਰ ਨੂੰ ਉਥੱਲਦਾ, ਖੰਘਾਲਦਾ, ਪਾਤਰ ਅੰਦਰ ਲੁਕਿਆ ਹੋਇਆ ਪਾਤਰ ਦਰਿਆਫ਼ਤ ਕਰਦਾ ਤੇ ਨਾਲ ਦੇ ਨਾਲ ਕੋਈ ਵਧੀਆ ਗਾਇਕ ਉਹਦੀਆਂ ਗ਼ਜ਼ਲਾਂ ਨੂੰ ਗਾ ਕੇ ਪੇਸ਼ ਕਰਦਾ।

ਇਹ ਮਾਣ ਮੈਨੂੰ ਜਾਂਦਾ ਹੈ ਕਿ ਇਸ ਤਰ੍ਹਾਂ ਦਾ ਪਹਿਲਾ ਸਮਾਗਮ ਉਲੀਕਣ ਤੇ ਅਪਾਰ ਸਫ਼ਲਤਾ ਨਾਲ ਸਿਰੇ ਚਾੜ੍ਹਨ ਦਾ ਸੋਹਣਾ ਸਬੱਬ ਬਣਾਉਣ ਦਾ ਵਸੀਲਾ ਮੈਨੂੰ ਹੀ ਬਣਨਾ ਪਿਆ।

ਬੱਸ ਉਹ ਪਲ ਸੀ ਜਦੋਂ ਸਾਡੇ ਕਾਲਜ ਵੱਲੋਂ ਮਨਾਏ ਗਏ 'ਸੁਨਹਿਰਾ ਜਸ਼ਨ' ਸਮਾਗਮ ਵਿਚ ਦੇਵ ਦਿਲਦਾਰ ਨੂੰ ਪਾਤਰ ਦੀਆਂ ਗਜ਼ਲਾਂ ਸੁਣਾਉਂਦਿਆਂ ਸੁਰ ਤੇ ਸ਼ਬਦ ਦੇ ਖ਼ੂਬਸੂਰਤ ਸੰਗਮ ਦਾ ਜਲੌਅ ਵੇਖਿਆ ਤਾਂ ਮੇਰੇ ਮਨ ਵਿੱਚ ਉੱਡਦਾ ਜਿਹਾ ਖ਼ਿਆਲ ਆਇਆ ਕਿ ਅਜਿਹਾ ਪ੍ਰੋਗਰਾਮ ਕੀਤਾ ਜਾਵੇ, ਜਿਸ ਵਿਚ ਪਾਤਰ ਅਤੇ ਦਿਲਦਾਰ ਸਟੇਜ 'ਤੇ ਮੇਰੇ ਨਾਲ ਬੈਠੇ ਹੋਣ। ਮੈਂ ਪਾਤਰ ਦੇ ਦਿਲ ਤੇ ਜੀਵਨ ਨੂੰ ਫੋਲਣ ਲਈ ਸਵਾਲ ਕਰਾਂ। ਪਾਤਰ ਜਵਾਬ ਦੇਵੇ। ਤੇ ਗੱਲ ਐਸੇ ਮੋੜ 'ਤੇ ਮੁਕਾਵੇ ਕਿ ਅੱਗੋਂ ਉਹਦੀ ਪ੍ਰਸੰਗ ਨਾਲ ਢੁਕਦੀ ਗ਼ਜ਼ਲ ਦਾ ਗਾਇਨ ਦੇਵ ਦਿਲਦਾਰ ਕਰੇ।

ਸੁਰਜੀਤ ਪਾਤਰ ਦੀ ਕਵਿਤਾ ਅਤੇ ਜੀਵਨ ਦੀ ਗੁਫ਼ਾ ਵਿਚ ਉਤਰਨ ਲਈ ਸ਼ਬਦ ਅਤੇ ਸੁਰ ਦੇ ਝੰਮ ਝੰਮ ਕਰਦੇ ਹੀਰੇ-ਜਵਾਹਰਾਤ ਦੇ ਦੀਦਾਰ ਕਰਨ ਕਰਵਾਉਣ ਲਈ, ਪਾਤਰ ਨਾਲ ਸਲਾਹ ਕਰ ਕੇ, ਇਤਿਹਾਸ ਵਿਚ ਅਜਿਹੀ ਪਹਿਲੀ ਸੰਦਲੀ ਤੇ ਸੁਰਮਈ ਸ਼ਾਮ ਦੀ ਤਾਰੀਖ਼ ਨਿਯਤ ਕਰ ਲਈ। ਸੁਰਜੀਤ ਪਾਤਰ ਤੇ ਦੇਵ ਦਿਲਦਾਰ ਸਮੇਂ ਸਿਰ ਕਾਲ਼ਜ ਵਿੱਚ ਪਹੁੰਚ ਗਏ। ਮੁੱਖ ਪ੍ਰਾਹੁਣੇ ਵਜੋਂ ਮੈਂ ਸਾਂਝੇ ਸਾਹਿਤਕ ਮਿੱਤਰ ਨ੍ਰਿਪਿੰਦਰ ਸਿੰਘ ਰਤਨ ਨੂੰ ਸੱਦਾ ਦਿੱਤਾ। ਉਹ ਉਦੋਂ ਪੰਜਾਬ ਦਾ ਸਿੱਖਿਆ ਸਕੱਤਰ ਸੀ। ਰਤਨ ਵੀ ਵੇਲੇ ਸਿਰ ਪਹੁੰਚ ਗਿਆ। ਪ੍ਰਿੰਸੀਪਲ ਦੇ ਦਫ਼ਤਰ ਵਿਚ ਸਾਰੇ ਚਾਹ-ਪਾਣੀ ਪੀ ਰਹੇ ਸਨ ਕਿ ਮੈਂ ਤੇ ਪਾਤਰ ਵੱਖਰੇ ਸੋਫ਼ੇ 'ਤੇ ਬਹਿ ਗਏ। ਦਸ-ਪੰਦਰਾਂ ਮਿੰਟਾਂ ਵਿਚ ਅਸੀਂ ਤੈਅ ਕਰ ਲਿਆ ਕਿ ਮੈਂ ਗੱਲ ਕਿੱਥੋਂ ਸ਼ੁਰੂ ਕਰਾਂਗਾ ਤੇ ਕਿਹੜੇ ਕਿਹੜੇ ਮੁੱਖ ਸਵਾਲ ਕਰਾਂਗਾ ਤੇ ਕਿਹੜੀਆਂ ਕਿਹੜੀਆਂ ਗ਼ਜ਼ਲਾਂ ਦੇਵ ਚੰਗੀ ਤਰ੍ਹਾਂ ਗਾ ਲਵੇਗਾ।

ਇਕੱਲ੍ਹੇ ਪਾਤਰ ਨਾਲ ਤਾਂ ਚਾਰ ਪੰਜ ਰੂ ਬ ਰੂ ਪ੍ਰੋਗਰਾਮ ਅਸੀਂ ਜਲੰਧਰ ਵਿੱਚ ਪਹਿਲਾਂ

ਵੀ ਕਰ ਚੁੱਕੇ ਸਾਂ। ਦੋ ਕੁ ਵਾਰ ਵਕਫ਼ਿਆਂ ਬਾਅਦ ਆਪਣੇ ਕਾਲਜ ਵਿਚ ਹੀ ਵਿਦਿਆਰਥੀਆਂ ਤੇ ਕਾਲਜ ਦੇ ਚੁਨਿੰਦਾ ਅਧਿਆਪਕਾਂ ਦੀ ਹਾਜ਼ਰੀ ਵਿਚ ਅਤੇ ਦੋ ਕੁ ਵਾਰ ਪੰਜਾਬੀ ਲੇਖਕ ਸਭਾ ਜਲੰਧਰ ਵੱਲੋਂ ਵੀ ਕੀਤੇ ਗਏ। ਪਰ ਉਦੋਂ ਏਨੇ ਸਾਰੇ ਬਹੁ-ਪਰਤੀ ਸਵਾਲ ਇੱਕੋ ਸਮਾਗਮ ਵਿਚ ਨਹੀਂ ਸਨ ਹੋਏ। ਉਂਝ ਵੀ ਗੱਲਾਂ ਖੜ੍ਹੇ-ਖੜੋਤੇ ਹੁੰਦੀਆਂ ਰਹੀਆਂ। ਨਾਲੇ ਬਹੁਤਾ ਜ਼ੋਰ ਇਸ ਗੱਲ ’ਤੇ ਹੁੰਦਾ ਕਿ ਪਾਤਰ ਕੋਲੋਂ ਉਹਦੀਆਂ ਗ਼ਜ਼ਲਾਂ ਤਰੰਨੁਮ ਵਿਚ ਸੁਣੀਆਂ ਜਾਣ। ਇਸ ਲਈ ਮੇਰਾ ਸੰਖੇਪ ਜਿਹਾ ਸਵਾਲ ਤੇ ਪਾਤਰ ਦਾ ਸੰਖੇਪ ਜਿਹਾ ਜਵਾਬ ਹੁੰਦਾ। ਤੇ ਫਿਰ ਗ਼ਜ਼ਲ ਦਾ ਗਾਇਨ। ਪਰ ਨਿੱਠ ਕੇ ਆਹਮੋ-ਸਾਹਮਣੇ ਬੈਠਣਾ, ਖੁੱਲ੍ਹੇ ਮਾਹੌਲ ਵਿਚ ਸਵਾਲਾਂ ਜਵਾਬਾਂ ਦਾ ਸਿਲਸਿਲਾ। ਸੋਨੇ ’ਤੇ ਸੁਹਾਗਾ ਇਹ ਕਿ ਇਸ ਵਾਰ ਉਹਦੀਆਂ ਗ਼ਜ਼ਲਾਂ ’ਤੇ ਸੁਰ ਅਤੇ ਸਾਜ਼ ਰਾਹੀਂ ਸੁਨਹਿਰੀ ਝਾਲ ਫੇਰਨ ਵਾਲਾ ਦੇਵ ਦਿਲਦਾਰ ਸਾਡੀ ਸੰਗਤ ਕਰ ਰਿਹਾ ਸੀ।

ਸ਼ਾਮ ਦਾ ਵੇਲਾ ਸੀ। ਓਪਨ ਏਅਰ ਥੀਏਟਰ ਅੱਜ ਵੀ ਭਰਿਆ ਹੋਇਆ ਸੀ। ਪਰ ਅੱਜ ਸਰੋਤਿਆਂ ਵਿਚ ਲੇਖਕ, ਵਿਦਵਾਨ, ਕਾਲਜਾਂ ਦੇ ਅਧਿਆਪਕ ਤੇ ਕੁਝ ਵਿਦੇਸ਼ਾਂ ਤੋਂ ਆਏ ਪ੍ਰਾਹੁਣੇ ਵੀ ਸ਼ਾਮਲ ਸਨ। ਕਾਲਜ ਕਮੇਟੀ ਦਾ ਪ੍ਰਧਾਨ ਬਲਬੀਰ ਸਿੰਘ ਤੇ ਹੋਰ ਕਮੇਟੀ ਮੈਂਬਰ ਵੀ ਹਾਜ਼ਰ ਸਨ।

ਸਟੇਜ ਸੱਜ ਗਈ। ਖੱਬੇ ਪਾਸੇ ਮੈਂ, ਸੱਜੇ ਪਾਸੇ ਪਾਤਰ ਤੇ ਸਾਡੇ ਵਿਚਕਾਰ ਦੇਵ ਦਿਲਦਾਰ ਆਪਣੇ ਹਾਰਮੋਨੀਅਮ ਸਮੇਤ ਤੇ ਤਬਲਾ ਵਾਦਕ ਤਿਆਰ ਹੋ ਕੇ ਬੈਠ ਗਏ।

(ਇਸ ਪ੍ਰੋਗਰਾਮ ਦੀ ਵੀਡੀਉ ਬਣਾਈ ਗਈ। ਬਾਅਦ ਵਿਚ ਮੈਂ ਇਸ ਮੁਲਾਕਾਤ ਵਿਚ ਪਾਤਰ ਨਾਲ ਹੋਏ ਸਵਾਲਾਂ ਜਵਾਬਾਂ ਨੂੰ ਕਾਗ਼ਜ਼ਾਂ ’ਤੇ ਉਤਾਰ ਲਿਆ ਸੀ। ਅੱਜ ਦਾ ਬਿਰਤਾਂਤ ਉਹਨਾਂ ਸਵਾਲਾਂ ਜਵਾਬਾਂ ’ਤੇ ਆਧਾਰਿਤ ਹੈ। ਮੈਂ ਕੀਤੇ ਸਵਾਲਾਂ ਦੇ ਵਿਸਥਾਰ ਨੂੰ ਸਾਂਝਾ ਨਹੀਂ ਕਰ ਰਿਹਾ। ਬਹੁਤੇ ਸਵਾਲ ਕੇਵਲ ਸੰਕੇਤਿਕ ਰੂਪ ਵਿਚ ਹੀ ਹਾਜ਼ਰ ਨੇ)

ਮੈਂ ਜਿਵੇਂ ਗੱਲ ਸ਼ੁਰੂ ਕੀਤੀ ਮੈਨੂੰ ਅੱਜ ਵੀ ਯਾਦ ਹੈ। ਮੈਂ ਸਰੋਤਿਆਂ/ਦਰਸ਼ਕਾਂ ਤੇ ਪਾਤਰ ਨੂੰ ‘ਜੀ ਆਇਆਂ’ ਆਖਦੇ ਹੋਏ ਕੁਝ ਇੰਝ ਕਿਹਾ:-

ਸਾਡੇ ਧੰਨ ਭਾਗ! ਕਿ ਅੱਜ ਪੰਜਾਬੀ ਜ਼ਬਾਨ ਦਾ ਮਹਾਨ ਸ਼ਾਇਰ ਸਾਡੇ ਕਾਲਜ ਦੇ ਵਿਹੜੇ ਵਿਚ ਆਇਆ ਹੈ।

ਮੈਂ ਆਪਣੇ ਇੱਸ ਵੱਡੇ ਸ਼ਾਇਰ ਨਾਲ ਆਪਣੀ ਰਿਸ਼ਤਗੀ ਨੂੰ ਬਿਆਨ ਕਰਨ ਲੱਗਿਆਂ ਕੁਝ ਇਸਤਰ੍ਹਾਂ ਗੱਲ ਸ਼ੁਰੂ ਕੀਤੀ।

ਸਾਡੇ ਪਿੰਡ ਦਾ ਸੋਹਣ ਸੁੰਹ ਨਿਹੰਗ ਹੁੰਦਾ ਸੀ। ਉਹਨੇ ਕਿਸੇ ਵੱਡੇ ਬੰਦੇ ਨਾਲ ਆਪਣੀ ਕੁਝ ਜ਼ਿਆਦਾ ਹੀ ਨੇੜਲੀ ਸਾਂਝ ਦੱਸਣੀ ਹੋਵੇ ਤਾਂ ਕੁਝ ਇਸਤਰ੍ਹਾਂ ਕਹਿੰਦਾ, “ਤੂੰ ਮਹਿੰਦਰ ਸੁੰਹ ਦੀ ਗੱਲ ਕਰਦਾ ਏਂ? ਵਾਹ! ਵਾਹ!! ਕਿਆ ਕਹਿਣੇ ਨੇ ਮਹਿੰਦਰ ਸੁੰਹ ਸਰਦਾਰ ਦੇ! ਜਦੋਂ ਕੋਈ ਜਨੌਰ ਵੀ ਉਹਦੀ ਹਵੇਲੀ ਤੋਂ ਉੱਡ ਕੇ ਲੰਘਣਾ ਚਾਹਵੇ ਤਾਂ ਪੁੱਛ ਕੇ ਲੰਘਦਾ, ‘ਸਰਦਾਰ ਮਹਿੰਦਰ ਸਿੰਹਾਂ! ਆਖੇਂ ਤਾਂ ਤੇਰੀ ਹਵੇਲੀ ਤੋਂ ਲੰਘ ਜਾਂ’?

ਇੰਝ ਉਹ ਮਹਿੰਦਰ ਸਿੰਘ ਦੇ ਵਡੱਪਣ ਦਾ ਵੱਜ ਸਾਂਝਾ ਕਰ ਕੇ ਬਾਅਦ ਵਿਚ ਆਖਦਾ, “ਆਪਣੇ ਬੜੇ ਚੰਗੇ ਤੁਅੱਲਕਾਤ ਨੇ ਸਰਦਾਰ ਮਹਿੰਦਰ ਸੁੰਹ ਨਾਲ। ਜਵਾਨੀ ਵੇਲੇ

'ਕੱਠੇ ਕੌਡੀ ਖੇਡਦੇ ਰਹੇ ਆਂ।''

ਇਹ ਵਾਰਤਾ ਸੁਣਾ ਕੇ ਮੈਂ ਆਖਿਆ, "ਆਪਣੇ ਵੀ ਸੋਹਣ ਸੁੰਹ ਨਿਹੰਗ ਵਾਂਙੂ 'ਬੜੇ ਚੰਗੇ ਤਅੱਲਕਾਤ' ਨੇ ਭਾਊ ਸੁਰਜੀਤ ਸੁੰਹ ਪਾਤਰ ਨਾਲ!''

ਤੇ ਜੇ ਪਾਤਰ ਸਾਹਿਬ ਸਾਡੇ 'ਚੰਗੇ ਤਅੱਲਕਾਤ ਦੀ ਹਾਮੀ ਨਹੀਂ ਵੀ ਭਰਦੇ ਤਾਂ ਆਪਾਂ ਤਾਂ ਚਾਚੇ ਮੇਜਾ ਸੁੰਹ ਵਾਂਗੂ ਕੁਝ ਇੰਝ ਵੀ ਖ਼ੁਸ਼ ਹੋ ਲਵਾਂਗੇ।

ਮੇਰੀ ਕਹਾਣੀ 'ਡੁੰਮ੍ਹ' ਦਾ ਪਾਤਰ ਤੇਜੂ, ਅਸਲ ਵਿਚ ਮੇਜਾ ਸਿੰਘ, ਇਕ ਵਾਰ ਖੋਤੀ 'ਤੇ ਪੱਠੇ ਲੱਦੀ ਆ ਰਿਹਾ ਸੀ। ਅਸੀਂ ਪੰਜ ਸੱਤ ਮੁੰਡੇ ਜਾ ਰਹੇ ਸਾਂ। ਚਾਚਾ ਮੇਜਾ ਸੁੰਹ ਕਹਿੰਦਾ, "ਜਵਾਨੋ! ਏਨੇ ਜਣੇ ਕੱਠੇ ਹੋ ਕੇ ਕਿੱਥੇ ਚਲੇ ਓ! ਸੁੱਖ ਤਾਂ ਹੈ?

"ਚਾਚਾ! ਭਿੱਖੀਵਿੰਡ ਸਰਦਾਰ ਪਰਤਾਪ ਸੁੰਹ ਕੈਰੋਂ ਦਾ ਜਲਸਾ ਹੈ। ਸੁਣਨ ਚੱਲੇ ਆਂ।"

ਮੇਜਾ ਸੁੰਹ ਖੋਤੀ ਨੂੰ ਰੋਕ ਕੇ ਕਹਿੰਦਾ, "ਚੰਗੀ ਗੱਲ ਆ! ਚੰਗੀ ਗੱਲ ਆ! ਚੱਲੇ ਓ ਤਾਂ ਸਰਦਾਰ ਕੈਰੋਂ ਨੂੰ ਮੇਰੀ ਫ਼ਤਿਹ ਜਰੂਰ ਬੁਲਾਉਣਾ।''

ਅਸੀਂ ਹੱਸ ਕੇ ਕਿਹਾ, "ਚਾਚਾ! ਸਮਝ ਲੈ, ਤੇਰੀ ਫ਼ਤਹਿ ਅੱਪੜ ਗਈ ਸਰਦਾਰ ਕੈਰੋਂ ਤੀਕ।''

ਮੇਜਾ ਸਿੰਘ ਨੇ ਖੋਤੀ ਨੂੰ ਤੋਰਨ ਲਈ ਟਿਚਕਰ ਮਾਰੀ ਤੇ ਸਾਨੂੰ ਕਿਹਾ, "ਜਵਾਨੋ!–ਪਰ ਇਕ ਗੱਲ ਜੇ। ਐਵੇਂ ਆਖਾਂ! ਮੈਂ ਸਰਦਾਰ ਕੈਰੋਂ ਨੂੰ ਜਾਣਦਾਂ, ਸਰਦਾਰ ਕੈਰੋਂ ਮੈਨੂੰ ਨਹੀਂ ਜੇ ਜਾਣਦਾ!

ਏਨੀ ਆਖ ਕੇ ਮੈਂ ਤੋੜਾ ਝਾੜਿਆ, "ਸਾਡੇ ਲਈ ਤਾਂ ਏਨੀ ਗੱਲ ਹੀ ਬੜੇ ਮਾਣ ਵਾਲੀ ਹੈ, ਕਿ ਅਸੀਂ ਪਾਤਰ ਤੇ ਨ੍ਰਿਪਇੰਦਰ ਸਿੰਘ ਰਤਨ ਨੂੰ ਹੁਰਾਂ ਨੂੰ ਜਾਣਦੇ ਹਾਂ!

ਤਾੜੀਆਂ ਤਾਂ ਵੱਜਣੀਆਂ ਹੀ ਸਨ।

(ਇਹ ਉਤਲੀਆਂ ਦੋ ਵਾਰਤਾਵਾਂ ਮੈਂ ਬਾਅਦ ਵੀ ਪੱਕੇ ਬਣ ਗਏ ਆਪਣੇ 'ਢਾਡੀ ਜਥੇ' ਦੇ ਸਾਂਝੇ ਸਮਾਗਮਾਂ ਵਿਚ ਸੁਣਾ ਕੇ ਗੱਲਬਾਤ ਦਾ ਪਿੜ ਬੰਨ੍ਹਦਾ ਰਿਹਾਂ। ਅੱਜ ਸੋਚਦਾਂ, ਕਿ ਇਹ ਕਿੰਨਾਂ ਵੱਡਾ ਸਕੂਨ ਦੇਣ ਵਾਲਾ ਸੱਚ ਹੈ ਕਿ ਅਸੀਂ ਸੁਰਜੀਤ ਪਾਤਰ ਨੂੰ ਜਾਣਦੇ ਸਾਂ, ਉਹਨੂੰ ਮਿਲਦੇ ਰਹੇ ਹਾਂ। ਉਸ ਨਾਲ ਸਫ਼ਰ ਸਾਂਝੇ ਕੀਤੇ ਨੇ। ਇਕੱਠੀਆਂ ਰਾਤਾਂ ਬਿਤਾਈਆਂ ਹਨ। ਉਸ ਨਾਲ ਲੰਮੀਆਂ ਗੱਲਾਂ ਕੀਤੀਆਂ। ਪਰ ਅੱਜ ਇਹ ਸਭ ਸੁਪਨਾ ਹੋ ਗਿਆ। ਅਸੀਂ ਧਾ ਗੱਲਵੱਕੜੀ ਪਾਉਣ ਲਈ ਬਾਹਵਾਂ ਖੋਲ੍ਹਦੇ ਹਾਂ ਪਰ ਖਾਲੀ ਕਲਾਈਆਂ ਕੰਬਦੀਆਂ ਰਹਿ ਜਾਂਦੀਆਂ ਨੇ।)

ਤਾੜੀਆਂ ਤੋਂ ਬਾਅਦ ਹੁਣ ਮੈਂ ਸੌਖਾ ਜਿਹਾ ਹੋ ਕੇ ਸਾਹਮਣੇ ਬੈਠੇ ਸੁਰਜੀਤ ਪਾਤਰ ਨੂੰ ਮੁਖ਼ਾਤਬ ਹੋਇਆ, "ਪਾਤਰ ਸਾਹਿਬ! ਦੂਜੀ ਵਾਰ 'ਜੀ ਆਇਆਂ' ਨੂੰ। ਕੀ ਹਾਲ ਚਾਲ ਨੇ ਤੁਹਾਡੇ? ਖ਼ਾਸ ਤੌਰ 'ਤੇ ਤੁਹਾਡੇ 'ਦਿਲ' ਦਾ' ਕੀ ਹਾਲ ਹੈ, ਜਿਸਨੂੰ ਪਿਛਲੇ ਸਮੇਂ ਵਿਚ ਕੁਝ ਪਰੇਸ਼ਾਨੀ ਆ ਗਈ ਸੀ।''

ਸੁਰਜੀਤ ਪਾਤਰ ਨੇ ਗੱਲ ਸ਼ੁਰੂ ਕੀਤੀ:

ਇੱਕ ਸ਼ਾਇਰ ਸ਼ਿਵ ਕੁਮਾਰ ਨੇ ਆਪਣਾ ਹਾਲ ਚਾਲ ਦੱਸਦਿਆਂ ਇਹ ਕਿਹਾ ਸੀ-
"ਕੀ ਪੁੱਛਦੇ ਓ ਹਾਲ ਫ਼ਕੀਰਾਂ ਦਾ,
ਸਾਡਾ ਨਦੀਓਂ ਵਿਛੜੇ ਨੀਰਾਂ ਦਾ।

ਆਪਣੇ ਹਾਲ ਚਾਲ ਬਾਰੇ ਮੈਂ ਇਹ ਕਹਿਣਾ ਚਾਹਵਾਂਗਾ-
"ਦੁੱਖ ਮੁਲਤਵੀ ਤੁਹਾਡੇ ਜਾਣ ਤੀਕ ਹੋ ਗਿਆ,
ਤੁਸੀਂ ਪੁੱਛਿਆ ਤੇ ਹਾਲ ਸਾਡਾ ਠੀਕ ਹੋ ਗਿਆ।

ਵਰਿਆਮ! ਤੂੰ ਮੇਰੇ ਕੋਲੋਂ ਮੇਰੇ ਦਿਲ ਦਾ ਹਾਲ ਚਾਲ ਵੀ ਪੁੱਛਿਆ ਹੈ, ਜਿਹੜਾ ਕੁਝ ਸਾਲ ਪਹਿਲਾਂ ਅਖ਼ਬਾਰਾਂ ਦੀ ਖ਼ਬਰ ਬਣ ਗਿਆ ਸੀ।(ਦਿਲ ਦਾ ਆਪ੍ਰੇਸ਼ਨ ਹੋਣ ਕਰਕੇ) ਉਦੋਂ ਮੈਂ ਹਾਸੇ ਨਾਲ ਕਿਹਾ ਸੀ,

ਖੋਲ ਦਿੰਦਾ ਦਿਲ ਜੇ ਤੂੰ ਲਫਜ਼ਾਂ ਦੇ ਵਿਚ ਯਾਰਾਂ ਦੇ ਨਾਲ
ਖੋਲਣਾ ਪੈਂਦਾ ਨ ਏਦਾਂ ਅੱਜ ਔਜ਼ਾਰਾਂ ਦੇ ਨਾਲ
ਬੈਠਦਾ ਨਾ ਤੇਰਾ ਦਿਲ ਦੁਨੀਆਂ ਦਿਆਂ ਭਾਰਾਂ ਦੇ ਨਾਲ
ਬੈਠਿਆ ਕਰਦਾ ਘੜੀ ਜੇ ਆ ਕੇ ਦਿਲਦਾਰਾਂ ਦੇ ਨਾਲ
ਨਾ ਮਹੱਲਾ ਉੱਚਿਆ ਨਾ ਉੱਚੇ ਮੀਨਾਰਾਂ ਦੇ ਨਾਲ
ਕੌਮ ਉੱਚੀ ਉੱਠਦੀ ਹੈ ਉੱਚੇ ਕਿਰਦਾਰਾਂ ਦੇ ਨਾਲ
ਪੜ੍ਹਿਆ ਕਰ ਉਹ ਪੋਥੀਆ ਵੀ ਪਾਉਣ ਜੋ ਸੀਨੇ ਨੂੰ ਠੰਢ
ਰੱਤ ਨਾ ਅਪਣੀ ਸਾੜਿਆ ਕਰ ਐਵੇਂ ਅਖਬਾਰਾਂ ਦੇ ਨਾਲ

ਤਾੜੀਆਂ ਦੀ ਗੜ੍ਹਕਦੀ ਆਵਾਜ਼ ਸੁਣ ਕੇ ਪਾਤਰ ਕੁਝ ਪਲਾਂ ਲਈ ਚੁੱਪ ਹੋ ਗਿਆ। ਮੁਸਕਰਾ ਕੇ, ਬੈਠੇ ਸਰੋਤਿਆਂ ਵੱਲ ਵੇਖਿਆ। ਐਨਕਾਂ ਪਿੱਛੋਂ ਉਹਦੀਆਂ ਅੱਖਾਂ ਚਮਕੀਆਂ। ਤੇ ਫਿਰ ਗੱਲ ਅੱਗੇ ਤੋਰੀ-

ਬੇਸ਼ੱਕ ਮੈਂ ਦਿਲ ਖੋਲ੍ਹਦਾ ਹੀ ਰਿਹਾਂ, ਜਿਹੜੀਆਂ ਕੁਝ ਗੱਲਾਂ ਰਹਿ ਗਈਆਂ, ਜੋ ਮੈਂ ਸ਼ਾਇਦ ਨਹੀਂ ਖੋਲ੍ਹੀਆਂ ਸਨ, ਉਹ ਸ਼ਾਇਦ ਫ਼ਿਰ ਔਜ਼ਾਰਾਂ ਨਾਲ ਖੋਲ੍ਹਣੀਆਂ ਪਈਆਂ।

ਸ਼ਾਇਰ ਦਾ ਹਾਲ, ਉਹਦੀ ਸੁੱਖ-ਸਾਂਦ, ਅਸਲ 'ਚ ਉਹਦੀ ਕਵਿਤਾ ਵਿੱਚ ਹੀ ਲੁਕੀ ਹੁੰਦੀ ਹੈ। ਮੇਰੀ ਸਭ ਤੋਂ ਵੱਡੀ ਰਾਜ਼ਦਾਨ ਮੇਰੀ ਕਵਿਤਾ ਹੀ ਹੈ। ਇੱਕ ਵਾਰ ਟੈਲੀਵਿਜ਼ਨ ਵਾਲੇ ਘਰ ਆਏ ਹੋਏ ਸੀ ਤਾਂ ਉਹਨਾਂ ਨੂੰ ਮੈਂ ਜਦੋਂ ਕਿਹਾ ਕਿ ਮੇਰੀ ਸਭ ਤੋਂ ਵੱਡੀ ਰਾਜ਼ਦਾਨ ਮੇਰੀ ਕਵਿਤਾ ਹੈ ਤਾਂ ਇੰਟਰਵਿਊ ਕਰਨ ਵਾਲੇ ਸ਼ਾਇਰ ਜਸਵੰਤ ਦੀਦ ਨੇ ਮੇਰੀ ਪਤਨੀ ਨੂੰ ਪੁੱਛਿਆ, "ਕੀ ਤੁਸੀਂ ਇਨ੍ਹਾਂ ਦੇ ਰਾਜ਼ਦਾਨ ਨਹੀਂ" ਤਾਂ ਉਹਨੇ ਕਿਹਾ, "ਮੈਂ ਵੀ ਇਹਨਾਂ ਦਾ ਰਾਜ਼ ਬੁੱਝਣ ਲਈ ਇਨ੍ਹਾਂ ਦੀ ਕਵਿਤਾ ਹੀ ਪੜ੍ਹਦੀ ਹੁੰਦੀ ਹਾਂ।"

---

ਤਾੜੀਆਂ ਦੀ ਗੜਗੜਾਹਟ ਵਿਚ ਪਾਤਰ ਨੇ ਗੱਲ ਮੁਕਾਈ।

ਮੈਂ ਕਿਹਾ,

"ਇਹ ਨੇ ਸਾਜ਼ ਤੇ ਸਾਜ਼ ਨਿਵਾਜ਼ ਨੂੰ, ਤੇ ਫਿਜ਼ਾ ਨੂੰ ਧੁਨ ਦੀ ਉਡੀਕ ਹੈ।"

"ਤੇਰੇ ਪੋਟਿਆਂ ਤੇ ਸੁਰਾਂ 'ਚ ਇਹ ਕੇਹੇ ਫ਼ਾਸਲੇ ਕਿਹੀ ਲੀਕ ਹੈ!

ਦੇਵ ਦਿਲਦਾਰ ਜੀ! ਛੁਹੋ! ਆਪਣੇ ਪੋਟਿਆਂ ਨਾਲ ਪਾਤਰ ਹੁਰਾਂ ਦੇ 'ਦਿਲ' ਨੂੰ ਤੇ ਸਾਂਝੀ ਕਰੋ ਇਹੋ ਗ਼ਜ਼ਲ:-

"ਖੋਲ ਦਿੰਦਾ ਦਿਲ ਜੇ ਤੂੰ ਲਫਜ਼ਾਂ ਦੇ ਵਿਚ ਯਾਰਾਂ ਦੇ ਨਾਲ
ਖੋਲਣਾ ਪੈਂਦਾ ਨ ਏਦਾਂ ਅੱਜ ਔਜ਼ਾਰਾਂ ਦੇ ਨਾਲ

ਦੇਵ ਦਿਲਦਾਰ ਨੇ ਗ਼ਜ਼ਲ ਛੇੜੀ। ਸਰੋਤਿਆਂ 'ਤੇ ਜਾਦੂ ਧੂੜਿਆ ਗਿਆ।

ਤੇ ਫਿਰ ਸਵਾਲਾਂ ਜਵਾਬਾਂ ਦਾ ਲੰਮਾ ਸਿਲਸਿਲਾ ਚੱਲਿਆ।

ਮੈਂ ਪੁੱਛਦਾ ਰਿਹਾ ਤੇ ਪਾਤਰ ਦਿਲ ਦਾ, ਜੀਵਨ ਦਾ, ਸ਼ਾਇਰੀ ਦਾ ਹਾਲ ਚਾਲ ਦੱਸਦਾ ਰਿਹਾ। ਲੋਕ ਸਾਹ ਰੋਕ ਕੇ ਸੁਣਦੇ ਰਹੇ। ਮਜ਼ਾਲ ਹੈ ਕਿ ਕੋਈ ਹੌਲੀ ਜਿਹੀ ਆਵਾਜ਼ ਵੀ ਪੰਡਾਲ ਵਿਚ ਕਿਧਰੋਂ ਸੁਣਾਈ ਦੇਵੇ!

ਪਾਤਰ ਨੂੰ ਇਹ ਪੁੱਛਣ ਦੀ ਲੋੜ ਹੀ ਨਾ ਪਈ:-

ਖੜਕ ਹੋਵੇ ਜੇ ਡਿੱਗੇ ਪੱਤਾ ਵੀ
ਐਸੀ ਚੁੱਪ ਹੈ ਤਾਂ ਬਿਰਖ਼ ਅਰਜ਼ ਕਰੇ

'ਬਿਰਖ਼' ਉਤਰ ਰਹੀ ਸੁਰਮਈ ਸ਼ਾਮ ਦੀ ਗਹਿਰੀ ਚੁੱਪ ਵਿਚ ਝੂਮ ਰਿਹਾ ਸੀ। ਸਾਹਮਣੇ ਬੈਠੇ ਬਿਰਖ਼ ਦੇ ਪ੍ਰਛਾਵੇਂ ਬਣੇ ਦਰਸ਼ਕ/ ਸਰੋਤੇ ਵੱਜਦ ਵਿਚ ਸਨ। ਦੇਵ ਦਿਲਦਾਰ ਕਦੀ ਨਦੀਆਂ ਨੂੰ ਖ਼ਤ ਲਿਖ ਰਿਹਾ ਸੀ। ਕਦੀ ਉਹਦੀਆਂ ਸੁਰਾਂ ਅਸਮਾਨ ਵਿਚ ਤਾਰਿਆਂ ਨਾਲ ਮਿਲ ਕੇ ਤਾਰੀਆਂ ਲਾਉਂਦੀਆਂ ਤੇ ਕਦੀ ਉਹ ਇਕਦਮ ਧਰਤੀ 'ਤੇ ਆ ਕੇ ਰੇਤ ਹੋ ਜਾਂਦਾ। ਪਾਤਰ ਆਪਣੀ ਸ਼ਾਇਰੀ ਰਾਹੀਂ 'ਹਰ ਇੱਕ ਕੋਨ' ਤੋਂ ਜ਼ਿੰਦਗੀ ਦੇ ਹੁਸਨ ਨੂੰ ਵੇਖ ਰਿਹਾ ਸੀ।

ਚੱਲਦੇ ਪ੍ਰਸੰਗ ਵਿਚ ਮੈਂ ਆਪਣੇ ਰੰਗ ਵੀ ਘੋਲਦਾ ਰਿਹਾ। ਮੇਰੇ ਰੰਗਾਂ ਦੀਆਂ ਪਿੜੀਆਂ ਪਾਤਰ ਦੀ ਸ਼ਾਇਰੀ ਦੁਆਲੇ ਹੀ ਬੁਣੀਆਂ ਹੁੰਦੀਆਂ। ਪਰ ਬੁਣਨ ਦੀ ਕਲਾ ਦਾ ਮੇਰਾ ਹੁਸਨ ਵੀ ਕਦੀ ਕਦੀ ਸਰੋਤਿਆਂ ਦੇ ਚਿਹਰਿਆਂ 'ਤੇ ਡਲ੍ਹਕਦਾ, ਉਹਨਾਂ ਦੇ ਹੋਠਾਂ 'ਤੇ ਹੱਸਦਾ। ਮੈਨੂੰ ਵੀ ਚੰਗਾ ਲੱਗ ਰਿਹਾ ਸੀ।

ਪਾਤਰ ਨੇ ਦੱਸਿਆ ਕਿਵੇਂ ਉਹਨੇ ਪਹਿਲਾਂ ਆਪਣੇ ਕਈ ਤਖ਼ੱਲੁਸ ਰੱਖੇ। ਸੁਰਜੀਤਮ ਤੋਂ ਸੁਰਜੀਤ ਪੱਤੜ ਤੇ ਸੁਰਜੀਤ ਪੱਤੜ ਤੋਂ ਉਹਨੂੰ ਨਵਤੇਜ ਸਿੰਘ ਨੇ ਪ੍ਰੀਤ ਲੜੀ ਵਿਚ ਛਾਪਦਿਆਂ ਸੁਰਜੀਤ ਪਾਤਰ ਕਰ ਦਿੱਤਾ। ਕਿਵੇਂ ਉਹਨੇ ਪਿਤਾ ਨੂੰ ਬਚਪਨ ਵਿਚ ਪਹਿਲੀ ਵਾਰ ਪ੍ਰਦੇਸ ਜਾਂਦਿਆਂ ਵੇਖਿਆ ਸੀ ਤੇ ਕਿਵੇਂ ਉਹਦੀ ਮਾਂ ਅਤੇ ਉਹਦੇ ਅੰਦਰ ਡੂੰਘੀ ਉਦਾਸੀ ਬੈਠ ਗਈ ਸੀ। ਉਹਦੀ ਮਾਂ ਨੇ ਕਿਵੇਂ ਆਪਣੀ ਹਿੰਮਤ ਨਾਲ ਬੱਚੇ ਪਾਲਦਿਆਂ ਪਿਤਾ ਵੱਲੋਂ

ਭੇਜੇ 'ਨੀਲੇ ਲਿਫ਼ਾਫ਼ਿਆਂ ਦੇ ਆਸਰੇ ਜ਼ਿੰਦਗੀ ਕੱਟ ਦਿੱਤੀ ਸੀ। ਇਹ ਉਦਾਸੀ ਪਾਤਰ ਦੇ ਨਹੀਂ, ਹਰ ਪੜ੍ਹਨ-ਸੁਣਨ ਵਾਲੇ ਦੀ ਹਿੱਕ ਵਿਚ ਗੱਡੇ ਗਏ ਡੂੰਘੇ ਤਿਰੰਗੇ ਵਰਗੀ ਸੀ।

ਉਹਨੇ ਜ਼ਿਕਰ ਕੀਤਾ ਕਿ ਬਚਪਨ ਵਿੱਚ ਮੇਰੇ ਮਨ ਵਿੱਚ ਦੋ ਇਛਾਵਾਂ ਸਨ ਜਾਂ ਉਹ ਸ਼ਾਇਰ ਬਣੇ ਜਾਂ ਸੰਗੀਤਕਾਰ ਬਣੇ। ਅਧਿਆਪਕ ਤੇ ਸਾਧਨ ਦੀ ਘਾਟ ਕਰ ਕੇ ਉਹ ਸੰਗੀਤਕਾਰ ਨਾ ਬਣ ਸਕਿਆ। ਪਰ ਸਾਜ਼ਾਂ ਅਤੇ ਗਾਉਂਦੀ ਆਵਾਜ਼ ਨਾਲ ਉਹਨੂੰ ਸ਼ੁਰੂ ਤੋਂ ਹੀ ਇਸ਼ਕ ਸੀ। ਉਹਦੀ ਇਹ ਰੀਝ ਤਾਂ ਪੂਰੀ ਨਾ ਹੋਈ ਪਰ ਸਾਜ਼ ਉਹਦੀ ਕਵਿਤਾ ਵਿੱਚ ਕਿਤੇ ਪ੍ਰਤੀਕ ਬਣਕੇ, ਕਿਤੇ ਚਿੰਨ੍ਹ ਬਣ ਕੇ ਪ੍ਰਗਟ ਹੁੰਦੇ ਰਹੇ।

ਉਸ ਦਿਨ ਪਾਤਰ ਨੇ ਜਿਹੜੀਆਂ ਗੱਲਾਂ ਕੀਤੀਆਂ, ਉਹ ਤੇ ਹੋਰ ਬਹੁਤ ਕੁਝ, ਜਿਹੜਾ ਮੈਂ ਬਾਅਦ ਵਾਲੇ ਰੂ-ਬ-ਰੂ ਪ੍ਰੋਗਰਾਮਾਂ ਵਿੱਚ ਪੁੱਛਦਾ ਰਿਹਾ, ਉਹ ਸਾਰਾ ਕੁਝ ਉਹਨੇ ਤਰਤੀਬ ਵਾਰ ਆਪਣੀ ਵਾਰਤਿਕ ਪੁਸਤਕ 'ਸੂਰਜ ਮੰਦਰ ਦੀਆਂ ਪੌੜੀਆਂ' ਵਿਚ ਲਿਖ ਦਿੱਤਾ ਹੈ। ਪਰ ਉਦੋਂ ਇਹ ਸਭ ਗੱਲਾਂ ਦਰਸ਼ਕਾਂ ਸਰੋਤਿਆਂ ਵਾਸਤੇ ਅਸਲੋਂ ਨਵੀਆਂ ਸਨ। ਉਹਨਾਂ ਨੂੰ ਇੱਕ ਨਵਾਂ-ਨਕੋਰ ਪਾਤਰ ਦਿਖਾਈ ਦੇ ਰਿਹਾ ਸੀ, ਜਿਹੜਾ ਪਹਿਲਾਂ ਉਹਨਾਂ ਕਦੀ ਨਾ ਸੀ ਵੇਖਿਆ।

ਉਹਨਾਂ ਸਵਾਲਾਂ-ਜਵਾਬਾਂ ਦੇ ਵਿਸਥਾਰ ਵਿਚ ਜਾਣ ਦੀ ਥਾਂ ਪਾਤਰ ਵੱਲੋਂ ਸੁਣਾਏ ਦੋ ਯਾਦਗਾਰੀ ਪ੍ਰਸੰਗ ਹੀ ਏਥੇ ਸਾਂਝੇ ਕਰ ਰਿਹਾ ਹਾਂ।

ਪਟਿਆਲੇ ਵੇਲੇ ਦਾ ਦਿਲ ਨੂੰ ਛੂਹ ਲੈਣ ਵਾਲਾ ਬਿਰਤਾਂਤ:-

" ਯੂਨੀਵਰਸਿਟੀ ਤੋਂ ਜਲਾਵਤਨ ਹੋ ਕੇ ਕੁੱਝ ਚਿਰ ਮੈਂ ਤੇ ਡਾ. ਨੂਰ ਪਟਿਆਲੇ ਇੱਕ ਘਰ ਵਿੱਚ ਕਮਰਾ ਲੈ ਕੇ ਰਹੇ। ਉਸ ਘਰ ਵਿੱਚ ਕਈ ਜੀਅ ਸਨ। ਇੱਕ ਚਾਲੀ ਕੁ ਸਾਲ ਦੀ ਸੁਆਣੀ ਵੀ ਸੀ, ਉਹ ਜਮਾਂਦਰੂ ਹੀ ਕੁੱਬੀ ਸੀ, ਉਹ ਉਸ ਘਰ ਦੀ ਧੀ ਸੀ, ਉਸ ਦਾ ਵਿਆਹ ਨਹੀਂ ਹੋਇਆ ਸੀ, ਉਸ ਦਾ ਨਾਮ ਤੇਜੋ ਸੀ। ਉਹ ਕਈ ਵਾਰ ਆ ਕੇ ਸਾਡੇ ਨਾਲ ਗੱਲਾਂ ਕਰਨ ਲੱਗ ਪੈਂਦੀ।"

ਇਕ ਦਿਨ ਮੈਂ ਉਹਨੂੰ ਸਰਸਰੀ ਪੁੱਛਿਆ: ਤੇਜੋ ਤੇਰੀ ਉਮਰ ਕਿੰਨੀ ਐਂ? ਉਹ ਕੁੱਝ ਚਿਰ ਚੁੱਪ ਰਹੀ, ਫਿਰ ਕਹਿਣ ਲੱਗੀ: ਕਾਕਾ ਗੱਲ ਉਹ ਕਰੀਦੀ ਐ, ਜਿਹਦੇ ਨਾਲ ਦਿਲ ਨੂੰ ਠੰਢ ਪਵੇ।

ਉਹਨੇ ਵਾਰਤਾ ਸੁਣਾਈ ਤਾਂ ਪੰਡਾਲ ਵਿਚ ਹਾਸਾ ਛਣਕਿਆ, ਪਰ ਅਗਲੇ ਹੀ ਪਲ ਪਾਤਰ ਦੇ ਸ਼ਬਦਾਂ ਨੇ ਸਭ ਨੂੰ ਉਦਾਸ ਵੀ ਕਰ ਦਿੱਤਾ;

"ਮੈਨੂੰ ਉਸ ਦੇ ਜਵਾਬ ਤੋਂ ਅਹਿਸਾਸ ਹੋਇਆ ਕਿ ਮੇਰੇ ਸਵਾਲ ਨਾਲ ਉਹਦੇ ਉਦਾਸ ਦਿਲ ਨੂੰ ਕਿੰਨਾ ਦੁੱਖ ਪਹੁੰਚਾ ਹੋਵੇਗਾ। ਤੁਹਾਡੇ ਭਾਣੇ ਤੁਹਾਡਾ ਮਾਸੂਮ ਜਿਹਾ ਸਵਾਲ ਵੀ ਕਿਸੇ ਲਈ ਕਿੰਨਾ ਨਿਰਦਈ ਹੋ ਸਕਦਾ ਹੈ, ਤੁਹਾਨੂੰ ਨਹੀਂ ਪਤਾ ਹੁੰਦਾ।"

ਤੇਜੋ ਦਾ ਉਹ ਵਾਕ ਉਨ੍ਹਾਂ ਗਹਿਰੇ ਅਖਾਣਾਂ, ਸ਼ੇਅਰਾਂ ਸੰਵਾਦਾਂ ਵਿੱਚ ਸ਼ਾਮਲ ਹੋ ਗਿਆ ਜਿਹੜੇ ਮੈਨੂੰ ਸਦਾ ਯਾਦ ਰਹਿੰਦੇ ਹਨ।

(ਹੁਣ ਤੁਸੀਂ ਆਪ ਅਨੁਮਾਨ ਲਾਉ, ਤੇਜੋ ਨੂੰ ਕੀਤਾ ਆਪਣਾ ਹੀ ਮਾਸੂਮ ਸਵਾਲ ਵੀ

ਉਹਨੂੰ ਕਿੰਨਾਂ ਨਿਰਦਈ ਲੱਗਦਾ ਹੈ, ਤੇ, ਏਨਾ ਹੱਸਾਸ ਸ਼ਾਇਰ 'ਦੁਸ਼ਮਣਾਂ ਦੇ ਜ਼ਹਿਰ ਭਿੱਜੇ ਤੀਰ' ਖਾ ਕੇ ਅੰਦਰੇ ਅੰਦਰ ਕਿੰਨਾਂ ਤੜਪਦਾ, ਵਿਲਕਦਾ ਹੋਵੇਗਾ!

ਕੀ ਇਹਨਾਂ ਦੁਸ਼ਮਣਾਂ ਦੇ ਵੱਜੇ ਨਿੰਦਕ-ਤੀਰ, ਜਿਨ੍ਹਾਂ ਦਾ ਲਹੂ ਉਹਦੇ ਅੰਦਰ ਹੀ ਸਿੰਮਦਾ ਰਿਹਾ, ਉਹਦੀ ਮੌਤ ਦਾ ਵੀ ਇੱਕ ਕਾਰਨ ਨਹੀਂ ਸਨ?)

ਦੂਜਾ ਪ੍ਰਸੰਗਃ-

"ਇੱਕ ਵਾਰ ਵਿਦੇਸ਼ ਵਿਚ ਕਨੇਡਾ ਵਿਚ ਕਿਸੇ ਸ਼ਾਦੀ 'ਤੇ ਮੈਂ ਆਪਣੇ ਦੋ ਦੋਸਤਾਂ ਨਾਲ ਇਕ ਟੇਬਲ 'ਤੇ ਬੈਠਾ ਸਾਂ। ਕੁਝ ਹੋਰ ਜਣੇ ਵੀ ਬੈਠੇ ਸਨ। ਬਲਿਊ ਸਟਾਰ ਆਪ੍ਰੇਸ਼ਨ ਤੋਂ ਕੁਝ ਬਾਅਦ ਦੇ ਦਿਨ ਸਨ। ਮੇਰੇ ਦੋਸਤ ਸ਼ਾਇਦ ਡਰਿੰਕਸ ਵਗ਼ੈਰਾ ਲੈਣ ਗਏ ਸਨ। ਮੈਨੂੰ ਮੇਜ਼ 'ਤੇ ਬੈਠਾ ਇੱਕ ਸੱਜਣ ਪੁੱਛਣ ਲੱਗਾ, "ਸਰਦਾਰ ਸਾਹਿਬ! ਤੁਹਾਡਾ ਲਾਸਟ ਨੇਮ ਕੀ ਹੈ? ਮੈਂ ਕਿਹਾ: ਪਾਤਰ। ਉਹ ਕਹਿਣ ਲੱਗਾ -ਕਦੀ ਸੁਣਿਆ ਨਹੀਂ। ਲਾਸਟ ਨੇਮ ਤਾਂ ਹੁੰਦੇ ਨੇ ਜਿਵੇਂ ਬਰਾੜ, ਗਿੱਲ, ਸੰਧੂ, ਬੇਦੀ। ਮੈਂ ਕਿਹਾ -ਜੀ ਮੈਂ ਤੁਹਾਡਾ ਸਆਲ ਸਮਝ ਗਿਆਂ। ਮੈਂ ਤਰਖ਼ਾਣਾਂ ਦਾ ਪੁੱਤਰ ਆਂ। "ਅੱਛਾ! ਫਿਰ ਤਾਂ ਤੁਸੀਂ ਗਿਆਨੀ ਜ਼ੈਲ ਸਿੰਘ ਕਿਆਂ 'ਚੋਂ ਹੋਏ! ਮੈਂ ਕਿਹਾ, -ਨਹੀਂ ਜੀ, ਮੈਂ ਭਾਈ ਲਾਲੋ ਕਿਆਂ 'ਚੋਂ ਆਂ।"

ਢਾਈ-ਤਿੰਨ ਘੰਟੇ ਅਸੀਂ ਸ਼ਾਇਰੀ ਦੀ ਰਿਮ-ਝਿਮ ਬਰਸਾਤ ਵਿਚ ਭਿੱਜਦੇ ਰਹੇ। ਮੁੱਖ-ਮਹਿਮਾਨ ਨ੍ਰਿਪਇੰਦਰ ਸਿੰਘ ਰਤਨ ਨੂੰ ਅਖ਼ੀਰ 'ਤੇ ਕੁਝ ਬੋਲਣ ਲਈ ਕਿਹਾ ਤਾਂ ਉਹਨੇ ਮੰਚ 'ਤੇ ਆ ਕੇ ਏਨਾ ਸ਼ਾਨਦਾਰ ਪ੍ਰੋਗਰਾਮ ਕਰਨ ਦੀ ਰੱਜ ਕੇ ਵਧਾਈ ਦਿੰਦਿਆਂ ਕਿਹਾ, "ਏਨੇ ਸ਼ਾਨਦਾਰ ਤੇ ਦਿਲ ਨੂੰ ਧੂਹ ਪਾਉਣ ਵਾਲੇ ਸੰਗੀਤਕ ਪ੍ਰੋਗਰਾਮ ਤੋਂ ਬਾਅਦ ਮੇਰਾ ਬੋਲਣਾ ਕਿਵੇਂ ਵੀ ਮੁਨਾਸਬ ਨਹੀਂ। ਮੈਂ ਚਾਹੁੰਦਾਂ ਹਾਂ ਕਿ ਤੁਸੀਂ ਇਸ ਸੰਦਲੀ ਸੰਗੀਤਕ ਸ਼ਾਮ ਦੀ ਖ਼ੁਸ਼ਬੂ ਆਪਣੇ ਨਾਲ ਇੰਝ ਦੀ ਇੰਝ ਹੀ ਲੈ ਕੇ ਜਾਓ!

## ਸੁਰਜੀਤ ਪਾਤਰ ਦਾ ਸੀਰਤ ਨਾਲ ਜੁੜਨਾ

ਜਦੋਂ ਮੇਰੇ ਬੇਟੇ ਸੁਪਨ ਨੇ ਸਾਨੂੰ ਕਨੇਡਾ ਬੁਲਾਉਣਾ ਸੀ ਤਾਂ ਮੇਰਾ ਰੁਝੇਵਾਂ ਸਾਰਥਕ ਬਨਾਉਣ ਲਈ ਉਹਨੇ ਸੀਰਤ' ਨਾਂ ਦਾ ਮਾਸਿਕ-ਪੱਤਰ ਛਾਪਣਾ ਸ਼ੁਰੂ ਕਰ ਲਿਆ। ਸੁਰਜੀਤ ਪਾਤਰ, ਗੁਰਦਿਆਲ ਸਿੰਘ, ਰਘਬੀਰ ਸਿੰਘ ਸਿਰਜਣਾ, ਸਾਧੂ ਸਿੰਘ, ਹਰਦੇਵ ਵਿਰਕ ਸਮੇਤ ਪਰਚੇ ਦੇ ਸਰਪ੍ਰਸਤ ਬਣੇ।

ਅੱਜ ਕਿਉਂਕਿ ਵਿਸ਼ੇਸ਼ ਗੱਲ ਸੁਰਜੀਤ ਪਾਤਰ ਦੀ ਕੀਤੀ ਜਾ ਰਹੀ ਹੈ ਤਾਂ ਦੱਸ ਦੇਣਾ ਬਹੁਤ ਜ਼ਰੂਰੀ ਹੈ ਕਿ ਪਾਤਰ ਨੇ 'ਸੀਰਤ' ਵਾਸਤੇ ਲਗਾਤਾਰ ਲਿਖਣ ਦਾ ਵਚਨ ਕੀਤਾ ਹੀ ਨਹੀਂ, ਉਹਨੂੰ ਤੋੜ ਤੱਕ ਨਿਭਾਇਆ ਸੀ। ਉਹਦੀ ਇੱਕੋ ਇੱਕ ਵਾਰਤਕ ਦੀ ਚਰਚਿਤ ਪੁਸਤਕ 'ਸੂਰਜ ਮੰਦਰ ਦੀਆਂ ਪੌੜੀਆਂ' ਦੀਆਂ ਅੱਧਿਉਂ ਵੱਧ ਲਿਖਤਾਂ ਉਹਨੇ 'ਸੀਰਤ' ਵਾਸਤੇ ਲਿਖੀਆਂ, ਤੇ ਇਹ ਗੱਲ ਉਹਨੇ ਪੁਸਤਕ ਦੀ ਪਹਿਲੀ ਛਾਪ ਵਿਚ ਮੁੱਖ-ਬੰਧ ਲਿਖਦਿਆਂ ਸਵੀਕਾਰ ਵੀ ਕੀਤੀ ਹੈ। ਖ਼ੂਬਸੂਰਤ ਗੱਲ ਇਹ ਸੀ ਕਿ ਉਹ ਆਪਣੀ ਜਿਹੜੀ ਵੀ ਲਿਖਤ 'ਸੀਰਤ' ਵਾਸਤੇ ਭੇਜਦਾ, ਉਸ ਨਾਲ ਜੁੜਵੀਆਂ ਤਸਵੀਰਾਂ ਵੀ ਨਾਲ ਭੇਜਦਾ।

ਤਸਵੀਰਾਂ ਛਾਪਣ ਨਾਲ ਉਹ ਲਿਖਤ ਹੋਰ ਵੀ ਸਜਿੰਦ ਤੇ ਪ੍ਰਭਾਵਸ਼ਾਲੀ ਬਣ ਜਾਂਦੀ।

ਪਿਛਲੀਆਂ ਈਮੇਲਾਂ ਫ਼ੋਲਦਿਆਂ ਪਰਚੇ ਨੂੰ ਸਹਿਯੋਗ ਦੇਣ ਦੇ ਹਵਾਲੇ ਨਾਲ ਸਾਡਾ ਹੇਠਾਂ ਲਿਖਿਆ ਈ-ਮੇਲ ਵਟਾਂਦਰਾ ਲੱਭਾ ਹੈ:-

(ਵਰਿਆਮ ਸਿੰਘ ਸੰਧੂ ਵੱਲੋਂ)-ਪਾਤਰ ਪਿਆਰੇ ਜੀਓ! ਕੀ ਹਾਲ ਨੇ?

ਡੀ ਲਿਟ ਮਿਲਣ ਦੀਆਂ ਮੁਬਾਰਕਾਂ!

ਮੈਨੂੰ ਫਿਰ ਕਨੇਡਾ ਆਉਣਾ ਪੈ ਗਿਆ। ਰੁਝੇਵਿਆਂ ਕਰਕੇ ਮਿਲ ਬੈਠ ਤੇ ਖੁੱਲ੍ਹ ਕੇ ਗੱਲਾਂ ਕਰਨ ਦਾ ਸਬੱਬ ਬਣ ਹੀ ਨਾ ਸਕਿਆ, ਚਾਹੁੰਦਿਆਂ ਹੋਇਆਂ ਵੀ।

ਮੈਂ ਆਪਣੀ 'ਮੁਹਾਂਦਰੇ' ਵਾਲੀ ਇੰਟਰਵੀਊ ਵਿਚ ਗੁਰਬਚਨ ਬਾਰੇ ਗੱਲ ਕਰਦਿਆਂ ਧੱਕੇ ਨਾਲ ਹੀ 'ਸੁਰਜੀਤ ਪਾਤਰ' ਦਾ ਨਾਂ ਵਿਚ ਖਿੱਚ ਲਿਆਂਦਾ ਸੀ, ਬੁਰਾ ਤਾਂ ਨਹੀਂ ਲੱਗਾ?

ਇਸ ਇੰਟਰਵੀਊ ਦਾ ਕੈਸਾ ਰੱਦੇ ਅਮਲ ਹੋਇਆ ਹੈ?

'ਸੀਰਤ' ਬਹੁਤ ਮਹਿੰਗਾ ਪੈਂਦਾ ਹੈ। ਹਾਲ ਦੀ ਘੜੀ ਸਾਈਟ ਹੀ ਚਲਾ ਰਹੇ ਹਾਂ। ਜੇ ਕੁਝ ਮਸਾਲਾ ਪਿਆ ਹੋਵੇ ਤਾਂ ਘੱਲ ਦੇਣਾ।

ਈ ਮੇਲ ਕਰਨ ਦਾ ਫੌਰੀ ਕਾਰਨ ਹੈ ਕਿ ਅੱਜ ਦੁਪਹਿਰੇ ਸੁੱਤਿਆਂ ਪਿਆਂ ਜਨਾਬ ਪਾਤਰ ਸਾਹਿਬ ਨੇ ਆਕੇ ਮੇਰੇ ਸੁਪਨੇ ਵਿਚ ਦੀਦਾਰ ਦਿੱਤੇ। ਧੰਨ ਧੰਨ ਹੋ ਗਈ!

ਤੇਰਾ -ਵਰਿਆਮ

---

ਪਾਤਰ ਦਾ ਜਵਾਬ:-

ਅਤਿ ਪਿਆਰੇ ਵਰਿਆਮ

ਏਨੀ ਦੇਰ ਨਾਲ ਉੱਤਰ ਦੇਣ ਲਈ ਮਾਫ਼ ਕਰ ਦੇਵੀਂ ।

ਗ਼ਦਰੀ ਬਾਬਿਆਂ ਦੇ ਮੇਲੇ ਵਾਲੀ ਮੁਲਾਕਾਤ ਨਾਲ ਹੀ ਦਿਲ ਨੂੰ ਤਸੱਲੀ ਦੇ ਲਈ ਹੈ। ਤੇਰੀ ਸਟੇਜ-ਸਕੱਤ੍ਰੀ ਦੇ ਬੋਲ ਤਾਂ ਸਦਾ ਹੀ ਸੋਹਣੇ ਹੁੰਦੇ ਹਨ, ਤੇਰੀ ਕਵਿਤਾ ਵੀ ਬੜੀ ਦਿਲ ਟੁੰਬਵੀਂ ਸੀ (ਗ਼ਦਰੀ ਬਾਬਿਆਂ ਦੇ ਮੇਲੇ ਦੇ ਕਵੀ-ਦਰਬਾਰ ਦਾ ਸੰਚਾਲਨ ਕਰਦਿਆਂ ਮੈਂ ਆਪਣੀ ਕਵਿਤਾ ਵੀ ਸੁਣਾਈ ਸੀ-ਵ ਸ ਸੰਧੂ)। ਤੈਨੂੰ ਸੱਤੇ ਖ਼ੈਰਾਂ।

ਜੁਗ ਜੁਗ ਜੀਵੇਂ!

ਮੁਹਾਂਦਰੇ ਵਾਲੀ ਮੁਲਾਕਾਤ ਵਿਚ ਮੇਰਾ ਨਾਮ ਤਾਂ ਆਉਣਾ ਹੀ ਸੀ, ਨਾ ਆਉਂਦਾ ਤਾਂ ਬੁਰਾ ਲਗਦਾ ।

ਸੀਰਤ ਲਈ ਛੇਤੀ ਹੀ ਕੁਝ ਭੇਜਾਂਗਾ।

ਪਿਆਰ ਨਾਲ ,

ਸੁਰਜੀਤ ਪਾਤਰ (4 ਮਾਰਚ 2010)

---

ਅਗਲਾ ਈ-ਮੇਲ ਵਟਾਂਦਰਾ

ਪਿਆਰੇ ਪਾਤਰ-ਇਸ ਵਾਰ ਜ਼ਰਾ ਜਲਦੀ ਖ਼ੇਚਲ ਕਰਨੀ ਪੈਣੀ ਹੈ। ਮੈਂ ਪੰਦਰਾਂ

ਤਰੀਕ ਤੋਂ ਬਾਹਰ ਜਾਣਾ ਹੈ ਅਤੇ ਫਿਰ 19 ਤੋਂ 25 ਤਰੀਕ ਤੱਕ ਹਰਦੇਵ ਵਿਰਕ ਕੋਲ। ਇਸ ਲਈ ਪੰਦਰਾਂ ਤੱਕ ਪਰਚਾ ਮੁਕੰਮਲ ਕਰਕੇ ਜਾਣਾ ਹੈ। ਤੁਸੀਂ ਚੌਦਾਂ ਤੱਕ ਕੁਝ ਨਾ ਕੁਝ ਭੇਜ ਦਿਓ; ਭਾਵੇਂ ਹਾਜ਼ਰੀ ਲਾਉਣ ਜੋਗਾ ਹੀ ਕਿਉਂ ਨਾ ਹੋਵੇ।

ਅਸਲ ਵਿਚ ਅਸੀਂ ਹਰ ਮਹੀਨੇ ਲੇਟ ਹੁੰਦੇ ਹਾਂ। ਲੇਟ ਹੋਣ ਦੀ ਵਜ੍ਹਾ ਕਰਕੇ ਪਰਚਾ ਸਾਨੂੰ ਕਨੇਡਾ ਵਿਚ ਅਗਲੇ ਮਹੀਨੇ ਦੀ 20 ਤਰੀਕ ਦੇ ਗੇੜ ਵਿਚ ਮਿਲਦਾ ਹੈ। ਫਿਰ ਐਡਾਂ ਵਾਲਿਆਂ ਤੋਂ ਪੈਸੇ ਇਕੱਠੇ ਕਰਨੇ ਹੁੰਦੇ ਨੇ, ਫਿਰ ਪਿਛਲੇ ਮਹੀਨੇ ਦੀ ਛਪਾਈ ਦਾ ਖ਼ਰਚਾ ਭੇਜੀਦਾ ਹੈ ਤਾਂ ਅਗਲੇ ਅਗਲਾ ਪਰਚਾ ਤਿਆਰ ਕਰਨ ਤੇ ਛਾਪਣ ਲਈ ਰਾਜ਼ੀ ਹੁੰਦੇ ਹਨ।

ਅਸੀਂ ਹਰ ਹਾਲਤ ਵਿਚ ਪਰਚਾ ਜੇ 15 ਤਰੀਕ ਤੱਕ ਭੇਜੀਏ ਤਾਂ ਹੀ ਮਸਾਂ ਮਹੀਨੇ ਦੀ ਇਕ ਦੋ ਤਰੀਕ ਤੱਕ ਛਪ ਕੇ ਸਾਡੇ ਕੋਲ 10-15 ਦਿਨ ਵਿਚ ਪੁੱਜਦਾ ਹੈ।

ਬੀਬੇ ਵੀਰ ਬਣ ਕੇ ਐਤਕੀ ਖ਼ੇਚਲ ਕਰੋ, ਇਹ ਕਿਵੇਂ ਕਹੀਏ ਕਿ ਹਰ ਮਹੀਨੇ ਹਜ਼ੂਰ ਦੀ ਲੇਟ ਲਤੀਫ਼ੀ ਕਰਕੇ ਵੀ ਪਰਚਾ ਹਫ਼ਤਾ ਭਰ ਲੇਟ ਹੋ ਜਾਂਦਾ ਹੈ।-ਵਰਿਆਮ (9 ਜੂਨ 2009)

ਪਾਤਰ ਨੇ ਨਵਾਂ ਲੇਖ ਭੇਜ ਕੇ ਲਿਖਿਆ:-

ਪਿਆਰੇ ਵਰਿਆਮ

ਉਸ ਲੇਖ ਦਾ ਨਾਮ ਰੱਖਦੇ ਆਂ, 'ਉਹ ਸ਼ਹਿਰ ਜਿੱਥੇ ਮੈਂ ਬਿਰਖ ਬਣਿਆਂ'

ਮੈਂ ਉਸ ਲੇਖ ਵਿਚ ਕੁਝ ਕੁ ਸਤਰਾਂ ਓਥੇ ਜੋੜਦਾ ਹਾਂ, ਜਿੱਥੇ ਮੈਂ ਆਪਣੀ ਓਸ ਗ਼ਜ਼ਲ ਦੀ ਗੱਲ ਕਰਦਾ ਹਾਂ -ਕੋਈ ਡਾਲੀਆਂ

ਐਂਤਕੀਂ ਕੋਸ਼ਿਸ਼ ਕਰਦਾ ਹਾਂ ਕਿ ਇਸ ਲੇਖ ਨੂੰ ਤਸਵੀਰਾਂ ਨਾਲ ਸਜਾ ਦੇਈਏ

ਮੈਂ ਨਵਾਂ ਲੇਖ ਅੱਜ ਤੋਂ ਹੀ ਲਿਖਣਾ ਸ਼ੁਰੂ ਕਰਦਾ ਹਾਂ ਤਾਂਕਿ ਅੱਗੇ ਤੋਂ ਕਦੀ ਏਹੋ ਜਿਹੀ ਨੌਬਤ ਨਾ ਆਵੇ

ਹਰ ਮਹੀਨੇ ਸੀਰਤ ਮੇਰੀ ਪਹਿਲੀ ਤਰਜੀਹ ਹੋਵੇਗਾ

ਇਸ ਵਾਰ ਮੈਨੂੰ ਸ਼ਰਮ ਆ ਰਹੀ ਹੈ

ਤੇਰਾ ਈ-ਠੱਗੀ ਵਾਲਾ ਲੇਖ ਬਹੁਤ ਵਧੀਆ ਲੱਗਾ।(ਮੇਰੀ ਈਮੇਲ ਹੈਕ ਕਰ ਕੇ ਕਿਸੇ ਨੇ ਦੁਨੀਆਂ ਭਰ ਵਿਚ ਫ਼ੈਲੇ ਮੇਰੇ ਮਿੱਤਰਾਂ ਕੋਲੋਂ ਦੋ ਹਜ਼ਾਰ ਡਾਲਰ ਮੰਗੇ ਸਨ। ਤੇ ਬਰੈਂਪਟਨ ਵਿਚ ਮੇਰੇ ਗਵਾਂਢ ਬੈਠਾ ਕੁਲਜੀਤ ਮਾਨ ਠੱਗੀ ਦਾ ਸ਼ਿਕਾਰ ਹੋ ਗਿਆ ਸੀ) ਹੁਣ ਤਾਂ ਇਹ ਵਰਤਾਰਾ ਆਮ ਹੋ ਗਿਆ ਹੈ, ਪਰ ਉਹਨਾਂ ਦਿਨਾਂ ਵਿਚ ਪੰਜਾਬੀ ਵਿਚ ਈਮੇਲ ਠੱਗੀ ਦਾ ਇਹ ਪਹਿਲਾ ਮਾਮਲਾ ਸੀ-ਸੰਧੂ) ਦੋਸਤਾਂ ਦੇ ਰੰਗ ਬਰੰਗੇ ਹੁੰਗਾਰੇ, ਪੁਲੀਸ ਦਾ ਵਿਵਹਾਰ ਤੇ ਬਾਕੌਲ ਤੇਰੇ ਘਟਨਾ ਕੰਮ ਚ ਜਾਨ ਪਾਉਣ ਵਾਲਾ ਮੋਹ ਭਰਿਆ ਮਾਸੂਮ ਕੁਲਜੀਤ ਮਾਨ ਤੇਰਾ ਘਟਨਾ ਵਾਕ ਪੜ੍ਹਕੇ ਹਾਸਾ ਵੀ ਆਇਆ ਤੇ ਬਾਅਦ ਵਿਚ ਅੱਖਾਂ ਨਮ ਵੀ ਹੋ ਗਈਆਂ।

ਪਿਆਰ ਨਾਲ

ਸੁਰਜੀਤ ਪਾਤਰ (20 2009)

'ਇਕ ਸ਼ਾਮ ਸੁਰਜੀਤ ਪਾਤਰ ਦੇ ਨਾਂ!

ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਾਲੇ ਸਮਾਗਮ ਦੀ ਅਪਾਰ ਸਫ਼ਲਤਾ ਦੀਆਂ ਅਜਿਹੀਆਂ ਧੁੰਮਾਂ ਪਈਆਂ ਕਿ ਅਗਲੇ ਕੁਝ ਮਹੀਨਿਆਂ ਵਿਚ ਹੀ ਸਾਨੂੰ ਜਲੰਧਰ ਵਿਚ ਹੀ ਪੰਜ-ਛੇ ਸਮਾਗਮ ਕਰਨੇ ਪਏ।

ਅਜਿਹੀਆਂ ਯਾਦਗਰੀ ਸ਼ਾਮਾਂ ਦਾ ਸਿਲਸਿਲਾ ਲਾਗਾਤਾਰ ਚੱਲਦਾ ਰਿਹਾ।

ਇੰਝ ਪਾਤਰ, ਦੇਵ ਦਿਲਦਾਰ ਤੇ ਮੇਰਾ ਪੱਕਾ ਢਾਡੀ ਜਥਾ ਬਣ ਗਿਆ, ਜਿਸਦੀ ਦੂਰ ਦੂਰ ਤੋਂ ਮੰਗ ਆਉਣ ਲੱਗੀ। ਕਦੀ ਜੰਮੂ ਤੋਂ ਕਦੀ ਐਡਮਿੰਟਨ (ਕਨੇਡਾ) ਤੋਂ। ਸੰਗੀਤ ਸਮਾਗਮਾਂ ਦੇ ਇਸ ਸਿਲਸਿਲੇ ਵਿਚ ਉਹਦੇ ਨਾਲ ਆਖ਼ਰੀ ਰੂਬਰੂ ਕਨੇਡਾ ਵਿਚ ਉਦੋਂ ਹੋਇਆ ਜਦੋਂ ਮੇਰੇ ਬੇਟੇ ਸੁਪਨ ਸੰਧੂ ਨੇ ਬਰੈਂਪਟਨ ਦੇ ਪ੍ਰਸਿੱਧ ਰੋਜ਼ ਥੀਏਟਰ ਵਿਚ 'ਇਕ ਸ਼ਾਮ ਸੁਰਜੀਤ ਪਾਤਰ ਦੇ ਨਾਂ !' ਦਾ ਸਮਾਗਮ ਰਚਾਇਆ।

2019 ਵਿਚ ਸੁਪਨ ਇਹ ਜ਼ਿਦ ਫੜ ਬੈਠਾ ਕਿ ਉਹ ਸੁਰਜੀਤ ਪਾਤਰ ਦਾ ਕਨੇਡਾ ਵਿਚ ਇੱਕ 'ਗਰੈਂਡ ਸ਼ੋਅ' ਕਰਨਾ ਚਾਹੁੰਦਾ ਹੈ। ਉਸ ਵਾਸਤੇ ਉਹਨੂੰ ਲਗਭਗ ਸਾਢੇ ਸੱਤ ਸੌ ਸਰੋਤਿਆਂ ਵਾਲਾ 'ਰੋਜ਼ ਥੀਏਟਰ' ਬੁੱਕ ਕਰਨਾ ਪੈਣਾ ਸੀ। ਬੁਕਿੰਗ ਤਾਂ ਹੋ ਜਾਣੀ ਸੀ, ਪਰ ਏਨੀਆਂ ਟਿਕਟਾਂ ਵੇਚ ਸਕਣੀਆਂ ਖਾਲਾ ਜੀ ਦਾ ਵਾੜਾ ਨਹੀਂ ਸੀ। ਜਿਸਤਰ੍ਹਾਂ ਦਾ ਸਮਾਗਮ ਕਰਨ ਦੀ ਉਹ ਸੋਚੀ ਬੈਠਾ ਸੀ, ਉਸ ਲਈ ਬਹੁਤ ਸਾਰਾ ਖ਼ਰਚਾ ਹੋਣਾ ਸੀ। ਸਪੌਂਸਰ ਲੱਭਣੇ ਪੈਣੇ ਸਨ। ਇਹ ਕੰਮ ਕੋਈ ਸੌਖਾ ਨਹੀਂ ਸੀ। ਮੈਨੂੰ ਲੱਗਦਾ ਸੀ ਕਿ ਇਹ ਵਾਧੂ ਦਾ ਖ਼ਲਜਗਣ ਹੈ, ਵੱਡੀ ਜ਼ਿੰਮੇਵਾਰੀ। ਸਮਾਗਮ ਦੀ ਅਸਫ਼ਲਤਾ ਨਾਲ ਸੁਰਜੀਤ ਪਾਤਰ ਦੀ ਬਦਨਾਮੀ ਤਾਂ ਹੋਣੀ ਹੀ ਸੀ, ਮੇਰੀ ਵੀ ਹੋ ਜਾਣੀ ਸੀ। ਸੁਪਨ ਦੀ ਹੋਣ ਵਾਲੀ ਬਦਨਾਮੀ ਵੀ ਮੈਂ ਆਪਣੇ ਖ਼ਾਤੇ ਹੀ ਪਾਈ ਫਿਰਦਾ ਸਾਂ। ਮੈਂ ਆਪਣਾ ਪੂਰਾ ਤਾਣ ਲਾਇਆ ਕਿ ਇਹ ਪ੍ਰੋਗਰਾਮ ਨਾ ਹੋਵੇ। ਸੁਪਨ ਨੂੰ ਤਾਂ ਵਾਰ ਵਾਰ ਵਰਜਿਆ ਹੀ, ਮੈਂ ਪਾਤਰ ਨੂੰ ਵੀ ਫ਼ੋਨ ਕਰ ਕੇ ਆਪਣੇ ਖ਼ਦਸ਼ੇ ਜ਼ਾਹਿਰ ਕੀਤੇ ਅਤੇ ਉਹਦੇ 'ਤੇ ਜ਼ੋਰ ਪਾਇਆ ਕਿ ਉਹ ਆਪ ਹੀ ਕਿਸੇ ਬਹਾਨੇ ਨਾਲ ਸੁਪਨ ਨੂੰ ਇਨਕਾਰ ਕਰ ਦੇਵੇ।

ਪਾਤਰ ਨੇ ਮੇਰੀ ਗੱਲ ਹੱਸ ਕੇ ਟਾਲ ਦਿੱਤੀ। ਕਹਿੰਦਾ, "ਤੂੰ ਬੁਲਾਇਆ ਹੁੰਦਾ ਤਾਂ ਸ਼ਾਇਦ ਮੈਂ ਸੋਚ-ਵਿਚਾਰ ਤੋਂ ਬਾਅਦ ਤੈਨੂੰ ਨਾਂਹ ਹੀ ਕਰ ਦਿੰਦਾ। ਪਰ ਮੈਂ ਸੁਪਨ ਨੂੰ ਬਿਲਕੁਲ ਨਾਂਹ ਨਹੀਂ ਕਰ ਸਕਦਾ। ਉਹ ਬੁਲਾਉਂਦਾ ਹੈ ਤਾਂ ਮੈਂ ਜ਼ਰੂਰ ਆਵਾਂਗਾ।"

ਮੈਂ ਵੀ ਹੱਥ ਖੜੇ ਕਰ ਦਿੱਤੇ ਤੇ ਵਹਿਣ ਦੇ ਵਹਾਅ ਵਿਚ ਵਹਿਣ ਤੋਂ ਸਿਵਾਇ ਕੋਈ ਚਾਰਾ ਨਾ ਰਿਹਾ।

ਮੈਂ ਦੋਵਾਂ ਵਿਚੋਂ 'ਨਿਕਲ' ਗਿਆ। ਤਾਇਆ ਜਾਣੇ ਜਾਂ ਉਹਦਾ ਭਤੀਜ ! ਮੇਰੇ ਜ਼ਿੰਮੇ ਜਿਹੜੀ ਜ਼ਿੰਮੇਵਾਰੀ ਸੁਪਨ ਲਾਵੇਗਾ, ਮੈਂ ਕਰਨ ਦਾ ਵਚਨ ਦਿੱਤਾ।

ਪਾਤਰ ਨੇ ਸੁਪਨ ਨੂੰ ਕਿਹਾ ਕਿ ਉਹਦੀ ਇੱਛਾ ਹੈ ਕਿ ਉਹਦੇ ਪੁੱਤਰ ਮਨਰਾਜ ਪਾਤਰ ਦਾ ਕਨੇਡਾ ਦਾ ਵੀਜ਼ਾ ਲੱਗ ਜਾਵੇ ਤੇ ਉਹਦਾ ਕਨੇਡਾ ਦਾ 'ਰਾਹ' ਖੁਲ੍ਹ ਜਾਵੇ। ਸੁਪਨ ਨੇ ਆਪਣੇ ਸੰਬੰਧਾਂ ਦਾ ਸਹਾਰਾ ਲੈ ਕੇ ਮਨਰਾਜ ਦਾ ਵੀਜ਼ਾ ਲਵਾਉਣ ਵਿਚ ਸਫ਼ਲਤਾ ਹਾਸਲ ਕਰ ਲਈ ਤੇ ਉਹ ਸਮਾਗਮ ਤੋਂ ਦੋ ਕੁ ਦਿਨ ਪਹਿਲਾਂ ਕਨੇਡਾ ਪਹੁੰਚ ਗਿਆ। ਪਾਤਰ ਨੇ

ਪਹਿਲਾਂ ਨਿਊਯਾਰਕ (ਅਮਰੀਕਾ) ਵਿਚ ਕਿਸੇ ਹੋਰ ਸਮਾਗਮ ’ਤੇ ਆਉਣਾ ਸੀ। ਉਸਨੇ ਕਿਹਾ ਕਿ ਉਹ ਟਰਾਂਟੋ ਵਾਲੇ ਸਮਾਗਮ ਤੋਂ ਤਿੰਨ-ਚਾਰ ਦਿਨ ਪਹਿਲਾਂ ਉਹਨੂੰ ਅਮਰੀਕਾ ਬੁਲਾਉਣ ਵਾਲੇ ਮਿੱਤਰ ਸੜਕ ਰਾਹੀਂ ਕਨੇਡਾ-ਅਮਰੀਕਾ ਦੀ ਹੱਦ ’ਤੇ ਛੱਡ ਜਾਣਗੇ। ਅਸੀਂ ਉਥੋਂ ਪਾਤਰ ਨੂੰ ਆਪਣੇ ਨਾਲ ਲੈ ਕੇ ਆ ਜਾਣਾ ਸੀ। ਦੱਸੇ ਦਿਨ ’ਤੇ ਸਵੇਰੇ ਵੇਲੇ ਸਿਰ ਸੁਪਨ ਦਾ ਦੋਸਤ ਰਾਜਿੰਦਰ ਬੋਇਲ ਮੈਨੂੰ ਨਾਲ ਲੈ ਕੇ ਨਿਆਗਰਾ ਫ਼ਾਲ ਕੋਲ ਪੈਂਦੀ ਅਮਰੀਕਾ-ਕਨੇਡਾ ਦੀ ਸਰਹੱਦ ਦੇ ਉਸ ਪਾਰ ਲੈ ਗਿਆ, ਜਿੱਥੇ ਪਾਤਰ ਆਪਣੇ ਦੋਸਤਾਂ ਨਾਲ ਮੋਟਲ ਵਿਚ ਠਹਿਰਿਆ ਹੋਇਆ ਸੀ। ਅਸੀਂ ਪਾਤਰ ਨੂੰ ਲੈ ਕੇ ਬਰੈਂਪਟਨ ਪਹੁੰਚ ਗਏ।

ਸੁਪਨ ਨੇ ਸਾਡਾ ਠਹਿਰਾਉ ਆਪਣੇ ਦੋਸਤ ਬਲਤੇਜ ਕੜਿਆਲ ਦੇ ਘਰ ਕੀਤਾ।

ਓਥੇ ਸਾਨੂੰ ਮਿਲਣ ਸੁਪਨ, ਉਪਕਾਰ, ਮਨਰਾਜ, ਮੋਹਸਿਨ ਸ਼ੌਕਤ ਅਲੀ, ਰਾਜਪਾਲ ਬੋਪਾਰਾਏ, ਬਲਵਿੰਦਰ ਤਾਂ ਆਉਂਦੇ ਹੀ, ਹੋਰ ਵੀ ਨੇੜਲੇ ਸੱਜਣ ਪਾਤਰ ਨੂੰ ਮਿਲਣ ਆ ਜਾਂਦੇ। ਸਾਰੀ ਦਿਹਾੜੀ ਗੱਪ-ਗੋਸ਼ਿਟ ਚੱਲਦੀ। ਸਾਡੇ ਦੋਵਾਂ ਦੇ ਸੌਣ ਵਾਲੇ ਕਮਰਿਆਂ ਵਿਚ ਸਾਂਝਾ ਦਰਵਾਜ਼ਾ ਸੀ। ਰਾਤ ਦਾ ਖਾਣਾ ਖਾਣ ਤੋਂ ਪਹਿਲਾਂ ਤੇ ਬਾਅਦ ਵਿਚ ਮੈਂ ਤੇ ਪਾਤਰ ਦਿਲ ਦੀਆਂ ਗੱਲਾਂ ਕਰਦੇ। ਬਲਤੇਜ ਵੀ ਸਾਡੀਆਂ ਗੱਲਾਂ ਸੁਣਨ ਲਈ ਕੋਲ ਆ ਬਹਿੰਦਾ। ਸਵੇਰੇ ਦਿਨ ਚੜ੍ਹਦਿਆਂ ਹੀ ਪਾਤਰ ਉੱਠਦਾ, ਸਿਰ ’ਤੇ ਪਰਨਾ ਲਪੇਟਦਾ ਤੇ ਮੇਰੇ ਕਮਰੇ ਵਿਚ ਆ ਜਾਂਦਾ। ਓਥੇ ਹੀ ਸਾਡੀ ਚਾਹ ਆ ਜਾਂਦੀ। ਪਾਤਰ ਨਾਲ ਬਿਤਾਏ ਇਹ ਸੱਤ ਦਿਨ ਮੇਰੀ ਜ਼ਿੰਦਗੀ ਦੇ ਯਾਦਗਾਰੀ ਦਿਨ ਬਣ ਗਏ।

ਆਖ਼ਰ ਸਤਾਰਾਂ ਅਗਸਤ 2019 ਦਾ ਦਿਨ ਆ ਗਿਆ। ਸੁਪਨ ਨੇ ਵੱਖ ਵੱਖ ਰੇਡੀਓ ਪ੍ਰੋਗਰਾਮਾਂ ’ਤੇ ਆਪ ਤੇ ਸਾਨੂੰ ਦੋਵਾਂ ਨੂੰ ਲਿਜਾ ਕੇ ਕਈ ਇੰਟਰਵੀਊ ਕਰਵਾਈਆਂ। ਕਨੇਡਾ ਵਿਚ ‘ਪਾਤਰ ! ਪਾਤਰ !” ਹੋ ਚੁੱਕੀ ਸੀ। ਦਰਸ਼ਕ ਹੁੰਮ ਹੁਮਾ ਕੇ ਸਮੇਂ ਤੋਂ ਪਹਿਲਾਂ ਪਹੁੰਚਣ ਲੱਗੇ ਸਨ। ਸੁਪਨ ਅਤੇ ਉਹਦੇ ਸਾਥੀਆਂ ਨੇ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਸਨ।

ਜਦੋਂ ਸੱਜੀ ਹੋਈ ਸਟੇਜ ਦੇ ਪਿਛਲੇ ਪਾਸਿਉਂ ਸੁਰਜੀਤ ਪਾਤਰ ਅਤੇ ਮੈਨੂੰ ਸਟੇਜ ਉੱਤੇ ਪਹੁੰਚਾਇਆ ਗਿਆ ਤਾਂ ਸਾਰਾ ਹਾਲ ਖਚਾ-ਖਚ ਭਰਿਆ ਹੋਇਆ ਸੀ। ਸਟੇਜ ਨੂੰ ਰੰਗ -ਬ-ਰੰਗੇ ਪਰਦਿਆਂ ਤੇ ਫੁੱਲਾਂ ਨਾਲ ਬੜੇ ਹੀ ਕਰੀਨੇ ਨਾਲ ਸਜਾਇਆ ਗਿਆ ਸੀ। ਸਰੋਤਿਆਂ ਦੇ ਸਾਹਮਣੇ ਖੱਬੇ ਹੱਥ ਸੁਰਜੀਤ ਪਾਤਰ ਵੱਡੀ ਕੁਰਸੀ ’ਤੇ ਬਿਰਾਜਮਾਨ ਹੋ ਗਿਆ। ਉਹਦੇ ਖੱਬੇ ਹੱਥ ਵਿਛੇ ਗਲੀਚਿਆਂ ’ਤੇ ਗਾਇਕਾਂ ਵਾਸਤੇ ਬਹਿਣ ਤੇ ਗਾਉਣ ਲਈ ਆਰਾਮਦਾਇਕ ਵਿਛੌਣਾ ਵਿਛਾਇਆ ਹੋਇਆ ਸੀ ਤੇ ਏਥੇ ਉਪਕਾਰ, ਮਨਰਾਜ ਅਤੇ ਮੋਹਿਸਨ ਬੈਠੇ ਸਨ। ਉਹਨਾਂ ਦੇ ਖੱਬੇ ਹੱਥ ਨਦੀਮ ਅਤੇ ਉਹਦੇ ਸਾਜ਼ਿੰਦਿਆਂ ਦੀ ਟੀਮ ਸੱਜੀ ਬੈਠੀ ਸੀ। ਉਹਨਾਂ ਦੇ ਖੱਬੇ ਹੱਥ ਤੇ ਦਰਸ਼ਕਾਂ ਦੇ ਐਨ ਸਾਹਮਣੇ ਸੱਜੇ ਹੱਥ ਮੇਰੀ ਕੁਰਸੀ ਸੀ। ਸਾਡੇ ਬਹਿੰਦਿਆਂ ਹੀ ਹਾਲ ਵਿਚ ਖ਼ਾਮੋਸ਼ੀ ਛਾ ਗਈ।

ਹੁਣ ਸੁਪਨ ਸੰਧੂ ਸਟੇਜ ’ਤੇ ਆਇਆ ਤੇ ਆਪਣੇ ਹੱਥ ਵਿਚ ਮਾਈਕ ਲੈਂਦਿਆਂ ਉਹਨੇ ਆਏ ਦਰਸ਼ਕਾਂ ਤੋਂ ਪ੍ਰੋਗਰਾਮ ਕੁਝ ਲੇਟ ਸ਼ੁਰੂ ਕਰਨ ਦੀ ਮੁਆਫ਼ੀ ਮੰਗਦਿਆਂ, ਸਾਰੇ ਪ੍ਰੋਗਰਾਮ ਦੀ ਰੂਪ ਰੇਖਾ ਪੇਸ਼ ਕਰਦਿਆਂ ਸੁਰਜੀਤ, ਪਾਤਰ, ਮਨਰਾਜ, ਉਪਕਾਰ, ਮੋਹਸਿਨ

ਸ਼ੌਕਤ ਅਲੀ ਦੀ ਜਾਣ-ਪਛਾਣ ਕਰਵਾ ਕੇ ਕਿਹਾ:-

ਸੋ ਸਟੇਜ ਤੇ ਬਿਰਾਜਮਾਨ ਚਿਰਾਗਾਂ ਦੀ ਇਸ ਰੰਗ-ਰੱਤੀ ਡਾਰ ਨੂੰ ਖੁੱਲੀਆਂ ਬਾਹਵਾਂ ਤੇ ਡੁੱਲ੍ਹਦੀ ਮੁਹੱਬਤ ਨਾਲ ਇਕ ਵਾਰ ਫੇਰ ਜ਼ੋਰਦਾਰ ਤਾੜੀਆਂ ਨਾਲ ਰੱਜਵੀ ਜੀ ਆਇਆਂ ਆਖਦੇ ਹਾਂ।

ਹੋਰਾਂ ਨਾਲ ਹਸੰਦੀ ਖਿਡੰਦੀ, ਸ਼ਹੁ ਨਾਲ ਘੁੰਗਟ ਕੇਹਾ
ਚਾਰੇ ਨੈਣ ਗਡਾਵਡ ਹੋਏ, ਵਿਚ ਵਿਚੋਲਾ ਕੇਹਾ।

ਮੈਂ ਇਹਨਾਂ ਸ਼ਬਦਾਂ ਨਾਲ ਇਹ ਵਿਚੋਲਗੀ ਖ਼ਤਮ ਕਰ ਕੇ ਸਟੇਜ ਸੰਧੂ ਸਾਹਿਬ ਨੂੰ ਸੌਂਪਦੇ ਹਾਂ।

ਸੁਪਨ ਦੇ ਬੋਲਣ ਤੋਂ ਬਾਅਦ ਸਾਰਾ ਹਾਲ ਸੁਆਗਤੀ ਤਾੜੀਆਂ ਨਾਲ ਗੂੰਜ ਉੱਠਿਆ।

ਉਸਤੋਂ ਬਾਅਦ ਸਟੇਜ ਮੇਰੇ ਕੋਲ ਸੀ। ਮੈਂ ਆਪਣੇ ਅੰਦਾਜ਼ ਵਿਚ ਭੂਮਿਕਾ ਬੰਨ੍ਹੀ। ਅਜਿਹੀ ਭੂਮਿਕਾ ਦੇ ਹਵਾਲੇ ਤੁਸੀਂ ਪਹਿਲਾਂ ਵੀ ਪੜ੍ਹ ਚੁੱਕੇ ਹੋ। ਹੈ ਤਾਂ ਆਪਣੇ ਮੂੰਹੋਂ ਮੀਆਂ ਮਿੱਠੂ ਬਣਨ ਵਾਲੀ ਗੱਲ ਹੀ, ਪਰ ਮੇਰੇ ਭੂਮਿਕਾਈ ਸ਼ਬਦ ਬੋਲਦਿਆਂ ਵੀ ਚਾਰ-ਪੰਜ ਵਾਰ ਤਾੜੀਆਂ ਗੜਗੜਾਈਆਂ। ਮੈਂ ਦਰਸ਼ਕਾਂ ਨੂੰ ਕਾਬੂ ਕਰ ਲਿਆ ਸੀ। ਤਸੱਲੀ ਨਾਲ ਮੈਂ ਸੁਰਜੀਤ ਪਾਤਰ ਨੂੰ ਪਹਿਲਾ ਸਵਾਲ ਕਰਦਿਆਂ ਮਾਈਕ ਦੀ ਸੌਂਪਣਾ ਕੀਤੀ। ਹੁਣ ਪਾਤਰ ਦੇ ਸ਼ਬਦਾਂ ਤੇ ਸ਼ਾਇਰੀ ਦਾ ਜਾਦੂ ਦਰਸ਼ਕਾਂ ਦੇ ਸਿਰ ਚੜ੍ਹ ਕੇ ਬੋਲਣ ਲੱਗਾ। ਜਿੱਥੇ ਉਸਨੇ ਗੱਲ ਮੁਕਾਈ, ਉਥੋਂ ਹੀ ਮਨਰਾਜ ਨੇ ਆਪਣੇ ਹਿੱਸੇ ਦੀ ਗਜ਼ਲ ਗਾਉਣੀ ਸੀ। ਮੈਂ ਮਨਰਾਜ ਬਾਰੇ ਆਪਣੇ ਵਿਚਾਰ ਸਾਂਝੇ ਕਰ ਕੇ ਉਹਨੂੰ ਗ਼ਜ਼ਲ ਗਾਉਣ ਦਾ ਸੱਦਾ ਦਿੱਤਾ। ਮਨਰਾਜ ਦੀ ਗਾਇਕੀ ਦੀ ਤਾਜ਼ਗੀ ਨੇ ਦਰਸ਼ਕਾਂ ਦੇ ਦਿਲ-ਮਨ ਤਾਜ਼ੇ ਕਰ ਦਿੱਤੇ।

ਫਿਰ ਇਹ ਸਿਲਸਿਲਾ ਚੱਲ ਸੋ ਚੱਲ ਚੱਲਿਆ। ਮੇਰੇ ਸਵਾਲ, ਪਾਤਰ ਦੀ ਗੱਲਬਾਤ ਵਿਚ ਹੁਸਨ ਤੇ ਗਾਇਕਾਂ ਦੀ ਗਾਇਕੀ ਦਾ ਤਪ-ਤੇਜ਼ ਸਰੋਤਿਆਂ ਦੇ ਮਨ-ਮਸਤਕ ਵਿਚ ਬਹਿ ਗਿਆ। ਵਾਰ ਵਾਰ ਵੱਜਦੀਆਂ ਤਾੜੀਆਂ ਇਸਦਾ ਸਬੂਤ ਸਨ। ਲਗਭਗ ਸਾਢੇ ਚਾਰ ਘੰਟੇ ਚੱਲੇ ਪ੍ਰੋਗਰਾਮ ਵਿਚ ਕਿਸੇ ਦੇ ਕੁਸਕਣ ਤੱਕ ਦੀ ਆਵਾਜ਼ ਨਾ ਆਈ। ਪ੍ਰੋਗਰਾਮ ਦੀ ਸਮਾਪਤੀ ਬਾਅਦ ਵੀ ਲੋਕ ਬੈਠੇ ਰਹੇ। ਸੁਰਜੀਤ ਪਾਤਰ ਅਤੇ ਗਾਇਕਾਂ ਦਾ ਸਨਮਾਨ ਕੀਤਾ ਗਿਆ। ਸੁਪਨ ਨੇ ਆਏ ਸਰੋਤਿਆਂ ਦਾ ਸਾਥ ਤੇ ਸਹਿਯੋਗ ਦੇਣ ਲਈ ਧੰਨਵਾਦ ਕੀਤਾ।

ਸੁਰਜੀਤ ਪਾਤਰ ਦਾ ਇਹ ਪ੍ਰੋਗਰਾਮ ਯਾਦਗਾਰੀ ਬਣ ਗਿਆ ਸੀ। ਇਤਿਹਾਸ ਸਿਰਜਿਆ ਗਿਆ ਸੀ। ਨਾ ਚਾਹੁੰਦੇ ਹੋਏ ਵੀ ਲੋਕ ਅਣਰੱਜੇ ਮਨ ਨਾਲ ਜਾਣ ਲਈ ਉੱਠ ਖਲੋਤੇ। ਬਾਹਰ ਪਾਤਰ ਨੂੰ ਮਿਲਣ ਵਾਲਿਆਂ ਨੇ ਉਹਦੇ ਦੁਆਲੇ ਝੁਰਮਟ ਪਾਇਆ ਹੋਇਆ ਸੀ।

ਇਸ ਯਾਦਗਾਰੀ ਸਮਾਗਮ ਦੀਆਂ ਖ਼ਬਰਾਂ ਟਰਾਂਟੋ ਦੇ ਅਖ਼ਬਾਰਾਂ ਨੇ ਤਸਵੀਰਾਂ ਸਮੇਤ ਛਾਪੀਆਂ।

ਇਹ ਸਮਗਮ ਸਰੋਤਿਆਂ ਦੇ ਦਿਲਾਂ ਵਿਚ ਸਦੀਵੀ ਯਾਦ ਛੱਡ ਗਿਆ।

ਸਾਡਾ, ਤੁਹਾਡਾ ਸਭ ਦਾ ਪਾਤਰ
ਪਾਤਰ ਨੂੰ ਅਸੀਂ ਮੁਹੱਬਤ ਕਿਉਂ ਕਰਦੇ ਹਾਂ!

ਇਸ ਕਰ ਕੇ ਕਰਦੇ ਹਾਂ ਕਿਉਂਕਿ ਉਹਦੀ ਸ਼ਾਇਰੀ ਸਾਡੇ ਦਿਲ ਦੀ ਆਵਾਜ਼ ਹੈ ਸਾਨੂੰ ਲੱਗਦਾ ਹੈ ਕਿ ਇਹ ਗੱਲ ਤਾਂ ਅਸੀਂ ਕਹਿਣੀ ਸੀ। ਆਪਣੇ ਦਰਦ ਦੀ ਇਹ ਦਾਸਤਾਨ ਤਾਂ ਅਸੀਂ ਸੁਣਾਉਣੀ ਸੀ !

ਪਰ ਪਾਤਰ ਨੇ ਸਾਡੇ ਦਿਲ ਦੇ ਦਰਦ ਨੂੰ, ਸਾਡੇ ਦਿਲ ਦੇ ਦੁੱਖ ਨੂੰ , ਜਿਵੇਂ ਸਮਝਿਆ, ਜਿੰਨੇ ਖੂਬਸੂਰਤ ਅੰਦਾਜ਼ ਵਿੱਚ ਬਿਆਨਿਆ ਹੈ, ਉਸੇ ਕਰਕੇ ਹੀ ਸਾਡਾ ਪਾਤਰ ਦੇ ਵਾਰੇ ਵਾਰੇ ਜਾਣ ਨੂੰ ਦਿਲ ਕਰਦਾ ਹੈ ਕਿਉਂਕਿ ਇਹ ਸ਼ਾਇਰੀ ਸਾਡੇ ਦਿਲ ਦੀ ਜ਼ਬਾਨ ਹੈ।

ਅਸਲ ਵਿੱਚ ਲੇਖਕ ਦਾ ਇਹੋ ਫਰਜ਼ ਬਣਦਾ ਹੈ ਕਿ ਉਹ 'ਤੇਰਾ ਤੇਰਾ ਤੋਲੇ', ਲੋਕਾਂ ਦਾ ਹੋ ਜਾਵੇ ਤੇ ਲੋਕਾਂ ਦਾ ਤਾਂ ਹੀ ਕੋਈ ਹੋ ਸਕੇਗਾ ਜੇ ਲੋਕਾਂ ਦੇ ਦਿਲਾਂ ਦੇ ਦੁੱਖਾਂ ਤੇ ਦਰਦਾਂ ਨੂੰ ਪਛਾਣੇ, ਮਹਿਸੂਸ ਕਰ ਕੇ ਆਪਣੇ ਦਿਲ ਦੇ ਨਾਲ ਲਾ ਕੇ ਉਸ ਦੁੱਖ ਦਾ ਬਿਆਨ ਕਰੇ।

ਜਿਹੜੇ ਲੋਕ ਆਪਣੇ ਦਿਲ ਨੂੰ ਦੁੱਖ ਜਿਹਾ ਲਾ ਕੇ ਹੌਲੀ ਹੌਲੀ ਰੋਜ਼ ਮਰਦੇ ਸਨ, ਪਾਤਰ ਨੇ ਉਹਨਾਂ ਦੇ ਦੁੱਖ ਬਾਰੇ ਲਿਖ ਕੇ ਉਹਨਾਂ ਨੂੰ ਜਿਉਣ ਜੋਗਾ ਕਰ ਦਿੱਤਾ। ਉਹਨੇ ਲੋਕਾਂ ਦੇ ਦਿਲ ਦੇ ਦੁੱਖ ਨੂੰ ਆਪਣੇ ਦਿਲ ਨਾਲ ਲਾ ਕੇ ਇਸ ਖੂਬਸੂਰਤੀ ਨਾਲ ਬਿਆਨ ਕੀਤਾ ਕਿ ਸਾਨੂੰ ਲੱਗਦਾ ਹੈ, ਇਹ ਤਾਂ ਸਾਡੀ ਗੱਲ ਹੋ ਰਹੀ ਹੈ। ਸਾਧਾਰਨ ਬੰਦੇ ਅੰਦਰ ਬਹੁਤ ਕੁਝ ਹੁੰਦਾ, ਪਰ ਉਹਨੂੰ ਕਹਿਣਾ ਨਹੀਂ ਆਉਂਦਾ। ਬੰਦੇ ਅੰਦਰ ਬਹੁਤ ਸਾਰੇ ਅਨਾਰ ਚੱਲਦੇ ਨੇ, ਜਿਹੜੇ ਉਹ ਚਾਹੁੰਦਾ ਕਿ ਮੈਂ ਆਪਣੇ ਲਫਜ਼ਾਂ ਰਾਹੀਂ ਬਾਹਰ ਕੱਢਾਂ। ਹੋਠਾਂ ’ਤੇ ਲਿਆ ਕੇ ਬੋਲ ਬਣਾਵਾਂ, ਕਾਗ਼ਜ਼ ’ਤੇ ਲਿਖ ਕੇ ਆਪਣੇ ਅੰਦਰ ਦੀ ਰੌਸ਼ਨੀ ਬਾਹਰ ਲੋਕਾਂ ਤੱਕ ਲੈ ਜਾਵਾਂ ਪਰ ਸਧਾਰਨ ਬੰਦੇ ਦਾ ਇਹ ਦੁੱਖ ਹੁੰਦਾ ਹੈ, ਇਹ ਸੀਮਾ ਹੁੰਦੀ ਹੈ ਕਿ ਉਹਦਾ ਅਨਾਰ ਉਹਦੇ ਅੰਦਰ ਹੀ ਚੱਲ ਕੇ ਬੁੱਝ ਜਾਂਦਾ। ਉਹਦੇ ਵਿੱਚੋਂ ਕਿਤੇ ਕਿਤੇ ਇੱਕ ਅੱਧਾ ਚੰਗਿਆੜਾ ਹੀ ਬਾਹਰ ਨਿਕਲ ਸਕਦਾ। ਪਰ ਪਾਤਰ ਨੇ ਲੋਕਾਂ ਦੇ ਦਿਲਾਂ ਦੇ ਅੰਦਰ ਬੈਠ ਕੇ, ਉਹਨਾਂ ਅੰਦਰ ਬੁਝ ਗਏ ਅਨਾਰ ਨੂੰ ਆਪਣੀ ਸੰਵੇਦਨਾ ਤੇ ਸ਼ਬਦਾਂ ਦੀ ਚੰਗਿਆੜੀ ਲਾ ਕੇ ਇਸ ਤਰੀਕੇ ਨਾਲ ਬਾਹਰ ਲੈ ਆਂਦਾ ਕਿ ਸਾਰੇ ਪਾਸੇ ਰਿਮ ਝਿਮ ਹੋਣ ਲੱਗੀ। ਜ਼ਿੰਦਗੀ ਦੀਆਂ ਕਈ ਹਨੇਰੀਆਂ ਕੁੰਦਰਾਂ ਲਿਸ਼ਕਣ ਲੱਗੀਆਂ। ਸੁਣਨ ਪੜ੍ਹਨ ਵਾਲੇ ਬੰਦੇ ਦੀ ਰੂਹ ਵੀ ਸਰਸ਼ਾਰ ਹੋ ਗਈ।

ਏਸੇ ਕਰ ਕੇ ਅਸੀਂ ਕਹਿੰਦੇ ਹਾਂ, ਪਾਤਰ ਸਾਡਾ ਹੈ, ਤੁਹਾਡਾ ਹੈ, ਸਭ ਦਾ ਹੈ।

ਪਾਤਰ ਨਾਲ ਕੀਤੇ ਜਾਣ ਵਾਲੇ ਅਜਿਹੇ ਸੰਗੀਤ ਸਮਾਗਮਾਂ ਬਾਰੇ ਪਾਤਰ ਦਾ ਕਹਿਣਾ ਸੀ:-

ਜਦੋਂ ਅਸੀਂ ਅਜਿਹੇ ਸਮਾਗਮਾਂ ਵਿਚ ਮਿਲਦੇ ਹਾਂ ਤਾਂ ਇਹ ਮਿਲਣ-ਸਥਾਨ ਵੀ ਇੱਕ ਤਰ੍ਹਾਂ ਦੇ ਤੀਰਥ ਅਸਥਾਨ ਬਣ ਜਾਂਦੇ ਹਨ, ਜਿੱਥੇ ਬੈਠ ਕੇ ਅਸੀਂ ਇਕੱਠੇ ਹੱਸਦੇ ਤੇ ਇਕੱਠੇ ਰੋਂਦੇ ਆਂ। ਇੱਕ ਹੰਝੂ, ਇੱਕ ਹਾਸਾ ਇੱਕ ਤੀਰਥ ਬਣਦੇ ਆ, ਜਿੱਥੇ ਅਸੀਂ ਆਪਣੇ ਆਪਣੇ ਦੁੱਖ ਉਦੋਂ ਵਿਸਾਰ ਚੁੱਕੇ ਹੁੰਦੇ ਆਂ। ਉਥੇ ਇੱਕ ਸਾਂਝੇ ਦਰਦ, ਇੱਕ ਸਾਂਝੀ ਖੁਸ਼ੀ, ਸਾਂਝੇ ਵਿਸਮਾਦ ਵਿੱਚ ਬੈਠੇ ਹੁੰਦੇ ਆਂ। ਉਹ ਘੜੀ ਵਾਕਿਆ ਬਹੁਤ ਪਾਵਨ ਤੇ ਪਵਿੱਤਰ ਘੜੀ ਹੁੰਦੀ ਹੈ, ਜਦੋਂ ਅਸੀਂ ਉਸ ਤਰ੍ਹਾਂ ਦੇ ਮਾਹੌਲ ’ਚ ਬੈਠਦੇ ਆਂ।

ਮੇਰੇ ਸਾਰੇ ਤੌਖ਼ਲੇ ਦੂਰ ਹੋ ਗਏ ਨੇ ਕਿ ਪੰਜਾਬੀ ਮਰ ਜਾਊਗੀ ਜਾਂ ਸੰਗੀਤ ਮਰ ਜਾਊਗਾ।

ਇਸ ਮਾਹੌਲ ਨੂੰ ਦੇਖ ਕੇ ਮੈਂ ਸਮਝਦਾ ਹਾਂ ਕਿ ਪੰਜਾਬੀ ਦੀ ਮਿਸ਼ਾਲ, ਪੰਜਾਬੀ ਦੇ ਚਿਰਾਗ ਹਮੇਸ਼ਾ ਜਗਦੇ ਰਹਿਣਗੇ। ਸੁਪਨ ਤੇ ਮਨਰਾਜ ਵਰਗੇ ਇਹਨਾਂ ਬੱਚਿਆਂ ਦੀ ਮਾਰਫ਼ਤ, ਇਸ ਨਵੀਂ ਪੁਸ਼ਤ ਦੇ ਪਿਆਰ ਨਾਲ ਉਹ ਜਗਦੇ ਰਹਿਣਗੇ। ਸੁਪਨ ਨੂੰ ਬਹੁਤ ਬਹੁਤ ਪਿਆਰ ਤੇ ਅਸ਼ੀਰਵਾਦ!

ਮੈਂ ਕਦੀ ਸ਼ੇਅਰ ਲਿਖਿਆ ਸੀ ਕਿ 'ਚਾਹਵਾਂ ਨੈਣਾ ਤੇਰਿਆਂ ਵਿੱਚ ਦੇਖਦਾ ਜਾਵਾਂ, ਮੈਂ ਅਜੇ ਜਿਉਂਦਾ ਹਾਂ ਜਾਂ ਕਿ ਮਰ ਗਿਆ ਹਾਂ',

ਕਿੰਨੇ ਸੂਰਜ ਡੁੱਬੇ ਮੇਰੇ ਸੀਨੇ ਵਿੱਚ, ਚਾਨਣ ਚਾਹੀਦਾ ਤਾਂ ਹਿਰਦਾ ਖੋਲ੍ਹਾਂ ਮੈਂ। ਕਵਿਤਾ ਅਕਸਰ ਕਵੀ ਨੂੰ ਕਹਿੰਦੀ ਰਹਿੰਦੀ ਹੈ, ਕਵੀਆ ਜੇ ਤੂੰ ਚੁੱਪ ਕਰੇ ਤਾਂ ਬੋਲਾ ਮੈਂ।

ਮੈਂ ਤੇਰੇ ਦਰਦ ਨੂੰ ਤੇਰੀ ਕਿਤਾਬ ਤੱਕ ਦੇਖਾਂ,
ਤੇ ਉਸ ਕਿਤਾਬ ਨੂੰ ਫਿਰ ਇਨਕਲਾਬ ਤੱਕ ਦੇਖਾਂ।
ਤੂੰ ਮੈਨੂੰ ਮਿੱਟੀ ਬਣਾਇਆ ਤਾਂ ਇਹ ਅਸੀਸ ਵੀ ਦੇ,
ਮੈਂ ਉਗਦੇ ਬੀਜ ਨੂੰ ਖਿੜਦੇ ਗੁਲਾਬ ਤੱਕ ਦੇਖਾਂ।
ਤੂੰ ਕਾਲੇ ਚਸ਼ਮੇ ਨਾ ਲਾਹੇ ਤੇ ਨਮੇਰੀ ਰੀਝ ਰਹੀ,
ਮੈਂ ਤੇਰੇ ਨੈਣ ਤਾਂ ਕੀ ਤੇਰੇ ਖਾਬ ਤੱਕ ਦੇਖਾਂ।
ਮੈਂ ਪਾਏ ਪੂਰਨੇ ਤੇਰੇ ਲਈ ਤੇ ਦਿਲ 'ਚ ਕਿਹਾ,
ਮੈਂ ਤੇਰੇ ਤੋਤਲੇ ਅੱਖਰ ਕਿਤਾਬ ਤੱਕ ਦੇਖਾਂ।

ਇੰਝ ਨੈਣਾਂ 'ਚ ਆਪਣੀ ਹਸਤੀ ਨੂੰ ਦੇਖਣਾ ਆਪਣੇ ਆਪ ਨੂੰ ਦੇਖਣਾ ਆਪਣੀ ਹੋਂਦ ਨੂੰ ਦੇਖਣਾ ਬਹੁਤ ਚੰਗਾ ਲੱਗਦਾ ਹੈ।

ਮੈਂ ਲਿਖਿਆ ਸੀ ਕਿ ਚਾਹਵਾਂ ਨੈਣਾ ਤੇਰਿਆਂ ਵਿੱਚ ਦੇਖ ਆਵਾਂ ਕਿ ਮੈਂ ਅਜੇ ਜਿਉਂਦਾ ਹਾਂ ਜਾਂ ਕਿ ਮਰ ਗਿਆ ਹਾਂ।

ਪਹਿਲਾਂ ਤਾਂ ਤੁਹਾਡੀ ਜ਼ਿਦ ਹੁੰਦੀ ਏ ਕਿ ਮੈਂ ਕਵੀ ਬਣਨਾ ਜਾਂ ਮੈਂ ਸੰਗੀਤਕਾਰ ਬਣਨਾ ਤੇ ਮੇਰੇ 'ਤੇ ਵੀ ਇਹ ਮਰਹਲਾ ਆਇਆ ਮੈਂ ਬਹੁਤ ਤਰਲੇ ਵੀ ਲਏ ਕਿ ਮੈਂ ਕਿੱਦਾਂ ਲਿਖਾਂ? ਮੈਂ ਕੀ ਲਿਖਾਂ? ਮੇਰੇ ਅੰਦਰ ਇੱਕ ਤੜਪ ਰਹੀ ਤੇ ਮੈਂ ਇੱਕ ਖੂਹ ਪੁੱਟਦਾ ਰਿਹਾ। ਪਹਿਲਾਂ ਮਿੱਟੀ ਆਉਂਦੀ ਰਹੀ, ਪਰ ਅਖੀਰ ਇੱਕ ਦਿਨ ਕਈ ਸਾਲਾਂ ਬਾਅਦ ਲੱਗਿਆ ਕਿ ਇਹ ਪਾਣੀ ਵਰਗੀ ਚੀਜ਼ ਹੈ ਹੇਠਾਂ। ਜਿਹੜੀ ਮੇਰੇ ਦਿਲ ਦੀ ਗੱਲ ਹੈ, ਮੇਰੇ ਦਿਲ 'ਚ ਜੋ ਹੈ, ਉਹ ਕਹਿਣਾ ਚਾਹੁੰਦਾਂ ਉਸ ਬਾਰੇ ਮੈਂ ਹਮੇਸ਼ਾ ਏਦਾਂ ਸੋਚਿਆ ਮੇਰਾ ਸ਼ਿਅਰ ਸੀ ਕਿ 'ਲੱਖ ਸਫ਼ਾ ਮੈਂ ਖੋਲ੍ਹਿਆ, ਕਿਤਿਓਂ ਵੀ ਨਾ ਲੱਭਿਆ ਤਾਂ ਹੀ ਲਿਖਣਾ ਪੈ ਗਿਆ ਆਪਣੇ ਜੀ ਦਾ ਹਾਲ!'

ਮੈਂ ਬਹੁਤ ਕਿਤਾਬਾਂ ਪੜ੍ਹਦਾ। ਜਦੋਂ ਮੈਂ ਕਾਲਜ ਜਾਂਦਾ ਤਾਂ ਮੈਨੂੰ ਜਿਵੇਂ ਭੁੱਖ ਲੱਗੀ ਹੋਈ ਸੀ ਪੜ੍ਹਨ ਦੀ। ਮੈਂ ਇੱਕ ਕਿਤਾਬ ਲੈ ਜਾਣੀ, ਉਹਨੂੰ ਪੜ੍ਹ ਕੇ ਦੂਸਰੀ ਕਿਤਾਬ ਲੈ ਜਾਣੀ। ਉਹੀ ਪੋਇਟ, ਜੋ ਮੈਂ ਪੜ੍ਹੇ, ਮੇਰੇ ਉਸਤਾਦ ਸਨ। ਲੋਕ ਪੁੱਛਦੇ ਨੇ ਮੈਨੂੰ ਕਿ ਤੁਹਾਡਾ ਉਸਤਾਦ ਕੌਣ ਆ? ਮੈਂ ਕਹਿੰਦਾਂ, ਮੇਰੀ ਯਾਦ ਹੀ ਮੇਰਾ ਉਸਤਾਦ ਹੈ! ਜਾਂ ਮੇਰੀ ਪਰੰਪਰਾ ਹੀ ਮੇਰੀ ਉਸਤਾਦ ਆ। ਮੈਨੂੰ ਪਤਾ ਨਹੀਂ ਕੌਣ ਕੌਣ ਉਸ ਦੇ ਵਿੱਚ ਸ਼ਾਮਿਲ ਹੈ, ਜਿੱਥੋਂ ਮੈਂ ਸਿੱਖਿਆ ਤੇ

ਉਹ ਜਿਹੜੀ ਇੱਕ ਨਿਰੰਤਰ ਵਗਦੀ ਨਦੀ ਸੀ, ਉਹਦੇ ਨਾਲ ਜੁੜਿਆ ਪਹਿਲਾਂ। ਮੇਰੇ ਵਜੂਦ ਵਿੱਚ ਗੁਰੂ ਸਾਹਿਬਾਨ ਨੇ, ਸੂਫੀਆਂ ਦਾ ਕਲਾਮ ਹੈ, ਕਿੱਸਾਕਾਰਾਂ ਦਾ ਕਲਾਮ ਹੈ ਮੇਰੇ ਤੋਂ ਪਹਿਲਾਂ ਦੇ ਸਾਰੇ ਕਵੀਆਂ ਦਾ ਕਲਾਮ ਹੈ। ਇੱਕ ਤਰ੍ਹਾਂ ਦਾ ਦਰਿਆ ਮੇਰੇ ਕੋਲ ਆਉਂਦਾ ਹੈ। ਮੈਂ ਉਹਨੂੰ ਸੀਨੇ ਵਿੱਚ ਸਮੋਇਆ ਤਾਂ ਮੈਂ ਕੁਝ ਕਹਿਣ ਦੇ ਕਾਬਿਲ ਹੋਇਆ।

ਦੂਜੀ ਗੱਲ ਇਹ ਹੁੰਦੀ ਕਿ ਮੈਂ ਜਿਦਾਂ ਸਾਡੇ ਦਿਲ ਦੀ ਗੱਲ ਹੈ, ਮੈਨੂੰ ਲੱਗਦਾ ਕਿ ਅਸੀਂ ਸਾਰੇ ਕਿਤੋਂ ਕੋਈ ਜਗ੍ਹਾ ਹੈ, ਜਿੱਥੇ ਅਸੀ ਸਾਰੇ ਇੱਕੋ ਜਿਹੇ ਆਂ ਮੈ ਕਹਿੰਦਾਂ ਕਿ ਹਰ ਬੰਦਾ ਇੱਕ ਸਾਜ਼ ਹੈ, ਇੱਕ ਮਿਊਜਿਕਲ ਇੰਸਟਰੂਮੈਂਟ ਆ। ਹਰ ਬੰਦੇ ਵਿਚ ਸੁਰਾਂ ਉਹੀ ਨੇ, ਸਾ ਰੇ ਗਾ ਮਾ। ਸਾਡੀਆਂ ਸੁਰਾਂ ਹੈਗੀਆਂ ਕਿ ਪਿਆਰ, ਮਿਲਾਪ, ਕਾਮਨਾ, ਮਮਤਾ, ਖੌਫ਼, ਨਿਆ ਵਗ਼ੈਰਾ। ਉਹੀ ਸੁਰਾਂ ਨੇ ਜਿਹੜੀਆਂ ਮੇਰੇ ਅੰਦਰ ਨੇ, ਉਹੋ ਹਰ ਬੰਦੇ ਅੰਦਰ ਨੇ। ਇਹ ਤਾਂ ਹੀ ਹੁੰਦਾ ਕਿ ਸਦੀਆਂ ਪੁਰਾਣੀ ਲਿਖੀ ਕਵਿਤਾ ਵੀ ਪੁਰਾਣੀ ਨਹੀਂ ਲੱਗਦੀ ਜਾਂ ਕਿਸੇ ਹੋਰ ਦੇਸ਼ 'ਚ ਲਿਖੀ ਕਵਿਤਾ, ਗਰੀਕ ਯੂਨਾਨ ਦੇ ਨਾਟਕ, ਸਾਡੇ ਨੇ। ਉਹਦਾ ਕਾਰਨ ਇਹ ਹੈ ਕਿ ਅਸੀਂ ਸਾਰੇ ਅਸਲ ਚ ਸਾਜ਼ ਆਂ ਇੱਕੋ ਜਿਹਾ। ਇਸੇ ਕਰਕੇ ਜਦੋਂ ਅਸੀਂ ਆਪਣੇ ਦਿਲ ਦੀ ਵੀ ਗੱਲ ਕਰਦੇ ਆਂ ਕਿ ਮੈਨੂੰ ਆਹ ਹੋ ਰਿਹਾ ਉਹ ਜੇ ਬਹੁਤ ਆਪਾਂ ਗਹਿਰੇ ਦਿਲੋਂ ਲਿਖੀਏ ਤਾਂ ਸਾਰਿਆਂ ਨੂੰ ਉਹੋ ਕੁਝ ਹੋ ਰਿਹਾ ਹੁੰਦਾ।

ਅਸਲ ਚ ਗੱਲ ਤਾਂ ਆਪਣੇ ਦਿਲ 'ਚ ਉਤਰਨ ਦੀ ਹੁੰਦੀ ਹੈ। ਜਿਹੜੀ ਆਵਾਜ਼ ਹੈ, ਆਪਣੇ ਦਿਲ ਦੀ, ਮੈਂ ਉਹਨੂੰ ਕਹਿੰਦਾ ਚੁੱਪ ਦੀ ਆਵਾਜ਼ ਸੁਣੋ! ਕਵੀ ਬਹੁਤ ਬੋਲਦਾ, ਲੇਕਿਨ ਕਵਿਤਾ ਅੰਦਰਲੇ ਨੂੰ ਸੁਣਨ ਦੀ ਕੋਸ਼ਿਸ਼ ਹੁੰਦੀ ਏ। ਖ਼ਲੀਲ ਜਿਬਰਾਨ ਦਾ ਇੱਕ ਵਾਕ ਆ, ਉਹ ਕਹਿੰਦਾ ਕਿ ਸਾਡੇ ਸਭ ਤੋਂ ਮਹਾਨ ਗੀਤਕਾਰ ਉਹ ਆ ਜਿਹੜੇ ਸਾਡੀਆਂ ਖਾਮੋਸ਼ੀਆਂ ਨੂੰ ਗਾਉਂਦੇ ਨੇ! ਸੋ ਸਾਡੇ ਰੌਲੇ ਨੂੰ ਗਾਉਣ ਵਾਲੇ ਤਾਂ ਬਹੁਤ ਨੇ। ਪਰ ਸਾਡੀ ਖਾਮੋਸ਼ੀਆਂ ਨੂੰ ਗਾਉਣ ਵਾਲਾ ਕੋਈ ਕੋਈ ਘੱਟ ਹੁੰਦਾ। ਮੈਂ ਹੁਣ ਜਿਦਾਂ ਇਹ ਵੀ ਕਿਹਾ ਸੀ ਕਵੀ ਕਵਿਤਾ ਦੀਆਂ ਖਾਮੋਸ਼ੀਆਂ ਨੂੰ ਕੱਢ ਕੇ ਬਾਹਰ ਲੈ ਆਉਂਦਾ। ਮੈਂ ਕਦੇ ਕਿਹਾ ਸੀ ਕਿ ਕਵਿਤਾ ਕਵੀ ਨੂੰ ਕਹਿੰਦੀ ਹੈ, 'ਕਵੀਆ! ਤੂੰ ਚੁੱਪ ਕਰੇਂ ਤਾਂ ਮੈਂ ਬੋਲਾਂ!"

ਸਭ ਤੋਂ ਪਹਿਲਾਂ 'ਅੰਮ੍ਰਿਤ' ਤਾਂ ਮਰਦਾਨੇ ਨੇ ਛਕਿਆ ਸੀ! -ਸੁਰਜੀਤ ਪਾਤਰ

25-26 ਅਗਸਤ 2012 ਵਿਸ਼ਵ ਸਾਹਿਤ ਅਕਾਦਮੀ ਅਮਰੀਕਾ, ਕੈਲੇਫ਼ੋਰਨੀਆਂ ਵੱਲੋਂ ਕਰਵਾਈ ਕਾਨਫ਼ਰੰਸ ਮੌਕੇ ਮੈਂ ਗੁਰੂ ਨਾਨਕ ਤੋਂ ਤੁਰ ਕੇ ਮੌਜੂਦਾ ਦੌਰ ਵਿਚ ਪਹੁੰਚੀ ਸਿੱਖੀ ਦੇ ਸਿਧਾਂਤਕ ਪੱਖੋਂ ਵਿਗੜ ਗਏ ਸਰੂਪ ਬਾਰੇ ਗੱਲ ਕਰਦਿਆਂ ਕਿਹਾ, "ਜੇ ਅੱਜ ਗੁਰੂ ਨਾਨਕ ਪਾਤਸ਼ਾਹ ਭਾਈ ਮਰਦਾਨੇ ਨੂੰ ਨਾਲ ਲੈ ਕੇ ਅੰਬਰਸਰ ਦਰਬਾਰ ਸਾਹਿਬ ਵਿਚ ਇਸ ਭਾਵਨਾ ਨਾਲ ਆਉਣ ਕਿ ਉਹ ਦੋਵੇਂ ਇਸ 'ਆਪਣੇ ਘਰ' ਵਿਚ ਮਿਲ ਕੇ ਕੀਰਤਨ ਕਰਨਾ ਚਾਹੁੰਦੇ ਨੇ ਤਾਂ ਦਰਸ਼ਨੀ ਡਿਉੜ੍ਹੀ ਵਾਲੇ ਬਰਛਾ-ਬਰਦਾਰ ਨੇ ਉਹਨਾਂ ਨੂੰ ਕਹਿਣਾ, "ਜਾਉ, ਬਾਬਾ! ਜਾਉ! ਤੁਹਾਨੂੰ ਏਥੇ ਕਿਸੇ ਨੇ ਕੀਰਤਨ ਨਹੀਂ ਕਰਨ ਦੇਣਾ ਕਿਉਂਕਿ ਤੁਸੀਂ ਤਾਂ ਅੰਮ੍ਰਿਤ ਹੀ ਨਹੀਂ ਛਕਿਆ।"

ਮੇਰੇ ਬਾਅਦ ਬੋਲਦਿਆਂ ਸੁਰਜੀਤ ਪਾਤਰ ਨੇ ਨੇ ਕਿਹਾ, "ਜਦੋਂ ਵਰਿਆਮ ਕਹਿ

ਰਿਹਾ ਸੀ ਕਿ ਜੇ ਅੱਜ ਗੁਰੂ ਨਾਨਕ ਤੇ ਮਰਦਾਨਾ ਦਰਬਾਰ ਸਾਹਿਬ ਕੀਰਤਨ ਕਰਨ ਜਾਣਾ ਚਾਹੁਣ ਤਾਂ ਅੰਮ੍ਰਿਤ ਨਾ ਛਕਣ ਕਰ ਕੇ ਉਹਨਾਂ ਨੂੰ ਦਰਬਾਰ ਸਾਹਿਬ ਵਿਚ ਜਾਣੋ ਵਰਜ ਦਿੱਤਾ ਜਾਊ, ਤਾਂ ਮੈਨੂੰ ਖ਼ਿਆਲ ਆਉਂਦਾ ਹੈ ਕਿ ਮਰਦਾਨੇ ਨੇ ਕਹਿਣਾ, 'ਮੇਰੇ ਤੋਂ ਵੱਧ ਅੰਮ੍ਰਿਤ ਕਿਸਨੇ ਪੀਤਾ ਹੈ! ਉਸ ਅੰਮ੍ਰਿਤ ਦੇ ਸਰ-ਚਸ਼ਮੇ ਵਿਚੋਂ ਪਹਿਲੀਆਂ ਬੂੰਦਾਂ ਤਾਂ ਮੈਂ ਹੀ ਪੀਤੀਆਂ ਨੇ!

"ਬਾਣੀ ਵਿਚ ਸ਼ਬਦ 'ਅੰਮ੍ਰਿਤ' ਪਤਾ ਨਹੀਂ ਕਿੰਨੀ ਵਾਰ ਆਇਆ ਹੈ, ਜੋ ਮਰਦਾਨੇ ਨੇ ਕਿੰਨੀ ਵਾਰ ਗਾਇਆ ਹੈ, ਕਿੰਨੀ ਵਾਰ ਪੀਤਾ ਹੈ।"

"ਇਹ ਪੰਜਾਬ ਗਾਉਂਦੇ ਪੈਗੰਬਰ ਦੀ ਧਰਤੀ ਹੈ। ਪੈਗੰਬਰ ਤਾਂ ਹੋਰ ਵੀ ਬਥੇਰੇ ਹੋਏ ਨੇ, ਪਰ ਗੁਰੂ ਨਾਨਕ ਦੇ ਨਾਲ ਨਾਲ ਸੰਗੀਤ ਵੀ ਸੀ, ਮਰਦਾਨਾ ਵੀ ਸੀ।"

ਮੇਰਾ ਸ਼ਿਅਰ ਹੈ:

"ਘਾਇਲ ਤਾਂ ਕਰਦਾ ਹਾਂ ਮੈਂ ਦਿਲ, ਕੇਵਲ ਰਬਾਬ ਨਾਲ

"ਜੋ ਤੇਗ ਹੈ, ਇਹ ਰਬਾਬ ਦੀ ਰਾਖੀ ਲਈ ਹੈ।"

ਮੈਂ ਸਥਾਪਤੀ ਦਾ ਕੀ ਲਗਦਾਂ?

ਸੁਰਜੀਤ ਪਾਤਰ ਨੂੰ ਹਮੇਸ਼ਾ ਇਸ ਨੁਕਤਾਚੀਨੀ ਦਾ ਸ਼ਿਕਾਰ ਹੋਣਾ ਪਿਆ ਕਿ ਉਹਦਾ ਸਰਕਾਰਾਂ ਵੱਲ ਹਮੇਸ਼ਾ 'ਨਰਮ-ਗੋਸ਼ਾ' ਰਿਹਾ ਹੈ। ਇਸ ਪਿੱਛੇ ਉਹ ਮੁੱਖ ਕਾਰਨ ਇਹ ਸਮਝਦੇ ਸਨ ਕਿ ਉਹ ਅਹੁਦਿਆਂ ਅਤੇ ਇਨਾਮਾਂ-ਸਨਮਾਨਾਂ ਖ਼ਾਤਰ ਸਥਾਪਤੀ ਵਿਰੁੱਧ ਉਭਾਸਰ ਕੇ ਨਹੀਂ ਬੋਲਦਾ।

ਇਨਾਮ-ਸਨਮਾਨ ਦੇ ਲਾਲਚ ਦੀ ਇੱਕ ਕਹਾਣੀ ਉਸ ਨਾਲ ਭਾਸ਼ਾ ਵਿਭਾਗ ਵੱਲੋਂ ਦਿੱਤੇ ਜਾਂਦੇ ਇਨਾਮ ਨਾਲ ਵੀ ਜੋੜੀ ਜਾਂਦੀ ਰਹੀ ਹੈ ਅਤੇ ਇਹ 'ਸਾਖੀ' ਅੱਜ ਵੀ ਚੱਲਦੀ-ਫਿਰਦੀ ਹੈ।

ਲੋਕ ਪਾਤਰ 'ਤੇ ਦੋਸ਼ ਲਾਉਂਦੇ ਹਨ ਕਿ ਉਹਨੇ ਪਹਿਲਾਂ ਤਾਂ ਭਾਸ਼ਾ ਵਿਭਾਗ ਦਾ ਇਨਾਮ ਲੈਣ ਤੋਂ ਇਨਕਾਰ ਕਰ ਦਿੱਤਾ, ਪਰ ਜਦੋਂ ਇਨਾਮ ਪੰਝੀ ਹਜ਼ਾਰ ਤੋਂ ਵਧਾ ਕੇ ਲੱਖ ਰੁਪਏ ਦਾ ਕਰ ਦਿੱਤਾ ਤਾਂ ਉਹਨੇ ਇਨਾਮ ਲੈ ਲਿਆ।

ਪਾਤਰ ਨੇ ਇਸ ਰਹੱਸ ਤੋਂ ਪਰਦਾ ਉਠਾਉਂਦਿਆਂ ਦੱਸਿਆ, "ਮੇਰੇ ਇਨਕਾਰ ਕਰਨ ਤੋਂ ਬਾਅਦ ਮੈਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਵੀ ਹੋਈਆਂ। ਜਿਸ ਦਿਨ ਇਨਾਮ ਵੰਡੇ ਜਾਣੇ ਸਨ ਤਾਂ ਮਦਨ ਲਾਲ ਹਸੀਜਾ, ਡਾਇਰੈਕਟਰ ਭਾਸ਼ਾ ਵਿਭਾਗ ਆਪਣੀ ਕਾਰ 'ਤੇ ਲੁਧਿਆਣੇ ਕੋਲੋਂ ਲੰਘ ਰਿਹਾ ਸੀ। ਡਾਇਰੈਕਟਰ ਨੇ ਕਿਹਾ ਕਿ ਮੈਂ ਜਾ ਰਿਹਾਂ, ਆਉ! ਮੇਰੇ ਨਾਲ ਚੱਲੋ! ਮੈਂ ਆ ਕੇ ਘਰੋਂ ਲੈ ਜਾਂਦਾਂ। ਇਨਾਮ ਲੈ ਲਵੋ। ਮੈਂ ਕਿਹਾ, 'ਲੋਕ ਕਹਿਣਗੇ ਲੱਖ ਦਾ ਹੋਣ ਕਰ ਕੇ ਲਾਲਚ ਵਿਚ ਆ ਕੇ ਇਨਾਮ ਲੈ ਲਿਆ।"

ਭਾਸ਼ਾ ਵਿਭਾਗ ਦੇ ਦਫ਼ਤਰ ਵਿਚ ਵੀ ਲਿਖਿਆ ਹੋਇਆ ਕਿ ਉਸ ਸਾਲ ਦਾ ਇਨਾਮ ਪਾਤਰ ਨੇ ਨਹੀਂ ਲਿਆ। ਪਰ ਜਿਨ੍ਹਾਂ ਨੇ ਦੋਸ਼ ਲਾਉਣੇ ਜਾਂ ਮਿਹਣੇ ਦੇਣੇ ਨੇ, ਉਹਨਾਂ ਦਾ ਤੁਸੀਂ ਕੁਝ ਨਹੀਂ ਕਰ ਸਕਦੇ!

ਰਹੀ ਗੱਲ ਅਹੁਦਿਆਂ ਪਿੱਛੇ ਭੱਜਣ, ਲਲਚਾਉਣ ਦੀ। ਉਹ ਅਹੁਦਿਆਂ ਨੂੰ 'ਹਥਿਆਉਣ' ਦਾ ਅਭਿਲਾਸ਼ੀ ਨਹੀਂ ਸੀ, ਪਰ ਅਹੁਦੇ ਹਾਸਲ ਕਰਨ ਦੀ ਇੱਛਾ ਤੋਂ ਕਦੀ ਇਨਕਾਰੀ ਵੀ ਨਹੀਂ ਸੀ ਹੋਇਆ। ਦੋ ਵਾਰ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦਾ ਪ੍ਰਧਾਨ ਬਣਨ ਲਈ ਉਹਨੇ ਯਾਰਾਂ ਦੋਸਤਾਂ ਤੇ ਆਪਣੀ ਕਵਿਤਾ ਦੇ ਆਸ਼ਕਾਂ ਨੂੰ ਅਪੀਲ ਵੀ ਕੀਤੀ ਸੀ। ਵੋਟਾਂ ਪਾਉਣ ਲਈ ਫ਼ੋਨ ਵੀ ਕੀਤੇ ਸਨ। ਆਪਣੇ ਨਜ਼ਦੀਕੀ ਯਾਰਾਂ ਨੂੰ ਆਪਣੀ ਜਿੱਤ ਦੀ ਮੁਹਿੰਮ ਚਲਾਉਣ ਲਈ ਵੀ ਕਿਹਾ ਸੀ।

ਪਾਤਰ ਦਾ ਕਹਿਣਾ ਸੀ–

"ਇਹ ਠੀਕ ਵੀ ਹੈ ਤੇ ਸਾਡਾ ਫ਼ਰਜ਼ ਵੀ ਬਣਦਾ ਹੈ ਕਿ ਮੁਨਾਸਬ ਮੌਕਾ ਆਉਣ 'ਤੇ ਰੋਸ ਵੀ ਕਰੀਏ ਪਰ ਲੋਕ ਰਾਜੀ ਸੰਸਥਾਵਾਂ ਵਿਚ ਹਿੱਸਾ ਵੀ ਲਈਏ। ਸ਼ਾਮਲ ਹੋਵਾਂਗੇ ਤੇ ਫੇਰ ਹੀ ਕਿਸੇ ਵਿਰੋਧ ਕਾਰਨ ਅਹੁਦਾ ਛੱਡਣ ਜੋਗੇ ਹੋ ਸਕਾਂਗੇ। ਤਾਂ ਹੀ ਗੱਲ ਬਣਦੀ ਹੈ। ਸਾਨੂੰ ਲਗਾਤਾਰ ਰੁੱਸੇ ਹੋਏ ਪੁੱਤ ਦੀ ਭੂਮਿਕਾ ਨਹੀਂ ਨਿਭਾਉਣੀ ਚਾਹੀਦੀ। ਇਹਨਾਂ ਅਦਾਰਿਆਂ ਵਿਚ ਰਹਿੰਦੇ ਹੋਏ ਜਿੰਨਾ ਕੁ ਕਰ ਸਕਦੇ ਹਾਂ ਕਰੀਏ। ਜੇ ਨਹੀਂ ਕਰਨ ਦਿੱਤਾ ਜਾਂਦਾ ਤਾਂ ਬਾਹਰ ਆ ਜਾਉ।"

ਆਪਣੀ ਦਲੀਲ ਦੇਣ ਤੋਂ ਬਾਅਦ ਉਹਨੇ ਕਿਹਾ , "ਮੈਨੂੰ ਪਤਾ ਨਹੀਂ, ਮੈਂ ਸਥਾਪਤੀ ਦਾ ਕੀ ਲਗਦਾਂ? ਜਿਹੜੇ ਮੇਰੇ ਕੋਲੋਂ 'ਸਪੱਸ਼ਟ ਸਟੈਂਡ' ਦੀ ਮੰਗ ਕਰਦੇ ਨੇ ਉਹਨਾਂ ਨੂੰ 'ਮੇਰਾ ਸਟੈਂਡ' ਮੇਰੀ ਕਵਿਤਾ ਦੱਸ ਸਕਦੀ ਏ ਜਾਂ ਮੇਰੇ ਕੰਮ ਦੱਸ ਸਕਦੇ ਨੇ।

'ਸੱਤਾ ਨਾਲ ਮਿਲੇ ਹੋਣ ਬਾਰੇ' ਫ਼ੈਸਲਾ ਇਸ ਗੱਲ ਨੇ ਕਰਨਾ ਹੈ ਕਿ ਕਿਸੇ ਅਹੁਦੇ 'ਤੇ ਬਹਿ ਕੇ ਤੁਸੀਂ ਗੱਲ 'ਉਹਨਾਂ" (ਸਰਕਾਰ) ਦੀ ਕਰਦੇ ਹੋ ਜਾਂ ਆਪਣੇ ਦਿਲ ਦੀ ਕਰਦੇ ਹੋ!

"ਜੇ ਅਪਣੇ ਦਿਲ ਦੇ ਹਵਾਲੇ ਨਾਲ ਗੱਲ ਕਰਨੀ ਹੋਵੇ ਤਾਂ ਮੇਰੇ ਦਿਲ ਨੇ ਸਦਾ ਆਪਣੇ ਲੋਕਾਂ ਦਾ ਸਾਥ ਦਿੱਤਾ ਹੈ। ਭਾਸ਼ਾ ਵਿਭਾਗ ਦਾ ਇਨਾਮ ਨਹੀਂ ਲਿਆ। ਸਾਹਿਤ ਅਕਾਦਮੀ ਦਾ ਇਨਾਮ ਮੋੜਿਆ। ਪਦਮ ਸ਼੍ਰੀ ਵੀ ਵਾਪਸ ਕੀਤਾ।"

ਇੰਝ ਹੀ ਉਹਨੂੰ ਕਾਂਗਰਸ ਦੀ 'ਚੰਨੀ ਸਰਕਾਰ' ਵੱਲੋਂ ਕੈਬਨਿਟ ਰੈਂਕ ਦਿੱਤੇ ਜਾਣ ਦੀ ਖ਼ਬਰ ਦੇ ਨਸ਼ਰ ਹੋਣ ਨਾਲ ਆਲੋਚਕਾਂ ਨੇ ਰੌਲਾ ਚੁੱਕ ਲਿਆ, "ਪਾਤਰ ਵਿਕ ਗਿਆ!" "ਪਾਤਰ ਸਰਕਾਰ ਦੀ ਝੋਲੀ ਵਿਚ ਜਾ ਪਿਆ! , "ਪਾਤਰ ਨੂੰ ਤੁਰਤ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਕੇ 'ਆਪਣੇ ਲੋਕਾਂ ਨਾਲ' ਖਲੋਣਾ ਚਾਹੀਦਾ ਹੈ।

ਪਰ ਜਦੋਂ ਅਸੀਂ ਪਾਤਰ ਕੋਲੋਂ ਇਸ ਕੈਬਨਿਟ ਰੈਂਕ ਦੀ ਹਕੀਕਤ ਪੁੱਛੀ ਤਾਂ ਉਹਨੇ ਮੁਸਕਰਾ ਕੇ ਬੜੇ ਧੀਰਜ ਨਾਲ ਜਵਾਬ ਦਿੱਤਾ, "ਉਸ ਦਿਨ ਦੇ ਐਲਾਨ ਤੋਂ ਬਾਅਦ ਕਿਸੇ ਵੱਲੋਂ ਮੇਰੇ ਨਾਲ ਕੋਈ ਸੰਪਰਕ ਨਹੀਂ ਕੀਤਾ ਗਿਆ। ਇਸ ਸੰਬੰਧੀ ਕੋਈ ਨੋਟੀਫ਼ਿਕੇਸ਼ਨ ਨਹੀਂ ਹੋਈ। ਕੋਈ ਚਿੱਠੀ-ਪੱਤਰ ਨਹੀਂ ਆਇਆ। ਜਦੋਂ ਮਿਲਿਆ ਹੀ ਕੁਝ ਨਹੀਂ ਤਾਂ ਮੈਂ ਵਾਪਸ ਕੀ ਕਰਾਂ! ਮੈਂ ਤਾਂ ਇਸ ਐਲਾਨ ਨੂੰ ਇਸਤਰ੍ਹਾਂ ਲੈਂਦਾ ਹਾਂ ਕਿ ਇਕ ਸਖ਼ਸ਼ ਨੇ ਦਾਦ ਦੇ ਰੂਪ ਵਿਚ ਹੀ ਇਹ ਗੱਲ ਕਹਿ ਦਿੱਤੀ ਸੀ ਤੇ ਬੱਸ! ਦਾਦ ਤੋਂ ਵੱਧ ਇਸ ਵਿਚ ਹੋਰ ਕੁਝ ਵੀ ਕੱਢਣ ਪਾਉਣ ਲਈ ਨਹੀਂ।"

ਹਾਂ, ਪਾਤਰ ਨੇ ਇਸ ਨਾਲ ਜੁੜਿਆ ਇੱਕ ਰਹੱਸ-ਉਦਘਾਟਨ ਇਹ ਕਹਿ ਕੇ ਕੀਤਾ, "ਮਹੀਨੇ ਕੁ ਬਾਅਦ ਐੱਸ ਐਸ ਪੀ ਮੇਰੇ ਘਰ ਜ਼ਰੂਰ ਆਇਆ ਸੀ ਤੇ ਕਹਿੰਦਾ, 'ਅਸੀਂ ਤੁਹਾਨੂੰ ਗੰਨ ਮੈਨ ਦੇਣਾ ਹੈ!' -ਮੈਂ ਉਹਨੂੰ ਹੱਸ ਕੇ ਗੰਨ ਮੈਨ ਲੈਣ ਤੋਂ ਇਨਕਾਰ ਕਰਦਿਆਂ ਮਜ਼ਾਕ ਨਾਲ ਏਨਾ ਜ਼ਰੂਰ ਕਿਹਾ, "ਜੇ ਦੇਣਾ ਹੈ ਤਾਂ ਗੰਨ ਮੈਨ ਦੀ ਥਾਂ ਕੋਈ ਗਿਟਾਰ ਵਜਾਉਣ ਵਾਲਾ ਵਾਲਾ ਦੇ ਦਿਉ!

ਫਿਰ ਪਾਤਰ ਨੇ ਇਸ ਸਾਰੇ ਪ੍ਰਸੰਗ ਦੇ ਹਵਾਲੇ ਨਾਲ ਇੱਕ ਲਤੀਫ਼ਾ ਸੁਣਾਇਆ। ਮੁਲਾਹਜ਼ਾ ਹੋਵੇ:-

ਤਿੰਨ ਚਾਰ ਬੰਦੇ ਉਪਜਾਊ ਜ਼ਮੀਨ ਵਾਲ਼ੇ ਇੱਕ ਖੁੱਲ੍ਹੇ ਇਲਾਕੇ ਵਿੱਚੋਂ ਲੰਘ ਰਹੇ ਸਨ। ਜ਼ਮੀਨ ਬੜੀ ਚੰਗੀ ਲੱਗਦੀ ਸੀ। ਵਿਹਲੀ ਪਈ ਸੀ। ਇੱਕ ਜਣਾ ਕਹਿਣ ਲੱਗਿਆ, "ਇਥੇ ਜੇ ਗੰਨਾਂ ਬੀਜਿਆ ਜਾਵੇ ਤਾਂ ਬੜੀ ਵਧੀਆ ਫ਼ਸਲ ਹੋਵੇਗੀ। ਪਰ ਇਹ ਜੋ ਲਾਗੇ ਝੁੱਗੀਆਂ ਵਾਲ਼ੇ ਨੇ ਇਨ੍ਹਾਂ ਨੇ ਗੰਨੇ ਪੁੱਟ ਕੇ ਚੂਪ ਲਿਆ ਕਰਨੇ ਨੇ। ਪਹਿਲਾਂ ਇਨ੍ਹਾਂ ਨੂੰ ਸਿੱਧੇ ਕਰ ਲਈਏ।" ਕਹਿੰਦੇ ਉਹ ਉਥੇ ਗਏ ਤੇ ਉਨ੍ਹਾਂ ਨੇ ਝੁੱਗੀਆਂ ਵਾਲ਼ਿਆਂ ਨੂੰ ਬਾਹਰ ਕਢਿਆ ਤੇ ਕੁੱਟਣਾ ਸ਼ੁਰੂ ਕਰ ਦਿੱਤਾ। ਉਹ ਕਹਿੰਦੇ ਬਈ ਗੱਲ ਕੀ ਹੋਈ। ਉਹ ਅੱਗੋਂ ਕਹਿੰਦੇ, "ਹੋਰ ਚੂਪੋ ਗੰਨੇ!"

"ਮੇਰੀ ਹਾਲਤ ਵੀ ਉਹਨਾਂ ਝੁੱਗੀਆਂ ਵਾਲਿਆਂ ਵਾਲੀ ਹੈ ਤੇ ਆਲੋਚਨਾ ਕਰਨ ਵਾਲੇ ਸੱਜਣ ਕਹਿੰਦੇ ਨੇ, ਚੂਪ ਗੰਨੇ! "ਹੋਰ ਲੈ ਵਜ਼ੀਰੀ!"

ਸਾਰੇ ਜਾਣਦੇ ਹਨ ਕਿ ਕਿਸਾਨ ਅੰਦੋਲਨ ਵੇਲੇ ਸਰਕਾਰ ਨੇ ਬੜੀ ਹਠਧਰਮੀ ਨਾਲ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਅਣਗੌਲਿਆਂ ਕਰ ਕੇ ਉਹਨਾਂ ਨੂੰ ਕਹਿਰ ਦੀ ਗਰਮੀ-ਸਰਦੀ ਤੇ ਝੱਖੜਾਂ ਝਾਂਜਿਆਂ ਵਿਚ ਸਾਲ ਭਰ ਦਿੱਲੀ ਦੇ ਬਾਡਰਾਂ 'ਤੇ ਬਹਿਣ ਲਈ ਮਜਬੂਰ ਕਰ ਦਿੱਤਾ ਸੀ।

ਇਸ ਮੌਕੇ ਬਹੁਤ ਸਾਰੇ ਖੇਤਰਾਂ ਵਿਚ ਨਾਮਣਾ ਤੇ ਇਨਾਮ-ਸਨਮਾਨ ਜਿੱਤਣ ਵਾਲੇ ਲੋਕਾਂ ਨੇ ਆਪਣੇ ਇਨਾਮ-ਸਨਮਾਨ ਰੋਸ ਵਜੋਂ ਵਾਪਸ ਕਰ ਦਿੱਤੇ।

ਸਾਹਿਤਕ ਹਲਕਿਆਂ ਵਿਚ ਪਾਤਰ ਬਾਰੇ ਚਰਚਾ ਚੱਲ ਰਹੀ ਸੀ 'ਉਹ ਸਰਕਾਰ ਨੂੰ ਨਰਾਜ਼ ਨਹੀਂ ਕਰ ਸਕਦਾ! ਉਸ ਵਿਚ ਏਨਾ ਦਮ ਹੀ ਨਹੀਂ। ਉਹ ਸਾਰੇ ਪਾਸੇ ਬਣਾ ਕੇ ਰੱਖਣ ਦੀ ਕਲਾ ਦਾ ਮਾਹਿਰ ਹੈ। ਕਿਸਾਨ ਅੰਦੋਲਨ ਬਾਰੇ ਕਵਿਤਾ ਲਿਖੀ ਵੀ ਹੈ ਤਾਂ ਉਹਦੇ ਵਿਚ ਵੀ ਸ਼ੇਰ ਵਾਲੀ ਗਰਜ ਨਹੀਂ। ਬੜੇ ਬੋਚ-ਬੋਚ ਕੇ ਸ਼ਬਦ ਚੁਣੇ ਨੇ। ਸਾਰੇ ਪਾਸੇ ਸਾਵੇਂ ਰੱਖ ਕੇ ਚੱਲਣਾ ਉਹਦੀ ਫ਼ਿਤਰਤ ਹੈ। 'ਵ.ਗ਼ੈਰਾ -ਵ.ਗ਼ੈਰਾ।'

ਪਰ ਅਜੇ ਵੀ 'ਪਦਮ ਸ਼੍ਰੀ' ਦਾ ਮੁਕਟ ਪਾਤਰ ਦੇ ਸਿਰ 'ਤੇ ਸੀ। ਇਹ ਮੁਕਟ ਹੋਰਨਾਂ ਦੇ ਨਾਲ ਨਾਲ ਮੈਨੂੰ ਵੀ ਚੁਭਣ ਲੱਗਾ ਸੀ।

ਮੈਨੂੰ ਇਹ ਕਹਿਣ ਵਿੱਚ ਕੋਈ ਹਿਚਕਚਾਹਟ ਨਹੀਂ ਕਿ ਪਾਤਰ ਸਭ ਤੋਂ ਪਹਿਲਾਂ 'ਤੇਲ ਵੇਖਦਾ ਸੀ ਤੇ ਤੇਲ ਦੀ ਧਾਰ ਵੇਖਦਾ ਸੀ!', ਉਸਤੋਂ ਬਾਅਦ ਹੀ ਅੰਤਿਮ ਫ਼ੈਸਲਾ ਲੈਂਦਾ ਸੀ। ਜਦੋਂ ਲੇਖਕਾਂ ਨੇ ਭਾਰਤੀ ਸਾਹਿਤ ਅਕਾਦਮੀ ਦੇ ਇਨਾਮ ਵਾਪਸ ਕੀਤੇ ਸਨ ਤਾਂ ਪਾਤਰ

ਨੇ ਉਦੋਂ ਵੀ 'ਕਾਹਲੀ' ਨਹੀਂ ਸੀ ਕੀਤੀ। ਜਦੋਂ ਕਈ ਜਣਿਆ ਨੇ ਇਨਾਮ ਵਾਪਸ ਕਰ ਦਿੱਤੇ, ਉਸਤੋਂ ਬਾਅਦ ਮਿਹਣੇ ਤੋਂ ਬਚਣ ਲਈ ਪਾਤਰ ਨੂੰ ਇਨਾਮ ਵਾਪਸ ਕਰਨਾ ਪਿਆ। ਹੁਣ ਵੀ ਲੋਕਾਂ ਦੀਆਂ ਨਜ਼ਰਾਂ ਪਾਤਰ 'ਤੇ ਟਿਕੀਆਂ ਹੋਈਆਂ ਸਨ।

ਆਖ਼ਰ ਇੱਕ ਦਿਨ ਖ਼ਬਰ ਲਿਸ਼ਕੀ। ਸੁਰਜੀਤ ਪਾਤਰ ਦੀ ਜ਼ਮੀਰ ਵੀ ਜਾਗ ਪਈ ਸੀ, ਭਾਵੇਂ ਦੇਰ ਬਾਅਦ ਹੀ ਸਹੀ, ਉਹਨੇ ਵੀ ਆਪਣਾ ਪਦਮ-ਸ਼੍ਰੀ ਦਾ ਖ਼ਿਤਾਬ ਸਰਕਾਰ ਨੂੰ ਵਾਪਸ ਕਰਨ ਦਾ ਐਲਾਨ ਕਰ ਦਿਆਂ ਕਿਹਾ:-

'ਜਿਸ ਸੰਵੇਦਨ-ਹੀਣਤਾ ਅਤੇ ਬੇਕਦਰੀ ਨਾਲ ਕੇਂਦਰ ਸਰਕਾਰ ਨੇ ਕਿਸਾਨਾਂ ਦੀਆਂ ਸਹੀ ਮੰਗਾਂ ਦੇ ਸ਼ਾਂਤਮਈ ਅੰਦੋਲਨ ਨਾਲ ਸਲੂਕ ਕੀਤਾ ਹੈ, ਉਸ ਨੇ ਮੇਰੇ ਦਿਲ ਨੂੰ ਠੇਸ ਪਹੁੰਚਾਈ ਹੈ। ਵਾਰ-ਵਾਰ ਕਿਰਤੀਆਂ ਕਿਸਾਨਾਂ ਦੇ ਦੁੱਖ ਨੂੰ ਗੁੰਮਰਾਹ ਹੋਏ ਲੋਕਾਂ ਦੀ ਸਮਝ ਕਹਿ ਕੇ ਇਸ ਲਹਿਰ ਨੂੰ ਨਿਰਾਰਥਕ ਬਣਾਉਣ ਦੀ ਕੋਸ਼ਿਸ਼ ਕਿਸਾਨੀ ਦੀ, ਕਿਰਤ ਦੀ ਅਤੇ ਲੋਕ ਭਾਵਨਾ ਦੀ ਤੌਹੀਨ ਹੈ। ਆਹਤ ਮਨ ਨਾਲ ਮੈਂ ਆਪਣਾ ਪਦਮਸ਼੍ਰੀ ਸਨਮਾਨ ਮੋੜਨ ਦਾ ਐਲਾਨ ਕਰਦਾ ਹਾਂ।"

ਮੈਂ 'ਸੁਖ ਦਾ ਸਾਹ' ਲਿਆ ਤੇ ਲਿਖਿਆ:-

ਜ਼ਿੰਦਾਬਾਦ ਪਾਤਰ! ਪਦਮ ਸ਼੍ਰੀ ਵਾਪਸ!!

ਪੰਜਾਬੀ ਦੇ ਮਹਾਨ ਸ਼ਾਇਰ ਤੇ ਮੇਰੇ ਪਿਆਰੇ ਮਿੱਤਰ ਸੁਰਜੀਤ ਪਾਤਰ ਨੇ ਕਿਸਾਨਾਂ ਦੀਆਂ ਅਸਲੋਂ ਹੀ ਜਾਇਜ਼ ਮੰਗਾਂ ਨੂੰ ਮਹੀਨਿਆਂ ਤੋਂ ਅਣਗੌਲਿਆਂ ਕਰਨ ਤੇ ਬਹੁਤ ਹੀ ਬੇਰੁਖੀ ਵਾਲਾ ਕਰੂਰ ਵਤੀਰਾ ਅਪਨਾਉਣ ਦਾ ਦਰਦ ਮਹਿਸੂਸ ਕਰਦਿਆਂ ਆਪਣਾ ਪਦਮ ਸ਼੍ਰੀ ਸਨਮਾਨ ਵਾਪਸ ਕਰਨ ਦਾ ਐਲਾਨ ਕੀਤਾ ਹੈ। ਉਹਦਾ ਇਹ ਐਲਾਨ ਮੈਂ ਕਈ ਦਿਨਾਂ ਤੋਂ ਉਡੀਕ ਰਿਹਾ ਸਾਂ।

ਇੰਝ ਕਰ ਕੇ ਪਾਤਰ ਨੇ ਆਪਣੇ ਹਜ਼ਾਰਾਂ ਪ੍ਰਸੰਸਕਾਂ ਨੂੰ ਮਿਲਦੇ ਮਿਹਣਿਆਂ ਨੂੰ ਧੋ ਦਿੱਤਾ ਹੈ। ਪਾਤਰ ਨੂੰ ਮਿਲਦੇ ਮਿਹਣੇ ਮੈਨੂੰ ਮਿਲਦੇ ਜਾਪਦੇ ਸਨ।

ਮੈਂ ਵੀ ਸੁਖ ਦਾ ਸਾਹ ਲਿਆ ਹੈ ਕਿਉਂਕਿ ਮੈਂ ਉਦਾਸ ਸਾਂ ਕਿ ਪਾਤਰ ਅਜੇ ਤੱਕ ਖ਼ਾਮੋਸ਼ ਕਿਉਂ ਹੈ!

ਉਹਨੇ ਕਵਿਤਾ ਦੀ ਲਾਜ ਰੱਖੀ ਹੈ ਤੇ ਬਾਬੇ ਨਾਨਕ ਦੇ ਬੋਲ ਪੁਗਾਏ ਹਨ›

'ਸਚੁ ਸੁਣਾਇਸੀ ਸਚ ਕੀ ਬੇਲਾ'

-ਵਰਿਆਮ ਸਿੰਘ ਸੰਧੂ

ਮੇਰੇ ਇਹਨਾਂ ਸ਼ਬਦਾਂ ਨੂੰ ਪੜ੍ਹ ਕੇ ਪਾਤਰ ਨੇ ਬੜਾ ਮੋਹ-ਭਰਿਆ ਹੁੰਗਾਰਾ ਭਰਿਆ ਸੀ।

ਪਿਆਰੇ ਵਰਿਆਮ!

ਤੇਰੇ ਸੁਹਣੇ ਬੋਲ ਸੁਣੇ ਤਾਂ ਅੱਖਾਂ ਨਮ ਹੋ ਗਈਆਂ

ਬਿਰਥਾ ਜੀਵਨ ਹੋ ਗਿਆ ਸਫਲਾ, ਸਿਫ਼ਰਾਂ ਰਕਮ ਹੋ ਗਈਆਂ।

ਤੂੰ ਸਾਡਾ ਮਾਣ ਹੈਂ, ਪਿਆਰੇ ਵਰਿਆਮ।

ਤੈਨੂੰ ਤੇ ਤੇਰੇ ਸਾਰੇ ਪਿਆਰਿਆਂ ਨੂੰ ਮੋਹ ਭਰੀਆਂ ਦੁਆਵਾਂ।

ਲਿਖਤੁਮ ਸੁਰਜੀਤ ਪਾਤਰ

ਪਰ ਜਿਨ੍ਹਾਂ ਨੇ ਆਲੋਚਨਾ ਹੀ ਕਰਨੀ ਹੈ, ਉਹਨਾਂ ਨੇ ਨੁਕਤਾਚੀਨੀ ਕਰਨ ਲਈ ਕੋਈ ਨਾ ਕੋਈ ਵਿਰਲ ਲੱਭ ਹੀ ਲੈਣੀ ਹੈ। ਇਹ ਸਵਾਲ ਲੋਕ ਉਹਦੇ ਜਿਉਂਦਿਆਂ ਵੀ ਪੁੱਛਦੇ ਸਨ ਤੇ ਅਜੇ ਵੀ ਪੁੱਛਦੇ ਹਨ, "ਕੀ ਉਹਨੇ ਪਦਮ ਸ਼੍ਰੀ ਦਾ ਖ਼ਿਤਾਬ ਮੋੜਨ ਵੇਲੇ ਉਹਦੇ ਨਾਲ ਮਿਲੇ ਪੈਸੇ ਜਾਂ ਹੋਰ 'ਕੁਝ' ਵਾਪਸ ਕੀਤਾ ਸੀ? ਜੇ ਨਹੀਂ ਕੀਤਾ ਤਾਂ ਫੋਕੇ ਐਲਾਨ ਦਾ ਕੀ ਅਰਥ?"

ਉਹਨਾਂ ਭੋਲੇ ਜਾਂ ਚਾਤਰ ਬੰਦਿਆਂ ਨੂੰ ਅਸਲੀਅਤ ਦਾ ਪਤਾ ਹੋਣਾ ਚਾਹੀਦਾ ਹੈ, ਸ਼ਾਇਦ ਪਤਾ ਹੋਵੇ ਵੀ, ਪਰ ਉਹਨਾਂ ਤਾਂ 'ਘੋਗਲ ਕੰਨੇ' ਬਣੇ ਰਹਿਣਾ ਹੈ ਤੇ ਦੋਸ਼ ਲਾ ਹੀ ਦੇਣਾ ਹੈ। ਅਸਲੀਅਤ ਇਹ ਹੈ ਕਿ 'ਪਦਮ ਸ਼੍ਰੀ' ਦਾ ਖ਼ਿਤਾਬ ਦੇਣ ਮੌਕੇ ਨਾ ਕੋਈ ਪੈਸਾ ਮਿਲਦਾ ਹੈ, ਨਾ ਹੀ ਕਿਸੇ ਵੀ ਕਿਸਮ ਦੀ ਕੋਈ ਹੋਰ ਸਹੂਲਤ ਮਿਲਦੀ ਹੈ। ਕੇਵਲ ਤੇ ਕੇਵਲ 'ਪਦਮ ਸ਼੍ਰੀ' ਵਾਲਾ ਗੋਲ ਜਿਹਾ ਕੀਤਾ ਪ੍ਰਮਾਣ ਪੱਤਰ ਹੀ ਮਿਲਦਾ ਹੈ ਤੇ ਜਾਂ ਨਾਲ ਮਿਲਦੀ ਹੈ ਫੋਕੀ 'ਵਾਹ! ਵਾਹ!'

ਇਸ ਤੋਂ ਇਲਾਵਾ 'ਪਦਮ ਸ਼੍ਰੀ' ਵਿਚ ਹੋਰ ਕੁਝ ਨਹੀਂ ਮਿਲਦਾ। ਜਦ ਮਿਲਿਆ ਹੀ ਕੁਝ ਨਹੀਂ ਤਾਂ ਉਹ ਮੋੜਦਾ ਕੀ?

ਸੱਚੀ ਗੱਲ ਤਾਂ ਇਹ ਹੈ ਕਿ ਉਹ ਸਾਰੇ ਖ਼ਿਤਾਬਾਂ, ਅਹੁਦਿਆਂ ਤੇ ਇਨਾਮਾਂ-ਸਨਮਾਨਾਂ ਤੋਂ ਕਿਤੇ ਉੱਚਾ ਸੀ। ਇਹ ਠੀਕ ਹੈ ਕਿ ਜਦੋਂ ਕੁਝ ਇਨਾਮ ਸਨਮਾਨ ਮਿਲਦਾ ਹੈ ਤਾਂ ਉਹਦੇ ਪਾਠਕਾਂ-ਪ੍ਰਸ਼ੰਸਕਾਂ ਨੂੰ ਤਾਂ ਖ਼ੁਸ਼ੀ ਹੋਣੀ ਹੀ ਹੁੰਦੀ ਹੈ, ਲੇਖਕ ਖ਼ੁਦ ਵੀ ਮਾਣ-ਮੱਤਾ ਤੇ ਰੱਜਿਆ ਪੁੱਜਿਆ ਮਹਿਸੂਸ ਕਰਦਾ ਹੈ। ਪਰ ਇਹ 'ਕਲਗੀਆਂ' ਓਨਾ ਚਿਰ ਹੀ ਸੋਹਣੀਆਂ ਲੱਗਦੀਆਂ ਹਨ, ਜਿੰਨਾਂ ਚਿਰ ਲੇਖਕ ਦੀ ਰਚਨਾ ਵਿਚ ਜਾਨ ਹੈ।

ਇਹ ਵੀ ਹਕੀਕਤ ਹੈ ਕਿ ਸਮਾਂ ਪਾ ਕੇ ਲੋਕਾਂ ਦੇ ਚਿੱਤ ਚੇਤੇ ਵੀ ਨਹੀਂ ਰਹਿੰਦਾ ਕਿ ਇਸ ਲੇਖਕ ਨੂੰ 'ਫ਼ਲਾਂ' ਇਨਾਮ-ਸਨਮਾਨ ਮਿਲਿਆ ਹੋਇਆ ਹੈ। ਚੇਤੇ ਰਹਿੰਦੀ ਹੈ ਲੇਖਕ ਦੀ ਰਚਨਾ। ਇਸ ਗੱਲ ਦਾ ਪਾਤਰ ਨੂੰ ਭਲੀਭਾਂਤ ਪਤਾ ਸੀ। ਏਸੇ ਕਰ ਕੇ ਹੀ ਤਾਂ ਉਹਨੇ ਲਿਖਿਆ ਸੀ:-

ਅੰਮੜੀ ਮੈਨੂੰ ਆਖਣ ਲੱਗੀ, ਤੂੰ ਧਰਤੀ ਦਾ ਗੀਤ ਰਹੇਂਗਾ। ਪਦਮ ਸ਼੍ਰੀ ਹੋ ਕੇ ਵੀ ਪਾਤਰ, ਤੂੰ ਮੇਰਾ ਸੁਰਜੀਤ ਰਹੇਂਗਾ।

ਇਹ ਮਾਂ ਜਨਮ ਦੇਣ ਵਾਲੀ ਮਾਂ ਨਾਲੋਂ ਵੀ ਵਧ ਕੇ ਉਹ ਜ਼ਬਾਨ ਹੈ, ਜਿਸ ਵਿਚ ਉਹਨੇ ਆਪਣੀ ਸ਼ਾਇਰੀ ਲਿਖੀ ਤੇ ਉਸ 'ਮਾਂ' ਨੂੰ ਪਤਾ ਹੈ ਕਿ ਉਹਦੇ ਪੁੱਤ ਦੀ ਲਿਖਤ ਸਦਾ 'ਸੁਰਜੀਤ' ਰਹੇਗੀ। ਉਹ ਉਹਦੇ ਮਰ ਜਾਣ ਨਾਲ ਮਰਨ ਨਹੀਂ ਲੱਗੀ।

## ਪਾਤਰ ਦਾ 'ਸੌਦਾ ਵਿਕਣਾ'

ਸੁਰਜੀਤ ਪਾਤਰ ਦੀ ਆਲੋਚਨਾ ਕਰਨ ਵਾਲੇ ਇਹ ਵੀ ਕਹਿੰਦੇ ਰਹੇ ਨੇ ਕਿ 'ਪਾਤਰ ਵਿਦੇਸ਼ਾਂ ਵਿਚ ਆਪਣੇ ਸ਼ੋਅ ਕਰਦਾ ਹੈ। ਸੱਦਣ ਵਾਲਿਆਂ ਤੋਂ ਹਵਾਈ ਜਹਾਜ਼ ਦੀਆਂ

ਟਿਕਟਾਂ ਲੈ ਕੇ ਬਾਹਰ ਜਾਂਦਾ ਹੈ। ਲੋਕ ਟਿਕਟਾਂ ਖ਼ਰੀਦ ਕੇ ਉਹਦੀਆਂ ਕਵਿਤਾਵਾਂ ਸੁਣਨ ਜਾਂਦੇ ਨੇ !

ਜਦੋਂ ਪਹਿਲੀਆਂ ਵਿਚ ਪਾਤਰ ਦਾ ਅਜਿਹਾ ਸ਼ੋਅ ਹੋ ਰਿਹਾ ਸੀ ਤਾਂ ਕਿਸੇ ਨੇ ਵਿਅੰਗ ਨਾਲ ਕਿਹਾ, "ਹੱਛਾਅ ਅ ! ਹੁਣ ਅਸੀਂ ਪਾਤਰ ਦੀਆਂ ਕਵਿਤਾਵਾਂ ਸੁਣਨ ਟਿਕਟਾਂ ਖ਼ਰੀਦ ਕੇ ਜਾਵਾਂਗੇ !"

ਸਵਾਲ ਹੈ ਕਿ ਪਾਤਰ ਤੁਹਾਨੂੰ ਮੁਫ਼ਤ ਵਿਚ ਕਵਿਤਾਵਾਂ ਕਿਉਂ ਸੁਣਾਏ? ਕੀ ਉਹਦੀਆਂ ਕਵਿਤਾਵਾਂ ਦੀ ਕੋਈ ਕੀਮਤ ਨਹੀਂ।

ਆਪਣੀ ਗੱਲ ਕਹਿਣ ਤੋਂ ਪਹਿਲਾਂ ਸ਼੍ਰੋਮਣੀ ਢਾਡੀ ਤੇ ਨਾਵਲਕਾਰ ਗਿਆਨੀ ਸੋਹਣ ਸਿੰਘ ਸੀਤਲ ਦਾ ਇੱਕ ਬਿਰਤਾਂਤ ਸਾਂਝਾ ਕਰਨਾ ਚਾਹੁੰਦਾ ਹਾਂ। ਉਦੋਂ ਅਜੇ ਸੀਤਲ ਨੂੰ ਆਪਣਾ ਢਾਡੀ ਜਥਾ ਬਣਾਏ ਨੂੰ ਕੁਝ ਚਿਰ ਹੀ ਹੋਇਆ ਸੀ। ਉਹ ਆਪਣੇ ਪਿੰਡ ਵਿਚ ਤੇ ਲਾਗਲੇ ਨਿੱਕੇ-ਮੋਟੇ ਪਿੰਡਾਂ ਵਿਚ ਤਾਂ ਦੀਵਾਨ ਲਾ ਚੁੱਕਾ ਸੀ, ਪਰ ਜਦੋਂ ਪਹਿਲੀ ਵਾਰ ਕਿਸੇ ਵੱਡੇ ਮੇਲੇ 'ਤੇ ਉਹਨੇ ਵਾਰੀ ਆਉਣ 'ਤੇ ਸਕੱਤਰ ਸਾਹਿਬ ਨੂੰ ਪੁੱਛਿਆ, "ਜੀ ਅਸਾਂ ਟਾਈਮ ਕਿੰਨਾ ਲੈਣਾ ਏਂ" ਸਟੇਜ ਸਕੱਤਰ ਨੇ ਉਸ ਵੱਲ ਵੱਲ ਵੇਖ ਕੇ ਆਪਣੇ ਸੁਭਾਅ ਅਨੁਸਾਰ ਕਿਹਾ, "ਸ਼ੁਰੂ ਕਰ ਓਇ ਮੁੰਡਿਆ ! ਸੌਦਾ ਵਿਕਦਾ ਵੇਖ ਕੇ ਸੋਚਾਂਗਾ।"

ਸਕੱਤਰ ਆਪਣੀ ਥਾਂ ਸੱਚਾ ਸੀ। ਉਹਨੇ ਕਿਹੜਾ ਉਹਨਾਂ ਨੂੰ ਪਹਿਲਾਂ ਸੁਣਿਆਂ ਹੋਇਆ ਸੀ।

ਸੀਤਲ ਨੇ 'ਸਿੱਖ ਰਾਜ ਕਿਵੇਂ ਗਿਆ' ਦਾ ਪ੍ਰਸੰਗ ਲਿਖ ਕੇ ਸਾਥੀਆਂ ਨੂੰ ਤਿਆਰ ਕਰਾਇਆ ਹੋਇਆ ਸੀ। ਜਦੋਂ ਉਹਨੇ ਇਹ ਪ੍ਰਸੰਗ ਸੁਣਾਉਣਾ ਸ਼ੁਰੂ ਕੀਤਾ ਤਾਂ ਜੋ ਹੋਇਆ, ਉਸ ਬਾਰੇ ਸੀਤਲ ਹੁਰੀਂ ਲਿਖਦੇ ਹਨਃ-

"ਨਾ ਸਾਨੂੰ ਕਿਸੇ ਨੇ ਹਟਾਇਆ, ਤੇ ਨਾ ਅਸਾਂ ਹਿੰਮਤ ਹਾਰੀ। ਸਾਢੇ ਤਿੰਨ ਘੰਟੇ ਪਿੱਛੋਂ ਅਸਾਂ ਆਪ ਫਤਹਿ ਬੁਲਾਈ। ਸਰੋਤਿਆਂ ਵਾਸਤੇ ਇਹ ਦਿਲ-ਕੰਬਾਊ ਕਹਾਣੀ ਬਿਲਕੁਲ ਨਵੀਂ ਸੀ। ਮੈਂ ਵੇਖ ਰਿਹਾ ਸਾਂ, ਕਿ ਕੋਈ ਵੀ ਅੱਖ ਸੁੱਕੀ ਨਹੀਂ ਸੀ, ਸਭ ਰੋ ਰਹੇ ਸਨ।"

"ਸਟੇਜ ਉੱਤੇ ਸੱਜੇ ਹੱਥ ਡੇਰੇ ਦੇ ਮਹੰਤ ਬਾਬਾ ਹਰਨਾਮ ਸਿੰਘ ਜੀ ਬੈਠੇ ਸਨ। ਉਹ ਵੀ ਰੋ ਰਹੇ ਸਨ। ਉਨ੍ਹਾਂ ਇਸ਼ਾਰਾ ਕਰ ਕੇ ਮੈਨੂੰ ਆਪਣੇ ਕੋਲ ਬੁਲਾ ਲਿਆ। ਨਾਂ ਪਤਾ ਪੁੱਛਣ ਪਿੱਛੋਂ ਉਨ੍ਹਾਂ ਹੁਕਮ ਕੀਤਾ, "ਤੂੰ ਅੱਜ ਨਹੀਂ ਜਾਣਾ। ਮੈਂ ਭਲਕੇ ਤੈਥੋਂ ਇਹ ਵਾਰ ਸੁਣਨੀ ਏਂ।"

ਨਾਲ ਹੀ ਉਹਨਾਂ ਕੋਲ ਖੜ੍ਹੇ ਸੇਵਕ ਨੂੰ ਕਿਹਾ, "ਇਹਨਾਂ ਨੂੰ ਦੋ ਸੇਰ ਪੱਕੇ ਬਦਾਮ, ਦੁੱਧ-ਘਿਉ ਜਿੰਨਾਂ ਇਹ ਮੰਗਣ ਦਿਉ ਤੇ ਇਹਨਾਂ ਦੇ ਰਾਤ ਰਹਿਣ ਦਾ ਪ੍ਰਬੰਧ ਕਰੋ।"

ਜ਼ਾਹਿਰ ਹੈ ਸੀਤਲ ਦਾ 'ਸੌਦਾ ਵਿਕ ਗਿਆ ਸੀ। 'ਉਸਤੋਂ ਬਾਅਦ ਇਹ 'ਸੌਦਾ' ਵਿਕਣਾ ਸ਼ੁਰੂ ਹੋ ਗਿਆ। ਉਸਨੂੰ ਥਾਂ ਥਾਂ ਤੋਂ ਬੁਲਾਵੇ ਆਉਣ ਲੱਗੇ। ਉਹ ਛੇਤੀ ਹੀ ਪੰਜਾਬ ਦਾ ਵੱਡਾ ਢਾਡੀ ਤਾਂ ਬਣ ਹੀ ਗਿਆ, ਨਾਲ ਹੀ ਨਾਵਲਕਾਰ ਵੀ ਬਣ ਗਿਆ। ਜਿਸ ਵੀ ਦੀਵਾਨ 'ਤੇ ਉਹਨਾਂ ਦਾ ਜਥਾ ਜਾਂਦਾ, ਉਹ ਆਪਣੀਆਂ ਢਾਡੀ ਵਾਰਾਂ ਤੇ ਨਾਵਲ ਵੀ ਨਾਲ ਲੈ ਜਾਂਦੇ। ਲੋਕ ਢਾਡੀ ਜਥੇ ਨੂੰ ਤਾਂ ਇਨਾਮ ਦਿੰਦੇ ਹੀ, ਨਾਲ ਹੀ ਨਾਲ ਕਿਤਾਬਾਂ ਵੀ

ਖ਼ਰੀਦਦੇ।

ਏਸੇ ਨੂੰ ਸੌਦਾ ਵਿਕਣਾ ਕਹਿੰਦੇ ਨੇ।

ਸਾਹਿਤ ਦੇ ਸਮਾਜ-ਸ਼ਾਸਤਰੀ ਮੰਨਦੇ ਨੇ ਕਿ ਅੱਜ ਸਾਹਿਤ ਵੀ ਬਾਜ਼ਾਰ ਦੀ ਵਸਤੂ ਹੈ। ਜਿਵੇਂ ਵਸਤੂਆਂ ਬਾਜ਼ਾਰ ਵਿਚ ਵਿਕਣ ਆਉਂਦੀਆਂ ਨੇ, ਸਾਹਿਤ ਵੀ ਵੇਚੇ ਜਾਣ ਵਾਲੀ ਵਸਤ ਹੈ। ਸਾਹਿਤ ਹੁਣ ਕੇਵਲ ਨਿੱਜੀ ਮਨ-ਪ੍ਰਚਾਵੇ ਦਾ ਸਾਧਨ ਨਹੀਂ ਰਹਿ ਗਿਆ ਤੇ ਨਾ ਹੀ ਕੋਈ ਅਜਿਹੀ ਚੀਜ਼ ਕਿ ਜਿਸਨੂੰ ਪੜ੍ਹ-ਸੁਣ ਕੇ ਕੇਵਲ ਆਨੰਦ ਹੀ ਲਿਆ ਜਾਵੇ। ਸਾਹਿਤ ਦੇ ਸਮਾਜ ਸ਼ਾਸਤਰੀ ਕਹਿੰਦੇ ਨੇ ਕਿ ਜੇ ਕੋਈ ਪੇਂਟਰ ਆਪਣੀਆਂ ਕਲਾ-ਕਿਰਤਾਂ ਬਾਜ਼ਾਰ ਵਿਚ ਵੇਚ ਕੇ ਲੱਖਾਂ ਰੁਪਏ ਕਮਾ ਸਕਦਾ ਹੈ, ਕੋਈ ਬੁੱਤ-ਤਰਾਸ਼ ਆਪਣੇ ਬਣਾਏ ਬੁੱਤ ਮਹਿੰਗੇ ਭਾਅ ਮੰਡੀ ਵਿਚ ਵੇਚ ਸਕਦਾ ਹੈ, ਤਾਂ ਸਾਹਿਤਕਾਰ ਅਜਿਹਾ ਕਿਉਂ ਨਹੀਂ ਕਰ ਸਕਦਾ!

ਤੇ ਫਿਰ ਪਾਤਰ ਵੀ ਅਜਿਹਾ ਕਿਉਂ ਨਹੀਂ ਕਰ ਸਕਦਾ! ਜਾਂ ਪਾਤਰ ਅਜਿਹਾ ਕਿਉਂ ਨਾ ਕਰੇ!

ਆਪਣੇ ਤਜਰਬੇ ਤੋਂ ਗੱਲ ਕਰਨੀ ਹੋਵੇ ਤਾਂ ਕਹਿਣਾ ਚਾਹਾਂਗਾ ਕਿ ਮੈਂ ਪੰਜਾਬ ਵਿਚ ਪਾਤਰ ਨਾਲ ਦਰਜਨ ਤੋਂ ਵੱਧ ਸੰਗੀਤਕ-ਸਮਾਗਮ ਕਰਾਏ ਸਨ, ਜਿਨ੍ਹਾਂ ਵਿਚ ਉਸਦੀਆਂ ਗ਼ਜ਼ਲਾਂ ਦਾ ਗਾਇਨ ਕਰਨ ਲਈ ਦੇਵ-ਦਿਲਦਾਰ ਹੁੰਦਾ ਸੀ। ਅਸੀਂ ਦੇਵ-ਦਿਲਦਾਰ ਨੂੰ ਤਾਂ ਬਣਦੀ ਸਰਦੀ ਮਾਣ-ਭੇਟਾ ਦਿੰਦੇ ਹੀ, ਪਰ ਪਾਤਰ ਨੂੰ ਸਿਵਾਇ ਧੰਨਵਾਦ ਦੇ ਕਦੀ ਇੱਕ ਪੈਸਾ ਵੀ ਨਹੀਂ ਸੀ ਦਿੱਤਾ। ਉਹਦੇ ਆਉਣ-ਜਾਣ ਦਾ ਕਿਰਾਇਆ ਵੀ ਦੇਵ ਦਿਲਦਾਰ ਦੀ ਭੇਟਾ ਵਿਚ ਹੀ ਸ਼ਾਮਲ ਹੁੰਦਾ ਸੀ ਕਿਉਂਕਿ ਉਹ ਇੱਕੋ ਕਾਰ 'ਤੇ ਆਉਂਦੇ ਸਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਅਸੀਂ ਉਹਨੂੰ ਫੁੱਟੀ ਦੁਆਨੀ ਨਹੀਂ ਸਾਂ ਦਿੰਦੇ। ਇਹ ਜਾਣਦੇ ਹੋਏ ਵੀ ਪਾਤਰ ਨੇ ਕਦੀ ਸਮਾਗਮ 'ਤੇ ਆਉਣ ਤੋਂ ਮੈਨੂੰ ਨਾਂਹ ਨਹੀਂ ਸੀ ਕੀਤੀ। ਪਾਤਰ ਸਾਡੇ ਦਿਲ ਦੇ ਨਜ਼ਰਾਨੇ ਨਾਲ ਹੀ ਰੱਜ ਜਾਂਦਾ। ਜਿਹੜੇ ਲੋਕ ਕਹਿੰਦੇ ਨੇ ਕਿ ਪਾਤਰ 'ਕਵਿਤਾ ਵੇਚਦਾ ਸੀ' ਉਹ ਕੁਫ਼ਰ ਤੋਲਦੇ ਨੇ। ਪਾਤਰ ਨੂੰ ਬੁਲਾਉਣ ਤੇ ਸੁਣਨ ਦਾ ਮੁੱਲ ਮੁਹੱਬਤ ਭਰੇ ਪ੍ਰਸ਼ੰਸਾਮਈ ਬੋਲ ਹੀ ਹੁੰਦੇ। ਉਹ ਏਨੇ ਨਾਲ ਹੀ ਸਰੂਰਿਆ ਜਾਂਦਾ। ਆਪਣੀ ਝੋਲ ਭਰੀ ਭਰੀ ਮਹਿਸੂਸ ਕਰਦਾ।

ਇੱਕ ਦਿਨ ਪਹਿਲਵਾਨ ਕਰਤਾਰ ਦੇ ਘਰ ਅਜਿਹਾ ਹੀ ਸੰਗੀਤਕ ਸਮਾਗਮ ਰਚਾਇਆ ਤਾਂ ਕਰਤਾਰ ਨੇ ਮੈਨੂੰ ਉਚੇਚੇ ਤੌਰ 'ਤੇ ਪੁੱਛਿਆ ਕਿ ਪਾਤਰ ਅਤੇ ਦੇਵ ਦਿਲਦਾਰ ਨੂੰ ਕੀ ਭੇਟਾ ਦਿੱਤੀ ਜਾਵੇ!! ਮੈਂ ਉਹਨੂੰ ਕਿਹਾ ਕਿ ਆਪਾਂ ਦੇਵ ਨੂੰ ਮੁਨਾਸਬ ਜਿਹੀ ਭੇਟਾ ਦੇ ਦਿੰਦੇ ਹਾਂ, ਪਾਤਰ ਨੂੰ ਮੈਂ ਅੱਜ ਤੱਕ ਨਾ ਭੇਟਾ ਦਿੱਤੀ ਹੈ ਤੇ ਨਾ ਹੀ ਇਸ ਬਾਰੇ ਕਦੀ ਪੁੱਛਿਆ ਹੈ। ਕਰਤਾਰ ਨੇ ਕਿਹਾ, "ਇੰਝ ਚੰਗਾ ਨਹੀਂ ਲੱਗਦਾ!"

ਫਿਰ ਅਸੀਂ ਆਪਸੀ ਸਲਾਹ ਨਾਲ ਦੋ ਲਿਫ਼ਾਫ਼ੇ ਤਿਆਰ ਕੀਤੇ।

ਜਦੋਂ ਪਾਤਰ ਹੁਰੀਂ ਵਾਪਸ ਜਾਣ ਲਈ ਕਾਰ ਵਿਚ ਬੈਠ ਗਏ ਤਾਂ ਮੈਂ ਬਾਰੀ ਕੋਲ ਹੋ ਕੇ ਹੌਲੀ ਜਿਹੀ ਦੋ ਲਿਫ਼ਾਫ਼ੇ ਪਾਤਰ ਦੇ ਹੱਥ ਵਿਚ ਫੜਾਏ। ਉਹਨੇ ਦੋਵਾਂ 'ਤੇ ਲਿਖੇ ਨਾਂ ਪੜ੍ਹੇ। ਦੇਵ ਵਾਲਾ ਲਿਫ਼ਾਫ਼ਾ ਕੋਲ ਰੱਖ ਲਿਆ ਤੇ ਆਪਣੇ ਵਾਲਾ ਮੈਨੂੰ ਵਾਪਸ ਕਰਦਿਆਂ ਹੱਸ ਪਿਆ,

"ਪਿਆਰ ਦੀ ਕੀਮਤ ਨਹੀਂ ਹੁੰਦੀ!

ਜਦੋਂ ਮੇਰੇ ਬੇਟੇ ਸੁਪਨ ਸੰਧੂ ਨੇ ਕਨੇਡਾ ਵਿਚ 'ਇਕ ਸ਼ਾਮ ਸੁਰਜੀਤ ਪਾਤਰ ਦੇ ਨਾਂ!' ਸਮਾਗਮ ਕਰਵਾਇਆ ਤਾਂ ਉਹਨੇ ਪਾਤਰ ਨੂੰ ਦੋਵਾਂ ਪਾਸਿਆਂ ਦੀ ਟਿਕਟ ਭੇਜਣ ਲਈ ਤਰੀਕਾਂ ਪੁੱਛੀਆਂ ਤਾਂ ਪਾਤਰ ਨੇ ਕਿਹਾ, "ਸੁਪਨ! ਤੈਨੂੰ ਮੇਰੇ ਕਨੇਡਾ ਆਉਣ ਵਾਸਤੇ ਟਿਕਟ ਲੈਣ ਦੀ ਲੋੜ ਨਹੀਂ। ਮੈਂ ਦਸ ਕੁ ਦਿਨ ਪਹਿਲਾਂ ਅਮਰੀਕਾ ਆ ਹੀ ਜਾਣਾ ਹੈ ਤੇ ਤੇਰੇ ਸਮਾਗਮ ਤੋਂ ਪਹਿਲਾਂ ਮੈਂ ਆਪਣੇ ਨਿਊਯਾਰਕ ਰਹਿੰਦੇ ਦੋਸਤਾਂ ਨੂੰ ਕਹਾਂਗਾ ਕਿ ਉਹ ਮੈਨੂੰ ਨਿਆਗਰਾ ਫ਼ਾਲ ਵਾਲੇ ਬਾਡਰ 'ਤੇ ਛੱਡ ਆਉਣ। ਤੂੰ ਮੈਨੂੰ ਉਥੋਂ ਕਾਰ 'ਤੇ ਲੈ ਜਾਵੀਂ। ਇੰਝ ਤੈਨੂੰ ਮੇਰਾ ਅਮਰੀਕਾ ਤੋਂ ਕਨੇਡਾ ਆਉਣ ਦਾ ਕਿਰਾਇਆ ਵੀ ਨਹੀਂ ਖ਼ਰਚਣਾ ਪਊ!

ਜਦੋਂ ਕਨੇਡਾ ਤੋਂ ਪਾਤਰ ਦੀ ਵਾਪਸੀ ਸੀ ਤਾਂ ਮੈਂ ਸੁਪਨ ਨੂੰ ਸੁਝਾਉ ਦਿੱਤਾ ਕਿ ਉਹ ਪਾਤਰ ਨੂੰ ਜਾਣ ਲੱਗਿਆਂ ਜਿਹੜਾ ਲਿਫ਼ਾਫ਼ਾ ਮਾਣ-ਭੇਟਾ ਵਜੋਂ ਦੇਵੇ, ਉਸ ਵਿਚ ਉਹਦੀ ਸ਼ਾਨ ਦੇ ਛਾਇਆਂ ਡਾਲਰ ਜ਼ਰੂਰ ਹੋਣ!

ਜਦੋਂ ਪਾਤਰ ਚਲਾ ਗਿਆ ਤਾਂ ਮੈਂ ਸੁਪਨ ਕੋਲੋਂ ਪਾਤਰ ਨੂੰ ਦਿੱਤੇ ਜਾਣ ਵਾਲੀ ਰਾਸ਼ੀ ਬਾਰੇ ਪੁੱਛਿਆ ਤਾਂ ਉਹਨੇ ਜਿਹੜੀ ਰਾਸ਼ੀ ਦੱਸੀ ਉਹ ਮੇਰੇ ਅਨੁਮਾਨ ਤੋਂ ਕਿਤੇ ਘੱਟ ਸੀ। ਮੈਂ ਨਰਾਜ਼ ਹਿਇਆ ਤਾਂ ਸੁਪਨ ਕਹਿੰਦਾ, "ਅੰਕਲ ਕਹਿੰਦੇ ਸਨ, ਸੁਪਨ! ਤੂੰ ਸਾਡਾ ਆਪਣਾ ਬੇਟਾ ਏਂ! ਤੇਰੇ ਕੋਲੋਂ ਲਿਫ਼ਾਫ਼ਾ ਫੜਦਿਆਂ ਮੈਨੂੰ ਊਂ ਈ ਚੰਗਾ ਨਹੀਂ ਲੱਗ ਰਿਹਾ -ਮੈਂ ਤਾਂ ਬਦੋਬਦੀ ਲਿਫ਼ਾਫ਼ਾ ਉਹਨਾਂ ਦੀ ਜੇਬ ਵਿੱਚ ਤੁੰਨ ਦਿੱਤਾ ਸੀ!

ਮੈਂ ਇਹ ਵੀ ਨਹੀਂ ਕਹਿੰਦਾ ਕਿ ਪਾਤਰ ਕੋਈ ਸੰਤ-ਮਹਾਤਮਾ ਸੀ; ਮੋਹ-ਮਾਇਆ ਤੋਂ ਉੱਚਾ ਉੱਠ ਚੁੱਕਾ ਸੀ, ਉਹ ਤਾਂ ਮੁਫ਼ਤ ਵਿੱਚ ਆਪਣੀਆਂ ਗ਼ਜ਼ਲਾਂ ਸੁਣਾਉਣ ਲਈ ਦੇਸ਼-ਪਰਦੇਸ਼ ਘੁੰਮਦਾ ਫਿਰਦਾ ਸੀ! ਉਹ ਬਾਹਰਲੇ ਮੁਲਕਾਂ ਵਿਚ ਜਾਂਦਾ ਸੀ, ਮੇਜ਼ਬਾਨ ਉਹਦਾ ਸਮਾਗਮ ਕਰਾਉਣ ਲਈ ਸਪੌਂਸਰਾਂ ਤੋਂ ਮਾਇਆ ਇਕੱਠੀ ਕਰਦੇ। ਫਿਰ ਸਮਾਗਮ ਦੀਆਂ ਟਿਕਟਾਂ ਵੇਚ ਕੇ ਮਾਇਆ ਇਕੱਠੀ ਕਰਦੇ। ਇਸ ਮਾਇਆ ਵਿਚੋਂ ਪਾਤਰ ਨੂੰ ਵੀ ਮਾਣ-ਭੇਟਾ ਦਿੱਤੀ ਜਾਂਦੀ, ਜਿਵੇਂ ਸੁਪਨ ਨੇ ਵੀ ਦਿੱਤੀ ਸੀ। ਪਰ ਪਾਤਰ ਦੇ ਸੁਭਾਉ ਨੂੰ ਵੇਖ ਕੇ ਮੇਰਾ ਇਹ ਮੰਨਣ ਨੂੰ ਦਿਲ ਨਹੀਂ ਕਰਦਾ ਕਿ ਉਹਨੇ ਆਪਣੇ ਮੇਜ਼ਬਾਨਾਂ ਨਾਲ ਕਦੀ ਪਹਿਲਾਂ 'ਸੌਦਾ ਟੁੱਕ ਕੇ' ਕਿਹਾ ਹੋਵੇ ਕਿ "ਜੇ ਮੈਨੂੰ ਐਨੇ ਡਾਲਰ ਦਿਉਗੇ ਤਾਂ ਹੀ ਮੈਂ ਆਉਣਾ ਹੈ, ਨਹੀਂ ਤਾਂ ਨਹੀਂ!"

ਸੌਦਾ ਟੁਕਣਾ ਵੀ ਗ਼ਲਤ ਨਹੀਂ। ਹੋਰ ਗਾਇਕ ਜਾਂ ਰਾਗੀ, ਢਾਡੀ ਕਿਸੇ ਦੇਸੀ ਜਾਂ ਵਿਦੇਸ਼ੀ ਸਮਾਗਮ 'ਤੇ ਜਾਣ ਲੱਗਿਆਂ ਪਹਿਲਾਂ ਗੱਲ ਟੁੱਕ ਲੈਂਦੇ ਹਨ ਕਿ ਮੈਂ ਆਉਣ ਤੇ ਗਾਉਣ ਦੀ ਐਨੀ ਮਾਇਆ ਲਵਾਂਗਾ, ਤੇ ਉਹ ਲੈਂਦੇ ਵੀ ਹਨ। ਕਈ ਤਾਂ ਪ੍ਰੋਗਰਾਮ ਕਰਨ ਤੋਂ ਪਹਿਲਾਂ ਆਪਣੇ ਹੱਥ 'ਤੇ ਪੈਸੇ ਰਖਵਾ ਲੈਂਦੇ ਨੇ ਤੇ ਪ੍ਰੋਗਰਾਮ ਬਾਅਦ ਵਿਚ ਕਰਦੇ ਨੇ! ਜੇ ਪਾਤਰ ਸੌਦਾ ਟੁੱਕ ਕੇ ਵੀ ਪ੍ਰੋਗਰਾਮਾਂ 'ਤੇ ਜਾਂਦਾ ਹੁੰਦਾ ਤਾਂ ਮੈਨੂੰ ਤਦ ਵੀ ਕੋਈ ਇਤਰਾਜ਼ ਨਹੀਂ ਸੀ ਹੋਣਾ!

ਇਸ ਬਾਰੇ ਆਪਾਂ ਪਾਤਰ ਦੀ ਰਾਇ ਹੀ ਜਾਣ ਲੈਂਦੇ ਹਾਂ।

2006 ਵਿੱਚ ਅਵਤਾਰ ਜੰਡਿਆਲਵੀ ਨੇ 'ਹੁਣ' ਵਾਸਤੇ ਕੀਤੀ ਇੱਕ ਇੰਟਰਵਿਊ ਵਿੱਚ ਸੁਰਜੀਤ ਪਾਤਰ ਨੂੰ ਇਸ ਸਬੰਧੀ ਸਿੱਧਾ ਸਵਾਲ ਪੁੱਛਿਆ ਸੀ ਜੋ 'ਕਵਿਤਾ ਦਾ ਰੇਟ' ਸਿਰਲੇਖ ਹੇਠ 'ਹੁਣ' ਵਿੱਚ ਦਰਜ ਹੈ।

ਪਾਤਰ ਨੇ ਉਹਨੂੰ ਕਿਹਾ ਸੀਃ-ਮੈਂ ਕਦੀ ਕਿਸੇ ਨਾਲ ਰੇਟ ਨਹੀਂ ਬੰਨ੍ਹਿਆ। ਮੈਂ ਤਾਂ ਸਦਾ ਗ਼ਜ਼ਲਾਂ ਗਾਉਣ ਨੂੰ ਤਿਆਰ ਰਹਿੰਦਾ ਹਾਂ। ਇੱਕ ਵਾਰ ਮੈਂ ਸੁੱਖਣਾ ਲੇਕ ਦੇ ਕੰਢੇ ਸਾਰੀ ਰਾਤ ਗਾਇਆ ਸੀ। ਮੈਂ ਜਦ ਵੀ ਵਿਦੇਸ਼ ਗਿਆ ਆਪਣੇ ਦੋਸਤਾਂ ਕੋਲ ਹੀ ਗਿਆ। ਕਨੇਡਾ ਹਰਦੇਵ ਵਿਰਕ, ਸਾਧੂ ਸਿੰਘ, ਜਸਵਿੰਦਰ, ਭਜਨ, ਰਵੀ ਮਾਨ ਅਜਮੇਰ ਰੋਡੇ ਕੋਲ। ਲੰਡਨ ਆਪਣੇ ਭਰਾ ਦੀਦਾਰ ਪਰਦੇਸੀ ਕੋਲ ਜਾਂ ਸੁਰਿੰਦਰ ਸੀਹਰੇ ਕੋਲ। ਅਮਰੀਕਾ ਗੁਰਮੇਲ ਕੋਲ, ਸੁਰਿੰਦਰ ਸੀਰਤ ਕੋਲ ਜਾਂ ਸੁਖਵਿੰਦਰ ਕੰਬੋਜ ਕੋਲ।

ਜਦੋਂ ਮੈਂ ਹੁਣ ਦੇ ਰਿਲੀਜ਼ ਸਮਾਰੋਹ ਤੇ ਆਇਆ ਸਾਂ ਤੇਰੇ ਕੋਲੋਂ ਆਪਣੀਆਂ ਛਪੀਆਂ ਕਵਿਤਾਵਾਂ ਦੇ ਪੈਸੇ ਤਾਂ ਲੈ ਲਏ ਸਨ, ਸ਼ਾਇਦ 500 ਰੁਪਏ, ਪਰ ਤਰੰਨਮ ਵਿੱਚ ਗ਼ਜ਼ਲਾਂ ਸੁਣਾਉਣ ਦਾ ਕੋਈ ਪੈਸਾ ਨਹੀਂ ਲਿਆ ਸੀ ਤੇ ਉਸ ਦਿਨ ਵੀ ਮੈਂ ਸਾਰੀ ਰਾਤ ਗਾਉਣ ਲਈ ਤਿਆਰ ਸਾਂ।

ਹਾਂ, ਕਨੇਡਾ ਵਿੱਚ ਦੋਸਤਾਂ ਨੇ ਇਹ ਜ਼ਰੂਰ ਕੀਤਾ ਕਿ ਮੇਰੀ ਤੇ ਦੀਦਾਰ ਪਰਦੇਸੀ ਦੀ ਇੱਕ ਸ਼ਾਮ ਆਯੋਜਿਤ ਕੀਤੀ ਗਈ। ਜਿਹਦੀ 10 ਡਾਲਰ ਟਿਕਟ ਰੱਖੀ ਗਈ। ਪੰਜ ਸੌ ਸੀਟਾਂ ਦਾ ਹਾਲ ਭਰਿਆ ਹੋਇਆ ਸੀ ਤੇ ਲੋਕਾਂ ਨੇ ਸਾਹ ਰੋਕ ਕੇ ਦੀਦਾਰ ਨੂੰ ਤੇ ਮੈਨੂੰ ਤਿੰਨ ਘੰਟੇ ਸੁਣਿਆ। ਦੇਵ ਦਿਲਦਾਰ ਵਾਰੀ ਵੀ ਇਉਂ ਹੀ ਹੋਇਆ। ਮੈਨੂੰ ਬਹੁਤ ਵਧੀਆ ਲੱਗਾ। ਕਿਸੇ ਇੱਕ ਬੰਦੇ ਤੇ ਭਾਰ ਪਾਉਣ ਨਾਲੋਂ ਬੇਹਤਰ ਹੈ ਟਿਕਟਾਂ ਦੇ ਕੇ ਭਾਰ ਵੰਡ ਲੈਣਾ। ਉਹਨਾਂ ਟਿਕਟਾਂ ਤੇ ਪੈਸਿਆਂ ਵਿੱਚੋਂ ਆਡੀਟੋਰੀਅਮ ਦਾ ਕਰਾਇਆ ਵੀ ਦਿੱਤਾ ਗਿਆ, ਸਾਊਂਡ ਦਾ ਖ਼ਰਚਾ ਵੀ ਤੇ ਸਾਨੂੰ ਵੀ ਪੈਸੇ ਦਿੱਤੇ ਗਏ। ਮੈਂ ਪਰਦੇਸਾਂ ਦੀਆਂ ਸਹਿਤ ਸਭਾਵਾਂ ਵਿੱਚ ਵੀ ਕਵਿਤਾਵਾਂ ਪੜ੍ਹ ਕੇ ਆਇਆਂ। ਉਹ ਜਾਣਦੇ ਹਨ ਮੈਂ ਕਿਸੇ ਨਾਲ ਕੋਈ ਰੇਟ ਨਹੀਂ ਬੰਨ੍ਹਿਆ। ਜਦੋਂ ਅਸੀਂ ਸਹਿਤ ਸਭਾਵਾਂ ਵਿੱਚ ਕਵਿਤਾਵਾਂ ਪੜ੍ਹਦੇ ਹਾਂ ਤਾਂ ਮੀਹ ਸਮੁੰਦਰ ਉੱਤੇ ਹੀ ਵੱਸਦਾ ਹੈ, ਯਾਨੀ ਲੇਖਕਾਂ ਨੂੰ ਲੇਖਕ ਹੀ ਸੁਣਦੇ ਹਨ। ਸਾਰੇ ਯੂਰਪ ਦੇ ਉੱਤਰੀ ਅਮਰੀਕਾ ਵਿੱਚ ਕਵੀ ਟਿਕਟਾਂ ਤੇ ਕਵਿਤਾ ਪੜ੍ਹਦੇ ਹਨ। ਇਸ ਤਰ੍ਹਾਂ ਟਿਕਟਾਂ ਖ਼ਰੀਦਣ ਵਾਲੇ ਸਾਰੇ ਅਮੀਰ ਗ਼ਰੀਬ ਤੁਹਾਡੇ ਸਰਪ੍ਰਸਤ ਬਣਦੇ ਹਨ। ਕੋਈ ਇੱਕ ਰਾਜਾ ਮਹਾਰਾਜਾ ਨਹੀਂ ਬਣਦਾ।

ਜੇ ਜਿਨਸ ਬਣਾਉਣ ਦੀ ਗੱਲ ਹੈ, ਫਿਰ ਤਾਂ ਕਵਿਤਾ ਦੀ ਕਿਤਾਬ ਦੀ ਰਾਇਲਟੀ ਵੀ ਨਹੀਂ ਲੈਣੀ ਚਾਹੀਦੀ। ਪਰ ਉਹ ਸਾਰੇ ਕਵੀ ਰਾਇਲਟੀ ਲੈਂਦੇ ਹਨ ਜਾਂ ਸਨ ਜਿਨਾਂ ਨੂੰ ਤੁਸੀਂ ਮਹਾਨ ਕਹਿੰਦੇ ਹੋ।

---

ਪਾਤਰ ਦੇ ਇਸ ਸੰਤੁਲਤ ਜਵਾਬ ਤੋਂ ਬਾਅਦ ਇਸ ਮਸਲੇ 'ਤੇ ਸਾਡੇ ਲਈ ਕੁਝ ਹੋਰ ਕਹਿਣ ਦੀ ਲੋੜ ਨਹੀਂ ਬਣਦੀ।

ਸੋ ਮੈਨੂੰ ਲੱਗਦਾ ਹੈ ਕਿ ਪੰਜਾਬੀ ਕਵਿਤਾ ਤੇ ਕਵੀਆਂ ਨੂੰ ਉਸਦਾ ਰਿਣੀ ਹੋਣਾ

ਚਾਹੀਦਾ ਹੈ ਕਿ ਉਹਨੇ ਪਹਿਲੀ ਵਾਰ ਕਵਿਤਾ ਨੂੰ ਉਸ ਉੱਚੇ ਮੁਕਾਮ ’ਤੇ ਪਹੁੰਚਾ ਦਿੱਤਾ ਕਿ ਸਰੋਤਿਆਂ ਤੇ ਪਾਠਕਾਂ ਨੂੰ ਸ਼ਾਇਦ ਇੰਝ ਹੀ ਲੱਗਣ ਲੱਗਾ ਜਿਵੇਂ ਉਹ ਸ਼ਾਇਰ ਦੀ ਕਿਤਾਬ ਖ਼ਰੀਦਕੇ ਉਹਨੂੰ ਪੜ੍ਹਨ ਦਾ ਆਨੰਦ ਮਾਣਦੇ ਹਨ, ਇੰਝ ਹੀ ਉਹ ਕਿਤਾਬ ਵਾਂਗ ਟਿਕਟ ਖ਼ਰੀਦ ਕੇ ਉਹਦੀ ਕਵਿਤਾ ਨੂੰ ਸੁਣਨ ਜਾਂਦੇ ਸਨ।

---

ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ ! ਸ਼ਿਅਰ ਦੀ ਰਮਜ਼

ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ
ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ।

ਇਹ ਸ਼ਾਇਰੀ ਤੇ ਸ਼ਾਇਰ ਦੇ ਮਕਸਦ ਨੂੰ ਪਰਿਭਾਸ਼ਿਤ ਕਰਨਾ ਵਾਲਾ ਸ਼ਿਅਰ ਹੈਃ-

(ਉਂਝ ਪਾਤਰ ਨੂੰ ਪੁੱਛਦੇ ਤਾਂ ਉਹਨੇ ਮੁਸਕਰਾ ਕੇ ਆਪਣਾ ਸ਼ਿਅਰ ਸੁਣਾ ਛੱਡਣਾ ਸੀਃ- ‘ਅੱਗ ਦਾ ਸਫ਼ਾ ਹੈ ਉਸ ’ਤੇ ਮੈਂ ਫੁੱਲਾਂ ਦੀ ਸਤਰ ਹਾਂ, ਉਹ ਬਹਿਸ ਕਰ ਰਹੇ ਨੇ, ਗ਼ਲਤ ਹਾਂ ਕਿ ਠੀਕ ਹਾਂ)

ਇਹ ਪਾਤਰ ਦੀ ਸਭ ਤੋਂ ਵੱਧ ਪੜ੍ਹੀ ਗਈ, ਗਾਈ ਗਈ, ਸੁਣੀ ਗਈ ਗ਼ਜ਼ਲ ਹੈ। ਇਹਦੇ ਵੱਖ-ਵੱਖ ਸ਼ਿਅਰ ਜ਼ਿੰਦਗੀ ਦੇ ਵਿਭਿੰਨ ਪਹਿਲੂਆਂ ਦਾ ਸੰਗਠਿਤ, ਸੰਤੁਲਿਤ ਤੇ ਦਿਲ-ਦਿਮਾਗ਼ ਨੂੰ ਛੂਹਣ ਵਾਲਾ ਕਾਵਿਕ ਬਿਆਨ ਹਨ। ਇਕੱਲ੍ਹਾ ਇਕੱਲ੍ਹਾ ਸ਼ਿਅਰ ਜੀਵਨ ਦੇ ਅਟੱਲ ਸੱਚ ਤੇ ਤੱਤ ਨੂੰ ਬਿਆਨ ਕਰਨ ਵਾਲਾ ਹੈ।

ਐਮਰਜੈਂਸੀ ਲੱਗੀ ਹੋਈ ਸੀ। ਮੈਂ ਦੋ ਵਾਰ (ਇੱਕ ਵਾਰ ਇੱਕ ਸੌ ਸੱਤ ਇਕਵੰਜਾ ਤੇ ਦੂਜੀ ਵਾਰ ਡੀ ਆਈ ਆਰ ਅਧੀਨ) ਜੇਲ੍ਹ ਯਾਤਰਾ ਕਰਨ ਤੋਂ ਬਾਅਦ ਭੱਜ ਕੇ ਪੰਜਾਬ ਯੂਨੀਵਰਸਿਟੀ ਵਿਚ ਐੱਮ ਫ਼ਿਲ ਵਿਚ ਜਾ ਦਾਖ਼ਲਾ ਲਿਆ। ਓਥੇ ਸਾਧੂ ਭਾ ਜੀ ਮੇਰੇ ਜਮਾਤੀ ਸਨ। ਹਰਭਜਨ ਹਲਵਾਰਵੀ, ਡਾ ਚਮਨ ਲਾਲ, ਅਮਰਜੀਤ ਕਾਂਗ, ਲੋਕ ਨਾਥ ਵੀ ਓਥੇ ਹੀ ਸਨ। ਅਸੀਂ ਲੋਕ ਨਾਥ ਤੋਂ ਇਹ ਗ਼ਜ਼ਲ ਸੁਣਦੇ। ਕਦੀ ਕਦੀ ਰਾਤ ਨੂੰ ਯੂਨੀਵਰਸਿਟੀ ਦੀਆਂ ਸੜਕਾਂ ’ਤੇ ‘ਯਾਰਾਂ ਨਾਲ’ ਤੁਰਦੇ ਮੈਂ ਵੀ ਇਹ ਗ਼ਜ਼ਲ ਗਾਉਂਦਾ। ਸਾਨੂੰ ਲੱਗਦਾ ਇਹਦਾ ਪਹਿਲਾ ਸ਼ਿਅਰ ਤਾਂ ਸਾਡੇ ਸਭਨਾਂ ਦੇ ਦਿਲ ਦੀ ਗੱਲ ਕਰਦਾ ਹੈ। ਸਰਕਾਰ ਨੇ ਬੋਲਣ ’ਤੇ ਪਾਬੰਦੀ ਲਾਈ ਹੈ। ਜੇਲ੍ਹਾਂ ਨੇ, ਸਜ਼ਾਵਾਂ ਨੇ। ਅਸੀਂ ਆਪਣੇ ਦਿਲ ਦੀ ਗੱਲ ਕਿਵੇਂ ਕਰੀਏ, ਕਿੱਥੇ ਕਰੀਏ ! ਪਰ ਇਹ ਸ਼ਿਅਰ ਸਾਡੇ ਦਿਲ ਦੀ ਆਵਾਜ਼ ਹੀ ਤਾਂ ਸੀ। ਸਾਡੇ ਦਿਲ ਹੀ ਤਾਂ ਉਹ ‘ਸ਼ਮਾਦਾਨ’ ਸਨ ਜਿਹੜੇ ਚਾਨਣੇ ਬੋਲਾਂ ਦੀ ਰੌਸ਼ਨੀ ਦੀ ਚਾਹਤ ਰੱਖਦੇ ਸਨ। ਪਾਤਰ ਦੇ ਇਸ ਸ਼ਿਅਰ ਵਿਚੋਂ ਉਹ ਚਾਨਣ ਝਰਦਾ ਸੀ। ਪਾਤਰ ਕਿੱਥੇ ਡਰਦਾ ਸੀ। ਉਹ ਰਮਜ਼ ਨਾਲ ਆਪਣੀ ਗੱਲ ਕਹਿ ਗਿਆ ਸੀ। ਸਾਡੀ ਗੱਲ ਕਰ ਗਿਆ ਸੀ। ਹਨੇਰੇ ਨਾਲ ਲੜ ਗਿਆ ਸੀ।

ਪਰ ਅਫ਼ਸੋਸ ਦੀ ਗੱਲ ਹੈ ਕਿ ਉਹਦੇ ਖ਼ਾਸ ਕਿਸਮ ਦੇ ਆਲੋਚਕ ਇਸ ਸ਼ਿਅਰ ਨੂੰ ਲੈ ਕੇ, ਉਹਨੂੰ ਦੁਬਿਧਾ-ਗ੍ਰਸਤ, ਸੱਚ ਕਹਿਣ ਤੋਂ ਡਰਨ ਵਾਲਾ, ਚਮੜੀ ਬਚਾਉਣ ਵਾਲਾ ਤੇ ਹੋਰ ਪਤਾ ਨਹੀਂ ਕੀ ਕੀ ਆਖਦੇ ਹਨ !

"ਕੁਛ ਕਿਹਾ ਤਾਂ ਹਨ੍ਹੇਰਾ ਜਰੇਗਾ ਕਿਵੇਂ" ਦੇ ਹਵਾਲੇ ਨਾਲ ਕਿਹਾ ਜਾਂਦਾ ਹੈ ਕਿ 'ਪਾਤਰ ਕੁਝ ਨਾ ਕਰਨ ਦਾ ਬਹਾਨਾ ਲੱਭ ਰਿਹਾ ਹੈ!'

ਪਹਿਲੀ ਗੱਲ ਤਾਂ ਇਹ ਹੈ ਕਿ ਪਾਤਰ ਪਾਸ਼, ਦਿਲ ਜਾਂ ਉਦਾਸੀ ਵਾਂਗ ਐਕਟੇਵਿਸਟ ਨਹੀਂ। ਜੋ ਦੋਵੇਂ ਕੰਮ ਇੱਕੋ ਮੁਹਾਰਤ ਤੇ ਤਾਕਤ ਨਾਲ ਕਰ ਸਕਦਾ ਹੈ, ਉਹਦੇ ਸ਼ਾਬਾਸ਼! ਪਰ ਪਾਤਰ 'ਕੇਵਲ ਸ਼ਾਇਰ' ਹੀ ਹੈ। ਉਹ ਐਕਟੇਵਿਸਟ ਹੋਣ ਦਾ ਕਦੀ ਦਾਅਵਾ ਵੀ ਨਹੀਂ ਕਰਦਾ। ਪਰ ਸ਼ਾਇਰ ਹੋਣਾ ਕਿਹੜਾ ਸੌਖਾ ਹੈ।

ਇਹ ਠੀਕ ਹੈ ਕਿ ਹਨੇਰੀਆਂ ਤਾਕਤਾਂ ਨੂੰ ਰੌਸ਼ਨ-ਸੱਚ ਪ੍ਰਵਾਨ ਨਹੀਂ, ਉਹ ਇਸ ਸੱਚ ਨੂੰ ਜਾਂ ਸੱਚ ਕਹਿਣ ਵਾਲੇ ਨੂੰ ਸਹਿਣ ਨਹੀਂ ਕਰਨਗੀਆਂ, ਪਰ, ਕੀ ਸ਼ਾਇਰ ਆਪਣੀ 'ਹੱਤਿਆ' ਦੇ ਡਰ ਕੇ ਚੁੱਪ ਕਰ ਜਾਵੇ?

ਨਹੀਂ- ਜੇ ਸ਼ਾਇਰ ਚੁੱਪ ਕਰ ਜਾਵੇਗਾ ਤਾਂ 'ਸ਼ਮਾਦਾਨ' ਲੋਕਾਈ ਦੇ ਦਿਲ-ਦਿਮਾਗ਼, ਜਿਨ੍ਹਾਂ ਨੂੰ ਸ਼ਾਇਰ ਨੇ ਰੌਸ਼ਨ ਕਰਨਾ ਹੈ, ਉਹਨਾਂ ਨੂੰ ਅਨਿਆਇ ਦੇ ਖ਼ਿਲਾਫ਼ ਜਗਾਉਣਾ ਹੈ, ਲੜਾਉਣਾ ਹੈ, ਉਹਨਾਂ ਨੂੰ ਸ਼ਾਇਰ ਦੀ ਚੁੱਪ ਹਰਗ਼ਿਜ਼ ਪ੍ਰਵਾਨ ਨਹੀਂ। ਉਹ (ਸ਼ਮਾਦਾਨ) ਨਹੀਂ ਚਾਹੁੰਦੇ ਕਿ ਉਹਨਾਂ ਦਾ ਸ਼ਾਇਰ ਡਰ ਕੇ ਖ਼ਾਮੋਸ਼ ਹੋ ਜਾਵੇ! ਮੋਮਬੱਤੀਆਂ ਜਗਾਵੇ ਨਾ, ਸਗੋਂ ਫੂਕ ਮਾਰ ਕੇ ਬੁਝਾ ਦੇਵੇ!

ਉਹ ਸ਼ਾਇਰ ਨੂੰ ਜਗਦਾ ਤੇ ਜਾਗਦਾ ਵੇਖਣਾ ਚਾਹੁੰਦੇ ਹਨ।

ਤੇ ਸ਼ਾਇਰ ਨੂੰ ਇਸ ਰੱਦੇ-ਅਮਲ ਦਾ ਭਲੀ-ਭਾਂਤ ਪਤਾ ਹੈ। ਏਸੇ ਲਈ ਉਹ ਲਿਖਦਾ ਹੈ:-

ਗੀਤ ਦੀ ਮੌਤ ਇਸ ਰਾਤ ਜੇ ਹੋ ਗਈ
ਮੇਰਾ ਜੀਣਾ ਮੇਰੇ ਯਾਰ ਕਿੰਝ ਸਹਿਣਗੇ

ਪਰ ਜੇ ਇਸ ਕਾਲੀ-ਬੋਲੀ ਜ਼ੁਲਮ ਦੀ ਹਨੇਰੀ ਰਾਤ ਵਿਚ ਸ਼ਾਇਰ ਬੋਲੇਗਾ ਨਹੀਂ, ਚੁੱਪ ਰਹੇਗਾ, ਸੱਚ ਦਾ ਚਿਰਾਗ਼ ਨਹੀਂ ਬਾਲੇਗਾ ਤਾਂ ਉਹ ਕਾਹਦਾ ਸ਼ਾਇਰ ਹੋਇਆ! ਉਹ ਕਾਹਦਾ ਉਹਨਾਂ ਦਾ 'ਆਪਣਾ' ਹੋਇਆ। ਇਹੋ ਜਿਹੇ ਅਣਹੋਏ ਸ਼ਾਇਰ ਦਾ ਜਿਉਣਾ ਕਿਸ ਅਰਥ! ਉਹ ਤਾਂ ਮਰਿਆਂ ਤੋਂ ਵੀ ਭੈੜਾ। ਸ਼ਾਇਰ ਦੇ ਉਹ ਯਾਰ, ਸ਼ਾਇਰ ਨੂੰ ਪੜ੍ਹਨ ਤੇ ਪਿਆਰਨ ਵਾਲੇ, ਉਸ ਕੋਲੋਂ ਆਸ-ਉਮੀਦ ਰੱਖਣ ਵਾਲੇ ਲੋਕ ਉਸ ਚੁੱਪ ਰਹਿਣ ਵਾਲੇ ਸ਼ਾਇਰ ਦੀ ਚੁੱਪ ਨੂੰ, ਉਹਦੀ ਕਾਇਰਤਾ ਨੂੰ ਕਦੀ ਵੀ ਬਰਦਾਸ਼ਤ ਨਹੀਂ ਕਰਨਗੇ।

ਜੇ ਹਨੇਰੇ ਦੀਆਂ ਤਾਕਤਾਂ ਸੱਚ ਸੁਣਨਾ ਬਰਦਾਸ਼ਤ ਨਹੀਂ ਕਰਦੀਆਂ ਤਾਂ ਸ਼ਾਇਰ ਤੋਂ ਚਾਨਣ ਦੀ ਤਾਂਘ ਕਰਨ ਵਾਲੀ ਲੋਕਾਈ ਵੀ ਸ਼ਾਇਰ ਦੀ ਕਮਜ਼ੋਰੀ ਨੂੰ ਸਹਿਣ ਨਹੀਂ ਕਰੇਗੀ। ਉਹ ਤਾਂ ਆਪਣੇ ਸ਼ਾਇਰ ਨੂੰ ਆਖੇਗੀ ਹੀ, "ਤੂੰ! ਉੱਠ ਜਗਾ ਦੇ ਮੋਮਬੱਤੀਆਂ!'

ਲੋਕਾਈ ਦਾ ਹੱਕ ਬਣਦਾ ਇਹ ਆਖਣ ਦਾ। ਸ਼ਾਇਰ ਨੇ ਲੋਕਾਈ ਨੂੰ, ਆਪਣੇ ਪਾਠਕ/ਪ੍ਰਸ਼ੰਸਕ ਵਰਗ ਨੂੰ 'ਮੇਰੇ ਯਾਰ' ਕਹਿ ਕੇ ਇਹ ਹੱਕ ਦਿੱਤਾ ਹੋਇਆ ਹੈ।

ਸੁਰਜੀਤ ਪਾਤਰ ਅੰਤਮ ਰੂਪ ਵਿਚ ਕਹਿਣਾ ਇਹ ਚਾਹ ਰਿਹਾ ਹੈ ਕਿ ਨਿਰਸੰਦੇਹ ਸਥਾਪਤ ਤਾਕਤਾਂ ਸੱਚੇ-ਸੁੱਚੇ ਸ਼ਾਇਰ ਨੂੰ ਜੇਲ੍ਹਾਂ, ਸਜ਼ਾਵਾਂ, ਹੱਤਿਆਵਾਂ ਦੇ ਡਰਾਵਿਆਂ ਨਾਲ

ਹਕੀਕਤ ਬਿਆਨੀ ਤੋਂ ਰੋਕਣ ਦਾ ਹਰ ਚਾਰਾ ਕਰਦੀਆਂ ਹਨ। ਪਰ ਸੱਚਾ ਸ਼ਾਇਰ ਜਾਂ ਲੇਖਕ ਉਹੋ ਹੀ ਹੈ, ਜੋ 'ਸੱਚ ਸੁਣਾਇਸੀ ਸੱਚ ਕੀ ਬੇਲਾ!' ਦੇ ਕਥਨ ਮੁਤਾਬਕ ਲੋੜੀਂਦੇ ਮੌਕੇ 'ਤੇ ਮਾਹੌਲ ਵੇਲੇ ਜ਼ਰੂਰ ਸੱਚ ਬੋਲੇ। ਜੇ ਨਹੀਂ ਬੋਲਦਾ ਤਾਂ ਉਹਦੇ ਸ਼ਾਇਰ ਹੋਣ ਦਾ ਕੋਈ ਮਤਲਬ ਨਹੀਂ। ਉਹ ਜਿਉਂਦਾ ਹੀ ਮੋਇਆਂ ਬਰਾਬਰ ਹੈ। ਇਹੋ ਜਿਹੇ ਮਰੇ-ਮੋਏ ਸ਼ਾਇਰ ਤੋਂ ਲੋਕਾਂ ਨੇ ਕੀ ਲੈਣਾ! ਉਹਨਾਂ ਦਾ ਸ਼ਾਇਰ ਉਹੋ ਜੋ ਹਨੇਰੇ ਵਿਚ ਮੋਮਬੱਤੀਆਂ ਬਾਲਣ ਦਾ ਜੇਰਾ ਕਰੇ।

ਇਹ ਸ਼ਿਅਰ ਅਸਲ ਵਿਚ ਇੱਕ ਲੇਖਕ ਜਾਂ ਸ਼ਾਇਰ ਨੂੰ ਉਹਦਾ ਕਰਤੱਵ ਯਾਦ ਕਰਾਉਂਦਾ ਹੈ-'ਕਵਿਤਾ ਵਿਚ ਸੱਚ ਬੋਲੋ। ਡਰੋ ਨਾ! ਜੇ ਡਰ ਗਏ ਤਾਂ ਸਮਝੋ ਮਰ ਗਏ। ਮੁਰਦਾ ਜ਼ਮੀਰ ਵਾਲੇ ਸ਼ਾਇਰ ਸਥਾਪਤੀ ਦੇ ਸ਼ਾਇਰ ਤਾਂ ਹੋ ਸਕਦੇ ਨੇ 'ਯਾਰਾਂ ਦੇ ਸ਼ਾਇਰ' ਨਹੀਂ ਹੋ ਸਕਦੇ।

ਇਸ ਸ਼ਿਅਰ ਦਾ ਸੁਨੇਹਾ ਬੜਾ ਦੋ-ਟੁੱਕ ਹੈ। ਕੋਈ ਦੁਬਿਧਾ ਨਹੀਂ। ਕੋਈ ਦੋਚਿੱਤੀ ਨਹੀਂ। ਇਹ ਸ਼ਿਅਰ ਸ਼ਾਇਰ, ਸ਼ਾਇਰੀ, ਸਥਾਪਤੀ, ਲੋਕਾਈ ਦੇ ਗੁੰਝਲਦਾਰ ਅੰਤਰ-ਸੰਬੰਧਾਂ ਦਾ ਅਤਿ ਉੱਤਮ ਕਾਵਿਕ ਬਿਆਨ ਹੈ। ਇਹਦਾ ਰੂਪ ਵੀ ਅਨੂਪ ਹੈ।

ਇਹ ਸ਼ਿਅਰ 'ਸ਼ਾਇਰੀ' ਦੇ ਮਕਸਦ ਨੂੰ ਪਰਿਭਾਸ਼ਿਤ ਕਰਦਾ ਹੈ।

ਉਂਝ ਵੀ ਮੈਂ ਜਿਵੇਂ ਕਿਹਾ ਹੈ ਕਿ 'ਪਾਤਰ ਨਾਅਰੇ ਜਾਂ ਲਲਕਾਰੇ ਦਾ ਸ਼ਾਇਰ ਨਹੀਂ, ਰਮਜ਼ ਤੇ ਇਸ਼ਾਰੇ ਦਾ ਸ਼ਾਇਰ ਹੈ।', ਕਈ ਸੱਚਮੁੱਚ ਉਹਦੀ ਰਮਜ਼ ਜਾਂ ਇਸ਼ਾਰਾ ਸਮਝਣ ਦੀ ਯੋਗਤਾ ਨਹੀਂ ਰੱਖਦੇ। ਕਈ ਜਾਣਦੇ ਹੋਏ ਵੀ ਅਣਜਾਣ ਬਣੇ ਰਹਿਣਾ ਚਾਹੁੰਦੇ ਕਿਉਂਕਿ ਉਹਨਾਂ ਨੇ ਆਪਣੀਆਂ ਬਣੀਆਂ ਹੋਈਆਂ ਪੂਰਵ ਧਾਰਨਾਵਾਂ ਦੇ ਬਹਾਨੇ ਪਾਤਰ ਨੂੰ ਨਿੰਦਣਾ ਹੈ।

## 'ਪਾਤਰ ਅਤੇ ਸੰਧੂ' ਵਿਚ ਸਾਂਝ ਤੇ ਫ਼ਰਕ ਦੀ ਕਹਾਣੀ

ਪਹਿਲਾਂ ਤਾਂ ਥੋੜ੍ਹਾ ਜਿਹਾ ਆਪਣੇ ਮੂੰਹੋਂ ਮੀਆਂ ਮਿੱਠੂ ਬਣਨ ਦੀ ਆਗਿਆ ਦੇ ਦਿਉ।

ਸੰਤ ਸਿੰਘ ਸੇਖੋਂ ਦੇ ਅਭਿਨੰਦਨ ਗ੍ਰੰਥ ਵਿਚ ਸੇਖੋਂ ਨਾਲ ਕੀਤੀ ਮੁਲਾਕਾਤ ਵਿਚ ਸਵਾਲ ਕਰਨ ਵਾਲਾ ਸ਼ੁਰੂ ਵਿਚ ਹੀ ਇਕ ਸਵਾਲ ਕੁਝ ਇਸ ਪ੍ਰਕਾਰ ਕਰਦਾ ਹੈ:-

"ਸੇਖੋਂ ਸਾਹਿਬ! ਇਹਨਾਂ ਸਮਿਆਂ ਵਿਚ ਤੁਹਾਡੀ ਥਾਪਣਾ ਤੋਂ ਬਿਨਾਂ ਸ਼ਾਇਦ ਹੀ ਕੋਈ ਲੇਖਕ ਸਥਾਪਤ ਹੋਇਆ ਹੋਵੇ!"

ਸੇਖੋਂ ਸਾਹਿਬ ਟੋਕ ਕੇ ਕਹਿੰਦੇ, "ਨਹੀਂ, ਦੋ ਜਣੇ ਮੇਰੇ ਥਾਪੜੇ ਤੋਂ ਬਿਨਾਂ ਵੀ ਸਥਾਪਤ ਹੋ ਗਏ। ਸੁਰਜੀਤ ਪਾਤਰ ਤੇ ਵਰਿਆਮ ਸੰਧੂ।"

ਇਹ ਤਾਂ ਐਵੇਂ 'ਮੈਂ ਤੇ ਬੇਬੇ ਇੱਕੀ' ਵਾਲੀ ਗੱਲ ਕਰ ਕੇ ਮੈਂ ਪਾਤਰ ਦੇ ਬਰਾਬਰ ਹੋਣ ਦੀ ਝੂਠੀ ਜਿਹੀ ਕੋਸ਼ਿਸ਼ ਕਰ ਰਿਹਾਂ। ਪਾਤਰ ਨਾਲ ਭਲਾ ਮੇਰਾ ਕੀ ਮੁਕਾਬਲਾ! ਉਂਝ ਇਹ ਵੀ ਤਸੱਲੀ ਤੇ ਖ਼ੁਸ਼ੀ ਵਾਲੀ ਗੱਲ ਸੀ ਜਦੋਂ ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਸੰਤ ਸਿੰਘ ਸੇਖੋਂ ਸਨ ਤਾਂ ਉਹਨਾਂ ਦੀ ਸਿਫ਼ਾਰਿਸ਼ ਨਾਲ ਪੰਜਾਬ ਆਰਟਸ ਕੌਂਸਲ ਵੱਲੋਂ ਜਿਨ੍ਹਾਂ ਲੇਖਕਾਂ ਦੀਆਂ ਕਿਤਾਬਾਂ ਨੂੰ ਮਾਣ-ਸਨਮਾਨ ਦਿੱਤਾ ਗਿਆ, ਉਹਨਾਂ ਵਿਚ ਸੁਰਜੀਤ ਪਾਤਰ ਤੇ ਅਜਮੇਰ

ਔਲਖ ਦੇ ਨਾਲ ਮੇਰਾ ਨਾਂ ਵੀ ਸ਼ਾਮਿਲ ਸੀ।

ਉਹਦੇ ਬਾਰੇ ਬੋਲਦਿਆਂ ਮੈਂ ਉਹਦੀ ਪ੍ਰਸੰਸਾ ਵਿਚ ਜ਼ਮੀਨ ਅਸਮਾਨ ਦੇ ਕੁਲਾਬੇ ਮੇਲ ਰਿਹਾ ਹੁੰਦਾ ਤਾਂ ਪਾਤਰ ਮੋੜਵੀਂ ਮੁਹੱਬਤ ਵਿਚ ਅਤਿਕਥਨੀ ਭਰੇ ਬੋਲ ਉਚਾਰਦਾ, "ਵਰਿਆਮ ਦੀ ਕਹਾਣੀ 'ਮੈਂ ਹੁਣ ਠੀਕ ਠਾਕ ਹਾਂ' ਦੇ ਸਿਰ ਤੋਂ ਪੰਜਾਬ ਸੰਕਟ ਬਾਰੇ ਲਿਖੀ ਸਾਰੀ ਕਵਿਤਾ ਵਾਰੀ ਜਾ ਸਕਦੀ ਹੈ!"

ਇੱਕ ਗੱਲ ਪਾਤਰ ਨੇ ਸਾਡੇ ਦੋਵਾਂ ਦੀ ਸ਼ਖ਼ਸੀਅਤ ਦੇ ਵੱਖਰੇ ਤੇ ਨਿਆਰੇਪਨ ਬਾਰੇ ਕਈ ਵਾਰ ਸਟੇਜਾਂ 'ਤੇ ਆਖੀ, "ਮੈਨੂੰ ਲੱਗਦਾ ਏ ਕਿ ਬਚਪਨ ਤੇ ਜਵਾਨੀ ਵੇਲੇ ਮੈਂ ਰਾਗੀਆਂ ਨੂੰ ਬਹੁਤਾ ਸੁਣਿਆਂ ਤੇ ਵਰਿਆਮ ਨੇ ਢਾਡੀਆਂ ਨੂੰ।"

ਚਾਰ ਮਾਰਚ 2023 ਨੂੰ 'ਲੋਕ ਮੰਚ ਪੰਜਾਬ' ਵੱਲੋਂ ਸੁਰਿੰਦਰ ਸੁੰਨੜ ਤੇ ਲਖਵਿੰਦਰ ਜੌਹਲ ਹੁਰਾਂ ਨੇ ਜਲੰਧਰ ਹੰਸ ਰਾਜ ਮਹਿਲਾ ਮਹਾਵਿਦਿਆਲਾ ਜਲੰਧਰ ਵਿਚ ਮੇਰਾ, ਸੁਖਵਿੰਦਰ ਅੰਮ੍ਰਿਤ ਤੇ ਮਦਨ ਵੀਰਾ ਦਾ ਸਨਮਾਨ ਕੀਤਾ ਗਿਆ ਸੀ।

ਇਸ ਸਮਾਗਮ ਵਿਚ ਵੀ ਪਾਤਰ ਨੇ ਕਿਹਾ, "ਮੈਂ ਵਰਿਆਮ ਸੰਧੂ ਹੁਰਾਂ ਤੋਂ ਬਾਅਦ ਬੋਲਦਾ ਨਹੀਂ ਹੁੰਦਾ ਅਕਸਰ। ਇੱਕ ਵਾਰ ਕੋਈ ਮਹਿੰਦੀ ਹਸਨ ਨੂੰ ਕਿਸੇ ਮਹਿਫ਼ਿਲ ਵਿਚ ਲੈ ਗਿਆ। ਅੱਗੇ ਜਾਂਦਿਆਂ ਨੂੰ ਗ਼ੁਲਾਮ ਅਲੀ ਗਾ ਰਿਹਾ ਸੀ। ਗ਼ੁਲਾਮ ਅਲੀ ਦਾ ਰੇਂਜ ਬਹੁਤ ਐ, ਉਪਰ ਵੀ ਥੱਲੇ ਵੀ। ਬਾਅਦ ਵਿਚ ਜਦੋਂ ਮਹਿੰਦੀ ਹਸਨ ਨੂੰ ਕੁਝ ਸੁਣਾਉਣ ਲਈ ਕਿਹਾ ਤਾਂ ਉਹ ਕਹਿੰਦਾ, "ਮੈਂ ਹੁਣ ਕੀ ਸੁਣਾਵਾਂ! ਸਾਰਾ ਹਾਰਮੋਨੀਅਮ ਤਾਂ ਗ਼ੁਲਾਮ ਅਲੀ ਨੇ ਮੁਕਾ ਦਿੱਤਾ।"

"ਵਰਿਆਮ ਤੋਂ ਬਾਅਦ ਮੇਰੇ ਲਈ ਬੋਲਣਾ ਹਮੇਸ਼ਾ ਮੁਸ਼ਕਿਲ ਹੁੰਦਾ। ਮੈਂ ਤੇ ਵਰਿਆਮ ਜਦੋਂ ਹਾਸੇ ਨਾਲ ਗੱਲਾਂ ਕਰੀਏ ਤਾਂ ਮੈਂ ਕਹਿੰਦਾ ਹੁੰਦਾਂ ਕਿ ਵਰਿਆਮ ਨੇ ਢਾਡੀ ਬਹੁਤ ਸੁਣੇ ਹੋਏ ਨੇ ਤੇ ਮੈਂ ਰਾਗੀ ਬਹੁਤ ਸੁਣੇ ਹੋਏ ਨੇ।" ਵਰਿਆਮ ਦੀ ਗੱਲਬਾਤ ਵਿਚ ਬਹੁਤ ਵਿਸਥਾਰ ਹੁੰਦਾ। ਕੇਵਲ ਸ਼ਬਦਾਂ ਦਾ ਹੀ ਨਹੀਂ। ਮਾਨਵੀ ਵੀ ਤੇ ਇਤਿਹਾਸਕ ਵੀ, ਬੋਲਣ ਤੋਂ ਪਹਿਲਾਂ ਹੀ ਮੈਂ ਵਰਿਆਮ ਬਾਰੇ ਸੋਚ ਰਿਹਾ ਸੀ ਕਿ ਵਰਿਆਮ ਨੇ ਜਿਵੇਂ ਸਾਡੇ ਸਮਿਆਂ ਦੇ ਪੰਜਾਬ ਨੂੰ, ਉਹਦੀ ਰੂਹ ਨੂੰ ਚਿਤਰਿਆ, ਉਹ ਸਾਡੇ ਕਿਸੇ ਕਵੀ, ਨਾਵਲਕਾਰ ਜਾਂ ਕਹਾਣੀਕਾਰ ਨੇ ਨਹੀਂ ਚਿਤਰਿਆ। ਖ਼ਾਸ ਕਰ ਕੇ ਪੰਜਾਬ ਸੰਕਟ ਦੇ ਦੌਰ ਬਾਰੇ ਜਿੰਨੀ ਨੀਝ ਨਾਲ, ਜਿੰਨੀ ਨਿਰਭੈਤਾ ਨਾਲ ਜਿੰਨੇ ਸੰਮਤੋਲ ਨਾਲ, ਜਿੰਨੀ ਜੁਰਅਤ ਨਾਲ ਲਿਖਿਆ, ਕਿਸੇ ਹੋਰ ਨੇ ਨਹੀਂ ਲਿਖਿਆ। ਮੈਂ ਕਿਹਾ ਸੀ ਕਿ ਤੇਰੀਆਂ ਕਹਾਣੀਆਂ ਤੋਂ ਅਸੀਂ ਸਾਰੀਆਂ ਕਵਿਤਾਵਾਂ ਕੁਰਬਾਨ ਕਰਦੇ ਆਂ। ਵਰਿਆਮ ਦਾ ਇੱਸ ਪੱਖੋਂ ਬਹੁਤ ਵੱਡਾ ਯੋਗਦਾਨ ਹੈ। ਗੁਰੂ ਨਾਨਕ ਪਾਤਸ਼ਾਹ ਬਾਰੇ ਕੰਮ, ਗ਼ਦਰ ਲਹਿਰ ਬਾਰੇ ਕੰਮ, ਇਹ ਜੋ ਪੰਜਾਬ ਦਾ ਸਰੋਕਾਰ ਹੈ, ਇਹ ਪੰਜਾਬ ਦਾ ਗਹਿਰਾ ਸਰੋਕਾਰ ਹੈ।

ਗ਼ਾਲਿਬ ਨੇ ਕਿਹਾ ਸੀ,'ਦਿਲੇ ਨਾਦਾਂ ਤੁਝੇ ਹੁਆ ਕਿਆ ਹੈ, ਆਖ਼ਰ ਇਸ ਦਰਦ ਕੀ ਦਵਾ ਕਿਆ ਹੈ!"ਇਹ ਆਪਣੇ ਆਪਣੇ ਤਰੀਕਿਆਂ ਨਾਲ ਪੰਜਾਬ ਦੇ ਦਰਦ ਦੀ ਦਵਾ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ।

ਸਾਡੇ ਕੋਲ ਸੁਖਵਿੰਦਰ ਅੰਮ੍ਰਿਤ ਬੈਠੀ ਹੈ। ਜਦੋਂ ਵਰਿਆਮ ਕਹਿ ਰਿਹਾ ਸੀ ਕਿ ਮੈਨੂੰ ਮੇਰੀਆਂ ਕਹਾਣੀਆਂ ਦੇ ਹਾਣ ਦਾ ਆਲੋਚਕ ਨਹੀਂ ਮਿਲਿਆ ਤਾਂ ਮੈਨੂੰ ਸੁਖਵਿੰਦਰ ਦਾ ਸ਼ਿਅਰ ਚੇਤੇ ਆ ਰਿਹਾ ਸਾਂ ਕਿ ਸਾਰੇ ਸੋਹਣਿਆਂ ਨੂੰ ਇਹ ਦੁੱਖ ਰਹਿੰਦਾ।

ਸੁਖਵਿੰਦਰ ਅੰਮ੍ਰਿਤ ਦਾ ਇੱਕ ਸ਼ਿਅਰ ਹੈ, "ਕੋਈ ਪਾਣੀ ਮੇਰੀ ਤੇਹ ਦਾ ਹਾਣੀ ਨਾ ਸੀ, ਨੀ! ਮੈਂ ਪੱਤਣਾਂ 'ਤੇ ਫ਼ਿਰਦੀ ਫ਼ਨਾਹ ਹੋ ਗਈ।

ਨਾ ਵਰਿਆਮ ਨੇ ਫ਼ਨਾਹ ਹੋਣਾ ਤੇ ਨਾ ਸੁਖਵਿੰਦਰ ਹੀ ਫ਼ਨਾਹ ਹੋਈ ਹੈ।

ਉਂਜ ਮੈਂ ਸਮਝਦਾਂ ਕਿ ਸਾਰੇ ਸੋਹਣਿਆਂ ਨੂੰ ਏਨਾ ਕੁ ਗਰੂਰ ਤਾਂ ਹੋਣਾ ਚਾਹੀਦਾ।

ਮੀਰ ਤਕੀ ਮੀਰ ਸ਼ਾਇਰ ਹੋਇਆ, - ਸਾਰੇ ਆਲਮ ਪੇ ਮੈਂ ਹੂੰ ਛਾਯਾ ਹੂਆ, ਮੁਸਤਨਿਦ ਹੈ ਮੇਰਾ ਫ਼ਰਮਾਯਾ ਹੂਆ।"ਦੂਜੀ ਥਾਂ ਮੀਰ ਤਕੀ ਮੀਰ ਸਾਹਬ ਕਹਿੰਦੇ ਹਨ, "ਮੁਝਕੋ ਸ਼ਾਇਰ ਨ ਕਹੋ ਮੀਰ ਕਿ ਸਾਹਿਬ ਮੈਨੇ ਦਰਦੋ ਗ਼ਮ ਕਿਤਨੇ ਕੀਏ ਜਮ੍ਹਾ, ਸੋਜ਼-ਏ-ਦੀਵਾਨ ਕੀਆ।

ਲੇਖਕ ਵੀ ਕਦੀ ਤਾਰਿਆਂ ਵਾਂਗ ਅਸਮਾਨ 'ਤੇ ਹੁੰਦਾ ਤੇ ਕਦੀ ਰੇਤ ਵਾਂਗ ਜ਼ਮੀਨ 'ਤੇ ਵਿਛਿਆ ਹੋਇਆ ਹੁੰਦਾ।

ਪਾਤਰ ਤੂੰ ਤਾਂ ਮੇਰੀ ਤੇ ਸੁਖਵਿੰਦਰ ਅੰਮ੍ਰਿਤ ਦੀ ਗੱਲ ਕਰਦਾ ਸੈਂ। ਪਰ ਅੱਜ ਤਾਂ ਗੱਲ ਤੇਰੀ ਹੋ ਰਹੀ ਹੈ ਤੇ ਸੱਚੀ ਗੱਲ ਹੈ ਕਿ ਨਾ ਤੂੰ, ਨਾ ਤੇਰੀ ਕਵਿਤਾ ਨੇ ਕਦੇ ਫ਼ਨਾਹ ਹੋਣਾ!

## ਪਾਤਰ ਅਤੇ 'ਤਰਸ ਦੇ ਪਾਤਰ'

ਸਾਰਾ ਪੰਜਾਬੀ ਜਗਤ ਸੁਰਜੀਤ ਪਾਤਰ ਦੀ ਸ਼ਾਇਰੀ ਦਾ ਕਦਰਦਾਨ ਹੈ। ਪਰ ਕੁਝ ਕੁ ਨਿੰਦਕ ਸੁਰਜੀਤ ਪਾਤਰ ਦੀ ਪ੍ਰਸਿੱਧੀ ਤੋਂ ਸੜ ਬਲ ਕੇ ਉਹਦੇ ਖ਼ਿਲਾਫ਼ ਲਗਾਤਾਰ ਲਿਖਦੇ ਬੋਲਦੇ ਵੀ ਰਹੇ। ਭਾਵੇਂ ਇਹਨਾਂ ਦੀ ਗਿਣਤੀ ਮੂਲੋਂ ਹੀ ਨਾ-ਗਿਣੌਨੀ ਹੈ, ਪਰ ਕਿਸੇ ਦਾ ਮੂੰਹ ਨਹੀਂ ਫੜਿਆ ਜਾ ਸਕਦਾ। ਅਜਿਹੇ ਨਿੰਦਕਾਂ ਬਾਰੇ ਗੁਰੂ ਸਾਹਿਬ ਨੇ ਬਹੁਤ ਕੁਝ ਲਿਖਿਆ ਏ। ਪਾਤਰ ਵੀ ਅਜਿਹੇ ਨਿੰਦਕਾਂ ਬਾਰੇ ਲਿਖਦਾ ਹੈ:

"ਸੱਜਣ ਨਾ ਯਾਰ ਆਉਂਦੇ,
ਭੈਣਾਂ ਨਾ ਵੀਰ ਆਉਂਦੇ।
ਹੁਣ ਤਾਂ ਕਲੇਜੇ ਲੱਗਣ ਨੂੰ ਸਿਰਫ਼ ਤੀਰ ਆਉਂਦੇ।

ਜਦੋਂ ਕੋਈ ਆਲੋਚਕ ਕਿਸੇ ਲੇਖਕ ਦੀ ਆਲੋਚਨਾ ਉਹਦੀ ਰਚਨਾ ਦੇ ਹਵਾਲੇ ਨਾਲ ਕਰਨ ਦੀ ਥਾਂ ਰਚਨਾ-ਬਾਹਰੇ ਹਵਾਲਿਆਂ ਨੂੰ ਪਹਿਲ ਦੇ ਕੇ, ਜਾਂ ਆਪਣੇ ਮਨ ਵਿਚ ਬਣਾਈ ਕਿਸੇ ਪੂਰਵ-ਧਾਰਨਾ ਨੂੰ ਪੁਸ਼ਟ ਕਰਨ ਵਾਸਤੇ ਜਾਂ ਕਿਸੇ ਨਿੱਜੀ ਵਿਰੋਧ ਤੇ ਰੰਜਿਸ਼ ਵਿਚੋਂ ਕਰਦਾ ਹੈ ਤਾਂ ਉਹ ਸੁਹਿਰਦ ਆਲੋਚਨਾ ਨਾ ਰਹਿ ਕੇ ਨਿੰਦਿਆ ਬਣ ਜਾਂਦੀ ਹੈ।

ਨਿੰਦਿਆ ਸਦਾ ਈਰਖ਼ਾ ਵਿਚੋਂ ਜਨਮਦੀ ਹੈ। ਈਰਖ਼ਾ ਹੀਣ-ਭਾਵਨਾ ਦੀ ਪੈਦਾਇਸ਼ ਹੈ। ਹਮੇਸ਼ਾ ਨਿਮਨ ਪੱਧਰ ਦਾ ਬੰਦਾ ਉੱਤਮ ਪੱਧਰ ਦੇ ਬੰਦੇ ਨਾਲ ਈਰਖ਼ਾ ਕਰਦਾ ਹੈ। ਉਹ

ਉਹਦਾ ਨਿੰਦਕ ਬਣ ਜਾਂਦਾ ਹੈ। ਨਿੰਦਕਾਂ ਦੇ ਇਸ ਪ੍ਰਾਵਰਗ ਵਿਚ ਮੈਂ ਦੋਮ ਤੇ ਸੋਮ ਨੰਬਰ ਦੇ ਉਹਨਾਂ ਸ਼ਾਇਰਾਂ ਨੂੰ ਗਿਣਦਾ ਹਾਂ, ਜਿਨ੍ਹਾਂ ਕੋਲੋਂ ਪਾਤਰ ਵਰਗੀ ਕਵਿਤਾ ਤਾਂ ਲਿਖੀ ਨਾ ਜਾ ਸਕੀ, ਪਰ, ਉਹਨਾਂ ਨੂੰ ਸਦਾ ਇਹੋ ਲੱਗਦਾ ਰਿਹਾ ਕਿ ਪਾਤਰ ਉਹਨਾਂ ਦੇ ਹਿੱਸੇ ਦੀ ਪ੍ਰਸ਼ੰਸਾ ਤੇ ਇਨਾਮ ਜਿਵੇਂ ਹਿੱਕ ਦੇ ਧੱਕੇ ਨਾਲ ਖੋਹ ਕੇ ਲੈ ਗਿਆ ਹੈ। ਉਹ ਉਹਦੀ ਨਿੰਦਿਆ ਕਰਨ ਦੇ ਬਹਾਨੇ ਲੱਭਦੇ ਰਹਿੰਦੇ। ਉਹਦੀ ਸ਼ਖ਼ਸ਼ੀ ਜ਼ਿੰਦਗੀ ਵਿਚੋਂ ਕੋਈ ਕਾਣ ਲੱਭ ਕੇ ਉਹਨੂੰ ਉਛਾਲਦੇ ਰਹਿੰਦੇ।

ਇੱਕ ਵਾਰ ਲੁਧਿਆਣੇ ਪੰਜਾਬੀ ਭਵਨ 'ਚ ਕਵੀ ਦਰਬਾਰ ਹੋ ਰਿਹਾ ਸੀ। ਪ੍ਰੋਫੈਸਰ ਮਹਿੰਦਰ ਸਿੰਘ ਚੀਮਾ ਬਹੁਤ ਫ਼ਿਕਰੇਬਾਜ਼ ਸੀ। ਕੋਈ ਦੋ ਦਰਜਨ ਕਵੀ ਵਾਰੀ-ਵਾਰੀ ਕਵਿਤਾ ਸੁਣਾ ਰਹੇ ਸੀ। ਚੀਮਾ ਕਹਿੰਦਾ, ਇਸ ਇਕੱਠ 'ਚ ਕਵੀ ਤਾਂ ਇੱਕੋ ਹੀ ਹੈ।

ਸਮਸ਼ੇਰ ਸੰਧੂ ਪੁੱਛਦਾ ਹੈ: ਇੱਕੋ ਇੱਕ ਕੌਣ?

ਚੀਮਾ ਕਹਿੰਦਾ: ਸੁਰਜੀਤ ਪਾਤਰ

ਫਿਰ ਬਾਕੀ ਕੌਣ ਹਨ?

ਚੀਮਾ ਕਹਿੰਦਾ: ਬਾਕੀ ਸਭ ਤਰਸ ਦੇ ਪਾਤਰ।

ਅਜਿਹੇ ਤਰਸ-ਮਾਰੇ ਲਘੂ ਕਵੀਆਂ ਦੀ ਗੱਲ ਛੱਡੋ ਕਈ ਵਾਰ ਸੱਚਮੁੱਸ ਦੇ ਵੱਡੇ ਕਵੀ ਵੀ ਉਹਦੇ ਖ਼ਿਲਾਫ਼ ਬੋਲਦੇ ਰਹੇ। ਉਹਨਾਂ ਵਿਚੋਂ ਜਗਤਾਰ ਦਾ ਨਾਂ ਲਿਆ ਜਾ ਸਕਦਾ ਹੈ। ਜਗਤਾਰ ਨਜ਼ਮ ਅਤੇ ਗ਼ਜ਼ਲ ਦੋਵਾਂ ਵਿਧਾਵਾਂ ਦਾ ਵੱਡਾ ਸ਼ਾਇਰ ਸੀ। ਪਰ ਪਾਤਰ ਦੀ ਲੋੜੋਂ ਵੱਧ ਚਰਚਾ ਉਹਨੂੰ ਵੀ ਚੰਗੀ ਨਹੀਂ ਸੀ ਲੱਗਦੀ। ਉਹ ਉਹਦੇ ਖ਼ਿਲਾਫ਼ ਬੋਲਣ ਦਾ ਕੋਈ ਮੌਕਾ ਹੱਥੋਂ ਨਹੀਂ ਸੀ ਜਾਣ ਦਿੰਦਾ।

ਪਾਸ਼ ਨੇ ਤਾਂ ਆਪਣੇ ਇੱਕ ਖ਼ਤ ਵਿਚ ਪਾਤਰ ਨੂੰ ਕਿਹਾ ਸੀ : 'ਗ਼ਜ਼ਲਾਂ ਬਾਰੇ ਮੈਂ ਤੇਰੇ ਨਾਲ ਛਿੱਤਰ-ਪਤਾਣ ਹੋਣ ਨੂੰ ਵੀ ਤਿਆਰ ਹਾਂ। ਇਸ ਵਿਚ ਨਾ ਕਵਿਤਾ ਵਾਲਾ ਪ੍ਰਾਸੈੱਸ ਹੈ, ਨਾ ਅਹਿਸਾਸਾਂ ਦਾ ਫ਼ੈਲਾਉ, ਵਿਸਥਾਰ ਜਾਂ ਸੰਪੂਰਨਤਾ। ਕੇਵਲ ਨੱਕਾਸ਼ੀ ਹੈ, ਸੂਖਮ ਅਹਿਸਾਸਾਂ ਨੂੰ ਨਿਚੋੜ ਕੇ ਸਜਾ ਕੇ ਰੱਖਿਆ ਫ਼ੋਕਟ ਹੈ। ਜੇ ਤੇਰੇ ਵਰਗਾ ਕਵੀ ਗਜ਼ਲ ਵਿਚ ਵੀ ਕਿਤੇ ਕਿਤੇ ਵਧੀਆ ਗੱਲ ਕਹਿ ਜਾਂਦਾ ਹੈ ਤਾਂ ਇਹ ਤੇਰੀ ਅਜ਼ੀਮ ਸ਼ਕਤੀ ਦਾ ਇਕ ਸਾਧਾਰਣ ਕ੍ਰਿਸ਼ਮਾ ਹੈ। ਇਸ ਨਾਲ ਗਜ਼ਲ ਦੀ ਸਾਰਥਿਕਤਾ ਸਿੱਧ ਨਹੀਂ ਹੁੰਦੀ'।

ਬਹੁਤ ਸਾਰੇ ਗ਼ਜ਼ਲ ਲਿਖਣ ਵਾਲਿਆਂ ਲਈ ਪਾਸ਼ ਦੀ ਗੱਲ ਸੌ ਫ਼ੀ ਸਦੀ ਦਰੁੱਸਤ ਕਹੀ ਜਾ ਸਕਦੀ ਹੈ, ਪਰ ਪਾਤਰ ਬਾਰੇ ਨਹੀਂ। ਪਾਤਰ ਨੇ ਪੰਜਾਬੀ ਗ਼ਜ਼ਲ ਨੂੰ ਇੱਕ ਨਵਾਂ ਤੇ ਉੱਚਾ ਮੁਕਾਮ ਦਿੱਤਾ ਹੈ। ਇਹ ਤਾਂ ਹੀ ਸੰਭਵ ਹੋਇਆ ਕਿਉਂਕਿ ਪਾਤਰ ਕੋਲ ਗ਼ਜ਼ਲ ਵਿਚ ਗੱਲ ਕਹਿਣ ਦੀ 'ਅਜ਼ੀਮ ਸ਼ਕਤੀ' ਸੀ ਤੇ ਉਹ ਗ਼ਜ਼ਲ ਲਿਖ ਕੇ ਵੀ ਕਾਵਿਕ ਕ੍ਰਿਸ਼ਮਾ ਕਰਨਾ ਜਾਣਦਾ ਸੀ, ਭਾਵੇਂ ਉਹ ਪਾਸ਼ ਦੀਆਂ ਨਜ਼ਰਾਂ ਵਿਚ ਕਿੰਨਾਂ ਵੀ 'ਸਾਧਾਰਣ ਕ੍ਰਿਸ਼ਮਾ' ਕਿਉਂ ਨਾ ਹੋਵੇ! ਇਹ ਕ੍ਰਿਸ਼ਮਾ ਕਰਨਾ ਕਿੰਨਾਂ ਔਖਾ ਹੈ, ਇਹਦਾ ਅਨੁਭਵ ਪਾਸ਼ ਨੇ ਖ਼ੁਦ ਵੀ ਕਰ ਲਿਆ ਸੀ ਜਦੋਂ ਉਹਨੇ ਕਵਿਤਾ ਨੂੰ ਵਧੇਰੇ ਲੋਕ-ਮੁਖੀ ਬਨਾਉਣ ਲਈ ਛੰਦ ਵਿਚ ਲਿਖਣ ਦਾ ਉਪਰਾਲਾ ਕੀਤਾ ਸੀ ਤੇ ਇਸ ਮਕਸਦ ਲਈ 'ਸਿਆੜ' ਨਾਂ ਦਾ ਮਾਸਿਕ ਪੱਤਰ

ਵੀ ਕੱਢਿਆ ਸੀ। ਪਰ ਉਹ ਆਪਣੀ ਛੰਦ-ਬੱਧ ਕਵਿਤਾ ਵਿਚ ਅਜਿਹਾ 'ਸਾਧਾਰਣ ਕ੍ਰਿਸ਼ਮਾ' ਵੀ ਨਹੀਂ ਸੀ ਕਰ ਸਕਿਆ ਤੇ ਆਖ਼ਰਕਾਰ 'ਸਿਆੜ' ਬੰਦ ਕਰਨਾ ਪਿਆ।

ਸੋ ਸਾਨੂੰ ਇਹ ਮੰਨਣ ਵਿਚ ਕੋਈ ਝਿਜਕ ਨਹੀਂ ਕਿ ਪਾਤਰ ਕੋਲ ਸ਼ਬਦਾਂ ਨੂੰ ਛੰਦ ਅਤੇ ਸੰਗੀਤ ਵਿਚ ਵਿਚਾਰ ਨੂੰ ਢਾਲ ਕੇ ਗ਼ਜ਼ਲ ਲਿਖਣ ਦੀ ਕ੍ਰਿਸ਼ਮਈ ਸ਼ਕਤੀ ਸੀ। ਉਹਨੇ ਕੇਵਲ ਤੋਲ-ਤੁਕਾਂਤ ਤੇ ਬਹਿਰ ਵਿਚ ਹੀ ਗ਼ਜ਼ਲ ਨਹੀਂ ਸਗੋਂ ਆਪਣੇ ਖ਼ੂਨ ਵਿਚ ਡੁੱਬ ਕੇ ਗ਼ਜ਼ਲ ਲਿਖੀ ਹੈ!

ਸੰਗਮਰਮਰ 'ਤੇ ਚਿੱਕੜ

ਹਰੇਕ ਲਫਜ਼ ਨੂੰ ਕੱਟਦੇ ਨੇ ਇਉਂ ਕਿ ਰੱਤ ਨਿਕਲੇ
ਤੇਰੇ ਕਲਾਮ ਨੂੰ ਕਿਆ ਖ਼ੂਬ ਨੁਕਤਾਚੀਨ ਮਿਲੇ

ਅਜਿਹੇ ਨਿੰਦਕ ਨੁਕਤਾਚੀਨ ਸੰਗਮਰਮਰ 'ਤੇ ਚਿੱਕੜ ਮਲਦੇ ਰਹੇ ਤੇ ਉਹਦੇ ਦੁਨੀਆ ਤੋਂ ਚਲੇ ਜਾਣ ਤੋਂ ਬਾਅਦ ਵੀ ਉਹਨਾਂ ਦੀ ਮੁਹਿੰਮ ਜਾਰੀ ਹੈ। ਪਰ ਉਹ ਨਹੀਂ ਜਾਣਦੇ ਕਿ ਸੰਗਮਰਮਰ 'ਤੇ ਚਿੱਕੜ ਸਦਾ ਚਿਪਕਿਆ ਨਹੀਂ ਰਹਿ ਸਕਦਾ। ਸਮੇਂ ਦੀ ਧੁੱਪ ਨੇ ਉਹ ਚਿੱਕੜ ਭੋਰ ਦੇਣਾ ਹੈ ਤੇ ਵਰ੍ਹਦੇ ਮੀਂਹ ਨੇ ਸਾਰੀ ਮੈਲ਼ ਧੋ ਦੇਣੀ ਹੈ। ਥੱਲਿਉਂ ਸਾਫ਼-ਸਫ਼ਾਫ਼ ਪਾਤਰ ਦੀ ਸ਼ਾਇਰੀ ਲਿਸ਼ਕ ਉੱਠਣੀ ਹੈ।

ਆਲੋਚਨਾ ਬੁਰੀ ਨਹੀਂ ਹੁੰਦੀ, ਨਿੰਦਿਆ ਬੁਰੀ ਹੈ। ਸੁਹਿਰਦ ਆਲੋਚਨਾ ਬਾਰੇ ਅਸੀਂ ਪਾਤਰ ਦੇ ਵਿਚਾਰ ਹੀ ਜਾਣ ਲੈਂਦੇ ਹਾਂ। ਕਿਸੇ ਮੁਲਾਕਾਤ ਵਿਚ ਉਹ ਆਖਦਾ ਹੈ:-

'ਅਲੋਚਨਾ ਪ੍ਰਤੀ ਕਵੀਆਂ ਦੇ ਪ੍ਰਤੀਕਰਮ ਵੱਖਰੇ ਵੱਖਰੇ ਹੋ ਸਕਦੇ ਹਨ। ਬਹੁਤ ਤਰ੍ਹਾਂ ਦੇ ਹੋ ਸਕਦੇ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਜਿਹੜੇ ਆਦਰਸ਼ ਨੇ ਸਾਡੇ, ਮੰਨ ਲਓ ਸਾਡੇ ਆਦਰਸ਼ ਸੂਫੀ ਨੇ ਜਾਂ ਸਾਡੇ ਆਦਰਸ਼ ਗੁਰੂ ਨੇ ਹਨ, ਕੀ ਅਸੀਂ ਉਹਨਾਂ ਆਦਰਸ਼ਾਂ ਦੇ ਹਾਣ ਦੇ ਹੈਗੇ ਆਂ? ਤੇ ਮੈਂ ਕਹਿੰਦਾਂ ਕਿ ਨਹੀਂ! ਉਹ ਆਦਰਸ਼ ਬਹੁਤ ਉਜਲੇ ਸ਼ੀਸ਼ੇ ਸਨ। ਜਦੋਂ ਤੁਸੀਂ ਉਹਨਾਂ ਸ਼ੀਸ਼ਿਆਂ ਸਾਹਮਣੇ ਖਲੋਂਦੇ ਓ ਤਾਂ ਤੁਸੀਂ ਆਤਮ-ਪੜਚੋਲ ਕਰ ਰਹੇ ਹੁੰਦੇ ਓ। ਸੋ ਹਰ ਕਵੀ ਲਈ ਆਤਮ-ਪੜਚੋਲ ਬਹੁਤ ਜ਼ਰੂਰੀ ਹੈ। ਆਤਮ ਪੜਚੋਲ ਕਰਦਿਆਂ ਜੋ ਸੀਮਾ ਦਿਸਦੀ ਹੈ, ਕਵੀ ਨੇ ਉਸਤੋਂ ਪਾਰ ਜਾਣਾ ਹੁੰਦਾ। ਮੈਂ ਏਦਾਂ ਉਸਤੋਂ ਪਾਰ ਹੁੰਦਾਂ। ਮੈਂ ਉਸ ਸਾਰੀ ਆਲੋਚਨਾ ਨੂੰ ਇੱਕ ਪੂਰੇ ਪ੍ਰਸੰਗ 'ਚ ਪਾ ਲੈਂਦਾਂ, ਆਪਣੀ ਜ਼ਿੰਦਗੀ ਦੇ ਪ੍ਰਸੰਗ 'ਚ ਤੇ ਸੋਚਦਾਂ ਕਿ ਇੱਥੇ ਮੈਨੂੰ ਏਦਾਂ ਕਰਨ ਦੀ ਜ਼ਰੂਰਤ ਹੈ ਤਾਂ ਮੈਂ ਉਸ ਚੀਜ਼ ਨੂੰ ਅਪਣਾਉਂਦਾ ਵੀ ਹਾਂ। ਮੈਂ ਅਜਿਹਾ ਨਹੀਂ ਕਿ 'ਚਿਹਰਾ ਨਾ ਬਦਲਾ ਗਿਆ, ਆਈਨੇ ਸੇ ਖ਼ਫ਼ਾ ਹੋ ਗਏ!' ਮਤਲਬ ਜਦੋਂ ਮੈਂ ਆਪਣੇ ਬਾਰੇ ਆਲੋਚਨਾ ਪੜ੍ਹਦਾ ਹਾਂ ਤਾਂ ਮੈਂ ਸ਼ੀਸ਼ੇ ਨਾਲ ਖ਼ਫ਼ਾ ਨਹੀਂ ਹੁੰਦਾ। ਆਲੋਚਕ ਨਾਲ ਨਰਾਜ਼ ਨਹੀਂ ਹੁੰਦਾ। ਮੈਂ ਸਵੈ-ਆਲੋਚਨਾ ਵੀ ਕਰਦਾਂ। ਮੇਰੀ ਪਹਿਲੀ ਗਜ਼ਲਾਂ ਦੀ ਕਿਤਾਬ ਦਾ ਪਹਿਲਾ ਸ਼ੇਅਰ ਹੈ, 'ਉਜਲੇ ਸ਼ੀਸ਼ੇ ਸਨਮੁੱਖ ਮੈਨੂੰ ਚਿਰ ਤੱਕ ਨਾ ਚਿਰ ਤੱਕ ਨਾ ਖਲ੍ਹਿਆਰ, ਮੈਲੇ ਮਨ ਵਾਲੇ ਮੁਜਰਮ ਨੂੰ ਇਸ ਮੌਤੇ ਨਾ ਮਾਰ।'

ਮੇਰੀ ਬਹੁਤ ਸਾਰੀ ਕਵਿਤਾ ਏਦਾਂ ਦੀ ਹੈ, ਜਿਹਦੇ ਚ ਇੱਕ ਇਖ਼ਲਾਕੀ ਤਨਾਅ ਹੈ ਜਾਂ ਆਤਮ-ਸੰਵਾਦ ਹੈ।

'ਦੂਰ ਜੇਕਰ ਅਜੇ ਸਵੇਰਾ ਹੈ, ਇਸ 'ਚ ਕਾਫੀ ਕਸੂਰ ਮੇਰਾ ਹੈ।'

ਮੈਂ ਆਪਣੀ ਜਾਨ ਦੀ ਖ਼ਾਤਰ ਆਪਣੀਆਂ ਹਜ਼ਾਰਾਂ ਸਤਰਾਂ ਦਾ ਕਤਲ ਕੀਤਾ ਹੈ। ਉਹਨਾਂ ਸਤਰਾਂ ਦੀਆਂ ਰੂਹਾਂ ਅਕਸਰ ਮੇਰੇ ਚੁਫੇਰੇ ਫਿਰਦੀਆਂ ਹੀ ਰਹਿੰਦੀਆਂ ਨੇ ਤੇ ਮੈਨੂੰ ਕਹਿੰਦੀਆਂ ਨੇ ਕਵੀ ਸਾਹਿਬ! ਤੁਸੀਂ ਕਵੀ ਹੋ ਜਾਂ ਕਿ ਕਵਿਤਾ ਦੇ ਕਾਤਲ ਹੋ। ਸੋ ਮੈਂ ਇਦਾਂ ਨਹੀਂ ਸਮਝਦਾ ਕਿ ਮੈਂ ਕੋਈ ਸਾਰੇ ਕੁਝ ਤੋਂ ਉੱਪਰ ਚਲਾ ਗਿਆ ਹਾਂ। ਮੈਂ ਸਾਰੇ ਕੁਝ ਨੂੰ ਮੈਂ ਬਹੁਤ ਗੰਭੀਰਤਾ ਨਾਲ ਸੋਚਦਾ ਵੀ ਆਂ ਕਿ ਜੋ ਇਹ ਆਲੋਚਕ ਕਹਿ ਰਿਹਾ ਹੈ ਠੀਕ ਹੈ ਜਾਂ ਠੀਕ ਨਹੀਂ। ਸੋ ਮੇਰੇ ਮਨ 'ਚ ਜ਼ਰੂਰ ਸੰਘਰਸ਼ ਚਲਦੇ ਆ। ਆਲੋਚਨਾ ਤੁਹਾਨੂੰ ਦੁੱਖ ਜ਼ਰੂਰ ਦਿੰਦੀ ਆ। ਮੈਂ ਉਹਨਾਂ ਪਲਾਂ 'ਚ ਮੈਂ ਕਈ ਜੂਨਾਂ ਪਲਟਦਾਂ, ਖ਼ਫਾ ਵੀ ਹੁੰਨਾ, ਮੈਂ ਦੁਖੀ ਵੀ ਹੁੰਦਾਂ।

ਪਰ ਜੇ ਕਿਸੇ ਨੂੰ ਮੇਰੇ ਕਵਿਤਾ ਚੰਗੀ ਨਹੀਂ ਲੱਗਦੀ ਤਾਂ ਉਹਨੂੰ ਕਹਿਣ ਦਾ ਹੱਕ ਹੈ ਕਿ ਮੈਨੂੰ ਨਹੀਂ ਚੰਗੀ ਲੱਗਦੀ। ਮੈਂ ਕੁਝ ਨਹੀਂ ਕਹਿ ਸਕਦਾ।

## 'ਬੰਬ 'ਤੇ ਡੱਬਾ ਰੱਖਕੇ ਚਲਾਉਣਾ'

ਜਿਹੜੇ ਆਲੋਚਕ ਪਾਤਰ ਦੀ ਕਵਿਤਾ ਨਾਲੋਂ ਵੱਧ ਪਾਤਰ ਨੂੰ ਚੰਗਾ ਨਹੀਂ ਸਮਝਦੇ, ਉਹਨਾਂ ਦੀ ਨਿੰਦਿਆ (ਆਲੋਚਨਾ ਨਹੀਂ) ਬਾਰੇ ਪਾਤਰ ਕਹਿੰਦਾ ਹੈ, 'ਹਰ ਵਾਰੀ ਮੈਲਾ ਜਾਣ ਕੇ ਤੂੰ ਆਪਣਾ ਹੀ ਚਿਹਰਾ ਨੋਚ ਲਿਆ, ਸ਼ੀਸ਼ੇ ਵੀ ਮੈਲੇ ਹੁੰਦੇ ਨੇ, ਪਾਣੀ ਵੀ ਗੰਧਲੇ ਹੁੰਦੇ ਨੇ।'

ਸਭ ਤੋਂ ਵੱਡਾ 'ਮੈਲਾ ਸ਼ੀਸ਼ਾ' ਗੁਰਬਚਨ ਹੈ।

ਗੁਰਬਚਨ ਨੇ ਸ਼ੁਰੂ ਤੋਂ ਹੀ ਸੁਰਜੀਤ ਪਾਤਰ ਨੂੰ ਉੱਤਮ ਕਵੀ ਤਾਂ ਕੀ ਮੰਨਣਾ ਸੀ, ਸਗੋਂ ਉਹਨੂੰ ਕਵੀ ਮੰਨਣ ਤੋਂ ਵੀ ਇਨਕਾਰ ਕੀਤਾ। ਉਸ ਲਈ ਪਾਤਰ ਕਵੀ ਨਹੀਂ ਗਾਇਕ ਹੈ, ਪ੍ਰਫ਼ਾਰਮਰ ਹੈ; ਜਿਸਦੀ ਕਵਿਤਾ ਪਾਠਕ-ਮੁਖੀ ਨਹੀਂ ਸਗੋਂ ਕੇਵਲ ਤੇ ਕੇਵਲ ਸਰੋਤਾ-ਮੁਖੀ ਹੈ। ਉਹਦੇ ਨਜ਼ਦੀਕ ਜਿਹੜਾ ਕਵੀ ਪਾਠਕ-ਮੁਖੀ ਨਹੀਂ, ਉਹ ਉੱਤਮ ਕਵੀ ਨਹੀਂ ਹੋ ਸਕਦਾ।

ਜਿੱਥੋਂ ਤੱਕ 'ਸਰੋਤਾ-ਮੁਖੀ' ਹੋਣ ਦੀ ਗੱਲ ਹੈ, ਸਾਡਾ ਮੰਨਣਾ ਹੈ ਕਿ ਹਰੇਕ ਸ਼ਾਇਰ ਜਾਂ ਲੇਖਕ ਜਦੋਂ ਲਿਖਦਾ ਹੈ ਤਾਂ ਉਹ ਪਾਠਕਾਂ ਨੂੰ ਮਨ ਵਿਚ ਰੱਖ ਕੇ ਹੀ ਲਿਖਦਾ ਹੈ। ਲਿਖਣ ਵੇਲੇ ਉਹਦਾ ਆਪਣਾ ਆਪ ਵੀ ਇੱਕ ਪਾਠਕ ਹੁੰਦਾ ਹੈ। ਉਹ ਆਪਣੀ ਰਚਨਾ ਰਾਹੀਂ ਆਪਣੇ ਅੰਦਰ ਅਤੇ ਬਾਹਰ ਬੈਠੇ ਪਾਠਕ ਨੂੰ ਹੀ ਮੁਖ਼ਾਤਬ ਹੋ ਰਿਹਾ ਹੁੰਦਾ ਹੈ। ਅੱਵਲ-ਆਖ਼ਰ ਹਰੇਕ ਕਵੀ ਭਾਵੇਂ ਕਿੰਨਾਂ ਵੀ ਸਰੋਤਾ-ਮੁਖੀ ਕਿਉਂ ਨਾ ਹੋਵੇ ਪਾਠਕ-ਮੁਖੀ ਵੀ ਹੁੰਦਾ ਹੈ। ਪਾਠਕ ਨੂੰ ਮੁਖ਼ਾਤਬ ਹੋਣ ਵੇਲੇ ਉਹਦੇ ਅੰਦਰ ਬੈਠਾ ਆਲੋਚਕ ਵੀ ਉਹਦੀ ਰਚਨਾ ਦੀ ਚੀਰ-ਫਾੜ ਕਰ ਰਿਹਾ ਹੁੰਦਾ ਹੈ। ਸੋਧ-ਸੁਧਾਈ ਕਰ ਰਿਹਾ ਹੁੰਦਾ ਹੈ।

ਲੇਖਕ ਲਿਖਦੇ ਹੋਏ ਆਤਮ-ਸੰਵਾਦ ਵੀ ਕਰ ਰਿਹਾ ਹੁੰਦਾ ਹੈ। ਆਤਮ-ਆਲੋਚਨਾ ਵੀ ਕਰੀ ਜਾਂਦਾ ਹੈ।

ਪਾਤਰ ਨੂੰ ਕੇਵਲ ਸਰੋਤਾ-ਮੁਖੀ ਸ਼ਾਇਰ ਹੋਣ ਤੱਕ ਘਟਾਉਣਾ ਕਿਸੇ ਵੱਡੀ ਕਿੜ ਨੂੰ ਪੁਗਾਉਣ ਵਾਂਗ ਹੈ। ਉਂਝ ਸੱਚੇ ਸਰੋਤਾ-ਮੁਖੀ ਸ਼ਾਇਰ ਵਿਚ ਛੰਦ ਦੀ ਸਮਝ, ਰਿਦਮ, ਵਹਾਉ ਤੇ ਸੰਗੀਤ ਵੀ ਹੁੰਦਾ ਹੈ। ਤਰੰਨਮ ਨਾਂਹ-ਮੁਖਤਾ ਦਾ ਪ੍ਰਤੀਕ ਨਹੀਂ। ਜਦੋਂ ਛਾਪਾ ਖਾਨਾ ਨਹੀਂ ਸੀ ਤਾਂ ਸਾਰੀ ਕਿੱਸਾ ਕਵਿਤਾ ਜਾਂ ਗੁਰਬਾਣੀ ਗਾਇਨ ਦੀ ਵਿਧਾ ਰਾਹੀਂ ਹੀ ਲੋਕਾਂ ਤੱਕ ਪਹੁੰਚੀ। ਗੁਰੂ ਨਾਨਕ ਜਿੱਥੇ ਵੀ ਜਾਂਦੇ ਤੇ ਜਿਸ ਨੂੰ ਵੀ ਮੁਖ਼ਾਤਬ ਹੋਣਾ ਹੁੰਦਾ ਤਾਂ ਮਰਦਾਨੇ ਨੂੰ ਕਹਿੰਦੇ, "ਮਰਦਾਨਿਆਂ ! ਰਬਾਬਾ ਵਜਾਇ। ਬਾਣੀ ਆਈ ਹੈ !"ਉਹਨਾਂ ਦੇ ਸਾਹਮਣੇ ਸਰੋਤਾ/ਸਰੋਤੇ ਹੀ ਹੁੰਦੇ ਸਨ। ਭਾਵੇਂ ਸੱਜਣ ਠੱਗ ਨੂੰ 'ਉੱਜਲ ਕੈਹਾ ਚਿਲਕਣਾ "ਕਹਿ ਕੇ ਗੱਲ ਸਮਝਾ ਰਹੇ ਹੋਣ, ਚਾਹੇ ਸਿੱਧਾਂ ਨਾਲ ਸੰਵਾਦ ਰਚਾ ਰਹੇ ਹੋਣ ਜਾਂ ਜਗਨ ਨਾਥ ਪੁਰੀ ਵਿਚ 'ਆਰਤੀ ਦਾ ਗਾਇਨ ਕਰ ਰਹੇ ਹੋਣ! ਉਹਨਾਂ ਸਾਹਵੇਂ ਸਰੋਤੇ ਹੀ ਹੁੰਦੇ ਸਨ। ਕੀ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਦੀ ਰਚਨਾ ਪਾਠਕ-ਮੁਖੀ ਨਹੀਂ ਸੀ, ਕੇਵਲ ਸੋਰਤਾ-ਮੁਖੀ ਸੀ। ਕੀ ਉਹਨਾਂ ਦਾ ਤਰੰਨਮ 'ਰੁਦਨ' ਸੀ? ਵਾਰਿਸਸ਼ਾਹ ਦੀ ਹੀਰ ਨੂੰ ਗਾਉਣ-ਹਾਰਿਆਂ ਨੇ ਹੀ ਪਿੰਡ ਪਿੰਡ ਪਹੁੰਚਾਇਆ ਸੀ ਨਾਂ ਕਿ ਕੇਵਲ ਪੜ੍ਹਨ-ਹਾਰਿਆਂ ਨੇ। ਸਾਰੀ ਕਿੱਸਾ ਕਵਿਤਾ ਬਾਰੇ ਵੀ ਇਹ ਗੱਲ ਕਹੀ ਜਾ ਸਕਦੀ ਹੈ। ਕੀ ਅੱਜ ਗੁਰਬਾਣੀ, ਸੂਫ਼ੀ ਸਾਹਿਤ ਜਾਂ ਕਿੱਸਾ ਸਾਹਿਤ ਨੂੰ ਅਸੀਂ ਕਹਿ ਸਕਦੇ ਹਾਂ ਕਿ ਇਹ ਕਵਿਤਾ ਕੇਵਲ ਸਰੋਤਾ ਮੁਖੀ ਹੈ, ਪਾਠਕ ਮੁਖੀ ਨਹੀਂ?

ਅਸੀਂ ਸੁਰਜੀਤ ਪਾਤਰ ਦੀ ਸ਼ਾਇਰੀ ਨੂੰ ਉਹਨਾਂ ਵਡੇਰਿਆਂ ਦੀ ਸ਼ਾਇਰੀ ਦੇ ਹਾਣ ਦਾ ਨਾ ਵੀ ਮੰਨੀਏਂ ਤੇ ਅਸੀਂ ਇਹ ਕਹਿੰਦੇ ਵੀ ਨਹੀਂ, ਪਰ ਇਸ ਨਾਲ ਉਹਦੀ ਕਵਿਤਾ ਦੇ ਸਰੋਤਾ-ਮੁਖੀ ਹੋਣ ਨਾਲ ਵੀ ਉਹਦੀ ਪਾਠਕ-ਮੁਖਤਾ ਦਾ ਮਹੱਤਵ ਘਟ ਨਹੀਂ ਜਾਂਦਾ। ਖਾਸ ਤੌਰ 'ਤੇ ਜਦੋਂ ਅਸੀਂ ਇਹ ਵੀ ਜਾਣਦੇ ਹਾਂ ਕਿ ਪਾਤਰ ਨੇ ਕੇਵਲ ਗ਼ਜ਼ਲ ਹੀ ਨਹੀਂ ਲਿਖੀ, ਨਜ਼ਮ ਵੀ ਲਿਖੀ ਹੈ। ਉਹਦੀਆਂ ਦਰਜਨਾਂ ਕਵਿਤਾਵਾਂ ਉੱਤਮ ਕਵਿਤਾ ਦਾ ਨਮੂਨਾ ਹਨ। ਦਰਜਨਾਂ ਗ਼ਜ਼ਲਾਂ ਵੀ ਉੱਤਮ ਸ਼ਾਇਰੀ ਦਾ ਨਮੂਨਾ ਹਨ। ਗੁਰਬਚਨ ਉਹਦੀ ਸਮੁੱਚੀ ਸ਼ਾਇਰੀ ਨੂੰ ਗ਼ਜ਼ਲ ਗਾਇਕੀ ਨਾਲ ਜੋੜ ਕੇ ਉਹਨੂੰ ਸਰੋਤਾ-ਮੁਖੀ ਕਹਿ ਕੇ ਸਮੁੱਚ ਵਿਚ ਹੀ ਨਕਾਰ ਰਿਹਾ ਹੈ। ਇਹ ਕਿਸੇ ਸੂਰਤ ਵਿਚ ਵੀ ਤਰਕ-ਸੰਗਤ ਨਹੀਂ। ਸੋ ਨਿਆਇ-ਸੰਗਤ ਕੀ ਹੋਣਾ ਹੈ !

ਪਾਤਰ ਨੇ ਕਿਹਾ, "ਜਿਹੜੇ ਲੋਕ ਤਰੰਨੁਮ ਨੂੰ ਤਰਸ, ਰਾਗ ਨੂੰ ਰੁਦਨ ਤੇ ਗਾਇਨ ਨੂੰ ਗੁਨਾਹ ਕਹਿੰਦੇ ਨੇ, ਉਹ ਕਿਸੇ ਸੂਫ਼ੀ ਦੇ ਚੇਲੇ ਜਾਂ ਗੁਰੂ ਦੇ ਸਿੱਖ ਤਾਂ ਨਹੀਂ। ਉਹ ਜ਼ਰੂਰ ਕੋਈ ਔਰੰਗਜ਼ੇਬ ਦੇ ਦਰਬਾਰੀ ਹੋਣਗੇ।"

ਮੈਂ ਸਮਝਦਾ ਹਾਂ ਕਿ ਗੁਰਬਚਨ ਦੀ ਤਕਲੀਫ਼ ਸੁਰਜੀਤ ਪਾਤਰ ਦੇ ਇੱਕ ਦਮ ਸਾਹਿਤ ਤੇ ਸ਼ਾਇਰੀ ਦੇ ਆਕਾਸ਼ ਵਿਚ ਚਮਕਣ ਨਾਲ ਹੀ ਪੈਦਾ ਹੋ ਗਈ ਸੀ। 'ਹਵਾ ਵਿਚ ਲਿਖੇ ਹਰਫ਼' ਦੇ ਛਪਦਿਆਂ ਹੀ ਪਾਤਰ ਦੀ ਚਾਰ-ਚੁਫ਼ੇਰੇ ਬੱਲੇ ! ਬੱਲੇ ! ਹੋਣ ਲੱਗੀ। ਕੁਝ

ਚਿਰ ਬਾਅਦ ਉਹਦੀ ਆਵਾਜ਼ ਵਿਚ ਰੀਕਾਰਡ ਕੀਤੀ ਗ਼ਜ਼ਲਾਂ ਦੀ ਕੈਸਿਟ 'ਬਿਰਖ਼ ਅਰਜ਼ ਕਰੇ' ਆਈ ਤਾਂ ਉਹ ਹਰੇਕ ਸਾਹਿਤਕ ਮੱਸ ਰੱਖਣ ਵਾਲੇ ਸੁਹਿਰਦ ਬੰਦੇ ਦੀ ਕਾਰ ਵਿਚ ਵੱਜਣ ਲੱਗੀ। ਗੁਰਬਚਨ ਨੇ ਪਾਤਰ ਨੂੰ ਮਿਸਮਾਰ ਕਰਨ ਦੀ ਠਾਣ ਲਈ। ਜਿੰਨੇ ਵੱਡੇ 'ਭਲਵਾਨ' ਨੂੰ ਢਾਹੋਗੇ, ਓਨਾ ਵੱਡਾ ਤੁਹਾਡਾ ਨਾਂ ਹੋਵੇਗਾ। ਜੇ 'ਬੱਲੇ ! ਬੱਲੇ !' ਵਾਲੇ ਭਲਵਾਨ ਨੂੰ ਢਾਹ ਲਿਆ ਤਾਂ ਤੁਹਾਡੀ 'ਬੱਲੇ ! ਬੱਲੇ !' ਹੋਵੇਗੀ। ਗੁਰਬਚਨ ਨੂੰ ਲੱਗਦਾ ਕਿ ਜੇ ਪਾਤਰ ਨੂੰ ਢਾਹ ਲਿਆ ਤਾਂ ਸਮਝੋ 'ਗਾਮੇ ਭਲਵਾਨ' ਨੂੰ ਢਾਹ ਲਿਆ ਤੇ ਤੁਸੀਂ ਆਪ 'ਰੁਸਤਮ–ਏ–ਜ਼ਮਾਂ' ਬਣ ਗਏ।

ਨਿਰਸੰਦੇਹ ਗੁਰਬਚਨ ਨੂੰ ਚੰਗਾ ਫ਼ਿਕਰਾ ਲਿਖਣਾ ਆਉਂਦਾ ਹੈ, ਪਰ ਉਹ ਇਸ ਲਿਖਣ ਕਲਾ ਨੂੰ ਬਹੁਤੀ ਵਾਰ ਸਨਸਨੀ ਪੈਦਾ ਕਰਨ ਲਈ ਵਰਤਦਾ। ਸਾਹਿਤ ਦੀ ਥਾਂ ਸਾਹਿਤਕਾਰ ਦੇ ਨਿੱਜ 'ਤੇ ਹਮਲੇ ਕਰਦਾ। ਹੂੰਝਾ ਫੇਰੂ ਬਿਆਨ ਦਿੰਦਾ। ਇੱਕ ਥਾਂ ਤੇ ਗਾਰਗੀ ਬਾਰੇ ਉਹ ਲਿਖਦਾ ਹੈ ਕਿ ਗਾਰਗੀ ਨੇ ਦੂਜੇ ਲੇਖਕਾਂ ਬਾਰੇ ਇਸ ਤਰਾਂ ਲਿਖਿਆ ਜਿਵੇਂ "ਇਲਤੀ ਜਵਾਕ ਬੰਬ ਉੱਪਰ ਡੱਬਾ ਰੱਖਕੇ ਚਲਾਉਂਦੇ ਹਨ ਤਾਂਕਿ ਖੜਕਾ ਵੀ ਜ਼ਿਆਦਾ ਆਵੇ ਤੇ ਸਵਾਦ ਵੀ । ਨਿਰਸੰਦੇਹ ਗੁਰਬਚਨ ਨੇ ਪਾਤਰ ਬਾਰੇ ਲਿਖਦਿਆਂ ਬੰਬ 'ਤੇ ਡੱਬਾ ਰੱਖਕੇ ਚਲਾਉਣ ਦੀ ਹਰ ਖੇਡ ਖੇਡੀ।

## ਪਾਤਰ ਨੂੰ ਆਤਮ-ਹੱਤਿਆ ਕਰ ਲੈਣ ਦਾ 'ਸੁਝਾਅ'

ਅਣਜਾਣੀ ਨਫ਼ਰਤ ਦਾ ਵਿਨ੍ਹਿਆਂ ਗੁਰਬਚਨ ਪਾਤਰ ਨੂੰ ਡੂੰਘੇ ਘਾਉ ਲਾਉਣੋਂ ਕਦੀ ਨਾ ਟਲਿਆ।

ਅਜਿਹਾ ਹੀ ਡੂੰਘਾ ਘਾਉ ਤਾਂ ਗੁਰਬਚਨ ਨੇ ਆਪਣੇ ਪਹਿਲੇ ਆਰਟੀਕਲ ਵਿਚ ਹੀ ਲਾ ਦਿੱਤਾ ਸੀ। ਉਹ ਤਾਂ ਪਾਤਰ ਨੂੰ ਖ਼ੁਦਕੁਸ਼ੀ ਕਰਨ ਦਾ ਸੁਝਾਉ ਵੀ ਦੇ ਰਿਹਾ ਸੀ ਕਿਉਂਕਿ ਉਹਨੂੰ ਲੱਗਦਾ ਸੀ ਕਿ ਪਾਤਰ ਅੰਦਰਲੇ ਸਿਰਜਕ ਦੀ ਮੌਤ ਹੋ ਚੁੱਕੀ ਹੈ। ਉਹਨੇ ਲਿਖਿਆ–

ਪਿੱਛੇ ਜਿਹੇ ਇੱਕ ਗੈਰ ਰਸਮੀ ਗੱਲਬਾਤ ਦੌਰਾਨ ਕੁਲਵੰਤ ਸਿੰਘ ਵਿਰਕ ਨੇ ਕਿਹਾ ਕਿ ਲੇਖਕ ਪਾਸ ਕੁਝ ਨਾ ਰਹੇ, ਉਸ ਨੂੰ ਜਿਉਣ ਦਾ ਕੋਈ ਹੱਕ ਨਹੀਂ, ਲਿਖਣ ਦਾ ਹੱਕ ਤਾਂ ਦੂਰ ਦੀ ਗੱਲ ਹੈ !

ਗੁਰਬਚਨ ਨੂੰ ਲੱਗਦਾ ਹੈ ਕਿ ਪਾਤਰ ਕੋਲ ਵੀ ਲਿਖਣ ਲਈ ਕੁਝ ਨਹੀਂ ਰਿਹਾ। ਉਹ ਪਾਤਰ ਨੂੰ ਮਰ ਜਾਣ ਲਈ 'ਹੱਲਾਸ਼ੇਰੀ' ਦਿੰਦਿਆਂ ਉਦਾਹਰਨ ਦਿੰਦਾ ਹੈ–

ਪੱਛਮ ਵਿੱਚ ਅਨੇਕਾਂ ਲੇਖਕ ਹੋਏ ਹਨ ਜਿਹੜੇ ਭਾਸ਼ਾ ਨੂੰ ਜਦੋਂ ਸਿਰਜਤ ਰੂਪ ਦੇਣ ਤੋਂ ਅਸਮਰੱਥ ਹੋ ਗਏ ਆਤਮ ਹੱਤਿਆ ਕਰ ਲਈ। ਆਤਮ ਹੱਤਿਆ ਦਾ ਕਾਰਜ ਵੀ ਉਹਨਾਂ ਲਈ ਸਿਰਜਣ ਦਾ ਬਦਲ ਬਣ ਗਿਆ। ਹੈਮਿੰਗਵੇ ਪਾਸ ਮਰਨ ਦਾ ਕੋਈ ਪ੍ਰਤੱਖ ਕਾਰਨ ਨਹੀਂ ਸੀ।

ਉਹ ਪਾਤਰ ਨੂੰ ਵੀ ਜਿਊਣ ਦਾ ਹੱਕ ਦੇਣ ਲਈ ਤਿਆਰ ਨਹੀਂ।

ਪਾਤਰ ਦੀ ਮੌਤ ਮੰਗਣ ਵਾਲੇ ਇਸ ਨਿਰਦਈ ਆਲੋਚਕ ਦੇ ਆਖੇ ਪਾਤਰ ਦੇ ਖ਼ੁਦਕੁਸ਼ੀ ਕਰਨ ਦੇ ਸੁਝਾਉ ਬਾਰੇ ਮੈਨੂੰ ਉਹ ਅਖਾਣ ਛੇਤੇ ਆਉਂਦਾ ਹੈ, ਜਿਸ ਵਿਚ ਕਿਹਾ ਗਿਆ ਹੈ, "ਕਾਵਾਂ ਦੇ ਆਖੇ '-ਅਗਲੀ ਗੱਲ ਮੈਂ ਨਹੀਂ ਲਿਖਣੀ ਕਿਉਂਕਿ ਪਾਤਰ 'ਢੋਰ' ਨਹੀਂ 'ਹੰਸ' ਸੀ। ਸਾਫ਼-ਸ਼ਫ਼ਾਫ਼ ਖੰਭਾ ਵਾਲਾ। ਉੱਜਲ-ਦੀਦਾਰ!

---

"ਸੌਂਕਣੇ ਲੜ ਲੈ ਨੀ!

ਗੁਰਬਚਨ ਦਾ ਵਤੀਰਾ ਪਾਤਰ ਬਾਰੇ ਉਸ ਸੌਂਕਣ ਵਰਗਾ ਰਿਹਾ ਜਿਹੜੀ ਵਾਰ ਵਾਰ ਹੱਥ ਉਲਾਰ ਉਲਾਰ ਕੇ ਕਹਿੰਦੀ ਹੈ, "ਸੌਂਕਣੇ ਲੜ ਲੈ ਨੀ!"

ਪਰ ਪਾਤਰ ਨੂੰ ਤਾਂ ਬਾਹਵਾਂ ਕੱਢ ਕੱਢ ਲੜਨਾ ਆਉਂਦਾ ਹੀ ਨਹੀਂ ਸੀ। ਇਹ ਉਹਦੇ ਸੁਭਾਉ ਦਾ ਹਿੱਸਾ ਹੀ ਨਹੀਂ ਸੀ। ਉਹ ਤਾਂ ਸਦਾ ਹਲੀਮੀ ਵਿਚ ਵਿਚਰਨ ਦਾ ਆਦੀ ਸੀ। ਉਹ ਤਾਂ ਸਦਾ ਆਪਣੇ ਆਪ ਨਾਲ ਲੜਨ, ਆਪਣੇ ਆਪ ਨੂੰ ਰਿੜਕਣ ਵਿੱਚ ਲੱਗਾ ਰਹਿੰਦਾ:-

"ਹੋਰਾਂ ਨਾਲ ਤੂੰ ਨਿੱਤ-ਨਿੱਤ ਲੜਦੈਂ,
ਕਦੀ ਆਪਣੇ ਆਪ ਨਾਲ ਲੜਿਆ ਕਰ।

ਉਹ ਕਹਿੰਦਾ ਸੀ, "ਮੈਂ ਕਦੀ ਕਿਸੇ ਨਾਲ ਲੜਿਆ ਹੋਵਾਂ, ਯਾਦ ਨਹੀਂ। ਜੇ ਗੁੱਸਾ ਆ ਵੀ ਜਾਵੇ ਤਾਂ ਮੈਂ ਰਿਐਕਟ ਨਹੀਂ ਕਰਦਾ। ਚੁੱਪ ਰਹਿ ਕੇ ਗੁੱਸੇ ਨੂੰ ਦੇਖਦਾਂ। ਜਦੋਂ ਤੁਸੀਂ ਚੁੱਪ ਰਹਿ ਕੇ ਦੇਖਦੇ ਜਾਉ ਤਾਂ ਮਨ ਕਵਿਤਾ ਦਾ ਰੂਪ ਅਖ਼ਤਿਆਰ ਕਰਨ ਲੱਗਦਾ ਹੈ। ਹਾਂ ਕੋਈ ਤੁਹਾਡੀ ਕਵਿਤਾ ਬਾਰੇ ਕਹਿੰਦਾ ਹੈ ਕਿ ਮੈਨੂੰ ਤੁਹਾਡੀ ਇਹ ਕਵਿਤਾ ਚੰਗੀ ਨਹੀਂ ਲੱਗੀ ਤਾਂ ਉਹਦੇ ਨਾਲ ਲੜਾਈ ਚੰਗੀ ਨਹੀਂ ਲੱਗਦੀ। ਉਹਨੂੰ ਕਹਿਣ ਦਾ ਹੱਕ ਹੈ ਕਿ ਮੈਨੂੰ ਨਹੀਂ ਚੰਗੀ ਲੱਗਦੀ। ਉਹਨੂੰ ਮੈਂ ਕੁਝ ਨਹੀਂ ਕਹਿ ਸਕਦਾ। ਮੇਰਾ ਕਹਿਣਾ ਬਣਦਾ ਵੀ ਨਹੀਂ। ਤੁਹਾਨੂੰ ਆਪਣੀ ਕਵਿਤਾ ਨੂੰ ਡਿਫ਼ੈਂਡ ਕਰਨ ਦੀ ਲੋੜ ਨਹੀਂ। ਹਾਂ, ਜੇ ਕੋਈ ਗੱਲ ਤੱਥ-ਰੂਪ ਵਿਚ ਗ਼ਲਤ ਕਰ ਰਿਹਾ ਹੋਵੇ ਤਾਂ ਉਸ ਨਾਲ ਲੜਾਈ ਕੀਤੀ ਜਾ ਸਕਦੀ ਹੈ। ਪਰ ਮੈਂ ਇੱਕ ਅੱਧ ਵਾਰ ਤੋਂ ਬਿਨਾਂ ਇਹੋ ਜਿਹੀ ਲੜਾਈ ਵੀ ਨਹੀਂ ਲੜੀ।

ਪਰ ਸੌਂਕਣ ਆਢਾ ਲਾਈ ਰੱਖਣ ਵਾਲੇ ਕਦ ਬਾਜ ਆਉਂਦੇ ਨੇ!
ਸੰਗਲ ਨਾ ਟੁੱਟੇ ਪੈ ਗਿਆ ਝਾਂਜਰ ਨੂੰ ਤੋੜਨਾ

ਹਰੇਕ ਵਿਰੋਧੀ ਹਮਲੇ ਦੇ ਜ਼ਹਿਰ ਨੂੰ ਸੁਕਰਾਤ ਵਾਂਗ ਚੁੱਪ ਕਰ ਕੇ ਪੀ ਜਾਣ ਵਾਲਾ ਪਾਤਰ ਤਾਂ ਇਹ ਹੀ ਲਿਖ ਕੇ ਮਨ ਹਲਕਾ ਕਰ ਸਕਦਾ ਸੀ।

ਮੁਸ਼ਕਲ ਬਹੁਤ ਜੇ ਜਾਪਦਾ ਪੱਥਰ ਨੂੰ ਤੋੜਨਾ
ਤੋੜੋ ਬਹੁਤ ਆਸਾਨ ਹੈ 'ਪਾਤਰ' ਨੂੰ ਤੋੜਨਾ

ਤੋੜਨ ਤੁਰੇ ਤਾਂ ਕੁਝ ਤਾਂ ਸੀ ਆਖਰ ਨੂੰ ਤੋੜਨਾ
ਸੰਗਲ ਨਾ ਟੁੱਟੇ ਪੈ ਗਿਆ ਝਾਂਜਰ ਨੂੰ ਤੋੜਨਾ

ਉਹਦੇ ਨਿੰਦਕ ਆਪਣੇ ਆਪ ਨੂੰ ਦੁੱਧ-ਧੋਤਾ ਬਣਾ ਕੇ ਪੇਸ਼ ਕਰਦੇ। ਸੱਚ-ਪੁੱਤ ਬਣ ਕੇ ਝੂਠ ਬੋਲਦੇ। ਉਹ ਲਲਕਾਰੇ ਮਾਰਨ ਵਾਂਗ ਝੂਠ ਬੋਲਦੇ ਤੇ ਤਮਾਸ਼ਬੀਨ ਤਾੜੀਆਂ ਮਾਰਦੇ। ਪਾਤਰ ਦੁਖੀ ਹੋ ਕੇ ਬੋਲਦਾ:-

ਬੇਦਾਗ ਨੇ ਉਹ ਸਾਰੇ ਬੱਸ ਦਾਗਦਾਰ ਮੈਂ ਹੀ
ਉਹ ਲਿਸ਼ਕਦੇ ਨੇ ਸ਼ੀਸ਼ੇ ਮੈਲੀ ਨੁਹਾਰ ਮੈਂ ਹੀ
ਤੁਸੀਂ ਖੁਦ ਹੀ ਧਿਆਨ ਮਾਰੋ, ਕਿੰਨਾ ਕਠਿਨ ਹੈ ਯਾਰੋ,
ਏਨੇ ਖੁਦਾਵਾਂ ਅੰਦਰ ਇਨਸਾਨ ਹੋ ਕੇ ਜਿਉਣਾ

ਗੁਰਬਚਨ ਤੇ ਉਹਦੇ ਹੋਰ ਨਿੰਦਕਾਂ ਨੇ ਪਾਤਰ ਦਾ ਜਿਉਣਾ ਹਰਾਮ ਕੀਤਾ ਹੋਇਆ ਸੀ। ਪਰ ਉਹ ਆਪਣੇ ਸੁਭਾਉ ਮੁਤਾਬਕ ਆਪਣੇ ਅੰਦਰ ਉੱਬਲ ਰਹੇ ਰੋਹ ਤੇ ਰੰਜ ਦੀ ਭਾਫ਼ ਬਾਹਰ ਨਾ ਨਿਕਲਣ ਦਿੰਦਾ।

## 'ਵੱਢਣ-ਟੁੱਕਣ' ਵਾਲਿਆਂ ਦਾ ਯੋਗਦਾਨ

ਅਜਿਹੀ ਵਿਰੋਧਤਾ ਬਾਰੇ ਪਾਤਰ ਨੇ ਕਿਹਾ ਹੈ ਕਿ: ਕਈ ਵਾਰ ਮੈਨੂੰ ਇਹੋ ਜਿਹੇ ਮੌਕਿਆਂ ਦਾ ਸਾਹਮਣਾ ਕਰਨਾ ਪਿਆ ਹੈ ਜਦੋਂ ਮੈਂ ਜ਼ਖਮੀ ਜਾਂ ਆਹਤ ਮਹਿਸੂਸ ਕੀਤਾ, ਜਿਵੇਂ ਪੂਰਨ ਨੂੰ ਟੁੱਕ ਕੇ ਖੂਹ ਵਿੱਚ ਸੁੱਟ ਦਿੱਤਾ ਸੀ ਤੇ ਫਿਰ ਗੋਰਖ ਆਇਆ, ਉਹਨੇ ਉਹਨੂੰ ਕੱਢਿਆ। ਇੰਜ ਹੀ ਮੈਨੂੰ ਕੋਈ ਨਾ ਕੋਈ ਸ਼ਬਦ, ਕੋਈ ਵਾਕ ਮੁੜਕੇ ਖੂਹ ਵਿੱਚੋਂ ਸਾਬਤ ਬਾਹਰ ਕੱਢ ਲੈਂਦਾ ਹੈ। ਮੈਂ ਕਿਤੇ ਕਿਹਾ ਸੀ,

"ਜੋ ਤੂੰ ਮੈਨੂੰ ਪੱਥਰ ਮਾਰੇ ਸੀ,
ਜੋ ਤੂੰ ਮੈਨੂੰ ਕੰਡੇ ਚੋਭੇ ਸੀ,
ਮੈਂ ਤਾਂ ਉਹ ਹਜ਼ਮ ਵੀ ਕਰ ਲਏ,
ਉਹ ਤਾਂ ਹੁਣ ਰਹੇ ਹੀ ਨਹੀਂ,
ਮੈਂ ਤਾਂ ਉਹ ਨਜ਼ਮ ਵੀ ਕਰ ਲਏ।

ਇੰਜ ਪਾਤਰ ਨੇ ਪੱਥਰਾਂ ਅਤੇ ਕੰਡਿਆਂ ਨੂੰ ਵੀ ਨਜ਼ਮਾਂ 'ਚ ਬਦਲ ਲਿਆ। ਪਾਤਰ ਦਾ ਕਹਿਣਾ ਏਂ ਕਿ ਉਹਨਾਂ ਬੰਦਿਆਂ ਨੇ, ਉਹਨਾਂ ਦੀ ਨਿੰਦਿਆ ਨੇ ਵੀ ਮੇਰੀ ਕਿਸੇ ਨਾ ਕਿਸੇ ਰੂਪ 'ਚ ਮਦਦ ਹੀ ਕੀਤੀ। ਨਹੀਂ ਤਾਂ ਮੈਂ ਸੌਂ ਜਾਂਦਾ ਜਾਂ ਢੈਲਾ ਪੈ ਜਾਂਦਾ। ਸੋ, ਮੈਂ ਉਹਨਾਂ ਲੋਕਾਂ ਦਾ ਵੀ ਧੰਨਵਾਦੀ ਹਾਂ ਆਪਣੇ ਉਹਨਾਂ ਦੋਸਤਾਂ ਦਾ, ਜਿਨ੍ਹਾਂ ਨੇ ਮੇਰੇ ਦੁਆਲੇ ਇੱਕ ਤਰ੍ਹਾਂ ਦੀ ਰਾਮਕਾਰ ਰੱਖੀ ਤੇ ਮੈਨੂੰ ਤੱਤੀ ਵਾ ਤੱਕ ਨਹੀਂ ਲੱਗਣ ਦਿੱਤੀ। ਜਦ ਕਿ ਦੂਜਿਆਂ ਨੇ ਮੈਨੂੰ ਦੱਸਿਆ ਕਿ ਬਾਹਰ ਤੱਤੀ ਹਵਾ ਵਗ ਰਹੀ ਹੈ। ਇੰਜ ਉਹ ਲੋਕ ਜੋ

ਦੂਜਿਆਂ ਦੇ ਪ੍ਰਛਾਵੇਂ ਵੱਢਣ ‘ਚ ਯਕੀਨ ਰੱਖਦੇ ਨੇ, ਜਿਨ੍ਹਾਂ ਬਾਰੇ ਮੈਂ ਕਦੀ ਲਿਖਿਆ ਸੀ,

“ਜਿੱਥੇ ਵੀ ਦੋ ਬੰਦੇ ਰਲ ਕੇ ਬਹਿੰਦੇ ਨੇ,
ਤੀਜੇ ਦਾ ਪ੍ਰਛਾਵਾਂ ਵੱਢਦੇ ਰਹਿੰਦੇ ਨੇ।

ਇਹ ਵੱਢਣ ਤੇ ਟੁੱਕਣ ਵਾਲੇ ਵੀ ਇੱਕ ਰੋਲ ਨਿਭਾਉਂਦੇ ਹਨ ਤੇ ਵੱਢੇ-ਟੁੱਕਿਆਂ ਨੂੰ ਜੋੜਨ ਵਾਲੇ ਵੀ ਇੱਕ ਰੋਲ ਨਿਭਾਉਂਦੇ ਹਨ। ਇਨ੍ਹਾਂ ਦੋਹਾਂ ਦੇ ਕੰਮ ਅਤੇ ਪ੍ਰਭਾਵ ਬੰਦੇ ਦੀ ਸ਼ਖਸ਼ੀਅਤ ਦੀ ਉਸਾਰੀ ‘ਚ ਆਪਣਾ ਯੋਗਦਾਨ ਪਾਉਂਦੇ ਹਨ।

ਨਿੰਦਕ ਆਲੋਚਨਾ ਦੇ ਹਥਿਆਰ ਨਾਲ ਪਾਤਰ ਨੂੰ ਮਾਰਨ ਵਾਲਿਆਂ ਨੂੰ ਪਾਤਰ ਦਾ ਜਵਾਬ ਸੀ:-

ਮੈਂ ਜੇ ਮਰਨਾ ਹੁੰਦਾ ਹੁਣ ਤੱਕ ਕਈ ਵਾਰ ਮਰ ਜਾਂਦਾ। ਕਈ ਵਾਰ ਮਰਿਆ ਵੀ ਹਾਂ। ਪਰ ਆਪਣੀ ਪੀੜ ਨਾਲ ਸੰਘਰਸ਼ ਕਰਨ ਤੋਂ ਬਾਅਦ ਜਦੋਂ ਉਹ ਫ਼ਤਹਿ ਪਾ ਲੈਂਦਾ ਹੈ ਤਾਂ ਲਿਖਦਾ ਹੈ:-

ਹੋ ਗਿਆ ਸਾਫ ਤਲ, ਸੰਭਲ ਗਏ ਮੇਰੇ ਜਲ
ਮੈਂ ਤਾਂ ਪੱਥਰ ਨੂੰ ਤਹਿ ’ਚ ਲੁਕੋ ਵੀ ਲਿਆ
ਨੀਰ ਵਿਚ ਨੂੰ ਸੀ ਕਿਨ੍ਹੇ ਦੇਖਣਾ
ਮੇਰੇ ਪਾਣੀ ਨੇ ਚੁਪ ਚਾਪ ਰੋ ਵੀ ਲਿਆ

ਹੁੰਦੀ ਆਮ ਉਂਜ ਤਾਂ ਸਭ ਸਥਾਪਿਤ ਸੁਰਾਂ
ਹੋਣ ਹਰ ਰਾਗ ਵਿਚ ਫਿਰ ਵੀ ਵਰਜਿਤ ਸੁਰਾਂ
ਸਭ ਮੇਰੇ ਜ਼ਾਬਤੇ, ਰਾਗ ਦੇ ਵਾਸਤੇ
ਮੈਂ ਤਾਂ ਬੰਦਿਸ਼ ’ਚ ਸਭ ਕੁਝ ਸਮੋ ਵੀ ਲਿਆ

ਜ਼ਹਿਰ ਤੇਰੀ ਤਾਂ ਮੈਂ ਹਜ਼ਮ ਵੀ ਕਰ ਲਈ
ਤੇਰੀ ਨਫਰਤ ਤਾਂ ਮੈਂ ਨਜ਼ਮ ਵੀ ਕਰ ਲਈ
ਤੂੰ ਜੋ ਬਖਸ਼ੇ ਸੀ ਉਹ ਜ਼ਖਮ ਫੁੱਲ ਬਣ ਗਏ
ਮੈਂ ਤੁਕਾਂ ਵਿਚ ਉਨ੍ਹਾਂ ਨੂੰ ਪਰੋ ਵੀ ਲਿਆ

ਜਦੋਂ ਅਜਿਹੇ ਮਾਰੂ ਹਮਲੇ ਹੁੰਦੇ ਤਾਂ ਪਾਤਰ ਆਪਣੇ ਮਨ ਦੇ ਸੰਤਾਪ ਨੂੰ ਊਰਜਾ ਵਿੱਚ ਬਦਲ ਲੈਂਦਾ, ਜਿਵੇਂ ਅੱਗ ਅਤੇ ਭਾਫ਼ ਨੂੰ ਬਦਲੀਦਾ।

ਕਵਿਤਾ ਦੇ ਕਾਜ਼ੀਆਂ, ਇਹੋ ਜਿਹੇ ਆਲੋਚਕਾਂ ਬਾਰੇ ਉਸਨੇ ਲਿਖਿਆ:-

ਕਿੰਨੀ ਨੇ ਔਕਾਤ ਦੇ ਮਾਲਕ,
ਕਿਸ ਸ਼ਿੱਦਤ ਜਜ਼ਬਾਤ ਦੇ ਮਾਲਕ
ਪਾਰਖੂਆਂ ਵੀ ਪਰਖੇ ਜਾਣਾ

ਤੇਰੀ ਗ਼ਜ਼ਲ ਨੂੰ ਪਰਖਣ ਲੱਗਿਆਂ

ਉਹਨੂੰ ਟਾਲਸਟਾਇ ਦੇ ਬਚਨ ਯਾਦ ਆਉਂਦੇ ਨੇ:-

÷ਜਦੋਂ ਤੁਹਾਡੀ ਕੋਈ ਆਲੋਚਨਾ ਕਰਦਾ ਹੈ, ਤਾਂ ਯਾਦ ਰਖੋ ਕਿ ਤੁਹਾਡਾ ਫੁੱਲ ਖਿੜ ਗਿਆ ਹੈ, ਇਸ ਲਈ ਭੌਰੇ ਡੰਗ ਮਾਰਨ ਆ ਰਹੇ ਨੇ। ਇਸੇ ਤਰ੍ਹਾਂ ਜਦ ਤੁਹਾਨੂੰ ਨਿੰਦਕਾਂ ਦੇ ਡੰਗ ਲੱਗਣ ਤਾਂ ਸਮਝੋ ਤੁਹਾਡਾ ਕੰਮ ਵੀ ਖਿੜ ਰਿਹਾ ਹੈ। ਅੱਧ ਖਿੜੇ ਫੁੱਲ ਉੱਤੇ ਭੌਰੇ ਕਦ ਬੈਠਦੇ?÷

ਉਹਨੂੰ ਅਹਿਸਾਸ ਸੀ ਕਿ ਕੁਝ ਕਰਨਾ ਪੈਣਾ ਹੈ। ਅਕ੍ਰਿਅ ਹੋਣ ਨਾਲ ਗੁਜ਼ਾਰਾ ਨਹੀਂ।

ਆਤਮਾ ਅੱਗੇ ਹਰ ਵੇਲੇ ਜਵਾਬ ਦੇਹ ਸੀ।
ਉਜਲੇ ਸ਼ੀਸ਼ੇ ਸਾਹਮਣੇ ਜਾਣੋ ਡਰਦਾ ਹੈ ਏਸੇ ਕਰ ਕੇ
ਜ਼ੱਰਾ ਜ਼ੱਰਾ ਜੋ ਆਤਮਾ 'ਤੇ ਕਿਰੇ,
ਨਾਲ ਦੀ ਨਾਲ ਇਸ ਨੂੰ ਸਾਂਭੀ ਚਲ
ਵਰਨਾ ਮਿੱਟੀ ਅਤੁੱਲਵੀਂ ਹੇਠੋਂ,
ਤੈਥੋਂ ਸਿਰ ਨਾ ਉਠਾਲ ਹੋਵੇਗਾ

## ਕਦੇ ਕਿਸੇ ਨੇ ਬੁਝੇ ਦੀਵੇ 'ਤੇ ਫੂਕ ਮਾਰੀ ਐ?

ਸਾਡੇ ਪਰਚੇ 'ਸੀਰਤ' ਵਿਚ ਪਾਤਰ ਦਾ ਆਪਣੇ ਨਿੰਦਕਾਂ ਬਾਰੇ ਆਰਟੀਕਲ ਛਪਿਆ ਤਾਂ ਉਹਦੇ ਅਜਿਹੇ ਵਿਚਾਰ ਪੜ੍ਹ ਕੇ 'ਸੀਰਤ' ਵਿਚ ਹੀ ਪੰਜਾਬੀ ਦੇ ਪ੍ਰਸਿਧ ਨਾਵਲਕਾਰ ਗੁਰਦਿਆਲ ਸਿੰਘ ਦਾ ਇੱਕ ਆਰਟੀਕਲ ਛਪਿਆ ਸੀ। ਇਸ ਵਿਚ ਉਹਨੇ ਨਿੰਦਕਾਂ ਦੇ ਹਵਾਲੇ ਨਾਲ ਪਾਤਰ ਨੂੰ ਢਾਰਸ ਦੇਣ ਦੀ ਗੱਲ ਕਰਦਿਆਂ ਕਿਹਾ ਸੀ, "ਭਾਈ! ਕਦੇ ਕਿਸੇ ਨੇ ਬੁਝੇ ਦੀਵੇ 'ਤੇ ਫੂਕ ਮਾਰੀ ਐ? ਸਭ ਜਗਦੇ ਦੀਵੇ ਨੂੰ ਹੀ ਫੂਕ ਮਾਰ ਕੇ ਬੁਝਾਉਣਾ ਚਾਹੁੰਦੇ ਐ। ਜਿਸ ਦੀਵੇ ਵਿਚ ਚੋਖਾ, ਚੰਗਾ ਤੇਲ ਤੇ ਚੰਗੀ ਨਰੋਈ ਬੱਤੀ ਹੋਵੇ ਉਹ ਕੁਝ ਦੂਰ ਖੜੋਤੇ (ਪਿੱਠ ਪਿੱਛੇ) ਫੂਕਾਂ ਮਾਰਨ ਵਾਲ਼ਿਆਂ ਤੋਂ ਨਹੀਂ ਬੁਝਦਾ। ਇਹ ਮੇਰੀ ਗੱਲ ਪੱਲੇ ਬੰਨ੍ਹ ਲੈ ਕਿ ਤੂੰ ਛੇਤੀ ਕੀਤਿਆਂ ਬੁਝਣ ਵਾਲ਼ਾ ਦੀਵਾ ਨਹੀਂ।"

ਉਹ ਆਪਣੇ ਆਪ ਨੂੰ ਸਦਾ ਸਾਵਧਾਨ ਰੱਖਦਾ:-
ਤੂੰ ਦੀਵਿਆਂ ਦੀ ਡਾਰ ਤੇ ਤੇਜ਼ ਹਵਾ ਹੈ
ਮੇਰੀਏ ਜਿੰਦੇ ਚੱਲਣਾ ਸੰਭਲ ਸੰਭਲ ਕੇ
---
ਇਕ ਦੀ ਰਾਸ਼ੀ ਧਰਤ ਸੀ, ਇਕ ਦੀ ਰਾਸ਼ੀ ਅਗਨ ਸੀ
ਇਕ ਉੱਗਣ ਵਿਚ ਲੀਨ ਸੀ, ਇਕ ਜਾਲਣ ਵਿਚ ਮਗਨ ਸੀ

ਇਕ ਬੰਦੇ ਦੀ ਸੋਚ ਨੇ, ਐਸਾ ਮੰਤਰ ਮਾਰਿਆ
ਅੱਗ ਤੇ ਮਿੱਟੀ ਮਿਲ ਗਏ, ਦੀਵੇ ਲਗ ਪਏ ਜਗਣ ਸੀ

ਧਾਤ ਨੂੰ ਤਾਰ 'ਚ ਢਾਲਿਆ, ਰੁੱਖ ਰਬਾਬ ਬਣਾ ਲਿਆ
ਇਹ ਤਾਂ ਸਭ ਤਕਨੀਕ ਸੀ, ਅਸਲੀ ਗੱਲ ਤਾਂ ਲਗਨ ਸੀ
---
ਉਹ ਜਿਸ ਨੇ ਮੈਨੂੰ ਇਹ ਹੋਂਠ ਦਿੱਤੇ, ਉਸੇ ਨੇ ਬਖਸ਼ੇ ਇਹ ਨੀਰ ਨਿਰਮਲ
ਤੁਸੀਂ ਭਲਾ ਕੌਣ ਪਿਆਸ ਮੇਰੀ ਨੂੰ ਕੁਫਰ ਦਾ ਨਾਮ ਦੇਣ ਵਾਲੇ
ਲਹੂ ਚੋਂ ਬਾਲੇ ਤਾਂ ਆਪੇ ਲੋਕਾਂ ਨੇ ਸਾਂਭ ਲੈਣੇ ਨੇ ਸੀਨਿਆਂ ਵਿਚ
ਇਹ ਲਫਜ਼ ਤੇਰੇ ਚਿਰਾਗ ਜਗਦੇ, ਤੂੰ ਡਰ ਨ ਕਰ ਦੇ ਹਵਾ ਹਵਾਲੇ

ਸੁਰਜੀਤ ਪਾਤਰ ਪੰਜਾਬ ਸ਼ਾਇਰੀ ਦਾ ਲਟ ਲਟ ਬਲਦਾ ਚਿਰਾਗ਼ ਸੀ, ਜਿਸਦੀ ਰੌਸ਼ਨੀ ਅਨੇਕਾਂ ਸਮਿਆਂ ਤੱਕ ਪੰਜਾਬੀ ਰੂਹਾਂ ਨੂੰ ਰੌਸ਼ਨ ਕਰਦੀ ਰਹੇਗੀ।

---

ਸਾਡਾ ਤੁਹਾਡਾ ਸਭ ਦਾ ਸੁਰਜੀਤ ਪਾਤਰ ਦਸ ਮਈ ਨੂੰ ਲੁਧਿਆਣਿਉਂ ਬਰਨਾਲੇ ਤੇ ਬਰਨਾਲਿਉਂ ਜਗਰਾਉਂ ਦੇ ਪੰਜ ਦਰਿਆ ਹੋਟਲ ਵਿੱਚ ਸੱਜਣਾਂ ਦੇ ਚਾਵਾਂ ਵਿੱਚ ਸ਼ਾਮਿਲ ਹੋਣ ਤੇ ਗੀਤਾਂ-ਗ਼ਜ਼ਲਾਂ ਦੀ ਮਹਿਫ਼ਿਲ ਸਜਾਉਣ ਤੋਂ ਬਾਅਦ ਰਾਤੀਂ ਦੇਰ ਨਾਲ ਘਰ ਪਰਤਿਆ। ਯਾਰਾਂ ਮਈ ਨੂੰ ਸਵੇਰੇ ਭੁਪਿੰਦਰ ਕੌਰ ਪਾਤਰ ਨੇ ਹਲੂਣ ਕੇ ਜਗਾਉਣ ਦੀ ਕੋਸ਼ਿਸ਼ ਕੀਤੀ ਤਾਂ ਭੌਰ ਉਡਾਰੀ ਮਾਰ ਚੁੱਕਾ ਸੀ।

ਦੇਸ਼-ਵਿਦੇਸ਼ ਵਿਚ ਵੱਸਦੇ ਉਹਦੇ ਮਿੱਤਰ ਪਿਆਰੇ ਤੇ ਕਵਿਤਾ ਦੇ ਆਸ਼ਕ ਡੂੰਘੇ ਦੁੱਖ ਵਿਚ ਡੁੱਬ ਗਏ।

ਪਾਤਰ ਦੀਆਂ ਅੰਤਿਮ ਰਸਮਾਂ ਵੇਲੇ ਵਹੀਰਾਂ ਧਾ ਕੇ ਪਹੁੰਚੀਆਂ। ਉਹਦੇ ਸਿਵੇ 'ਚੋਂ ਉੱਠਦੀਆਂ ਲਾਟਾਂ, ਉਹਨਾਂ ਦੇ ਕਲੇਜੇ ਵਿਚ ਧੂ! ਧੂ ਕਰ ਕੇ ਬਲਣ ਲੱਗੀਆਂ ਜਿਨ੍ਹਾਂ ਦਾ ਧੂੰਆਂ ਇੱਕ ਹਾਉਕਾ ਬਣ ਕੇ ਕੁਝ ਇਸ ਅੰਦਾਜ਼ ਵਿਚ ਬਾਹਰ ਨਿਕਲਿਆ:-

ਹੁੰਦਾ ਸੀ ਏਥੇ ਸ਼ਖਸ ਇਕ ਸੱਚਾ ਕਿੱਧਰ ਗਿਆ
ਇਸ ਪੱਥਰਾਂ ਦੇ ਸ਼ਹਿਰ 'ਚੋਂ ਸ਼ੀਸ਼ਾ ਕਿੱਧਰ ਗਿਆ?
ਜਾਂਦਾ ਸੀ ਮੇਰੇ ਪਿੰਡ ਨੂੰ ਰਸਤਾ ਕਿੱਧਰ ਗਿਆ
ਪੈੜਾਂ ਦੀ ਸ਼ਾਇਰੀ ਦਾ ਉਹ ਵਰਕਾ ਕਿੱਧਰ ਗਿਆ?

ਪੈੜਾਂ ਦੀ ਸ਼ਾਇਰੀ ਦੇ ਉਸ ਵਰਕੇ ਨੇ ਕਿੱਥੇ ਜਾਣਾ ਸੀ, ਉਹ ਤਾਂ ਸਾਡੇ, ਤੁਹਾਡੇ, ਸਭਨਾਂ ਦੇ ਦਿਲਾਂ 'ਤੇ ਛਪ ਗਿਆ ਸੀ।

ਸਦਾ ਛਪਿਆ ਰਹਿਣਾ ਹੈ!

ਹਿੰਦੀ ਕਹਾਣੀ

# ਰਫ਼ੂਜੀ

**-ਸਵਦੇਸ਼ ਦੀਪਕ**

**-ਅਨੁ. ਪਰਮਜੀਤ ਢੀਂਗਰਾ**

ਨਾਨੀ ਕੋਰੀ ਅਨਪੜ੍ਹ ਸੀ। ਅੱਸੀਆਂ ਤੋਂ ਉਪਰ ਹੋਵੇਗੀ, ਪਰ ਅੰਗਰੇਜ਼ੀ ਦੇ ਕੁਝ ਸ਼ਬਦ ਉਹਨੂੰ ਆਉਂਦੇ ਸਨ– ਜਿਵੇਂ ਰਿਫਿਊਜੀ, ਜਿਸਨੂੰ ਉਹ ਰਫ਼ੂਜੀ ਬੋਲਦੀ ਸੀ।

ਕੁਝ ਸ਼ਬਦ ਇਤਿਹਾਸ ਦੀ ਉਪਜ ਹੁੰਦੇ ਨੇ, ਜੋ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣ ਜਾਂਦੇ ਨੇ। ਇਹ ਸ਼ਬਦ ਰਾਜੇ ਅਥਵਾ ਰਾਣੀ ਦੀ ਦੇਣ ਹੁੰਦੇ ਨੇ। ਅੰਗਰੇਜ਼ ਜਾਂਦੇ ਜਾਂਦੇ ਵੰਡ ਕਰਾ ਗਏ ਤੇ ਵਿਰਸੇ ਵਿਚ ਇਕ ਸ਼ਬਦ ਦੇ ਗਏ–ਰਿਫਿਊਜੀ। ਜਿਵੇਂ ਕੁਝ ਵਰ੍ਹੇ ਪਹਿਲਾਂ ਸਾਡੀ ਮਹਾਰਾਣੀ ਮਰੀ ਤੇ ਵਿਰਸੇ ਵਿਚ ਇਕ ਸ਼ਬਦ ਦੇ ਗਈ– ਅੱਤਵਾਦੀ।

ਸਾਰਾ ਕਸਬਾ ਉਹਨੂੰ ਨਾਨੀ ਕਹਿੰਦਾ ਸੀ। ਸ਼ਾਇਦ ਪਰਿਵਾਰ ਵਾਲਿਆਂ ਨੂੰ ਛੱਡ ਕੇ ਕਿਸੇ ਨੂੰ ਵੀ ਉਹਦੇ ਅਸਲੀ ਨਾਂ ਬਾਰੇ ਪਤਾ ਨਹੀਂ ਸੀ। ਉਹਦੇ ਜਿਸਮ ਦੇ ਸਾਰੇ ਹਿੱਸੇ ਜਿਸਮ ਦਾ ਸਾਥ ਛੱਡ ਚੁੱਕੇ ਸਨ ਸਿਵਾਏ ਅਵਾਜ਼ ਦੇ। ਪਾਟੇ ਢੋਲ ਵਰਗੀ ਅਵਾਜ਼– ਇਕ ਦਮ ਕੰਨਪਾੜੂ ਤੇ ਉੱਚੀ।

ਬੇਟੇ ਵੰਡ ਦੀ ਭੇਟ ਚੜ੍ਹ ਗਏ ਸਨ, ਇਕ ਕੁੜੀ ਬਚੀ ਸੀ, ਉਹ ਵੀ ਇਸ ਲਈ ਕਿ ਵੰਡ ਤੋਂ ਪਹਿਲਾਂ ਉਹ ਜਲੰਧਰ ਵਿਆਹੀ ਗਈ ਸੀ। ਉਹਦੇ ਮੁੰਡੇ, ਆਪਣੇ ਦੋਹਤੇ ਨਾਲ, ਨਾਨੀ ਇਸ ਕਸਬੇ ਵਿਚ ਰਹਿੰਦੀ ਸੀ। ਕਲੇਮਾਂ ਵਿਚ ਮਾੜੀ–ਮੋਟੀ ਜ਼ਮੀਨ ਮਿਲ ਗਈ ਸੀ, ਮਕਾਨ ਬਣਵਾ ਲਿਆ ਸੀ। ਦੋਹਤਾ ਕਾਲਜ ਵਿਚ ਪੜ੍ਹਾਉਂਦਾ ਸੀ, ਪਰ ਨਾਨੀ ਉਹਨੂੰ ਪ੍ਰੋਫ਼ੈਸਰ ਨਹੀਂ, ਮਾਸਟਰ ਹੀ ਕਹਿੰਦੀ ਸੀ। ਉਹਦੀ ਸਮਝ ਵਿਚ ਸਾਰੇ ਪੜ੍ਹਾਉਣ ਵਾਲੇ ਮਾਸਟਰ ਹੀ ਹੁੰਦੇ ਨੇ। ਉਹ ਜਲੰਧਰ ਕਾਲਜ ਵਿਚ, ਜੋ ਏਥੋਂ ਦਸ ਕਿਲੋਮੀਟਰ ਦੂਰ ਹੈ, ਰੋਜ਼ ਸਕੂਟਰ ’ਤੇ ਪੜ੍ਹਾਉਣ ਜਾਂਦਾ ਸੀ।

ਨਾਨੀ ਵਿਹੜੇ ਵਿਚ ਨਿੰਮ ਹੇਠਾਂ ਲੇਟੀ ਹੋਈ ਸੀ। ਬੱਚੇ ਆਪਣੀ ਮਾਂ ਨਾਲ ਸਕੂਲ ਜਾ ਚੁੱਕੇ ਸਨ, ਜੋ ਓਸੇ ਸਕੂਲ ਵਿਚ ਪੜ੍ਹਾਉਂਦੀ ਹੈ।

ਵਿਹੜੇ ਵਿਚ ਕਦਮਾਂ ਦੀ ਆਵਾਜ਼ ਆਈ। ਨਾਨੀ ਕਮਰ ’ਤੇ ਹੱਥ ਰੱਖ, ਮੰਜੇ ’ਤੇ ਅੱਧੀ ਕੁ ਬਹਿ ਗਈ। ਅੱਧੀ–ਅੰਨ੍ਹੀ। ਨਜ਼ਰ ਨੂੰ ਬੰਨ੍ਹ ਕੇ ਕਦਮਾਂ ਨੂੰ, ਆਵਾਜ਼ਾਂ ਨੂੰ, ਜਿਸਮਾਂ ਨਾਲ ਜੋੜਨ ਦੀ ਕੋਸ਼ਿਸ਼ ਕਰਦੀ, ਪਰ ਨਾਕਾਮ।

“ਕੌਣ ਐ? ਕੀਹਨੂੰ ਮਿਲਨੈ? ਘਰ ਕੋਈ ਨਹੀਂ। ਸ਼ਾਮ ਨੂੰ ਆਣਾ।”

ਨਾਨੀ ਦੀ ਅਵਾਜ਼ ਸੁਣ ਕੇ ਨਿੰਮ ’ਤੇ ਬੈਠੇ ਕਾਂ ਨੇ ਗਰਦਨ ਘੁੰਮਾਈ ਕਿਤੇ ਕੋਈ ਖਤਰਾ ਤਾਂ ਨਹੀਂ। ਫਿਰ ਇਕ ਟਾਹਣੀ ਤੋਂ ਉਡ ਕੇ ਦੂਸਰੀ ਟਾਹਣੀ ’ਤੇ ਜਾ ਬੈਠਾ।

“ਨਾਨੀ, ਤੇਰੀਆਂ ਤਾਂ ਅੱਖਾਂ ਵੀ ਗਈਆਂ। ਚਲ, ਕੋਈ ਨੀ, ਫਿਕਰ ਨਾ ਕਰ, ਅੱਖਾਂ ਦੇ ਬੈਂਕ ’ਚੋਂ ਕਿਸੇ ਜਵਾਨ ਕੁੜੀ ਦੀਆਂ ਅੱਖਾਂ ਤੈਨੂੰ ਪਵਾ ਦੇਂਦੇ ਆਂ। ਮਰਨ ਤੋਂ ਪਹਿਲਾਂ

ਦੁਨੀਆ ਤਾਂ ਦੇਖ ਲਏਂਗੀ।"

"ਜੀਤੇ, ਤੂੰ ਮੋਇਆ ਸੱਠਾਂ ਦਾ ਹੋ ਗਿਐਂ, ਪਰ ਜਬਾਨ ਅਜੇ ਵੀ ਕੈਂਚੀ ਦੀ ਕੈਂਚੀ। ਮੈਂ ਅਜੇ ਮਰਨ ਵਾਲੀ ਨਹੀਂ। ਤੇਰੇ ਫੁੱਲ ਚੁੱਗ ਕੇ ਜਾਵਾਂਗੀ। ਹੌਂਸਲਾ ਰਖ।"

"ਨਾਨੀ, ਬੈਂਕੋਂ ਅੱਖਾਂ ਲਿਆਂ ਦਿਆਂ। ਇਕ ਦਮ ਜਵਾਨ ਹੋ ਜਾਏਂਗੀ।"

"ਕੌਣ? ਮਲਕੀਅਤ? ਨਾਨੀ ਨੂੰ ਜਵਾਨ ਬਣਾਏਂਗਾ। ਮੋਇਆ, ਫਿਰ ਸੱਤ ਫੇਰੇ ਵੀ ਲਵੇਂਗਾ। ਤੇਰੀ ਘਰਵਾਲੀ ਤਾਂ ਕਦੋਂ ਦੀ ਮਰ ਗਈ ਏ, ਮੈਨੂੰ ਘਰ ਲੈ ਜਾਈਂ। ਇਸ ਉਮਰ ਵਿਚ ਤੇਰੀ ਲੁਤਰ-ਲੁਤਰ ਤਾਂ ਬੰਦ ਹੋਏਗੀ।"

ਸਰਪੰਚ ਸੁਰਜੀਤ ਸਿੰਘ ਨੇ ਨਿੰਮ ਹੇਠਾਂ ਦੂਸਰੀ ਮੰਜੀ ਡਾਹੀ, ਚਾਦਰਾ ਗੋਡਿਆਂ ਤੱਕ ਉਪਰ ਕੀਤਾ ਤੇ ਮੰਜੀ 'ਤੇ ਪਸਰ ਗਿਆ। ਨਾਨੀ ਨੂੰ ਫਿਰ ਛੇੜਣ ਲੱਗਾ, "ਨਾਨੀ ਬੈਂਕ 'ਚੋਂ ਅੱਖਾਂ..."

"ਚੁੱਪ ਕਰ ਮੋਇਆ। ਤੇਰੀ ਜੀਭ ਨੂੰ ਕੀੜੇ ਪੈਣ। ਮੈਨੂੰ ਬੇਵਕੂਫ ਬਣਾਉਣਾ। ਬੰਕ ਤੇਰਾ ਪਿਓ ਰੁਪਏ ਦੇਂਦਾ ਕਿ ਅੱਖਾਂ..? ਤੂੰ ਆਪਣੀ ਮਾਂ ਨੂੰ ਵੀ ਇੰਜ ਹੀ ਛੇੜਦਾ ਸੈਂ।"

ਨਾਨੀ ਨੂੰ ਅਚਾਨਕ ਧਿਆਨ ਆਇਆ ਕਿ ਮਲਕੀਅਤ ਸਿੰਘ ਬਿਲਕੁਲ ਚੁੱਪ ਚਾਪ ਬੈਠੈ। ਜ਼ਰੂਰ ਕੋਈ ਗੱਲ ਐ, ਨਹੀਂ ਤਾਂ ਇਹ ਨਿਰੀ ਕੈਂਚੀ ਐ, ਲਗਾਤਾਰ ਕਰਚ-ਕਰਚ ਕਰਦੀ।

"ਮਲਕੀਤੇ ਤੈਨੂੰ ਕਿਉਂ ਸੱਪ ਸੁੰਘਿਆ ਪਿਐ। ਬੋਲਦਾ ਕਿਉਂ ਨਹੀਂ। ਰਾਤੀਂ ਬੋਤਲ ਨਹੀਂ ਮਿਲੀ? ਠਹਿਰ ਮੈਂ ਲੱਸੀ ਲਿਆਉਣੀ ਆਂ।" ਨਾਨੀ ਨੇ ਉੱਠਣ ਦੀ ਕੋਸ਼ਿਸ਼ ਕੀਤੀ।

"ਨਾਨੀ ਤੂੰ ਬੈਠੀ ਰਹਿ, ਹੁਣ ਦੀ ਗਈ ਤਕਾਲੀਂ ਵਾਪਸ ਮੁੜੇਂਗੀ। ਤੇਰੇ ਲਾਰੇ, ਵਿਆਹੇ ਵੀ ਕੁਆਰੇ।"

"ਮਰ ਜਾਣਾ, ਮੁਹਾਵਰੇ ਬੋਲਣੇ ਕੋਈ ਤੇਰੇ ਕੋਲੋਂ ਸਿਖੇ। ਚੰਗਾ ਇਹ ਦਸ ਸਵੇਰੇ ਸਵੇਰੇ ਕਿਵੇਂ ਚੜ੍ਹਾਈ ਕੀਤੀ?"

ਸੁਰਜੀਤ ਤੇ ਮਲਕੀਅਤ ਨੇ ਇਕ ਦੂਜੇ ਕੋਲੋਂ ਪੁੱਛਣ ਦੀ ਕੋਸ਼ਿਸ਼ ਕਰਦੀਆਂ ਨਜ਼ਰਾਂ ਨਾਲ ਦੇਖਿਆ- ਨਾਨੀ ਨਾਲ ਕੌਣ ਗੱਲ ਕਰੇ? ਨਾਨੀ ਨੇ ਉਹਦੀ ਚੁੱਪ ਸੁੰਘ ਲਈ। ਉਹਨੂੰ ਪਤਾ ਸੀ ਇਸ ਇਲਾਕੇ ਦੇ ਲੋਕਾਂ ਦਾ ਇਕ ਦਮ ਚੁੱਪ ਕਰ ਜਾਣਾ ਕਿਸੇ ਭੈੜੀ ਅਲਾਮਤ ਦੀ ਨਿਸ਼ਾਨੀ ਹੁੰਦੀ ਐ। ਉਹ ਥੋੜ੍ਹਾ ਡਰ ਵੀ ਗਈ, ਇਸ ਲਈ ਉੱਚੀ ਅਵਾਜ਼ ਵਿਚ ਕਹਿਣ ਲੱਗੀ-

"ਓਏ, ਮੋਇਆ ਜੀਭ ਤਾਲੂ ਨਾਲ ਕਿਉਂ ਲੱਗੀ ਹੋਈ ਏ? ਕੁਝ ਬਕਦਾ ਕਿਉਂ ਨਹੀਂ? ਮੇਰੇ ਮਾਸਟਰ ਦੀ ਕਿਤੇ ਟੱਕਰ ਤਾਂ ਨਹੀਂ ਹੋ ਗਈ?"

ਇਸ ਵਾਰ ਅਵਾਜ਼ ਦਾ ਧਮਾਕਾ ਏਨਾ ਉੱਚਾ ਸੀ ਕਿ ਕਾਂ ਬਿਲਕੁਲ ਡਰ ਗਏ। ਉਡਾਰੀ ਭਰਦੇ ਛੱਤ 'ਤੇ ਜਾ ਬੈਠੇ।

"ਨਾਨੀ ਦੀ ਬੱਚੀ, ਮਾਸਟਰ ਨਹੀਂ, ਪ੍ਰੋਫੈਸਰ। ਤੈਨੂੰ ਕਿੰਨੀ ਵਾਰੀ ਦਸਿਐ ਕਿ ਜਿਹੜੇ ਕਾਲਜ ਪੜ੍ਹਾਉਂਦੇ ਨੇ ਉਨ੍ਹਾਂ ਨੂੰ ਪ੍ਰੋਫੈਸਰ ਕਹਿੰਦੇ ਨੇ।"

"ਚੁੱਪ ਕਰ, ਵੱਡਾ ਆਇਆ ਮੈਨੂੰ ਸਮਝਾਉਣ ਵਾਲਾ। ਪੜ੍ਹਾਉਂਦਾ ਈ ਐ ਨਾ, ਭਾਵੇਂ

ਕਾਲਜ ਹੋਏ ਤੇ ਭਾਵੇਂ ਸਕੂਲ, ਮਾਸਟਰ ਤਾਂ ਮਾਸਟਰ ਹੀ ਰਹੇਗਾ, ਥਾਣੇਦਾਰ ਤਾਂ ਨਹੀਂ ਲੱਗ ਜਾਏਗਾ। ਚੰਗਾ ਇਹ ਦਸ ਗੱਲ ਕੀ ਏ?"

ਮਲਕੀਅਤ ਨੇ ਸੁਰਜੀਤ ਨੂੰ ਕੂਹਣੀ ਮਾਰੀ ਕਿ ਤੂੰ ਹੀ ਦਸ। "ਨਾਨੀ ਸੁਣ, ਪ੍ਰੋਫ਼ੈਸਰ ਨੂੰ ਸਮਝਾ ਕੇ ਰਖ ਕਿ ਆਲਤੂ-ਫਾਲਤੂ ਨਾ ਬੋਲਿਆ ਕਰੇ। ਅੱਜ ਕੱਲ੍ਹ ਇਹੋ ਜਿਹੀਆਂ ਗੱਲਾਂ ਦਾ ਜ਼ਮਾਨਾ ਨਹੀਂ।"

"ਕੀ ਆਲਤੂ-ਫਾਲਤੂ ਬੋਲਦੈ, ਜਰਾ ਮੈਨੂੰ ਵੀ ਦਸ। ਸਾਰਾ ਦਿਨ ਤਾਂ ਕਿਤਾਬਾਂ ਰਟਦਾ ਰਹਿੰਦੈ। ਹੁਣੇ ਐਨਕ ਲੱਗ ਗਈ, ਬੁੱਢਾ ਹੋ ਗਿਐ।"

ਨਾਨੀ ਲਈ ਨਜ਼ਰ ਦੀ ਐਨਕ ਬੁੱਢੇ ਹੋਣ ਦੀ ਨਿਸ਼ਾਨੀ ਐ। "ਨਾਨੀ ਅੱਤਵਾਦੀਆਂ ਖਿਲਾਫ਼ ਸ਼ਰੇਆਮ ਬੋਲਦੈ। ਆਪਣੀਆਂ ਕਲਾਸਾਂ ਵਿਚ ਵੀ। ਪਿੰਡ ਦੇ ਮੁੰਡੇ, ਜਿਹੜੇ ਕਾਲਜ ਪੜ੍ਹਦੇ ਨੇ, ਉਨ੍ਹਾਂ ਨੇ ਸਾਨੂੰ ਦਸਿਐ।"

"ਖ਼ਿਲਾਫ਼ ਬੋਲਦੈ ਤਾਂ ਕੀ ਮਾੜਾ ਇਸ ਵਿਚ। ਹੁਣ ਸੱਚ ਬੋਲਣ 'ਤੇ ਕਰਫੂ ਲੱਗ ਗਿਐ?"

"ਨਾਨੀ, ਲਗਦੈ ਤੇਰਾ ਦਿਮਾਗ ਹਿੱਲ ਗਿਐ", ਸੁਰਜੀਤ ਸਿੰਘ ਦੀ ਅਵਾਜ਼ ਸਖਤ ਹੋ ਗਈ ਸੀ, "ਤੈਨੂੰ ਪਤਾ ਨਹੀਂ ਕਿ ਹੁਣ ਮੁਲਕ ਵਿਚ ਸੱਚ ਬੋਲਣ ਦੀ ਮਨਾਹੀ ਐ। ਬੱਸ ਦੋ ਟੈਮ ਦੀ ਰੋਟੀ ਖਾਓ, ਜਿਹੜਾ ਦਿਨ ਸੁਖੀ-ਸਾਂਦੀ ਲੰਘ ਜੇ, ਸੱਚੇ ਪਾਤਸ਼ਾਹ ਦੀ ਕਿਰਪਾ ਸਮਝੋ। ਲੋਕਾਂ ਦੇ ਸਿਰ ਖੂਨ ਸਵਾਰ ਐ। ਤੇਰਾ ਪੜ੍ਹਿਆ ਲਿਖਿਆ ਪ੍ਰੋਫ਼ੈਸਰ ਝੱਲਾ ਹੋ ਗਿਆ ਲਗਦੈ, ਬੋਲਣ ਤੋਂ ਬਾਜ ਨਹੀਂ ਆਉਂਦਾ। ਸਰਕਾਰ ਨੇ ਉਹਨੂੰ ਸੱਚ ਬੋਲਣ ਲਈ ਨੰਬਰਦਾਰ ਲਾਇਆ ਹੋਇਐ ?"

**

ਅਤੀਤ ਵਿਚ ਨਾਨੀ ਨੇ ਆਪਣੀਆਂ ਅੱਖਾਂ ਸਾਹਮਣੇ ਕੜੀ ਵਰਗੇ ਆਪਣੇ ਤਿੰਨ ਪੁੱਤ ਕਤਲ ਹੁੰਦੇ ਵੇਖੇ ਸਨ ਤੇ ਉਹਦੀਆਂ ਅੰਨ੍ਹੀਆਂ ਅੱਖਾਂ ਵਿਚ ਉਹ ਦ੍ਰਿਸ਼ ਫ਼ਰੀਜ਼ ਹੋ ਕੇ ਰਹਿ ਗਿਆ ਸੀ। ਪੂਰਾ ਜੋਰ ਲਾ ਕੇ ਉਹ ਮੰਜੀ 'ਤੇ ਗੱਠੜੀ ਜਿਹੀ ਬਣ ਗਈ। ਅੱਜ ਕੱਲ੍ਹ ਜੋ ਕੁਝ ਹੋ ਰਿਹਾ ਸੀ ਉਹਨੂੰ ਕੁਝ ਵੀ ਸਮਝ ਨਹੀਂ ਸੀ ਆ ਰਿਹਾ, ਪਰ ਆਤੰਕ ਦੀ ਬੋ ਤਾਂ ਜਾਨਵਰ ਤੱਕ ਸੁੰਘ ਲੈਂਦੇ ਨੇ। ਨਾਨੀ ਨੂੰ ਬਹੁਤ ਸਾਰੀਆਂ ਗੱਲਾਂ ਸੁਣਦੀਆਂ ਤਾਂ ਸਨ, ਪਰ ਉਨ੍ਹਾਂ ਦੇ ਕਾਰਨ ਸਮਝ ਨਹੀਂ ਸਨ ਆਉਂਦੇ। ਉਹਨੇ ਬੜੀ ਆਜਜ਼ੀ ਨਾਲ ਉਨ੍ਹਾਂ ਨੂੰ ਇਕ ਸਲਾਹ ਦਿੱਤੀ-

"ਮਲਕੀਤੇ ਤੂੰ ਹੀ ਸਮਝਾ ਮਾਸਟਰ ਨੂੰ। ਤੇਰੇ ਕੋਲੋਂ ਤਾਂ ਝਕਦੈ। ਮੈਂ ਕੁਝ ਕਹਾਂ ਤਾਂ ਜੁਆਬ ਤੱਕ ਨਹੀਂ ਦੇਂਦਾ। ਉਹਦੀ ਘਰਵਾਲੀ ਵੀ ਕੋਸ਼ਿਸ਼ ਕਰਦੀ ਐ, ਪਰ ਪਤਾ ਨਹੀਂ ਉਹਨੂੰ ਅੰਗਰੇਜ਼ੀ ਵਿਚ ਕੀ ਕਹਿੰਦੈ ਕਿ ਉਹ ਚੁੱਪ ਕਰ ਜਾਂਦੀ ਐ। ਮੇਰੀ ਤਾਂ ਆਖਰੀ ਨਿਸ਼ਾਨੀ ਐ ਇੰਦਰ। ਉਹਨੂੰ ਕੁਝ ਹੋ ਗਿਆ ਤਾਂ ਕੁਲ ਦਾ ਬੀ ਨਾਸ ਹੋਜੇਗਾ।" ਹੁਣ ਨਾਨੀ ਬੇ-ਅਵਾਜ਼ ਰੋ ਰਹੀ ਸੀ। ਅੱਥਰੂ ਡਿੱਗ ਕੇ ਚੇਹਰੇ ਦੀਆਂ ਡੂੰਘੀਆਂ ਝੁਰੜੀਆਂ ਵਿਚ ਅਟਕ ਗਏ ਸਨ।

"ਨਾਨੀ, ਫਿਕਰ ਨਾ ਕਰ ਕੁਝ ਨਹੀਂ ਹੁੰਦਾ ਉਹਨੂੰ। ਆਪਣੇ ਪਿੰਡ ਵਿਚ ਅੱਜ ਤੱਕ ਕਿਸੇ ਹਿੰਦੂ ਨੂੰ ਕੁਝ ਕਿਹਾ ਕਿਸੇ ਨੇ। ਮਲਕੀਤੇ ਦੀ ਦੁਨਾਲੀ ਨੂੰ ਸਾਰਾ ਦੁਆਬਾ ਜਾਣਦੈ,

ਸਮਝੀ। ਦੋ ਕਤਲ ਕਰ ਚੁੱਕੀ ਐ ਦੋ।" ਉਹਨੇ ਏਨੀ ਉੱਚੀ ਕਿਹਾ ਕਿ ਛੱਤ ਦੇ ਬੰਨ੍ਹੇ 'ਤੇ ਬੈਠੇ ਕਾਵਾਂ ਨੇ ਇਸ ਵਾਰ ਲੰਮੀ ਉਡਾਰੀ ਭਰੀ ਤੇ ਘਰ ਤੋਂ ਦੂਰ ਉੱਡ ਗਏ।

"ਪਰ ਨਾਨੀ, ਉਂਜ ਸਮਾਂ ਬੜਾ ਖਰਾਬ ਚਲ ਰਿਹੈ ਅੱਜ ਕੱਲ੍ਹ। ਕਿਸੇ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਭਰਾ ਭਰਾ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਣ ਲੱਗ ਪਿਐ। ਇੰਦਰ ਨੂੰ ਅਸੀਂ ਵੀ ਸਮਝਾਵਾਂਗੇ, ਪਰ ਤੂੰ ਵੀ ਜ਼ਰੂਰ ਗੱਲ ਕਰੀਂ। ਚੌਰਾਸੀ ਵਿਚ ਜਦੋਂ ਦਿੱਲੀ ਦੰਗੇ ਹੋਏ ਸਨ, ਤਾਂ ਇੰਦਰ ਹਿੰਦੂਆਂ ਦੇ ਖਿਲਾਫ਼ ਸ਼ਰੇਆਮ ਬੋਲਦਾ ਸੀ। ਤਦੋਂ ਵੀ ਅਸਾਂ ਉਹਨੂੰ ਸਮਝਾਇਆ ਸੀ, ਪਰ ਨਹੀਂ ਸੀ ਮੰਨਿਆ। ਹਿੰਦੂਆਂ ਨੇ ਹੀ ਇੱਟ ਮਾਰ ਕੇ ਉਹਦਾ ਸਿਰ ਪਾੜ ਦਿੱਤਾ ਸੀ। ਕਿੰਨਾ ਖ਼ੂਨ ਚੜ੍ਹ ਆ ਸੀ ਤਾਂ ਜਾ ਕੇ ਮਸਾਂ ਬਚਿਆ ਸੀ। ਉਹਨੂੰ ਸਮਝਾਈਂ ਕਿ ਅੱਜ ਕੱਲ੍ਹ ਝੂਠ ਦਾ ਬੋਲਬਾਲਾ ਹੈ ਤੇ ਸੱਚ ਦਾ ਮੂੰਹ ਕਾਲਾ।" ਸੁਰਜੀਤ ਮੰਜੀ ਤੋਂ ਉਠਿਆ, ਚਾਦਰਾ ਹੇਠਾਂ ਕੀਤਾ। ਮਲਕੀਤ ਨੂੰ ਨਾਨੀ ਦੇ ਚੇਹਰੇ 'ਤੇ ਦਹਿਸ਼ਤ ਸਾਫ ਨਜ਼ਰ ਆ ਰਹੀ ਸੀ।

"ਨਾਨੀ, ਤੂੰ ਹੌਸਲਾ ਰੱਖ, ਸਾਡੇ ਹੁੰਦਿਆਂ ਪਿੰਡ ਵਿਚ ਚਿੜੀ ਨਹੀਂ ਫੜਕ ਸਕਦੀ। ਅਜਿਹਾ ਸੂਰਮਾ ਅਜੇ ਕਿਸੇ ਮਾਂ ਨੇ ਨਹੀਂ ਜੰਮਿਆ ਜੋ ਸਾਡੇ ਪਿੰਡ ਆ ਕੇ ਉਹਦੇ 'ਤੇ ਹਮਲਾ ਕਰੇ। ਪਰ ਸ਼ਹਿਰ ਤਾਂ ਸਕੂਟਰ 'ਤੇ 'ਕੱਲਾ ਜਾਂਦਾ, ਜੇ ਰਾਹ ਵਿਚ..." ਮਲਕੀਅਤ ਨੇ ਆਪਣੀ ਗੱਲ ਪੂਰੀ ਕਰਨ ਦੀ ਲੋੜ ਨਹੀਂ ਸਮਝੀ।

"ਚੰਗਾ ਪੁਤਰੋ, ਤੁਸੀਂ ਚਲੋ, ਸਾਈਂ ਦੀਆਂ ਰੱਖਾਂ।"

ਦੋਹਾਂ ਨੇ ਅੱਜ ਜਾਣ ਤੋਂ ਪਹਿਲਾਂ ਨਾਨੀ ਨੂੰ ਛੇੜਿਆ ਨਹੀਂ।

ਕਾਂ ਫਿਰ ਨਿੰਮ 'ਤੇ ਆ ਗਏ ਸਨ। ਕਾਂ ਕਾਂ, ਰੋਟੀ ਦੇ, ਰੋਟੀ ਦੇ ਦੀ ਉਨ੍ਹਾਂ ਨੇ ਰੱਟ ਲਾਈ ਹੋਈ ਸੀ। ਨਾਨੀ ਉਨ੍ਹਾਂ ਨੂੰ ਗਾਲ੍ਹ ਕੱਢਦੀ ਬੋਲੀ–

"ਮੋਏ, ਮਰੀ ਜਾਂਦੇ ਨੇ ਥੋੜ੍ਹਾ ਸਬਰ ਨਹੀਂ ਹੁੰਦਾ।" ਉਹ ਮੰਜੀ ਤੋਂ ਉਤਰੀ, ਕਮਰ 'ਤੇ ਹੱਥ ਰਖੇ, ਲਚਕੀਲੇ ਬਾਂਸ ਵਰਗਾ ਦੋਹਰਾ ਹੋ ਕੇ ਮੁੜਿਆ ਜਿਸਮ ਅੰਦਰ ਵੱਲ ਘਸੀਟਣ ਲੱਗੀ। ਨਾਲ ਨਾਲ ਯਾਦਾਂ ਵੀ।

ਹਾਂ, ਦਿੱਲੀ ਦੰਗਿਆਂ ਤੋਂ ਬਾਅਦ ਹਿੰਦੂਆਂ ਨੇ ਉਹਦਾ ਸਿਰ ਪਾੜ ਦਿੱਤਾ ਸੀ। ਉਹ ਸ਼ਰੇਆਮ ਉਨ੍ਹਾਂ ਨੂੰ ਗਾਲ੍ਹਾਂ ਕੱਢਦਾ ਸੀ। ਇਹ ਗੱਲ ਤਾਂ ਨਾਨੀ ਨੂੰ ਕੱਲ੍ਹ ਵਾਂਗ ਯਾਦ ਹੈ। ਇਨ੍ਹਾਂ ਯਾਦਾਂ 'ਤੇ ਸਮੇਂ ਦੀ ਧੂੜ ਅਜੇ ਜੰਮੀ ਜੋ ਨਹੀਂ।

ਦਿਲੀਓਂ ਸਿੱਖਾਂ ਦੇ ਕੁਝ ਪਰਿਵਾਰ ਏਥੇ ਗੁਰਦੁਆਰੇ ਵਿਚ ਰਫੂਜੀ ਬਣ ਕੇ ਆਏ ਸਨ। ਨਾਨੀ ਵੀ ਪਿੰਡ ਦੀਆਂ ਔਰਤਾਂ ਨਾਲ ਰੋਟੀਆਂ ਦਾ ਥੱਬਾ ਲੈ ਕੇ ਓਥੇ ਗਈ ਸੀ, ਉਨ੍ਹਾਂ ਨੂੰ ਮਿਲਣ।ਉਹ ਤਾਂ ਕਿਤੇ ਅਤੀਤ ਤੇ ਵਰਤਮਾਨ ਵਿਚ ਜਿੰਦਾ ਸੀ। ਸਹਿਮੀਆਂ ਬੈਠੀਆਂ ਔਰਤਾਂ ਨੂੰ ਉਹਨੇ ਪੁਛਿਆ ਸੀ–

"ਪਾਕਿਸਤਾਨੋਂ ਆਏ ਓ ਜੀ?"

ਲੁੱਟ–ਪੁੱਟ ਕੇ ਆਈ ਇਕ ਬੁੱਢੀ ਔਰਤ ਦਾ ਚੇਹਰਾ ਗੁੱਸੇ ਵਿਚ ਲਾਲ ਹੋ ਗਿਆ, ਸ਼ਾਇਦ ਉਹ ਕੋਈ ਪੁੱਠਾ ਜੁਆਬ ਦੇਂਦੀ। ਪਿੰਡ ਦੀਆਂ ਔਰਤਾਂ ਨੇ ਉਹਨੂੰ ਇਸ਼ਾਰੇ ਨਾਲ ਸਮਝਾਇਆ ਕਿ ਕਿ ਨਾਨੀ ਦੇ ਦਿਮਾਗ਼ ਦੇ ਪੁਰਜੇ ਢਿਲੇ ਨੇ। ਇਕ ਨੇ ਸਮਝਾਇਆ, "ਨਾਨੀ, ਇਹ ਦਿੱਲੀਓਂ ਆਏ ਨੇ।"

ਨਾਨੀ ਨੇ ਅੱਧ-ਅੰਨ੍ਹੀਆਂ ਅੱਖਾਂ ਫਾੜ ਫਾੜ ਕੇ ਸਾਰਿਆਂ ਵੱਲ ਦੇਖਿਆ, ਹੱਥ ਦੀ ਤਲੀ ਨਾਲ ਅੱਖਾਂ ਅੱਗੇ ਛੱਤਰੀ ਬਣਾਈ। ਕੁਝ ਬੱਚਿਆਂ ਦੇ ਸਹਿਮੇ ਹੋਏ ਚੇਹਰੇ ਉਹਨੂੰ ਨਜ਼ਰ ਆਏ। ਉਹਨੇ ਪਾਟੇ ਢੋਲ ਵਰਗੀ ਅਵਾਜ਼ ਵਿਚ ਪਿੰਡ ਦੀ ਔਰਤ ਨੂੰ ਝਿੜਕਿਆ, "ਦਿੱਲੀਓਂ ਆਏ ਨੇ? ਹਾਏ ਓਏ ਰੱਬਾ, ਇਹ ਦਿੱਲੀ ਵਿਚ ਪਾਕਿਸਤਾਨ ਕਿਵੇਂ ਬਣ ਗਿਆ। ਮੁਸਲਮਾਨਾਂ ਨੇ ਮਾਰਿਐ?"

"ਨਹੀਂ, ਨਾਨੀ, ਹਿੰਦੂਆਂ ਨੇ ਘਰ ਫੂਕ ਦਿਤੇ, ਬੰਦਿਆਂ ਨੂੰ ਜਿਊਂਦੇ ਸਾੜ ਦਿੱਤਾ।"

ਨਾਨੀ ਨੇ ਇਕ ਬੱਚੀ ਦੇ ਸਿਰ 'ਤੇ ਹੱਥ ਫੇਰਿਆ। ਬੱਚੀ ਨੇ ਸੁਬਕਣਾ ਸ਼ੁਰੂ ਕਰ ਦਿੱਤਾ।

"ਨਾ ਪੁੱਤਰ, ਰੋਈ ਦਾ ਨਹੀਂ। ਦੇਖੀਂ, ਕੱਲ੍ਹ ਜਵਾਹਰ ਲਾਲ ਆਏਗਾ। ਤੁਹਾਨੂੰ ਸਾਰਿਆਂ ਨੂੰ ਮਕਾਨ ਦਏਗਾ, ਰਾਸ਼ਨ ਵੀ ਦਏਗਾ। ਪਾਕਿਸਤਾਨ ਬਣਨ 'ਤੇ ਅਸੀਂ ਕੁਲਛੇਤਰ ਆਏ ਸਾਂ, ਹਾਂ। ਹਰ ਮਹੀਨੇ ਜਵਾਹਰ ਲਾਲ ਕੰਪ ਵਿਚ ਔਂਦਾ ਸੀ। ਇਕ ਸਾਲ ਵਿਚ ਫਿਰ ਸਾਰਿਆਂ ਨੂੰ ਵਸਾ ਦਿੱਤਾ। ਮੇਰੀ ਗੱਲ ਪੱਲੇ ਬੰਨ੍ਹ ਲੈ। ਉਹਨੂੰ ਪਤਾ ਲੱਗ ਗਿਆ ਹੋਵੇਗਾ, ਕੱਲ੍ਹ ਜਰੂਰ ਆਏਗਾ।"

ਕੁਝ ਬੱਚੇ ਹੱਸ ਪਏ। ਇਕ ਨੇ ਦੂਸਰੇ ਨੂੰ ਇਸ਼ਾਰੇ ਨਾਲ ਸਮਝਾਇਆ ਕਿ ਬੁੱਢੀ ਨਿਰੀ ਪਾਗਲ ਐ। ਉਸ ਅਧਖੜ ਜਨਾਨੀ ਨੇ ਨਾਨੀ ਨੂੰ ਦਸਿਆ, "ਨਾਨੀ, ਜਵਾਹਰ ਲਾਲ ਤਾਂ ਕਦੋਂ ਦਾ ਮਰ ਗਿਆ ਹੋਇਐ, ਹੁਣ ਕਿਥੋਂ ਆ ਜਾਏਗਾ?"

"ਚੁੱਪ ਰਹਿ ਨੀ, ਜਵਾਹਰ ਜਰੂਰ ਆਏਗਾ। ਵੱਡੀ ਆਈ ਨਾਨੀ ਨੂੰ ਚਾਰਨ ਵਾਲੀ, ਮੈਨੂੰ ਬੇਵਕੂਫ ਸਮਝਿਐ।"

ਪਿੰਡ ਦੀ ਇਕ ਔਰਤ ਨੇ ਯਾਦ ਕਰਾਇਆ ਕਿ, "ਨਾਨੀ, ਤੇਰੇ ਦਿਨ ਪੂਰੇ ਹੋ ਗਏ ਲਗਦੇ ਨੇ। ਤੈਨੂੰ ਤਾਂ ਕੁਝ ਵੀ ਯਾਦ ਨਹੀਂ ਰਹਿੰਦਾ। ਤੂੰ ਟਰੱਕ ਵਿਚ ਚੜ੍ਹ ਕੇ ਦਿੱਲੀ ਗਈ ਸੀ ਕਿ ਨਹੀਂ, ਜਵਾਹਰ ਲਾਲ ਦੇ ਅੰਤਿਮ ਦਰਸ਼ਨ ਕਰਨ।"

ਇਹ ਸੁਣ ਕੇ ਨਾਨੀ ਹੱਕੀ ਬੱਕੀ ਰਹਿ ਗਈ। ਯਾਦਾਸ਼ਤ ਨੇ ਛੋਟੀਆਂ ਛੋਟੀਆਂ ਛਾਲਾਂ ਮਾਰੀਆਂ- ਹਾਂ, ਦਿੱਲੀ ਤਾਂ ਗਈ ਸਾਂ, ਕੀਹਦੇ ਮਰਨੇ 'ਤੇ? ਮਹਾਤਮਾ ਗਾਂਧੀ ਮਰੇ ਸਨ, ਸ਼ਾਇਦ ਓਦੋਂ। ਕੁੜੀ ਠੀਕ ਕਹਿੰਦੀ ਏ, ਜਵਾਹਰ ਵੀ ਮਰ ਗਿਆ ਹੋਏਗਾ।

ਨਾਨੀ ਨੇ ਆਪਣੇ ਹੱਥੀਂ ਪਤੀਲੇ ਵਿਚੋਂ ਸਾਰਿਆਂ ਨੂੰ ਦਾਲ ਪਾਈ। ਚੁੰਨੀ ਨਾਲ ਬੰਨ੍ਹੀ ਗੰਢ ਖੋਲ੍ਹੀ, ਆਪਣੇ ਹੱਥੀਂ ਪੈਸੇ ਵੰਡੇ- "ਜਾਓ ਪੁੱਤਰੋ, ਲਾਲੇ ਦੀ ਹੱਟੀ ਤੋਂ ਚੀਜੀ ਖਾ ਲੌ। ਨਾਨੀ ਰੋਜ ਆਏਗੀ। ਆਪਣੇ ਛੋਣੇ ਮੋਨਿਆਂ ਨੂੰ ਚੀਜੀ ਲਈ ਪੈਸੇ ਦਏਗੀ। ਖਬਰਦਾਰ ਜੇ ਕੋਈ ਰੋਇਆ ਤਾਂ ਕੱਲ੍ਹ ਜਵਾਹਰ ਆਏਗਾ। ਹਾਂ, ਕੁਲਛੇਤਰ ਆਂਦਾ ਸੀ ਤਾਂ ਮੁੱਠੀਆਂ ਭਰ ਭਰ ਬੱਚਿਆਂ ਨੂੰ ਪੈਸੇ ਦੇਂਦਾ ਸੀ। ਤੁਹਾਨੂੰ ਵੀ ਦਏਗਾ।"

"ਚਲ ਨਾਨੀ, ਬਹੁਤ ਗੱਲਾਂ ਹੋ ਗਈਆਂ। ਇਨ੍ਹਾਂ ਲਈ ਰਾਤ ਦਾ ਰੋਟੀ-ਟੁੱਕ ਵੀ ਕਰਨੈ।"

"ਨਾ ਨੀ ਭੈਣੋਂ, ਰਹਿਣ ਦਿਓ। ਏਥੇ ਦੋ ਇੱਟਾਂ ਦਾ ਚੁਲ੍ਹਾ ਬਣਾ ਕੇ ਕੰਮ ਸਾਰ ਲਵਾਂਗੇ।" ਅੱਧਖੜ ਉਮਰ ਦੀ ਔਰਤ ਨੇ ਸਾਰਿਆਂ ਵਲੋਂ ਹੱਥ ਜੋੜਦੇ ਕਿਹਾ।

ਨਾਨੀ ਨੂੰ ਗੁੱਸਾ ਚੜ੍ਹ ਗਿਆ, "ਚੁੱਪ ਕਰ ਨੀ,ਵੱਡੀ ਆਈ ਚੁਲ੍ਹਾ ਬਣਾਉਣ ਵਾਲੀ।

ਰਫੂਜੀ ਓ, ਪਾਕਿਸਤਾਨੋਂ ਆਏ ਓ। ਰੋਟੀਆਂ ਥਪੋਗੇ, ਬਿਲਕੁਲ ਨਹੀਂ। ਸਾਡੀ ਗੱਡੀ ਅੰਬਰਸਰ ਰੁਕੀ ਸੀ ਪੰਦਰਾਂ ਦਿਨ ਓਥੇ ਰਹੇ। ਸਰਦਾਰ ਭਰਾਵਾਂ ਨੇ ਇਕ ਦਿਨ ਵੀ ਚੁਲ੍ਹਾ ਨਹੀਂ ਬਾਲਣ ਦਿਤਾ। ਅਸੀਂ ਰੋਟੀ ਪੁਚਾਵਾਂਗੇ। ਦੇਖ ਲੈਣਾ ਕੱਲ੍ਹ ਜਵਾਹਰ ਜਰੂਰ-ਬਰ-ਜਰੂਰ ਆਏਗਾ। ਸਭ ਠੀਕ ਕਰ ਦਏਗਾ...।" ਕਾਂ ਕਾਂ, ਰੋਟੀ ਦੇ, ਰੋਟੀ ਦੇ। ਅਤੀਤ ਦਾ ਦ੍ਰਿਸ਼ ਅਲੋਪ ਹੋ ਗਿਆ। ਮੋਏ ਭੁੱਖੇ ਜਰਾ ਵੀ ਸਬਰ ਨਹੀਂ। ਨਾਨੀ ਪੈਰ ਘਸੀਟਦੀ ਬਾਹਰ ਆਈ। ਕਾਂ ਫੁਦਕ ਕੇ ਨਿੰਮ ਤੋਂ ਹੇਠਾਂ ਆ ਗਏ। ਨਾਨੀ ਉਨ੍ਹਾਂ ਨੂੰ ਰੋਟੀ ਦੇ ਟੁਕੜੇ ਪਾਉਣ ਲੱਗੀ।

ਬਾਹਰਲੇ ਬੂਹੇ ਕੋਲ ਫੌਜੀ ਬੂਟਾਂ ਦੀ ਠੱਕ ਠੱਕ ਹੋਈ। ਸੀ.ਪੀ.ਐਫ. ਵਾਲੇ ਆ ਗਏ। ਨਾਨੀ ਨੇ ਇਨ੍ਹਾਂ ਦਿਨਾਂ ਵਿਚ ਅੰਗਰੇਜ਼ੀ ਦਾ ਇਕ ਹੋਰ ਸ਼ਬਦ ਸਿਖ ਲਿਆ- ਸੀ.ਪੀ.ਆਰ ਐਫ ਦੇ ਫੌਜੀ।

ਨਾਇਕ ਨੇ ਪੈਰ ਠੋਕ ਕੇ ਨਾਨੀ ਨੂੰ ਸਲੂਟ ਮਾਰਿਆ। ਉਹਦੇ ਨਾਲ ਦੇ ਜਵਾਨ ਹੱਸ ਪਏ।

"ਨਾਨੀ, ਤੁਮ ਇਧਰ ਸੇ ਜਾਨੇ ਕਾ ਨਹੀਂ," ਨਾਇਕ ਦੱਖਣੀ ਭਾਰਤ ਦਾ ਸੀ। ਨਾਨੀ ਨਾਲ ਪੁੱਠੀ-ਸਿੱਧੀ ਹਿੰਦੀ ਬੋਲ ਕੇ ਉਹਨੂੰ ਮਜਾ ਆਉਂਦਾ ਸੀ।

"ਨਾ ਪੁੱਤਰ, ਜਾਣਾ ਕਿਥੇ ਐ।"

"ਬਿਲਕੁਲ ਠੀਕ। ਇਸ ਗਾਂਵ ਕੇ ਹਿੰਦੂ-ਸਿੱਖ ਮੇਂ ਬਹੋਤ ਪਿਆਰ ਹੈ, ਫਿਰ ਡਰਨੇ ਕਾ ਕਿਉਂ? ਤੁਮ ਜਾਏਗਾ ਤੋ ਹਮਾਰੀ ਬੋਤ ਇਜਤ ਖਰਾਬ ਹੋਗਾ।"

"ਨਾ ਪੁੱਤਰ, ਪਰ ਜੀਤਾ ਤੇ ਮਲਕੀਅਤ ਸਵੇਰੇ ਆਏ ਸਨ। ਕਹਿ ਰਹੇ ਸਨ ਕਿ ਇੰਦਰ ਬੜੀ ਬੱਕ ਬੱਕ ਕਰਦੈ। ਖਤਰਾ ਐ।"

"ਹਾਂ ਨਾਨੀ, ਤੁਮ ਉਸਕੋ ਥੋੜਾ ਸਮਝਾਕਰ ਰਖੋ। ਬੋਤ ਬਾਤ ਕਰਨਾ ਅੱਛਾ ਨਹੀਂ। ਅਭੀ ਬੁਰੇ ਦਿਨ ਖਤਮ ਨਹੀਂ ਹੂਆ। ਅੱਚਾ, ਹਮ ਜਾਤੇ।"

"ਚੁੱਪ ਕਰ ਓਏ ਹਮ ਜਾਤੇ ਕੇ ਪੁੱਤਰ, ਉਹ ਲੱਸੀ ਦਾ ਭਰਿਆ ਘੜਾ ਪਿਐ, ਤੇਰਾ ਬਾਪ ਆ ਕੇ ਪੀਏਗਾ। ਹਮ ਜਾਤੇ। ਬੜੀ ਅੰਗਰੇਜ਼ੀ ਮਾਰ ਰਿਹਾਂ। ਜਾ, ਅੰਦਰੋਂ ਚੁੱਕ ਲਿਆ। ਸਾਰਿਆਂ ਨੂੰ ਪਿਆ। ਹਾਏ, ਏਨੀ ਗਰਮੀ ਵਿਚ ਵੀ ਵਿਚਾਰੇ ਸਾਰਾ ਸਾਰਾ ਦਿਨ ਮਾਰੇ ਮਾਰੇ ਫਿਰਦੇ ਨੇ। ਲੱਸੀ ਪੀ ਕੇ ਜਾਣਾ ਸਾਰੇ।"

"ਨਾਨੀ, ਤੁਮ ਤੋ ਹਮਾਰੇ ਸੀ.ਓ. ਸਾਬ ਸੇ ਜਾਦਾ ਗੁੱਸਾ ਕਰਤਾ। ਬਹੁਤ ਹੁਕਮ ਮਾਰਤਾ ਹੈ," ਨਾਇਕ ਨੇ ਛੇੜਿਆ।

"ਵੱਡਾ ਦੇਖਿਐ ਤੇਰਾ ਸੀਓ-ਸੂਓ। ਮੇਰੇ ਸਾਹਮਣੇ ਲੈ ਕੇ ਆ ਕਿਸੇ ਦਿਨ। ਅਜਿਹੀ ਕਲਾਸ ਲਾਵਾਂਗੀ ਕਿ ਮੁੜ ਤੁਹਾਡੇ 'ਤੇ ਗੁੱਸਾ ਨਹੀਂ ਝਾੜੇਗਾ। ਹਾਂ, ਵੱਡਾ ਸੀਓ-ਸੂਓ। ਬੱਚਿਆਂ ਨੂੰ ਝਿੜਕਦੈ, ਹਾਂ..."

ਜਵਾਨਾਂ ਨੇ ਲੱਸੀ ਪੀਤੀ, ਸਾਰਿਆਂ ਨੇ ਪੈਰ ਠੋਕ ਕੇ ਨਾਨੀ ਨੂੰ ਸਲੂਟ ਮਾਰਿਆ ਤੇ ਹੱਸਦੇ ਹੱਸਦੇ ਘਰੋਂ ਬਾਹਰ ਨਿਕਲ ਗਏ।

ਨਾਨੀ ਨੇ ਸਿਰ ਉਪਰ ਚੁੱਕ ਕੇ ਵੇਖਿਆ। ਕਾਂ ਗਰਦਨਾਂ ਪੇਟ ਨਾਲ ਲਾਈ ਊਂਘ ਰਹੇ ਸਨ। ਭਰ ਗਿਐ ਢਿੱਡ। ਮੰਜੀ ਨੂੰ ਉਹਨੇ ਥੋੜ੍ਹਾ ਪਰ੍ਹੇ ਕੀਤਾ, ਧੁੱਪ ਨੂੰ ਬੁਰਾ ਭਲਾ ਕਿਹਾ-

"ਮੋਈ, ਹੱਥ ਧੋ ਕੇ ਪਿਛੇ ਪਈ ਰਹਿੰਦੀ ਏ।" ਉਹਨੇ ਚੁੰਨੀ ਗੋਲ ਕਰਕੇ ਗੱਠ ਜਿਹੀ ਬਣਾਈ, ਸਿਰ ਥੱਲੇ ਰੱਖ ਕੇ, ਅੱਖਾਂ ਬੰਦ ਕਰ ਲਈਆਂ।

**

ਅਸੀਂ ਭਾਵੇਂ ਸੌਂ ਜਾਈਏ, ਪਰ ਸਿਮਰਤੀਆਂ ਹਮੇਸ਼ਾਂ ਜਾਗਦੀਆਂ ਰਹਿੰਦੀਆਂ ਨੇ, ਇਨ੍ਹਾਂ ਨੂੰ ਕਦੇ ਨੀਂਦ ਨਹੀਂ ਆਉਂਦੀ। ਨਾਨੀ ਦੇ ਸੁੱਤੇ-ਮਨ ਮਸਤਕ ਵਿਚ ਉਹਦੇ ਤਿੰਨ ਜਵਾਨ ਜਹਾਨ ਮੁੰਡੇ ਉੱਗ ਆਏ। ਲਗਾਤਾਰ ਲੰਮੇ ਹੁੰਦੇ। ਬੁਰਛਿਆਂ ਵਰਗੇ ਜਵਾਨ। ਗੱਭਰੂ ਹੋਣ 'ਤੇ ਵੀ ਨਾਨੀ ਉਨ੍ਹਾਂ ਦੇ ਕੰਨਾਂ ਪਿਛੇ ਕਾਲਾ ਟਿੱਕਾ ਲਾਉਂਦੀ ਸੀ। ਵੱਡਾ ਬੜਾ ਗੁਸੈਲ ਸੀ। ਇਕ ਦਿਨ ਉਹਨੇ ਮਾਂ ਨੂੰ ਟੋਕਿਆ ਸੀ- "ਟਿੱਕਾ-ਟੁੱਕਾ ਨਾ ਲਾਇਆ ਕਰ, ਯਾਰ-ਬੇਲੀ ਮਖੌਲ ਉਡਾਂਦੇ ਨੇ।" ਨਾਨੀ ਨੇ ਗਾਲ੍ਹ ਕੱਢਦਿਆਂ ਕਿਹਾ ਸੀ, ਮਰਜਾਣਿਆ ਕਿਸੇ ਦੀ ਨਜਰ ਖਾ ਜਾਏਗੀ। ਵੱਡੇ ਨੇ ਮਾਂ ਨੂੰ ਘੂਰਿਆ ਤੇ ਸਖਤ ਅਵਾਜ਼ ਵਿਚ ਜੋ ਕਿਹਾ, ਉਹ ਵਾਕ ਹੁਣ ਵੀ ਨਾਨੀ ਦੇ ਦਿਲ-ਦਿਮਾਗ਼ 'ਤੇ ਖੁਣਿਆ ਹੋਇਐ -

"ਕੋਈ ਮਾਂ ਦਾ ਜਾਇਆ ਨਜਰ ਚੁੱਕ ਕੇ ਦੇਖੇ,ਤਾਂ ਹੀ ਨਜਰ ਲੱਗੇਗੀ। ਹੈ ਕੋਈ ਬੱਬਰ ਸ਼ੇਰ ਜੋ ਮੇਰੇ ਵੱਲ ਝਾਕਣ ਦਾ ਜੇਰਾ ਕਰੇ।" ਉਹਨੇ ਆਪਣੀ ਤਲੀ ਨਾਲ ਕੰਨ ਪਿਛੇ ਲੱਗਿਆ ਟਿੱਕਾ ਪੂੰਝ ਦਿਤਾ ਤੇ ਦਨਦਨਾਉਂਦਾ ਹੋਇਆ ਬਾਹਰ ਨਿਕਲ ਗਿਆ।

ਸਿਮਰਤੀ ਦੀ ਹਨੇਰੀ ਕੋਠੜੀ ਵਿਚੋਂ ਦੂਸਰਾ ਦ੍ਰਿਸ਼ ਨਿਕਲਿਆ। ਫਸਾਦੀਆਂ ਨੇ ਪਹਿਲਾਂ ਵੱਡੇ ਦੇ ਟੋਟੇ ਕੀਤੇ, ਫਿਰ ਦੋਵਾਂ ਛੋਟੇ ਭਰਾਵਾਂ ਦੇ। ਉਹਨੂੰ ਜਿਊਂਦਾ ਛੱਡ ਦਿੱਤਾ ਤਾਂ ਕਿ ਉਮਰ ਭਰ ਕਲੇਜਾ ਧੁਖਦਾ ਰਹੇ। ਪਰ ਵੱਡੇ ਦੀ ਸ਼ਕਲ ਕਿਉਂ ਬਦਲ ਰਹੀ ਐ। ਉਹਦੇ ਵੱਢੇ ਸਿਰ ਦੀ ਥਾਂ ਆਪਣੇ ਦੋਹਤੇ ਇੰਦਰ ਦਾ ਸਿਰ ਕਿਉਂ ਲੱਗ ਰਿਹੈ। ਇਕ ਝਟਕੇ ਨਾਲ ਨਾਨੀ ਦੀ ਨੀਂਦ ਉੱਖੜ ਗਈ, ਬਿਨਾ ਕਮਰ 'ਤੇ ਹੱਥ ਰੱਖਿਆਂ ਉਹ ਮੰਜੀ ਤੋਂ ਉੱਠੀ। ਤਲੀਆਂ ਮੂੰਹ 'ਤੇ ਫੇਰੀਆਂ। ਸਾਰੇ ਦ੍ਰਿਸ਼ ਹਨੇਰੀ ਗਾਰ ਵੱਲ ਭੱਜ ਗਏ। ਉਹਨੇ ਆਪਣੇ ਆਪ ਨੂੰ ਕਿਹਾ, "ਹੇ ਰੱਬਾ, ਖੈਰ ਰੱਖੀਂ। ਦਿਨੇ ਸੁਪਨੇ ਵਿਚ ਆਪਣੇ ਆਉਣੇ ਚੰਗੇ ਨਹੀਂ ਹੁੰਦੇ। ਮੇਰਾ ਇੰਦਰ ਕਿਉਂ ਸੁਪਨੇ ਵਿਚ ਆਇਆ। ਕਿਤੇ ਕੋਈ ਟੱਕਰ ਤਾਂ ਨਹੀਂ..."

ਸੂਰਜ ਸਿਰ 'ਤੇ ਆ ਗਿਆ ਸੀ। ਇੰਦਰ ਦੇ ਆਉਣ ਦਾ ਟਾਈਮ ਹੋ ਗਿਆ ਸੀ। ਅੱਜ ਤਾਂ ਉਹਦੀ ਘਰਵਾਲੀ ਵੀ ਜਲਦੀ ਆ ਜਾਏਗੀ। ਸ਼ਨੀਵਾਰ ਅੱਧੀ ਛੁੱਟੀ ਸਾਰੀ ਹੋ ਜਾਂਦੀ ਐ ਨਾ।

ਨਾਨੀ ਬਾਹਰ ਵਾਲੇ ਦਰਵਾਜੇ ਕੋਲ ਜਾ ਕੇ ਖਲੋ ਗਈ। ਕਿਸੇ ਆਉਂਦੇ-ਜਾਂਦੇ ਨੂੰ ਟਾਇਮ ਪੁਛੇਗੀ। ਸਾਰਿਆਂ ਲਈ ਗਰਮਾ-ਗਰਮ ਫੁਲਕੇ ਜੋ ਸੇਕਣੇ ਨੇ।

ਗਲੀ ਵੀਰਾਨ ਸੀ ਤੇ ਚਾਰੇ ਪਾਸੇ ਚੁੱਪ-ਚਾਂ ਪਸਰੀ ਹੋਈ ਸੀ। ਨਾਨੀ ਨੇ ਗਾਲ੍ਹ ਕੱਢੀ, "ਸਾਰੇ ਮਰ ਮੁੱਕ ਗਏ ਨੇ?"

ਬੈਲਾਂ ਦੇ ਗਲੇ ਦੀਆਂ ਘੰਟੀਆਂ ਦੀ ਅਵਾਜ਼।

"ਓਏ, ਕੌਣ ਐ?"

"ਨਾਨੀ, ਮੈਂ ਬਖਤਾਵਰ ਆਂ।ਜਾਹ ਅੰਦਰ ਜਾ ਕੇ ਬਹਿ। ਸਾਰਿਆਂ ਦੇ ਆਉਣ ਨੂੰ ਅਜੇ ਦੇਰ ਐ।"

“ਬਖਤੇ, ਵਕੀਲਾਂ ਵਾਂਗ ਬਹਿਸਿਆ ਨਾ ਕਰ। ਟੈਮ ਦਸ ਟੈਮ? ਫੁਲਕੇ ਲਾਹੁਣੇ ਨੇ।”

“ਓਏ, ਨਾਨੀ ਦੀ ਬੱਚੀ, ਸਕੂਲ ਦੋ ਵਜੇ ਬੰਦ ਹੁੰਦੈ। ਅਜੇ ਬੱਚਿਆਂ ਦੇ ਆਉਣ ਵਿਚ ਦੇਰ ਐ, ਅੰਦਰ ਜਾ ਕੇ ਬਹਿ ਜਾਹ। ਧੁੱਪ ਵਿਚ ਕਿਉਂ ਸੜ ਰਹੀ ਏਂ।”

“ਤੂੰ ਰਿਹਾ ਖੋਤੇ ਦਾ ਖੋਤਾ, ਅੱਜ ਸ਼ਨੀਵਾਰ ਐ। ਤੇਰੇ ਬਾਪ ਸਕੂਲ ਵਾਲੇ ਅੱਧੀ ਛੁੱਟੀ ਸਾਰੀ ਕਰਦੇ ਨੇ। ਕੀ ਟੈਮ ਹੋਇਐ?”

“ਓਏ ਨਾਨੀ, ਟੈਮ ਨਹੀਂ, ਟਾਈਮ ਹੁੰਦੈ।”

“ਚੰਗਾ ਚੰਗਾ ਅੰਗਰੇਜ਼ ਦੇ ਬੀ, ਟੈਮ ਦਸ।”

ਬਖਤਾਵਰ ਦਸਵੀਂ ਪਾਸ ਸੀ। ਉਹਨੇ ਜਾਂਦੇ ਜਾਂਦੇ ਨਾਨੀ ਨੂੰ ਛੇੜਿਆ, “ਅਲੈਵਨ ਫਾਰਟੀ ਹੋ ਗਏ, ਫੁਲਕੇ ਲਾਹੁਣੇ ਸ਼ੁਰੂ ਕਰ ਦੇ।”

“ਓਏ ਕੰਜਰਾ, ਠੀਕ ਠੀਕ ਟੈਮ ਬੋਲ। ਇਹ ਫਾਰਟੀ ਤੇਰੀ ਮਾਂ ਕੀ ਹੁੰਦੀ ਐ?”

ਬਖਤਾਵਰ ਹੱਸਿਆ। ‘ਗਿਆਰਾਂ ਚਾਲੀ’ ਕਹਿ ਕੇ ਚਲਾ ਗਿਆ।

ਨਾਨੀ ਪੈਰ ਘਸੀਟਦੀ ਰਸੋਈ ਵਿਚ ਆ ਗਈ। ਉਹਨੂੰ ਨਜਰ ਨਹੀਂ ਸੀ ਆਉਂਦਾ ਪਰ ਟੋਹ ਕੇ ਉਹ ਸਾਰੀਆਂ ਚੀਜ਼ਾਂ ਲੱਭ ਲੈਂਦੀ ਸੀ। ਸਰਕ ਸਰਕ ਕੇ ਸਟੋਵ ਦੇ ਕੋਲ ਆਟਾ, ਤਵਾ, ਚੱਕਲਾ ਸਭ ਇਕੱਠੇ ਕਰ ਲੈਂਦੀ। ਮਾਚਿਸ ਦੀ ਪਹਿਲੀ ਤੀਲੀ ਬੱਤੀਆਂ ਵਾਲੇ ਸਟੋਵ ਤੋਂ ਬਾਹਰ ਡਿੱਗ ਪਈ। ਉਹਨੂੰ ਪਤਾ ਨਹੀਂ ਚੱਲਿਆ। ਥੋੜ੍ਹੀ ਦੇਰ ਬਾਅਦ ਸਟੋਵ ਦੇ ਮੂੰਹ ਕੋਲ ਤਲੀ ਕੀਤੀ ਤਾਂ ਸੇਕ ਨਹੀਂ ਲੱਗਿਆ। ਦੂਜੀ ਤੀਲੀ ਬਾਲੀ, ਗਾਲ੍ਹ ਕੱਢੀ–ਮੋਇਆ, ਕਿੰਨੀਆਂ ਤੀਲੀਆਂ ਸਾੜਦੈ।

ਉਹ ਜਦੋਂ ਵੀ ਰਸੋਈ ਵਿਚ ਕੰਮ ਕਰਦੀ, ਨਾਲ ਨਾਲ ਆਰਤੀ ਸ਼ੁਰੂ ਕਰ ਲੈਂਦੀ–ਓਮ ਜੈ ਜਗਦੀਸ਼...

ਵਿਹੜੇ ਵਿਚ ਸਕੂਟਰ ਰੁਕਿਆ। ਇੰਦਰ ਦੋਵਾਂ ਬੱਚਿਆਂ ਤੇ ਬੀਵੀ ਨੂੰ ਲੈ ਆਇਆ ਸੀ। ਦੋਵੇਂ ਬੱਚੇ ਦੌੜਦੇ ਹੋਏ ਅੰਦਰ ਚਲੇ ਗਏ। ਇਕ– ਸਾਹੇ ਬੋਲੇ, “ਨਾਨੀ, ਮੂੰਹ ਖੋਲ੍ਹ, ਟੌਫੀ ਖਾਹ।”

“ਫਿਰ ਆ ਗਏ ਬੂਟਾਂ ਸਮੇਤ ਚੌਂਕੇ ਵਿਚ। ਨਿਕਲੋ ਬਾਹਰ। ਮੈਂ ਨਹੀਂ ਖਾਣੀ ਟੌਫੀ–ਟੂਫੀ।”

ਬੱਚਿਆਂ ਨੇ ਇਕ ਦੂਜੇ ਵੱਲ ਦੇਖਿਆ, ਪਤੀ–ਪਤਨੀ ਨੇ ਇਕ ਦੂਜੇ ਵੱਲ ਦੇਖਿਆ। ਆਉਂਦਿਆਂ ਈ ਨਾਨੀ ਨੇ ਬੱਚਿਆਂ ਨੂੰ ਝਿੜਕ ਦਿਤਾ, ਜਰੂਰ ਕੋਈ ਗੱਲ ਹੋਵੇਗੀ।

“ਦੰਮੋ, ਚਟਾਈ ਏਥੇ ਰਸੋਈ ਵਿਚ ਹੀ ਵਿਛਾ ਦੇ। ਗਰਮ ਗਰਮ ਫੁਲਕੇ ਖਾ ਲੌਂ।”

ਨਾਨੀ ਅੱਜ ਤੱਕ ਸਹੀ ਨਾਂ ਦਮਿਅੰਤੀ ਨਹੀਂ ਬੋਲ ਸਕੀ। ਪਹਿਲੀ ਵਾਰ ਨਾਂ ਸੁਣਿਆ ਤਾਂ ਗਾਲ੍ਹ ਕੱਢ ਮਾਰੀ, “ਕਿੰਨਾ ਔਖਾ ਨਾਂ ਐ,ਮੈਂ ਤਾਂ ਦੰਮੋ ਹੀ ਬੁਲਾਵਾਂਗੀ।”

ਸਾਰਿਆਂ ਨੇ ਖਾਣਾ ਸ਼ੁਰੂ ਕਰ ਦਿੱਤਾ।

“ਨਾਨੀ ਕੀ ਗੱਲ, ਆਇਆ ਸੀ ਕੋਈ?”

“ਹਾਂ, ਜੀਤਾ ਤੇ ਮਲਕੀਅਤ ਆਏ ਸਨ, ਤੇਰੀ ਸ਼ਿਕਾਇਤ ਲੈ ਕੇ।”

“ਕੀ ਸ਼ਿਕਾਇਤ ਲਾਈ ਉਨ੍ਹਾਂ ਨੇ।” ਇੰਦਰ ਨੇ ਸਖਤ ਅਵਾਜ਼ ਵਿਚ ਪੁਛਿਆ।

“ਹੋਰ ਕਿਹੜੀ ਨਵੀਂ ਗੱਲ ਕਰਨਗੇ। ਕਹਿ ਰਹੇ ਸਨ ਕਿ ਤੂੰ ਅੱਤਵਾਦੀਆਂ ਖਿਲਾਫ਼ ਬੋਲਣੋਂ ਨਹੀਂ ਹਟਦਾ।”

“ਜਿਹੜੀ ਗੱਲ ਗਲਤ ਹੈ, ਉਹਦੇ ਖਿਲਾਫ਼ ਤਾਂ ਬੋਲਾਂਗਾ ਹੀ।”

“ਕਿਉਂ, ਇਕ ਵਾਰ ਸਿਰ ਪੜਵਾ ਕੇ ਅਕਲ ਨਹੀਂ ਆਈ? ਓਦੋਂ ਹਿੰਦੂਆਂ ਖਿਲਾਫ਼ ਬੋਲਦਾ ਸੈਂ। ਜਦੋਂ ਦਿੱਲੀ ਵਿਚ ਪਾਕਿਸਤਾਨ ਬਣਿਆ, ਪਾੜ ਦਿਤਾ ਨਾ ਅਗਲਿਆਂ ਸਿਰ?”

“ਸ਼ੀ’ਜ ਰਾਈਟ।” ਪਤਨੀ ਨੇ ਸਮਝਾਇਆ।

“ਦੰਮੋ, ਤੈਨੂੰ ਸੌ ਵਾਰ ਕਿਹੈ ਮੇਰੇ ਸਾਹਮਣੇ ਗਿੱਟ-ਮਿੱਟ ਨਾ ਕਰਿਆ ਕਰ। ਆਪਣੀ ਬੋਲੀ ਵਿਚ ਕਹਿ ਜੋ ਕਹਿਣੈ।”

ਇੰਦਰ ਨੇ ਪਤਨੀ ਨੂੰ ਝਿੜਕਿਆ, “ਤੂੰ ਵਿਚ ਨਾ ਬੋਲਿਆ ਕਰ। ਪੜ੍ਹੀ ਲਿਖੀਂ ਐਂ ਫਿਰ ਵੀ ਸਮਝ ਨਹੀਂ ਕਿ ਸਾਡੇ ਚੁੱਪ ਰਹਿਣ ਨਾਲ ਜੋ ਗਲਤ ਐ ਠੀਕ ਨਹੀਂ ਹੋ ਜਏਗਾ।”

“ਇੰਦਰ ਪੁੱਤਰ, ਪੜ੍ਹ ਲਿਖ ਕੇ ਕੀ ਤੇਰੀ ਮੱਤ ਮਾਰੀ ਗਈ ਏ। ਤੂੰ ਸੱਚ ਦਾ ਨੰਬਰਦਾਰ ਏਂ। ਪਹਿਲਾਂ ਤਾਂ ਸਿਰ ਪਾਟਿਆ ਸੀ, ਹੁਣ ਮਾਰਿਆ ਜਾਏਂਗਾ। ਸੱਚੇ ਹੋਣ ਨਾਲੋਂ ਅਕਲਮੰਦ ਹੋਣਾ ਚੰਗੈ। ਇਕ ਚੁੱਪ ਸੌ ਸੁੱਖ।”

ਉਹ ਚੁੱਪ ਕਰ ਗਿਆ। ਦੋਵਾਂ ਬੱਚਿਆਂ ਨੇ ਤਾੜੀ ਵਜਾਈ, “ਪਾਪਾ ਨੂੰ ਪਨਿਸ਼ਮੈਂਟ, ਪਾਪਾ ਨੂੰ ਪਨਿਸ਼ਮੈਂਟ।” ਨਾਨੀ ਦਾ ਮੂੰਹ ਉਂਗਲਾਂ ਨਾਲ ਖੋਲ੍ਹਿਆ, ਇਕ ਇਕ ਟੌਫੀ ਮੂੰਹ ਵਿਚ ਪਾ ਦਿਤੀ। ਨਾਨੀ ਨੇ ਲੰਮਾ ਸਾਹ ਖਿਚਿਆ। ਟੌਫੀ ਦਾ ਰਸ ਜੀਭ ’ਤੇ ਫੈਲ ਗਿਆ ਤੇ ਉਹ ਹੱਸਣ ਲੱਗੀ।

“ਇੰਦਰ, ਰੇਡੀਓ ਸੁਣ। ਅੱਜ ਤਾਂ ਨਹੀਂ ਕੋਈ ਮਾਰਿਆ ਗਿਆ?”

“ਨਾਨੀ, ਪੰਜ ਮਰੇ ਨੇ।” ਤੇ ਉਹ ਖਾਣਾ ਵਿਚੇ ਛੱਡ ਕੇ ਚਲਾ ਗਿਆ।

ਨਾ ਹਾਲਾਤ ਬਦਲੇ, ਨਾ ਇੰਦਰ। ਆਦਮੀ ਤਾਂ ਆਦਮੀ ਹੈ, ਹੁਣ ਤਾਂ ਜਾਨਵਰ ਵੀ ਸ਼ਾਮ ਢਲਣ ਤੋਂ ਪਹਿਲਾਂ ਘਰ ਪਰਤ ਆਉਂਦੇ ਨੇ। ਅਵਾਰਾ ਗਾਵਾਂ ਤੇ ਕੁੱਤੇ ਦੁਕਾਨਾਂ ਕੋਲ ਦੁਬਕੇ ਰਹਿੰਦੇ ਨੇ। ਇਨ੍ਹਾਂ ਨੇ ਵੀ ਚਾਰੇ ਪਾਸੇ ਫੈਲੇ ਖਤਰੇ ਨੂੰ ਸੁੰਘ ਲਿਐ, ਪਛਾਣ ਲਿਐ।

ਪਹਿਲੇ ਨਾਨੀ ਦੇ ਨਾਂ ਇਕ ਪੋਸਟਕਾਰਡ ਆਇਆ। ਚੇਤਾਵਨੀ ਦਿੱਤੀ ਗਈ ਕਿ ਆਪਣੇ ਇੰਦਰ ਸ਼ਰਮਾ ਨੂੰ ਸਮਝਾ ਲਵੋ, ਨਹੀਂ ਤਾਂ...। ਪਿੰਡ ਵਾਲਿਆਂ ਨੇ ਨਾਨੀ ਨੂੰ ਸਮਝਾਇਆ ਕਿ ਕਿਸੇ ਸ਼ਰਾਰਤੀ ਮੁੰਡੇ ਨੇ ਲਿਖਿਆ ਲਗਦੈ। ਪਰ ਹਮੇਸ਼ਾਂ ਗਰਜ ਗਰਜ ਕੇ ਬੋਲਣ ਵਾਲਾ ਮਲਕੀਅਤ ਸਿੰਘ ਖਤ ਪੜ੍ਹ ਕੇ ਕੁਝ ਨਾ ਬੋਲਿਆ, ਸਿਰਫ ਇਕ ਲੰਮਾ ਸਾਹ ਭਰ ਕੇ ਨਾਨੀ ਦੇ ਵਿਹੜੇ ਵਿਚੋਂ ਉੱਠ ਕੇ ਚਲਾ ਗਿਆ। ਹਾਂ, ਅੱਜ ਕੱਲ੍ਹ ਉਹ ਆਪਣੀ ਦੋਨਾਲੀ ਹਰ ਵੇਲੇ ਆਪਣੇ ਨਾਲ ਰਖਦਾ ਸੀ। ਸੂਰਜ ਢਲਣ ਤੋਂ ਬਾਅਦ ਸੁਰਜੀਤ ਸਿੰਘ ਹਰੇਕ ਹਿੰਦੂ ਪਰਿਵਾਰ ਦੇ ਘਰ ਅੱਗੋਂ ਲੰਘਦਾ, ਉਨ੍ਹਾਂ ਨੂੰ ਹੌਸਲਾ ਦੇਂਦੈ। ਨਾਨੀ ਦੇ ਘਰ ਦੋਵੇਂ ਦੇਰ ਰਾਤ ਤੱਕ ਬੈਠੇ ਰਹਿੰਦੇ।

ਰਾਤ ਦਾ ਪਹਿਲਾ ਪਹਿਰ ਢਲ ਚੁੱਕਾ ਸੀ। ਮੋਟਰ ਸਾਈਕਲ ਦੀ ਅਵਾਜ਼ ਨਾਨੀ ਦੇ ਘਰ ਵੱਲ ਵਧ ਰਹੀ ਸੀ। ਸਭ ਤੋਂ ਪਹਿਲਾਂ ਸੁਣੀ ਵੀ ਉਸੇ ਨੇ ਹੀ ਸੀ। ਡਰ ਸਾਡੀਆਂ ਇੰਦਰੀਆਂ ਨੂੰ ਸਾਨ ’ਤੇ ਲਾਉਣ ਵਾਂਗ ਤੇਜ਼ ਕਰ ਦੇਂਦਾ ਹੈ। ਉਹਨੇ ਪੂਰਾ ਜ਼ੋਰ ਲਾ ਕੇ ਇੰਦਰ

ਨੂੰ ਅਵਾਜ਼ ਮਾਰੀ, "ਇੰਦਰ, ਉੱਠ। ਅੰਦਰ ਲੁੱਕ ਜਾ। ਆ ਗਏ ਉਹ।" ਉਹਨੇ ਵੀ ਮੋਟਰ ਸਾਈਕਲ ਦੀ ਅਵਾਜ਼ ਸੁਣੀ। ਨਾਨੀ ਦੀ ਪਾਟੇ ਢੋਲ ਵਰਗੀ ਅਵਾਜ਼ ਨੇ ਉਹਨੂੰ ਇਕੋ ਝਟਕੇ ਨਾਲ ਉਠਾ ਦਿੱਤਾ।

"ਸੌਂ ਜਾ ਨਾਨੀ। ਕੋਈ ਨਹੀਂ ਆਉਂਦਾ ਏਥੇ। ਕੋਈ ਪਿਕਚਰ ਦੇਖ ਕੇ ਸ਼ਹਿਰੋਂ ਮੁੜਿਆ ਹੋਏਗਾ।"

ਨਾਨੀ ਦੀਆਂ ਅੱਖਾਂ ਵਿਚ ਆਪਣੇ ਵੱਡੇ ਪੁੱਤ ਦੇ ਵੱਢੇ ਹੋਏ ਸਿਰ ਦੀ ਥਾਂ ਇੰਦਰ ਦਾ ਸਿਰ ਲੱਗਣ ਵਾਲਾ ਦ੍ਰਿਸ਼ ਇਕ ਵਾਰ ਫਿਰ ਛਾਲ ਮਾਰ ਕੇ ਆ ਕੁੱਦਿਆ। ਉਹਨੇ ਚੀਕ ਚੀਕ ਕੇ 'ਬਚਾਓ, ਓਏ ਲੋਕੋ ਬਚਾਓ' ਸਾਰਾ ਅਸਮਾਨ ਸਿਰ 'ਤੇ ਚੁੱਕ ਲਿਆ।ਨਿੰਮ 'ਤੇ ਸੁੱਤੇ ਪਰਿੰਦੇ ਵੀ ਜਾਗ ਗਏ, ਇੰਦਰ ਦੀ ਬੀਵੀ, ਬੱਚੇ ਵੀ ਜਾਗ ਗਏ, ਵਿਹੜੇ ਵਿਚ ਕੁਹਰਾਮ ਮੱਚ ਗਿਆ।

ਮੋਟਰ ਸਾਈਕਲ ਉਨ੍ਹਾਂ ਦੇ ਘਰ ਅੱਗੇ ਰੁਕਿਆ। ਨਾਨੀ ਤੇ ਦਮਿਅੰਤੀ ਇੰਦਰ ਨੂੰ ਵਿਹੜੇ ਵਿਚੋਂ ਅੰਦਰ ਵੱਲ ਘਸੀਟਣ ਲੱਗੀਆਂ। ਬਾਹਰ ਵਾਲਾ ਦਰਵਾਜ਼ਾ ਕਿਸੇ ਨੇ ਠੁੱਡਾ ਮਾਰ ਕੇ ਤੋੜ ਦਿੱਤਾ। ਮੂੰਹ 'ਤੇ ਕਪੜਾ ਲਪੇਟੀ ਇਕ ਜਣਾ ਅੰਦਰ ਆਇਆ। ਮੋਢੇ 'ਤੇ ਬੰਦੂਕ ਸੀ।

ਮੋਟਰ ਸਾਈਕਲ ਦੀ ਆਵਾਜ਼ ਮਲਕੀਅਤ ਸਿੰਘ ਨੇ ਵੀ ਸੁਣੀ। ਉਹ ਦੌੜ ਕੇ ਆਪਣੇ ਮਕਾਨ ਦੀ ਛੱਤ 'ਤੇ ਜਾ ਚੜ੍ਹਿ ਆ। ਓਥੋਂ ਨਾਨੀ ਦਾ ਘਰ ਸਾਫ ਨਜ਼ਰ ਆਉਂਦਾ ਸੀ। ਏਨੀ ਦੂਰੋਂ ਨਿਸ਼ਾਨਾ ਤਾਂ ਨਹੀਂ ਸੀ ਲੱਗ ਸਕਦਾ, ਪਰ ਫਾਇਰ ਕਰਕੇ ਡਰਾਇਆ ਤਾਂ ਜਾ ਸਕਦੈ। ਪਹਿਲੀ ਗੋਲੀ ਉਹਨੇ ਨਿੰਮ ਵੱਲ ਦਾਗੀ। ਮੂੰਹ 'ਤੇ ਬੰਨ੍ਹੇ ਪਰਨੇ ਵਾਲੇ ਮੁੰਡੇ ਦੇ ਮੋਢੇ 'ਤੇ ਰੱਖੀ ਬੰਦੂਕ ਫਾਇਰ ਦੀ ਅਵਾਜ ਨਾਲ ਹੇਠਾਂ ਹੋ ਗਈ। ਉਹਨੇ ਵੀ ਅੱਗੋਂ ਫਾਇਰ ਮਾਰਿਆ। ਉਹ ਬੰਦਾ ਵਿਹੜੇ ਵਿਚੋਂ ਦੌੜਦਾ ਬਾਹਰ ਨਿਕਲ ਗਿਆ। ਪਹਿਲਾਂ ਤੋਂ ਸਟਾਰਟ ਮੋਟਰਸਾਈਕਲ 'ਤੇ ਬਹਿ ਗਿਆ। ਦਨਦਨਾਉਂਦਾ 'ਬੁਲੇਟ' ਪਿੰਡੋਂ ਬਾਹਰ ਵੱਲ ਜਾਂਦੀ ਸੜਕ 'ਤੇ ਭੱਜ ਨਿਕਲਿਆ।

ਗੋਲੀਆਂ ਚੱਲਣ ਦੀ ਅਵਾਜ਼ ਸਾਰੇ ਪਿੰਡ ਨੇ ਸੁਣੀ। ਵਿਹੜਿਆਂ ਵਿਚ ਸੁੱਤੇ ਲੋਕ ਭੱਜ ਕੇ ਅੰਦਰ ਜਾ ਕੇ ਦੁਬਕ ਗਏ। ਉਨ੍ਹਾਂ ਨੇ ਸਾਰੇ ਦਰਵਾਜ਼ੇ ਚੰਗੀ ਤਰ੍ਹਾਂ ਬੰਦ ਕਰ ਲਏ। ਸਭ ਤੋਂ ਪਹਿਲਾਂ ਮਲਕੀਅਤ ਤੇ ਸੁਰਜੀਤ ਨਾਨੀ ਦੇ ਘਰ ਪਹੁੰਚੇ। ਸੁਰਜੀਤ ਨੇ ਕੋਲ ਖੜੀ ਇੰਦਰ ਦੀ ਵਹੁਟੀ ਨੂੰ ਝਿੜਕਿਆ– "ਬੀਬਾ, ਅੰਦਰ ਜਾ ਕੇ ਬੱਚਿਆਂ ਨੂੰ ਚੁੱਪ ਕਰਾ। ਤੂੰ ਕੋਈ ਡਾਕਟਰ ਏਂ।"

ਮਲਕੀਅਤ ਨੇ ਇੰਦਰ ਦੀ ਲੁੰਗੀ ਖੋਲ੍ਹੀ। ਪੱਟ ਨੂੰ ਦੇਖਿਆ, ਜਿਸ ਵਿਚੋਂ ਖੂਨ ਵਗ ਰਿਹਾ ਸੀ। ਸੁਰਜੀਤ ਨੇ ਟਾਰਚ ਜਗਾਈ। ਮਲਕੀਅਤ ਨੇ ਪੱਟ ਤੋਂ ਖੂਨ ਪੂੰਝਿਆ ਤਾਂ ਕਿ ਜ਼ਖਮ ਦਾ ਪਤਾ ਲੱਗ ਸਕੇ। "ਨਾਨੀ, ਬਚ ਗਿਐ। ਗੋਲੀ ਪੱਟ ਦੇ ਮਾਸ ਨੂੰ ਚੀਰਦੀ ਹੋਈ ਬਾਹਰ ਨਿਕਲ ਗਈ ਏ। ਹੱਡੀ ਦਾ ਬਚਾਅ ਹੋ ਗਿਐ। ਚਾਰ ਪੰਜ ਦਿਨਾਂ 'ਚ ਰਾਜੀ ਹੋ ਜੇਗਾ।"

ਮਲਕੀਅਤ ਦਾ ਵੱਡਾ ਮੁੰਡਾ ਪਿੰਡ ਦੀ ਡਿਸਪੈਂਸਰੀ ਦੇ ਹਿੰਦੂ ਡਾਕਟਰ ਨੂੰ ਲੈ ਕੇ ਆ ਗਿਆ। ਡਾਕਟਰ ਨੇ ਦਹਿਲੀਜ਼ ਦੇ ਸਹਾਰੇ ਬੈਠੀ ਨਾਨੀ ਨੂੰ ਗੁਸੇ ਨਾਲ ਘੂਰਿਆ ਤੇ ਜ਼ਹਿਰੀਲੀ

ਆਵਾਜ਼ ਵਿਚ ਕਹਿਣ ਲੱਗਾ– "ਨਾਨੀ, ਤੇਰਾ ਇਹ ਇੰਦਰ ਪਿੰਡ ਦੇ ਸਾਰੇ ਹਿੰਦੂਆਂ ਨੂੰ ਕਤਲ ਕਰਵਾ ਕੇ ਛੱਡੇਗਾ।" ਸੁਰਜੀਤ ਨੇ ਜੁਆਬ ਦੇਂਦਿਆਂ ਕਿਹਾ, "ਭਰਾਵਾ ਪਹਿਲਾਂ ਤੂੰ ਇੰਦਰ ਦੀ ਮੱਲ੍ਹਮ–ਪੱਟੀ ਕਰ, ਫਿਰ ਹਿੰਦੂ–ਸਿੱਖ ਦਾ ਰੋਣਾ ਰੋ ਲਈਂ।"

"ਇਹ ਤਾਂ ਪੁਲਿਸ ਕੇਸ ਐ। ਪਹਿਲੇ ਰਿਪੋਰਟ ਦਰਜ..."

"ਕਿਉਂ ਡਾਕਟਰ ਸਾਹਿਬ, ਬੰਦੂਕ ਵੱਡੀ ਕਿ ਪੁਲਿਸ?" ਮਲਕੀਅਤ ਸਿੰਘ ਨੇ ਆਪਣੀ ਬੰਦੂਕ ਮੋਢੇ 'ਤੇ ਟਿਕਾਂਦਿਆਂ ਕਿਹਾ।

ਡਾਕਟਰ ਸਹਿਮ ਗਿਆ। ਉਹਨੇ ਤੇਜੀ ਨਾਲ ਆਪਣਾ ਦਵਾਈਆਂ ਵਾਲਾ ਬੈਗ ਖੋਲ੍ਹਿਆ।

ਸਵੇਰ ਤੱਕ ਇੰਦਰ ਨੂੰ ਹੋਸ਼ ਆ ਗਈ।ਪਿੰਡ ਦੇ ਵੱਡਿਆਂ, ਸਿਆਣਿਆਂ ਨੇ ਆਪਸ ਵਿਚ ਸਲਾਹ–ਮਸ਼ਵਰਾ ਕੀਤਾ ਕਿ ਪੁਲਿਸ ਨੂੰ ਰਪਟ ਦਰਜ ਕਰਾਉਣ ਦਾ ਕੋਈ ਫਾਇਦਾ ਨਹੀਂ। ਉਲਟਾ ਇੰਦਰ ਦੀ ਜ਼ਿੰਦਗੀ ਹੋਰ ਖਤਰੇ ਵਿਚ ਪੈ ਜਾਏਗੀ। ਸੁਰਜੀਤ ਨੇ ਭਰੇ ਮਨ ਨਾਲ ਇੰਦਰ ਤੇ ਨਾਨੀ ਨੂੰ ਸਲਾਹ ਦਿੱਤੀ ਕਿ ਹੁਣ ਉਨ੍ਹਾਂ ਨੂੰ ਇਥੋਂ ਚਲੇ ਜਾਣਾ ਚਾਹੀਦਾ। ਮਲਕੀਅਤ ਨਜ਼ਰਾਂ ਹੇਠਾਂ ਝੁਕਾਈ ਜਮੀਨ ਨੂੰ ਘੂਰਦਾ ਬੈਠਾ ਰਿਹਾ। ਉਹ ਹੋਰ ਕਰ ਵੀ ਕੀ ਸਕਦਾ ਸੀ। ਇੰਦਰ 'ਤੇ ਰਾਹ ਵਿਚ ਵੀ ਕਿਤੇ ਹਮਲਾ ਹੋ ਸਕਦਾ ਸੀ। ਤਦ ਉਹਨੂੰ ਕੌਣ ਬਚਾਏਗਾ?

"ਹਾਂ ਪੁੱਤਰੋ ਤੁਸੀਂ ਠੀਕ ਆਂਹਦੇ ਓ, ਹੁਣ ਅਸੀਂ ਹਿੰਦੁਸਤਾਨ ਚਲੇ ਜਾਵਾਂਗੇ।" ਨਾਨੀ ਦੀ ਆਵਾਜ਼ ਵਿਚ ਨਾ ਦਮ ਸੀ ਨਾ ਦਬਕਾ। ਮਲਕੀਅਤ ਨੇ ਸਮਝਾਇਆ, "ਨਾਨੀ, ਝੱਲੀ ਤਾਂ ਨਹੀਂ ਹੋ ਗਈ? ਕਿਹੜੇ ਹਿੰਦੁਸਤਾਨ ਵਿਚ ਜਾਏਂਗੀ?"

"ਨਹੀਂ, ਅਸਾਂ ਹੁਣ ਹਿੰਦੁਸਤਾਨ ਚਲੇ ਜਾਣੈ।"

ਇੰਦਰ ਨੂੰ ਕਰਨਾਲ ਦੇ ਇਕ ਕਾਲਜ ਵਿਚ ਨੌਕਰੀ ਮਿਲ ਗਈ। ਦਿਵਾਲੀ ਤੋਂ ਇਕ ਦਿਨ ਪਹਿਲਾਂ ਓਥੇ ਜਾਣ ਦਾ ਫੈਸਲਾ ਹੋ ਗਿਆ। ਨਾਨੀ ਨੇ ਪਿੰਡ ਦੀਆਂ ਔਰਤਾਂ ਨੂੰ ਦੱਸਿਆ, "ਅਸੀਂ ਹਿੰਦੁਸਤਾਨ ਜਾ ਰਹੇ ਹਾਂ। ਕੁਲਛੇਤਰ ਕੰਪ ਲੱਗਿਐ।"

"ਨਾਨੀ, ਇੰਦਰ ਨੂੰ ਕਰਨਾਲ ਨੌਕਰੀ ਮਿਲ ਗਈ ਐ, ਅਸੀਂ ਸਾਰੇ ਕੁਰਕਸ਼ੇਤਰ ਨਹੀਂ ਜਾ ਰਹੇ।" ਇੰਦਰ ਦੀ ਵਹੁਟੀ ਨੇ ਨਾਨੀ ਨੂੰ ਸਮਝਾਇਆ।

ਪਰ ਨਾਨੀ ਤਾਂ ਪਿਛਲੇ ਇਕ ਮਹੀਨੇ ਤੋਂ ਅਤੀਤ ਵਿਚ ਜੀਅ ਰਹੀ ਸੀ। ਵੰਡ ਦੇ ਦਿਨਾਂ ਨੇ ਗੁਫਾ ਵਿਚੋਂ ਨਿਕਲ ਕੇ ਉਹਦੇ ਦਿਮਾਗ਼ ਦੇ ਛੋਟੇ ਜਿਹੇ ਚੇਤਨ ਹਿੱਸੇ 'ਤੇ ਕਬਜ਼ਾ ਕਰ ਲਿਆ ਸੀ। ਅਤੀਤ ਹਮੇਸ਼ਾਂ ਆਪਣੇ ਆਪ ਨੂੰ ਦੁਹਰਾਉਂਦਾ ਹੈ, ਏਸੇ ਲਈ ਇਹ ਹਮੇਸ਼ਾਂ ਵਰਤਮਾਨ ਨਾਲ ਜੁੜਿਆ ਰਹਿੰਦੈ।

"ਦੇਖ ਦੰਮੋ, ਮੈਨੂੰ ਝੂਠੇ ਦਿਲਾਸੇ ਨਾ ਦੇ, ਹਾਂ ਆਪਾਂ ਕੁਲਛੇਤਰ ਦੇ ਕੰਪ ਵਿਚ ਜਾ ਰਹੇ ਆਂ। ਮੈਨੂੰ ਸਾਰਾ ਪਤੈ।"

ਸੁਰਜੀਤ ਨੇ ਟਰੱਕ ਦਾ ਪ੍ਰਬੰਧ ਕਰ ਦਿੱਤਾ। ਸਵੇਰੇ ਮੂੰਹ ਹਨੇਰੇ ਸਮਾਨ ਲੱਦ ਦਿਤਾ। ਮਲਕੀਅਤ ਨੇ ਨਾਨੀ ਨੂੰ ਚੁੱਕ ਕੇ ਟਰੱਕ ਵਿਚ ਲਿਟਾਇਆ ਤੇ ਹੌਸਲਾ ਦਿੱਤਾ, "ਨਾਨੀ, ਇਕ ਦਿਨ ਮੈਂ ਤੈਨੂੰ ਵਾਪਸ ਲੈਣ ਆਵਾਂਗਾ।"

ਕਹਾਣੀ

# ਮਦਰਜ਼ ਡੇ ਗਿਫਟ

- ਨਿਰੰਜਣ ਬੋਹਾ

ਪਰਿਵਾਰ ਦਾ ਮਾਹੌਲ ਬੜਾ ਤਣਾਓ ਵਾਲਾ ਚੱਲ ਰਿਹੈ....ਭਾਵੇਂ ਮੇਰੇ ਦੋ ਹੀ ਬੋਲ 'ਜਿਵੇਂ ਥੋਡੀ ਮਰਜ਼ੀ ਐ , ਕਰ ਲਵੋ ਇਕ ਦਮ ਸਾਰੇ ਮਹੌਲ ਨੂੰ ਸਾਂਵਾਂ ਤੇ ਸ਼ਾਂਤ ਕਰ ਸਕਦੇ ਹਨ ਪਰ ਹਫ਼ਤਾ ਬੀਤਣ 'ਤੇ ਵੀ ਪਰਿਵਾਰ ਦੀ ਮੇਰੇ ਨਾਲ ਚੱਲ ਰਹੀ ਖਮੋਸ਼ ਨਰਾਜ਼ਗੀ ਨੂੰ ਦੂਰ ਕਰ ਸਕਦੇ ਇਹ ਬੋਲ ਮੇਰੇ ਮੂੰਹੋਂ ਨਿੱਕਲ ਨਹੀਂ ਰਹੇ। ਕਈ ਵਾਰ ਸੋਚਿਐ ਕਿ ਘਰ ਪਰਿਵਾਰ ਦੇ ਹਿਤ ਲਈ ਆਪਣੇ ਅੰਦਰ ਦੀ ਅਵਾਜ਼ ਨੂੰ ਅਣ -ਸੁਣੀ ਕਰਕੇ ਉਨ੍ਹਾਂ ਦੀ ਹਾਂ ਵਿੱਚ ਹਾਂ ਮਿਲਾ ਦਿਆਂ ਪਰ ਜਦੋਂ ਅਜਿਹਾ ਕਰਨ ਲਈ ਆਪਣੇ ਆਪ ਨੂੰ ਤਿਆਰ ਕਰਦੀ ਹਾਂ, ਪਤਾ ਨਹੀਂ ਕਿਵੇਂ ਮੇਰੀ ਅਵਾਜ਼ ਠਾਕੀ ਜਾਂਦੀ ਹੈ। ਭਾਵੇਂ ਅਜੇ ਤੱਕ ਮੇਰੇ ਟੱਬਰ ਨੇ ਮੈਥੋਂ ਹਾਂ ਕਹਾਏ ਬਗੈਰ ਕੋਈ ਫ਼ੈਸਲਾ ਨਹੀਂ ਲਿਆ ਪਰ ਮੈਂ ਜਾਣਦੀ ਹਾਂ ਕਿ ਉਨ੍ਹਾਂ ਦੇ ਮਨਾਂ ਵਿਚ ਮੇਰੇ ਬਾਰੇ ਪੁਰਾਣੇ ਜ਼ਮਾਨੇ ਦੀ ਹੱਠੀ ਬੁੱਢੀ ਹੋਣ ਦਾ ਬਿੰਬ ਜ਼ਰੂਰ ਬਣਦਾ ਜਾ ਰਿਹੈ। ਕਈ ਵਾਰੀ ਉਨ੍ਹਾਂ ਦੀ ਗੱਲ ਮੈਨੂੰ ਠੀਕ ਵੀ ਲੱਗਦੀ ਹੈ ਤੇ ਮੈਂ ਇਸ ਤਰ੍ਹਾਂ ਵੀ ਸੋਚਣ ਲੱਗਦੀ ਹਾਂ ਕਿ ਬਦਲ ਰਹੇ ਸਮੇਂ ਮੁਤਾਬਿਕ ਮੈਨੂੰ ਵੀ ਬਦਲ ਜਾਣਾ ਚਾਹੀਦਾ ਹੈ। ਪਰ ਕਰਾਂ ਤਾਂ ਕੀ ਕਰਾਂ? ਲਹਿੰਦੇ ਪੰਜਾਬ ਤੋਂ ਉਜਾੜੇ ਦਾ ਸੰਤਾਪ ਭੋਗ ਕੇ ਮਸਾਂ ਵੱਸਦਿਆਂ ਵਿਚ ਹੋਈ ਸ਼ੁਕਲੀ ਨੇ ਮੇਰੇ ਅੰਦਰ ਪੱਕਾ ਵਸੇਬਾ ਕੀਤਾ ਹੋਇਆ ਹੈ। ਉਸ ਤੋਂ ਹਾਂ ਭਰਾਏ ਬਗੈਰ ਮੇਰੀ ਹਿੰਮਤ ਹੀ ਨਹੀਂ ਪੈਂਦੀ ਕਿ ਮੈਂ ਆਪਣੇ ਹੀ ਪਰਿਵਾਰ ਦੀ ਹਾਂ ਵਿਚ ਹਾਂ ਮਿਲਾ ਕੇ ਉਨ੍ਹਾਂ ਨੂੰ ਖੁਸ਼ ਕਰ ਦਿਆਂ।

ਅੱਜ ਦੀ ਤਾਰੀਕ ਵਿਚ ਮੈਂ ਸ਼ੁਕਲੀ ਨਹੀਂ ਸਗੋਂ ਸਵਰਗੀ ਸੇਠ ਗੁਰਦਿਆਲ ਰਾਏ ਸੇਠੀ ਦੀ ਧਰਮ-ਪਤਨੀ ਸ਼ਕੁੰਤਲਾ ਦੇਵੀ ਸੇਠੀ ਹਾਂ।ਆਪਣੇ ਪਰਿਵਾਰ ਤੋਂ ਇਲਾਵਾ ਆਲੇ-ਦੁਆਲੇ ਦੇ ਸਮਾਜ ਵਿੱਚ ਵੀ ਮੇਰਾ ਪੂਰਾ ਮਾਣ-ਸਤਿਕਾਰ ਹੈ।ਸ਼ੁਕਲੀ ਨੂੰ ਸਾਰਾ ਪਤਾ ਹੈ ਕਿ ਸੇਠਾਣੀ ਸ਼ਕੁੰਤਲਾ ਬਨਣ ਲਈ ਮੈਨੂੰ ਜਿਹੜੇ ਦਸੌਂਟੇ ਕੱਟਣੇ ਪਏ ਨੇ, ਇਸ ਲਈ ਉਹ ਹੁਣ ਵੀ ਮੇਰੇ 'ਤੇ ਹਾਵੀ ਪ੍ਰਭਾਵੀ ਰਹਿੰਦੀ ਹੈ। ਮੇਰੇ ਪੁੱਤਰ ਰਤਨ ਨੂੰ ਵੀ ਮੇਰੇ ਵੱਲੋਂ ਭੋਗੇ ਦੁੱਖਾਂ ਦਾ ਅਭਾਸ ਹੈ ਤੇ ਇਸੇ ਕਾਰਨ ਹੀ ਉਸ ਲੱਗਦੀ ਵਾਹ ਕਦੇ ਮੇਰੀ ਕੋਈ ਗੱਲ ਨਹੀਂ ਕੱਟੀ। ਪਤਾ ਨਹੀਂ ਕਿਉਂ ਮੈਨੂੰ ਲੱਗਦਾ ਹੈ ਕਿ ਇਸ ਵਾਰ ਉਹ ਵੀ ਮੇਰੀ ਭਾਵਨਾ ਨੂੰ ਮੇਰੀ ਐਵੇਂ ਦੀ ਜ਼ਿੱਦ ਹੀ ਸਮਝ ਰਿਹੈ। ਸਵੇਰੇ ਉੱਠ ਕੇ ਹੁਣ ਵੀ ਸਾਰਾ ਪਰਿਵਾਰ ਮੇਰੇ ਪੈਰੀਂ ਹੱਥ ਵੀ ਲਾਉਂਦਾ ਹੈ ਤੇ ਰਾਮ ਰਾਮ ਵੀ ਬੁਲਾਉਂਦਾ ਹੈ ਪਰ ਮੈਨੂੰ ਮਹਿਸੂਸ ਹੁੰਦਾ ਹੈ ਕਿ ਉਹ ਕੇਵਲ ਮੇਰਾ ਸਤਿਕਾਰ ਕਰਨ ਦੀ ਰਸਮ ਹੀ ਨਿਭਾਅ ਰਹੇ ਹਨ ।ਮੇਰੀ ਪੋਤ- ਨੂੰਹ ਨਿਸ਼ਾ ਨੇ ਤਾਂ ਇਸ ਇੱਕ ਹਫਤੇ ਦੌਰਾਨ ਮੇਰੇ ਨਾਲ ਇਕ ਅਦ੍ਰਿਸ਼ ਜਿਹੀ ਦੂਰੀ ਵੀ ਬਣਾ ਲਈ ਐ। ਹੁਣ ਉਹ ਮੇਰੇ ਨਾਲ ਬੜੀ ਸੰਕੋਚਵੀਂ ਜਿਹੀ ਗੱਲ ਕਰਨ ਲੱਗ ਪਈ ਐ। ਜੇ ਮੈਂ ਕੁਝ ਪੁੱਛਾਂ ਤਾਂ ਉਸਦਾ ਬੜਾ ਸੰਖੇਪ ਜਿਹਾ ਜੁਆਬ ਦੇ ਦਿੰਦੀ ਹੈ ਤੇ ਆਪਣੇ ਵੱਲੋਂ ਮੇਰੇ ਨਾਲ ਗੱਲ ਕਰਨ ਦੀ ਕੋਈ ਪਹਿਲ ਨਹੀਂ ਕਰਦੀ

ਪਰ ਮੇਰੇ ਲਈ ਰਾਹਤ ਵਾਲੀ ਗੱਲ ਇਹ ਹੈ ਕਿ ਮੇਰਾ ਪੋਤਾ ਹਰੀਸ਼ ਮੇਰੇ ਨਾਲ ਪਹਿਲਾਂ ਵਾਂਗ ਈ ਹੱਸਦਾ ਖੇਡਦੈ।

ਪਰਿਵਾਰ ਵਿਚ ਤਲਖੀ ਦਾ ਮਾਹੌਲ ਪੈਦਾ ਕਰਨ ਵਾਲੀ ਗੱਲ ਬਹੁਤ ਛੋਟੀ ਵੀ ਹੈ ਤੇ ਬਹੁਤ ਵੱਡੀ ਵੀ। ਵੱਡੀ ਇਸ ਲਈ ਹੈ ਕਿ ਇਸ ਨਾਲ ਮੇਰੇ ਪਤੀ ਦੇ ਖਾਨਦਾਨ ਨੂੰ ਅੱਗੇ ਤੋਰਨ ਦਾ ਮਾਮਲਾ ਜੁੜਿਆ ਹੋਇਆ ਹੈ। ਮੇਰੇ ਪੋਤੇ ਨੂੰ ਵਿਆਹੇ ਨੂੰ 14 ਵਰ੍ਹੇ ਬੀਤ ਗਏ ਨੇ ਪਰ ਏਨਾ ਸਮਾਂ ਲੰਘ ਜਾਣ 'ਤੇ ਸਾਡੇ ਘਰ ਵਿੱਚ ਬੱਚੇ ਦੀਆਂ ਕਿਲਕਾਰੀਆਂ ਨਹੀਂ ਗੂੰਜੀਆਂ। ਕਹਿੰਦੇ ਬਾਰਾਂ ਸਾਲ ਬਾਅਦ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ ਪਰ ਹਰੀਸ਼ ਤੇ ਨਿਸ਼ਾ ਦਾ ਵਿਆਹ ਹੋਇਆਂ ਨੂੰ ਤਾਂ ਰਾਮ ਤੇ ਸੀਤਾ ਦੇ ਬਨਵਾਸ ਕਾਲ ਜਿਨਾਂ ਹੀ ਸਮਾਂ ਬੀਤ ਗਿਐ। ਉਨ੍ਹਾਂ ਦੋਵਾਂ ਡਾਕਟਰਾਂ ਦੀਆਂ ਬਥੇਰੀਆਂ ਹਾਜ਼ਰੀਆਂ ਭਰੀਆਂ ਨੇ ਪਰ ਕੋਈ ਚੰਗਾ ਸਿੱਟਾ ਨਹੀਂ ਨਿਕਲ ਰਿਹਾ। ਡਾਕਟਰ ਨਿਸ਼ਾ ਦੀ ਬੱਚੇਦਾਨੀ ਵਿਚ ਕੋਈ ਨੁਕਸ ਦੱਸਦੇ ਨੇ, ਜੋ ਠੀਕ ਹੋ ਵੀ ਸਕਦਾ ਹੈ ਤੇ ਨਹੀਂ ਵੀ। ਜੇ ਠੀਕ ਹੋਇਆ ਤਾਂ ਕਦੋਂ ਹੋਵੇਗਾ, ਇਸ ਬਾਰੇ ਕੋਈ ਪੁਖ਼ਤਾ ਤੌਰ 'ਤੇ ਕੁਝ ਨਹੀਂ ਦੱਸਦਾ। ਪਰਿਵਾਰ ਦੀ ਚਿੰਤਾ ਵਿਚ ਮੈਂ ਵੀ ਸ਼ਾਮਿਲ ਹਾਂ ਸਗੋਂ ਘਰ ਵਿਚ ਵਡੇਰੀ ਹੋਣ ਕਾਰਨ ਉਨ੍ਹਾਂ ਤੋਂ ਵੀ ਵੱਧ ਚਿੰਤਤ ਹਾਂ, ਫਿਰ ਵੀ ਆਪਣੀ ਚਿੰਤਾ ਲੁਕਾ ਕੇ ਆਪਣੀ ਪੋਤ ਨੂੰਹ ਨਿਸ਼ਾ ਦੇ ਮੌਢੇ ਥਾਪੜਦਿਆਂ ਉਨ੍ਹਾਂ ਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕਰਦੀ ਹਾਂ, "ਫਿਕਰ ਨਾ ਕਰੋ, ਸਭ ਕੁਝ ਠੀਕ ਹੋ ਜਾਵੇਗਾ... ਆਪਾਂ ਕੋਈ ਭੁੰਨ ਕੇ ਬੀਜਿਐ.. ਦਾਤਾ ਆਪਣੀ ਜ਼ਰੂਰ ਸੁਣੂ।"

ਭਾਵੇਂ ਮੇਰੇ ਪੋਤੇ ਹਰੀਸ਼ ਨੂੰ ਤਾਂ ਇਸ ਗੱਲ ਦੀ ਪ੍ਰਵਾਹ ਈ ਨਹੀਂ ਐ। ਚਾਰ ਸਾਲ ਚੰਡੀਗੜ੍ਹ ਕੀ ਪੜ੍ਹ ਆਇਐ... ਅਲੋਕਾਰੀਆਂ ਜਿਹੀਆਂ ਗੱਲਾਂ ਕਰਦੈ, ਅਖੇ ਖਾਨ-ਖ਼ੂਨਦਾਨਾ ਦੀ ਗੱਲ ਆਪਣੇ ਮੁਲਕ ਚ ਈ ਐ ... ਪੱਛਮ ਚ ਇਹਨਾਂ ਗੱਲਾਂ ਦੀ ਕੋਈ ਪ੍ਰਵਾਹ ਨ੍ਹੀਂ ਕਰਦਾ। ਇਕ ਦਿਨ ਆਪਣੇ ਪਾਪਾ ਨਾਲ ਈ ਉਲਝ ਪਿਆ, "ਪਾਪਾ ਦੁਨੀਆਂ ਚੰਨ ਤੋਂ ਬਾਅਦ ਮੰਗਲ ਤੇ ਜਾਣ ਨੂੰ ਫਿਰਦੀ ਐ ਤੇ ਤੁਹਾਡੀ ਸੋਚ ਅਜੇ ਖਾਨਦਾਨ ਦੁਆਲੇ ਈ ਪਰਿਕਰਮਾ ਕਰੀ ਜਾਂਦੀ ਐ। ਕੋਈ ਆਪਣੇ ਪੜਦਾਦੇ ਦਾ ਨਾਂ ਤਾਂ ਜਾਣਦਾ ਨ੍ਹੀਂ...ਚੱਕੀ ਫਿਰਦੇ ਨੇ ਖਾਨਦਾਨ ਨੂੰ ।" ਇਸ ਨਵੀਂ ਪੀੜ੍ਹੀ ਦੀਆਂ ਗੱਲਾਂ ਈ ਹੋਰ ਨੇ। ਐਡੀ ਵੱਡੀ ਜਾਇਦਾਦ ਐ... ਕੋਈ ਤਾਂ ਸੰਭਾਲਣ ਵਾਲਾ ਹੋਵੇ।

ਚੋਰ ਨਾਲੋਂ ਪੰਡ ਕਾਹਲੀ ਵਾਲੀ ਗੱਲ ਐ। ਹਰੀਸ਼ ਤਾਂ ਆਪਣੀ ਦੁਨੀਆਂ 'ਚ ਈ ਮਸਤ ਐ ਪਰ ਮੈਂ , ਰਤਨ ਤੇ ਮੇਰੀ ਨੂੰਹ ਚੌਵੀਂ ਘੰਟੇ ਦਾਤੇ ਤੋਂ ਇਹੋ ਈ ਮੰਗਦੇ ਐਂ ਕਿ ਸਾਨੂੰ ਵੀ ਆਪਣੇ ਦਰਵਾਜੇ 'ਤੇ ਨਿੰਮ ਬੱਝੀ ਵੇਖਣ ਦਾ ਮੌਕਾ ਦੇਹ। ਜਿਉਂ-ਜਿਉਂ ਵਕਤ ਬੀਤਦੈ ਜਾ ਰਿਹੈ ਦਾਤੇ ਵੱਲੋਂ ਮਿਹਰ ਕੀਤੇ ਜਾਣ ਦੀ ਉਡੀਕ ਵੀ ਮੁੱਕਦੀ ਜਾ ਰਹੀ ਐ। ਮੇਰੇ ਨੂੰਹ ਪੁੱਤ ਨੇ ਦਾਤੇ ਦੀ ਮਿਹਰ ਹੋਣ ਦੀ ਉਡੀਕ ਕਰਨ ਦਾ ਬਦਲ ਇਹੀ ਲੱਭਿਐ ਸੀ ਕਿ ਕਿਸੇ ਨੇੜਲੇ ਰਿਸ਼ਤੇਦਾਰ ਦਾ ਬੱਚਾ ਗੋਦ ਲੈ ਲਿਆ ਜਾਵੇ। ਪਰਿਵਾਰ ਦੀ ਇਸ ਰਾਇ ਨਾਲ ਮੈਨੂੰ ਵੀ ਸਹਿਮਤ ਹੋਣਾ ਪਿਆ ਸੀ। ਅਸੀਂ ਸਾਰੇ ਨੇੜਲੇ ਰਿਸ਼ਤੇਦਾਰਾਂ ਵੱਲ ਨਜ਼ਰ ਮਾਰੀ ਤਾਂ ਕਿਸੇ

ਕੋਲ ਵੀ ਏਨੀ ਛੋਟੀ ਉਮਰ ਦਾ ਬੱਚਾ ਨਹੀਂ ਸੀ ਜਿਸਦੀ ਕੋਰੀ ਸਲੇਟ 'ਤੇ ਸੇਠੀ ਖਾਨਦਾਨ ਦਾ ਨਾਂ ਲਿਖਿਆ ਜਾ ਸਕੇ। ਹਰੀਸ਼ ਦੀ ਸਾਲੀ ਰਾਣੋ ਦੇ ਪੰਜ-ਪੰਜ ਸਾਲ ਦੇ ਜੌੜੇ ਮੁੰਡਿਆਂ ਵਿੱਚੋਂ ਇੱਕ ਨੂੰ ਗੋਦ ਲੈਣ ਦੀ ਸਹਿਮਤੀ ਬਣੀ ਪਰ ਉਸ ਖੁੱਲ੍ਹ ਕੇ ਹਾਂ ਨਹੀਂ ਸੀ ਭਰੀ। ਉਸਦੇ ਸਹੁਰੇ ਵੀ ਇਸ ਗੱਲ ਲਈ ਰਾਜ਼ੀ ਨਹੀਂ ਸਨ। ਉਸ ਦਿਨ ਤੋਂ ਬਾਅਦ ਹਰੀਸ਼ ਤੇ ਨਿਸ਼ਾ ਨੇ ਉਨ੍ਹਾਂ ਨਾਲ ਵਰਤ- ਵਰਤਾਅ ਲਗਭਗ ਛੱਡ ਹੀ ਦਿੱਤਾ ਸੀ ਪਰ ਮੇਰੇ ਅੰਦਰ ਬੈਠੀ ਸ਼ੁਕਲੀ ਨੂੰ ਰਾਣੋ ਦਾ ਫੈਸਲਾ ਠੀਕ ਹੀ ਲੱਗਾ ਸੀ। ਮੈਂ ਭਾਵੇਂ ਆਪਣੇ ਪਤੀ ਦੇ ਖਾਨਦਾਨ ਨੂੰ ਅੱਗੇ ਵੱਧਦਾ ਵੇਖਣ ਦੀ ਲਾਲਸਾ ਅਧੀਨ ਨਿਸ਼ਾ ਦੀ ਗੋਦ ਛੇਤੀਂ ਭਰੀ ਹੋਈ ਵੇਖਣਾ ਚਾਹੁੰਦੀ ਹਾਂ ਪਰ ਮੇਰੇ ਅੰਦਰ ਬੈਠੀ ਸ਼ੁਕਲੀ ਰਾਣੋ ਨਾਲ ਵੀ ਬਰਾਬਰ ਦੀ ਹਮਦਰਦੀ ਰੱਖਦੀ ਹੈ। ਆਪਣੇ ਢਿੱਡ ਦੀ ਆਂਦਰ ਨੂੰ ਆਪਣੇ ਨਾਲ ਤੋੜ ਕੇ ਆਪਣੇ ਹੱਥੀਂ ਕਿਸੇ ਨੂੰ ਦੇ ਦੇਣਾ ਕਿੰਨਾਂ ਔਖੈ... ਉਸ ਤਾਂ ਖੁਦ ਇਹ ਦਰਦ ਹੰਡਾਇਆ ਸੀ, ਇਸ ਲਈ ਉਹ ਰਾਣੋ ਨਾਲ ਨਰਾਜ਼ ਨਾ ਹੋ ਸਕੀ।

ਘਰ ਦੇ ਬਜ਼ੁਰਗਾਂ ਤੋਂ ਤਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਕੱਢਣ ਦੀ ਆਸ ਰੱਖੀ ਜਾਂਦੀ ਹੈ ਪਰ ਮੇਰੇ ਕੋਲ ਰੱਬ ਦੀ ਮਿਹਰ ਦੀ ਉਡੀਕ ਕਰਨ ਤੋਂ ਇਲਾਵਾ ਕੋਈ ਹੱਲ ਹੀ ਨਹੀਂ ਸੀ। ਟੈਸਟ ਟਿਊਬ ਬੇਬੀ ਪੈਦਾ ਕਰਨ ਦੀ ਗੱਲ ਵੀ ਘਰ ਤੁਰੀ ਪਰ ਡਾਕਟਰਾਂ ਮੁਤਾਬਿਕ ਨਿਸ਼ਾ ਦੀ ਬੱਚੇਦਾਨੀ ਵਿਚ ਨੁਕਸ ਦੇ ਚਲਦਿਆਂ ਅਜੇ ਅਜਿਹਾ ਸੰਭਵ ਨਹੀਂ ਸੀ। ਮੇਰਾ ਪਰਿਵਾਰ ਤਾਂ ਮੰਦਰ- ਤੀਰਥਾਂ-ਦੀਆਂ ਸੁੱਖਾਂ ਸੁੱਖ ਕੇ ਅੱਕ-ਥੱਕ ਚੁੱਕਾ ਸੀ ਪਰ ਮੈਨੂੰ ਅਜੇ ਵੀ ਥੋੜ੍ਹੀ ਜਿਹੀ ਆਸ ਸੀ ਕਿ ਰੱਬ ਇਕ ਦਿਨ ਸਾਡੇ 'ਤੇ ਜ਼ਰੂਰ ਤਰੁੱਠੇਗਾ।

ਖਾਨਦਾਨ ਨੂੰ ਅੱਗੇ ਤੋਰਨ ਦੀ ਚਿੰਤਾ ਨੇ ਘੇਰਿਆ ਤਾਂ ਸਾਨੂੰ ਅੱਠ ਨੌਂ ਸਾਲ ਤੋਂ ਹੋਇਆ ਸੀ ਪਰ ਘਰ ਵਿਚ ਐਨੇ ਤਣਾਓ ਦਾ ਮਾਹੌਲ ਡਾਕਟਰ ਰਜਨੀ ਮਹਿਤਾ ਵੱਲੋਂ ਦਿੱਤੇ ਸੁਝਾਅ ਤੋਂ ਬਾਅਦ ਹੀ ਪੈਦਾ ਹੋਇਆ ਸੀ। ਉਸ ਹਰੀਸ਼ ਤੇ ਨਿਸ਼ਾ ਨੂੰ ਉਚੇਚੇ ਤੌਰ ਤੇ ਆਪਣੇ ਕਲੀਨਿਕ ਵਿਚ ਆਉਣ ਦਾ ਸੱਦਾ ਭੇਜਿਆ ਤਾਂ ਸਾਡੇ ਅੰਦਰ ਆਸ ਦੀ ਇਕ ਨਵੀਂ ਕਿਰਨ ਪੈਦਾ ਹੋ ਗਈ ਸੀ। ਸਾਰਿਆਂ ਸੋਚਿਆ ਸੀ ਕਿ ਡਾਕਟਰ ਵੱਲੋਂ ਬੰਬੇ ਭੇਜੀ ਟੈਸਟ ਦੀ ਰਿਪੋਰਟ ਆ ਗਈ ਹੋਣੀ ਐ ਤੇ ਕੋਈ ਚੰਗੀ ਖ਼ਬਰ ਹੀ ਸੁਨਣ ਨੂੰ ਮਿਲੇਗੀ। ਇੱਕ ਉਮੀਦ ਜਿਹੀ ਨਾਲ ਮੈਂ ਨਿਸ਼ਾ ਦੇ ਨਾਲ ਹੀ ਕਾਰ ਵਿਚ ਬੈਠ ਗਈ ਸਾਂ। ਉੱਥੇ ਪਹੁੰਚ ਕੇ ਜਿਹੜਾ ਸੁਝਾਅ ਡਾਕਟਰ ਰਜਨੀ ਨੇ ਦਿੱਤਾ ਉਸਨੂੰ ਮੰਨਣ ਲਈ ਨਾਲ ਸ਼ਕੁੰਤਲਾ ਦੇਵੀ ਸੇਠੀ ਤਾਂ ਮਨ ਮਾਰ ਕੇ ਤਿਆਰ ਹੋ ਸਕਦੀ ਐ ਪਰ ਉਸ ਅੰਦਰ ਬੈਠੀ ਸ਼ੁਕਲੀ ਬਿਲਕੁਲ ਵੀ ਸਹਿਮਤ ਨਹੀਂ ਸੀ।

ਸਾਡੇ ਪਹੁੰਚਣ ਤੋਂ ਪਹਿਲਾਂ ਕਲੀਨਿਕ ਵਿਚ ਇਕ ਗਰੀਬ ਪਰਵਾਸੀ ਔਰਤ ਤੇ ਉਸਦਾ ਨਸ਼ੇੜੀ ਜਿਹਾ ਲੱਗਦਾ ਪਤੀ ਬੈਠੇ ਸਨ। ਡਾਕਟਰ ਨੇ ਉਸ ਔਰਤ ਨੂੰ ਆਪਣੀ ਕੁੱਖ ਕਿਰਾਏ 'ਤੇ ਦੇਣ ਲਈ ਮਨਾ ਲਿਆ ਸੀ। ਦੋਵਾਂ ਪਤੀ-ਪਤਨੀ ਨਾਲ ਇਸ ਬਦਲੇ ਚਾਰ ਲੱਖ ਦੇਣ ਦੀ ਗੱਲ ਹੋਈ ਸੀ। ਦੋ ਲੱਖ ਰੁਪਏ ਪਹਿਲਾਂ ਤੇ ਦੋ ਲੱਖ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਦੇਣੇ ਕੀਤੇ ਸਨ। ਗਰਭ-ਕਾਲ ਦੌਰਾਨ ਪੇਟ ਵਿਚਲੇ ਬੱਚੇ ਦੀ ਪਰਵਰਿਸ਼ ਲਈ ਪੰਜ ਹਜ਼ਾਰ ਰੁਪਏ ਮਹੀਨਾ ਵੱਖਰੇ ਦੇਣੇ ਸਨ। ਇਸ ਸਮੇਂ ਮੇਰਾ ਪਰਿਵਾਰਕ ਮੋਹ ਤੇ ਸਵਾਰਥ ਤਾਂ

ਰਾਮ ਪਿਆਰੀ ਨਾਲ ਇਹ ਸੌਦਾ ਕਰਨ ਲਈ ਤਿਆਰ ਸੀ ਪਰ ਮੇਰੇ ਅੰਦਰ ਬੈਠੀ ਸ਼ੁਕਲੀ ਵੱਖਰੀਆਂ ਹੀ ਦਲੀਲਾਂ ਦੇ ਰਹੀ ਸੀ। ਮੈਂ ਉਸਨੂੰ ਸਮਝਾਇਆ ਵੀ ਸੀ ਕਿ ਕਿਸੇ ਗਰੀਬ ਲਈ ਸਾਢੇ ਚਾਰ ਲੱਖ ਥੋੜ੍ਹੀ ਰਕਮ ਨਹੀਂ ਹੁੰਦੀ ਤੇ ਇਸ ਨਾਲ ਉਸਦੀਆਂ ਸੌ ਗਰਜ਼ਾਂ ਪੂਰੀਆਂ ਹੋ ਜਾਣੀਆਂ ਨੇ ਪਰ ਸ਼ੁਕਲੀ ਦੀ ਇਸ ਦਲੀਲ ਦੀ ਮੇਰੇ ਕੋਲ ਵੀ ਕੋਈ ਕਾਟ ਨਹੀਂ ਸੀ ਕਿ ਸੰਤਾਲੀ ਦੇ ਉਜਾੜੇ ਵੇਲੇ ਰਤਨ ਨੂੰ ਖਰੀਦਣ ਆਏ ਸੇਠ ਤੋਂ ਪੈਸੇ ਲੈ ਕੇ ਮੈਂ ਆਪਣੀਆਂ ਗਰਜ਼ਾਂ ਕਿਉਂ ਪੂਰੀਆਂ ਨਹੀਂ ਸਨ ਕੀਤੀਆਂ? ਉਹ ਉਲਟਾ ਮੈਨੂੰ ਹੀ ਸਮਝਾ ਰਹੀ ਸੀ ਕਿ ਬੱਚੇ ਨੂੰ ਨੌਂ ਮਹੀਨੇ ਕੁੱਖ ਵਿਚ ਰੱਖ ਕੇ ਕੁਝ ਰੁਪਏ ਬਦਲੇ ਵੇਚਣ ਵਾਲੀ ਮਾਂ ਦੀ ਮਜਬੂਰੀ ਨੂੰ ਸਮਝਣ ਦੀ ਲੋੜ ਹੈ। ਖੁਸ਼ੀ ਨਾਲ ਕੌਣ ਆਪਣੇ ਢਿੱਡ ਦੀ ਆਂਦਰ ਕੱਢ ਕੇ ਕਿਸੇ ਨੂੰ ਦਿੰਦਾ ਹੈ।

ਮੈਨੂੰ ਸ਼ੁਕਲੀ ਤੇ ਰਾਮ ਪਿਆਰੀ ਮੇਰੇ ਅੰਦਰ ਵਿਚ ਰਲ-ਗੱਡ ਹੋਈਆਂ ਵਿਖਾਈ ਦਿੱਤੀਆਂ ਤਾਂ ਮੈਂ ਉਹ ਕੁਝ ਨਾ ਬੋਲ ਸਕੀ ਜੋ ਮੇਰਾ ਪਰਿਵਾਰ ਮੇਰੇ ਮੂੰਹੋ ਸੁਨਣਾ ਚਾਹੁੰਦਾ ਸੀ। ਮੇਰੀ ਚੁੱਪ ਵੇਖ ਕੇ ਰਤਨ ਨੇ ਮੈਨੂੰ ਪਾਸੇ ਲਿਜਾ ਕੇ ਕਿਹਾ ਕਿ ਬੇਬੇ ਹੁਣ ਤਾਂ ਗੱਲ ਸਸਤੇ ਵਿੱਚ ਬਣ ਰਹੀ ਹੈ। ਕੋਈ ਇਸ ਤੋਂ ਵੱਧ ਪੈਸੇ ਦੇ ਕੇ ਸਾਡੇ ਤੋਂ ਇਹ ਮੌਕਾ ਖੋਹ ਸਕਦਾ ਹੈ।

"ਭਾਈ ਜਦੋਂ ਤੁਸੀ ਆਪਣੀ ਮਰਜ਼ੀ ਹੀ ਕਰਨੀ ਹੈ ਤਾਂ ਮੈਨੂੰ ਕਿਉਂ ਕੰਡਿਆਂ ਤੋਂ ਘਸੀਟਦੇ ਹੋ।" ਮੈਥੋਂ ਕੁਝ ਰੁੱਖੇ ਸ਼ਬਦਾਂ ਵਿਚ ਕਿਹਾ ਗਿਆ ਸੀ। ਮੇਰਾ ਰੌਂਅ ਵੇਖ ਕੇ ਰਤਨ ਨੇ ਡਾਕਟਰ ਨੂੰ ਘਰ ਜਾ ਕੇ ਸਲਾਹ ਕਰਨ ਦੀ ਗੱਲ ਕਹਿ ਦਿੱਤੀ ਸੀ। ਘਰ ਜਾਂਦਿਆਂ ਰਸਤੇ ਵਿਚ ਇਸ ਤਰ੍ਹਾਂ ਦੀ ਚੁੱਪ ਛਾਈ ਰਹੀ ਜਿਵੇਂ ਅਸੀਂ ਇਕ ਦੂਜੇ ਨਾਲ ਲੜੇ ਹੋਏ ਹੋਈਏ।

ਸ਼ੁਕਲੀ ਨੇ ਕਿਸੇ ਮਜਬੂਰ ਔਰਤ ਦੀ ਕੁੱਖ ਕਿਰਾਏ 'ਤੇ ਲੈਣ ਲਈ ਹਾਂ ਨਾ ਭਰੀ ਤਾਂ ਮੈਂ ਵੀ ਘਰ ਪਹੁੰਚ ਕੇ ਕੁਝ ਮਹੀਨੇ ਹੋਰ ਉਡੀਕਣ ਤੇ ਲੁਧਿਆਣੇ ਦੇ ਵੱਡੇ ਹਸਪਤਾਲ ਵਿਚ ਦੁਬਾਰਾ ਚੈਕਅੱਪ ਕਰਾਉਣ ਦੀ ਸਲਾਹ ਦੇ ਦਿੱਤੀ। ਮੇਰੇ ਪੋਤੇ ਹਰੀਸ਼ ਤੋਂ ਇਲਾਵਾ ਇਸ ਵਾਰ ਦੀ ਸਲਾਹ ਕਿਸੇ ਵੀ ਜਣੇ ਨੂੰ ਪਸੰਦ ਨਹੀਂ ਸੀ ਆਈ। ਭਾਵੇਂ ਉਹ ਮੇਰੇ ਨਾਲ ਨਰਾਜ਼ਗੀ ਨੂੰ ਖੁਲ੍ਹ ਕੇ ਪ੍ਰਗਟਾਉਣ ਦੇ ਮਾਮਲੇ ਵਿਚ ਸੰਕੋਚ ਵਰਤ ਰਹੇ ਸਨ ਪਰ ਇਹ ਇਸ਼ਾਰੇ ਹੀ ਇਸ਼ਾਰੇ ਵਿਚ ਇਹ ਪ੍ਰਗਟ ਹੋਣ ਲੱਗ ਪਈ ਸੀ। ਦਾਤੇ ਦੀ ਮਿਹਰ ਹੋਵੇਗੀ ਜਾਂ ਨਹੀਂ ਹੋਵੇਗੀ, ਇਸ ਗੱਲ ਦੀ ਮੈਂ ਉਹਨਾਂ ਨੂੰ ਗਰੰਟੀ ਵੀ ਤਾਂ ਨਹੀਂ ਦੇ ਸਕਦੀ...ਇਸ ਲਈ ਮੈਨੂੰ ਲੱਗ ਰਿਹਾ ਸੀ ਕਿ ਦੇਰ ਸਵੇਰ ਉਹ ਮੇਰੀ ਸਹਿਮਤੀ ਤੋਂ ਬਗੈਰ ਵੀ ਉਹ ਆਪਣੀ ਇੱਛਾ ਪੂਰੀ ਕਰ ਹੀ ਲੈਣਗੇ। ਮੇਰਾ ਪੁੱਤਰ ਰਤਨ ਲਾਲ ਮੇਰੇ ਮਨ ਦੀ ਹਾਲਤ ਨੂੰ ਸਮਝਦਾ ਸੀ, ਇਸ ਲਈ ਉਸ ਸਾਰੇ ਪਰਿਵਾਰ ਨੂੰ ਕਹਿ ਦਿੱਤਾ ਸੀ ਕਿ ਬੇਬੇ 'ਤੇ ਹਾਂ ਕਰਾਉਣ ਲਈ ਕੋਈ ਦਬਾਅ ਨਾ ਪਾਇਆ ਜਾਵੇ, ਉਹ ਆਪੇ ਮਨਾ ਲਵੇਗਾ ਮੈਨੂੰ।

ਰਤਨ ਨੇ ਆਪਣੇ ਵੱਲੋਂ ਮੈਨੂੰ ਮਨਾਉਣ ਦੀ ਕੋਸ਼ਿਸ਼ ਵੀ ਬਹੁਤ ਕੀਤੀ ਸੀ, "ਬੇਬੇ ਹੁਣ ਜ਼ਮਾਨਾ ਬਹੁਤ ਅੱਗੇ ਲੰਘ ਗਿਐ... ਦੁੱਧ ਤੇ ਪੁੱਤ ਨਾ ਵੇਚਣ ਦੀਆਂ ਕਹਾਵਤਾਂ ਪੁਰਾਣੀਆਂ ਹੋ ਗਈਆਂ ਨੇ। ਹੁਣ ਤਾਂ ਕਿਰਾਏ ਤੇ ਕੁੱਖ ਲੈਣ ਦੀ ਗੱਲ ਆਮ ਹੋ ਗਈ ਐ... ਤੂੰ ਕਰਨ ਦੇ

ਜੁਆਕ ਜਿਵੇਂ ਕਰਦੇ ਨੇ।”

ਉਸ ਵੇਲੇ ਹਿਰਖ ਤਾਂ ਮੈਨੂੰ ਰਤਨ ਤੇ ਵੀ ਆਇਆ ਸੀ ਪਰ ਮੈਂ ਉਸਨੂੰ ਬੋਲ ਕੇ ਕੁਝ ਨਹੀਂ ਸੀ ਸੁਣਾਇਆ। ਕਿੰਨੇ ਜਫਰ ਜਾਲੇ ਨੇ ਮੈਂ ਇਸ ਨੂੰ ਪਾਲਣ ਲਈ, ਹੁਣ ਇਹ ਵੀ ਨਵੇਂ ਜ਼ਮਾਨੇ ਦਾ ਪੱਖਦਾਰ ਬਣਿਆ ਖੜਿ ਐ... ਮੈਨੂੰ ਪੁਰਾਣੇ ਜ਼ਮਾਨੇ ਦੀ ਦੱਸ ਰਿਹੈ। ਅੱਗ ਲੱਗੇ ਇਹੋ ਜਿਹੇ ਜ਼ਮਾਨੇ ਨੂੰ ਜਿੱਥੇ ਮਾਂ ਦੀ ਕੁੱਖ ਵੀ ਵਿਕਾਊ ਬਣ ਗਈ ਐ। ਠੀਕ ਹੈ ਰਾਮ ਪਿਆਰੀ ਕਿਸੇ ਮਜਬੂਰੀ ਵੱਸ ਇਹ ਹੂਲਾ ਫੱਕ ਰਹੀ ਐ... ਉਸਦੀ ਮਜਬੂਰੀ ਮੇਰੀ ਮਜਬੂਰੀ ਤੋਂ ਵੱਡੀ ਤਾਂ ਨਹੀਂ ਹੋਵੇਗੀ... ਨਾਲੇ ਇਸ ਗੱਲ ਦੀ ਕੀ ਗਰੰਟੀ ਐ ਕਿ ਉਸਦਾ ਨਸ਼ੇੜੀ ਪਤੀ ਮਿਲੇ ਪੈਸਿਆਂ ਦੀ ਵਰਤੋਂ ਆਪਣੇ ਹੋਰ ਜੁਆਕਾਂ ਨੂੰ ਪੜ੍ਹਾਉਣ-ਲਿਖਾਉਣ ਲਈ ਕਰੇਗਾ ਜਾਂ ਉਨ੍ਹਾਂ ਨੂੰ ਆਪਣੇ ਨਸ਼ਿਆਂ ਵਿਚ ਫੂਕ ਸੁੱਟੇਗਾ। ਮੈਂ ਤਾਂ ਹੁਣ ਕੰਧੀ ਉੱਤੇ ਰੁੱਖੜਾ ਹਾਂ, ਤੁਸੀਂ ਤੁਰੋ ਭਾਈ ਨਵੇਂ ਜ਼ਮਾਨੇ ਨਾਲ.... ਮੈਂ ਤਾਂ ਪੁਰਾਣੇ ਜ਼ਮਾਨੇ ਦੀ ਈ ਚੰਗੀ ਆਂ।

ਮੈਂ ਕਿਹੜਾ ਆਪਣੇ ਪੋਤੇ ਦੀ ਦੁਸ਼ਮਣ ਆਂ, ਸਾਲ ਛੇ ਮਹੀਨੇ ਹੋਰ ਸਬਰ ਕਰਨ ਲਈ ਕਿਹੈ, ਮੈਂ ਤਾਂ ਉਹ ਵੀ ਨਾ ਕਹਿੰਦੀ, ਪਰ ਮੇਰੇ ਅੰਦਰ ਬੈਠੀ ਸ਼ੁਕਲੀ ਨੇ ਮੈਥੋਂ ਬਦੋਬਦੀ ਕਹਾ ਲਿਆ ਸੀ। ਅਜਿਹੇ ਮੌਕੇ ‘ਤੇ ਉਹ ਮੈਨੂੰ ਹਿੰਦੂ ਮੱਲ ਕੋਟ ਦੇ ਸ਼ਰਨਾਰਥੀ ਕੈਂਪ ਵਿਚ ਲਿਆ ਖੜ੍ਹਾ ਕਰਦੀ ਹੈ ਤੇ ਫਿਰ ਹਰ ਵੇਲੇ ਮੇਰੀਆਂ ਅੱਖਾਂ ਅੱਗੇ ਉਹ ਸੀਨ ਆਉਣ ਲੱਗਦਾ ਹੈ ਜਦੋਂ ਮੇਰੇ ਹਾਲਾਤ ਵੀ ਰਾਮ ਪਿਆਰੀ ਵਾਲੇ ਬਣ ਗਏ ਸਨ। ਹੁਣ ਤਾਂ ਰਾਤੀਂ ਸੁਪਨਿਆਂ ਵਿਚ ਵੀ ਉਹ ਸੀਨ ਆਉਣ ਲੱਗੇ ਨੇ। ਪਰਸੋਂ ਰਾਤੀਂ ਪਤਾ ਨਹੀਂ ਮੈਂ ਸੁੱਤੀ ਸਾਂ ਜਾਗਦੀ, ਇਕ ਡਰਾਉਣੇ ਜਿਹੇ ਸੁਪਨੇ ਨੇ ਮੇਰੀਆਂ ਚੀਕਾਂ ਕਢਾ ਦਿੱਤੀਆਂ। ਮੈਥੋਂ ਮੇਰੇ ਰਤਨ ਨੂੰ ਖੋਂਹਦੇ ਸੋਨੇ ਦੀਆਂ ਮੁੰਦਰੀਆਂ ਵਾਲੇ ਹੱਥ ਮੈਨੂੰ ਸਾਮਰਤੱਖ ਉਸੇ ਤਰ੍ਹਾਂ ਵਿਖਾਈ ਦਿੱਤੇ ਸਨ, ਜਿਸ ਤਰ੍ਹਾਂ ਦੇ ਮੈਂ ਉਹ ਕੈਂਪ ਵਿਚ ਵੇਖੇ ਸਨ। ਇਹਨਾਂ ਹੱਥਾਂ ਵਿਚ ਨੋਟਾਂ ਦੀ ਵੱਡੀ ਸਾਰੀ ਗੁੱਟੀ ਸੀ ਤੇ ਕੈਂਪ ਦਾ ਮੈਨੇਜਰ ਮੈਨੂੰ ਵਾਰ ਵਾਰ ਇਹ ਨੋਟਾਂ ਦੀ ਗੁੱਟੀ ਫੜ੍ਹਣ ਲਈ ਕਹਿ ਰਿਹਾ ਸੀ। ਮੇਰੀ ਛਾਤੀ ਨਾਲ ਲੱਗਿਆ ਰਤਨ ਮਿਆਂਕੀ ਜਿਹੀ ਅਵਾਜ਼ ਵਿਚ ਰੋ ਰਿਹਾ ਸੀ ਤੇ ਮੈਂ ਉੱਚੀ ਉੱਚੀ ਚੀਕ ਰਹੀ ਸਾਂ, “ਮੈਂ ਨਹੀ ਦੇਵਾਂਗੀ ਆਪਣਾ ਲਾਲ ਤੁਹਾਨੂੰ... ਮੈਨੂੰ ਨਹੀਂ ਚਾਹੀਦੇ ਤੁਹਾਡੇ ਨੋਟ।”

ਮੈਨੂੰ ਬੇ- ਸੁਰਤੀ ਵਿਚ ਚੀਕਦਿਆਂ ਵੇਖ ਕੇ ਨਾਲ ਦੇ ਕਮਰੇ ਵਿਚੋਂ ਆਏ ਹਰੀਸ਼ ਨੇ ਮੈਨੂੰ ਝੰਜੋੜ ਕੇ ਜਗਾਇਆ ਸੀ। ‘ਕੀ ਗੱਲ ਹੋ ਗਈ, ਬੇਬੇ ਕੌਣ, ਤੈਥੋਂ ਕੀ ਖੋਹ ਰਿਹਾ ਐ?

“ਐਵੇਂ ਦਬਾਅ ਜਿਹਾ ਆ ਗਿਆ ਸੀ... ਕੁਝ ਨਹੀਂ ਹੋਇਆ ਮੈਨੂੰ...ਸੌਂ ਜਾ ਹੁਣ ਤੂੰ, ਆਪਾਂ ਭਲਕੇ ਕੋਈ ਸਲਾਹ ਕਰਾਂਗੇ।” ਮੈਂ ਉਸਨੂੰ ਇਸ ਤਰ੍ਹਾਂ ਦਿਲਾਸਾ ਦਿੱਤਾ ਸੀ ਜਿਵੇਂ ਮੈਂ ਸਵੇਰੇ ਉਠਦਿਆਂ ਹੀ ਉਸਨੂੰ ਉਸਦੀ ਮਰਜ਼ੀ ਪੁਗਾਉਣ ਦੀ ਆਗਿਆ ਦੇਣੀ ਹੋਵੇ।

ਇਕ ਹਰੀਸ਼ ਐ ਜੋ ਘਰ ਵਿਚ ਮੈਨੂੰ ਆਪਣੇ ਨਾਲ ਨਰਾਜ਼ ਨਹੀਂ ਲੱਗਦਾ ਪਰ ਮੈਨੂੰ ਲੱਗਦੈ ਕਿ ਨਿਸ਼ਾ ਦੇ ਮੂੰਹੋਂ ਮੈਨੂੰ ਅੱਜ ਨਹੀਂ ਕਿਹਾ ਤਾਂ ਕੱਲ੍ਹ ਇਹ ਜਿਹੇ ਤਲਖੀ ਭਰੇ ਬੋਲ ਸੁਣਨੇ ਹੀ ਪੈਣਗੇ ਕਿ ਤੂੰ ਆਪਣੀ ਹਿੰਡ ਤੇ ਪੱਕੀ ਰਹਿ ਬੇਬੇ ਸਾਡੀਆਂ ਖੁਸ਼ੀਆਂ ਨਾਲ ਤੈਨੂੰ ਕੀ?

ਹਰੀਸ਼ ਦੇ ਚਲੇ ਜਾਣ ਤੋਂ ਬਾਦ ਕੈਂਪ ਦੀਆ ਯਾਦਾਂ ਨੇ ਮੈਨੂੰ ਫਿਰ ਆਪਣੇ ਨਾਲ ਜੋੜ ਲਿਐ। ਜਦੋਂ ਮੇਰੇ ਗਰਭ ਵਿਚਲਾ ਮੇਰਾ ਪੁੱਤ ਰਤਨ ਤਿੰਨ ਚਾਰ ਮਹੀਨੇ ਦਾ ਸੀ ਤਾਂ ਮੈਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਦੇਸ਼ ਦੀ ਵੰਡ ਦੇ ਨਾਂ ਤੇ ਸਾਨੂੰ ਆਪਣੀ ਪੁਰਖਿਆਂ ਦੀ ਭੋਇੰ ਛੱਡ ਕੇ ਏਧਰ ਆਉਣਾ ਪਵੇਗਾ। ਮੇਰੇ ਜਣੇਪੇ ਦੇ ਨੇੜੇ ਪਹੁੰਚ ਕੇ ਵਿਚ ਸਾਨੂੰ ਇਹ ਕਨਸੋਆਂ ਮਿਲਣ ਤਾਂ ਲੱਗ ਪਈਆਂ ਸਨ ਕਿ ਸਾਡਾ ਉਜਾੜਾ ਨਿਸ਼ਚਿਤ ਹੋ ਗਿਆ ਹੈ ਪਰ ਬੱਚੇ ਦੇ ਜਨਮ ਨੂੰ ਤਾਂ ਅਸੀਂ ਅੱਗੇ ਨਹੀਂ ਸਾਂ ਪਾ ਸਕਦੇ। ਭਲਾ ਹੋਵੇ ਰਹਿਮਤੋ ਦਾਈ ਦੇ ਸਾਰੇ ਪਰਿਵਾਰ ਦਾ ਜਿਸ ਬਲਦੀ ਅੱਗ ਵਿਚ ਵੀ ਮੇਰਾ ਜਾਪਾ ਕਰਵਾਇਆ ਸੀ। ਇਕ ਜਣੇਪੇ ਦੀਆਂ ਪੀੜਾਂ ਤੇ ਦੂਜਾ ਚਾਰੇ ਪਾਸਿਉਂ ਆਉਂਦੀਆਂ ਵਢਾਂਗੇ ਦੀਆਂ ਖ਼ਬਰਾਂ ਨੇ ਸਾਡਾ ਸਾਹ ਸੁਕਾਇਆ ਹੋਇਆ ਸੀ। ਜਦੋਂ ਸਾਡੇ ਘਰ ਦੀ ਗਲੀ ਤੋਂ ਦੋ ਗਲੀਆਂ ਛੱਡ ਕੇ ਸਾਡੇ ਸ਼ਰੀਕੇ ਦਾ ਟੱਬਰ ਦੰਗਈਆਂ ਹੱਥੋਂ ਮਾਰਿਆ ਗਿਆ ਤਾਂ ਕੱਚੇ ਜਣੇਪੇ ਵਿਚ ਰਾਤੋਂ ਰਾਤ ਪਿੰਡ ਛੱਡਣਾ ਸਾਡੀ ਮਜਬੂਰੀ ਬਣ ਗਈ ਸੀ। ਭਾਵੇਂ ਸਾਨੂੰ ਆਸ ਸੀ ਕਿ ਕੁਝ ਠੰਢ-ਠੰਢਾ ਵਰਤਣ 'ਤੇ ਅਸੀਂ ਛੇਤੀਂ ਹੀ ਵਾਪਸ ਆਪਣੇ ਘਰ ਪਰਤ ਆਵਾਂਗੇ।

ਜਦੋਂ ਮੈਂ, ਮੇਰਾ ਪਤੀ ਤੇ ਮੇਰੀ ਸੱਸ ਮਿਲਟਰੀ ਦੀ ਦੇਖ ਰੇਖ ਵਿੱਚ ਰੇਲ ਗੱਡੀ ਰਾਹੀਂ ਹਿੰਦੁਸਤਾਨ ਵਾਲੇ ਪਾਸੇ ਦੇ ਇਸ ਰਾਹਤ ਕੈਂਪ ਵਿਚ ਪਹੁੰਚੇ ਤਾਂ ਮੇਰੀ ਗੋਦ ਵਿਚਲੇ ਰਤਨ ਦੀ ਉਮਰ ਸਿਰਫ ਦਸ ਦਿਨ ਸੀ। ਚਾਰੇ ਪਾਸੇ ਖਿਲਰੀਆਂ ਲਾਸ਼ਾਂ ਦੇ ਉਪਰੋਂ ਲੰਘ ਕੇ ਆਉਣ ਅਤੇ ਭਵਿੱਖ ਦੇ ਸਹਿਮ ਕਾਰਨ ਮੇਰੀਆਂ ਛਾਤੀਆਂ ਵਿਚਲਾ ਦੁੱਧ ਵੀ ਸੁੱਕ ਗਿਆ ਸੀ। ਭਾਵੇਂ ਮੈਂ ਕੈਂਪ ਵਿਚ ਲੱਗੇ ਲੰਗਰ ਵਿਚ ਲਿਆਂਦੀ ਕਾਲੀ ਟੀਟ ਚਾਹ ਦੀਆਂ ਬੂੰਦਾਂ ਉਸਦੇ ਮੂੰਹ ਵਿਚ ਪਾ ਕੇ ਉਸਦੀ ਭੁੱਖ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੀ ਪਰ ਉਹ ਸਾਰਾ ਦਿਨ ਰੀਂਅ ਰੀਂਅ ਕਰਨੋ ਨਾ ਹੱਟਦਾ। ਕਿਸੇ ਵੇਲੇ ਉਸਦਾ ਪਿੰਡਾ ਤਾਪ ਨਾਲ ਭੱਖਣ ਲੱਗ ਪੈਂਦਾ ਤਾਂ ਮੈਂ ਹੋਰ ਵੀ ਡਰ ਜਾਂਦੀ। ਮੈਂ ਮਨ ਹੀ ਮਨ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰਦੀ ਕਿ ਸਾਰਾ ਕੁਝ ਤਾਂ ਤੂੰ ਸਾਥੋਂ ਖੋਹ ਲਿਆ ਹੈ। ਸਾਡੇ ਜਿਉਂਦਾ ਰੱਖਣ ਲਈ ਆਹ ਇਕ ਟੀਂਗ ਬੱਚੀ ਹੈ। ਇਸ ਨੂੰ ਤਾਂ ਨਾ ਖੋਹ।

ਦਸ ਬਾਰਾਂ ਦਿਨ ਦੇ ਬਾਲ ਦਾ ਸਰੀਰ ਤਪਦਾ ਵੇਖ ਮੇਰਾ ਰੋਣ ਨਹੀਂ ਸੀ ਰੁੱਕ ਰਿਹਾ। ਮੇਰਾ ਪਤੀ ਭਾਵੇਂ ਮੇਰੇ ਵਾਂਗ ਉੱਚੀ ਤਾਂ ਨਹੀਂ ਸੀ ਰੋ ਰਿਹਾ ਪਰ ਅੰਦਰੋ ਉਹ ਵੀ ਪੂਰਾ ਕਲਪ ਰਿਹਾ ਸੀ। ਕੈਂਪ ਦਾ ਮੈਨੇਜਰ ਇਕ ਬੁਖਾਰ ਉਤਾਰਣ ਵਾਲੀ ਗੋਲੀ ਮੈਨੂੰ ਦੇ ਗਿਆ ਤੇ ਬੱਚੇ ਦੀ ਉਮਰ ਮੁਤਾਬਿਕ ਇਸ ਦਾ ਚੌਥਾ ਹਿੱਸਾ ਪਾਣੀ ਵਿਚ ਘੋਲ ਕੇ ਦੇਣ ਦੀ ਹਿਦਾਇਤ ਵੀ ਕਰ ਗਿਆ ਸੀ। ਰਤਨ ਨੂੰ ਗੋਲੀ ਦੇਣ ਤੋਂ ਅੱਧੇ ਕੁ ਘੰਟੇ ਬਾਅਦ ਉਸ ਅੱਖ ਪੁੱਟੀ ਤਾਂ ਸਾਡੇ ਸਾਹ ਵਿਚ ਸਾਹ ਆਇਆ। ਸ਼ਾਇਦ ਸਾਡੇ 'ਤੇ ਟੁੱਟੇ ਮੁਸੀਬਤਾਂ ਦੇ ਪਹਾੜ ਨੂੰ ਵੇਖ ਕੇ ਕੁਦਰਤ ਨੇ ਉਸਨੂੰ ਕੁਝ ਦਿਨਾਂ ਦੀ ਉਮਰ ਵਿਚ ਹੀ ਸੰਘਰਸ਼ ਦੀ ਗੁੜ੍ਹਤੀ ਦੇ ਦਿੱਤੀ ਸੀ।

ਅਗਲੀ ਸਵੇਰ ਉਸ ਭੈਂਗੇ ਜਿਹੇ ਮੈਨੇਜਰ ਨੇ ਮੇਰੇ ਪਤੀ ਤੇ ਮੈਨੂੰ ਆਪਣੇ ਦਫ਼ਤਰ ਵਿਚ ਬੁਲਾ ਲਿਆ ਸੀ। ਉਸਦੇ ਕੋਲ ਆਪਣੇ ਦੋਵੇਂ ਹੱਥਾਂ ਦੀਆਂ ਉਂਗਲਾਂ ਵਿਚ ਸੋਨੇ ਦੀਆਂ ਮੁੰਦਰੀਆਂ ਪਾਈ ਇਕ ਮੋਟਾ ਜਿਹਾ ਸੇਠ ਤੇ ਉਸਦੀ ਪਤਨੀ ਵੀ ਬੈਠੀ ਸੀ। ਮੈਨੇਜਰ ਨੇ ਬਿਨਾਂ

ਕਿਸੇ ਵੱਲ ਫੇਰ ਤੋਂ ਸਿੱਧਾ ਹੀ ਕਿਹਾ ਸੀ 'ਇਹ ਨੇ ਸੇਠ ਹੁਕਮ ਚੰਦ ਤੇ ਇਨ੍ਹਾਂ ਦੀ ਧਰਮ ਪਤਨੀ, ਪ੍ਰਮਾਤਮਾ ਨੇ ਇਨ੍ਹਾਂ ਨੂੰ ਸਭ ਕੁਝ ਦਿੱਤੈ ਪਰ ਇਹਨਾਂ ਦੀ ਵੱਡੀ ਜਾਇਦਾਦ ਨੂੰ ਸੰਭਾਲਣ ਵਾਲਾ ਕੋਈ ਵਾਰਸ ਨਹੀਂ ਐ... ਜੇ ਤੁਸੀਂ ਆਪਣਾ ਮੁੰਡਾ ਇਹਨਾਂ ਨੂੰ ਦੇਣ ਲਈ ਤਿਆਰ ਹੋ ਤਾਂ ਇਹ ਤੁਹਾਨੂੰ ਹੁਣੇ ਦੋ ਹਜਾਰ ਦੇਣ ਨੂੰ ਤਿਆਰ ਨੇ... ਤੁਹਾਡਾ ਮੁੰਡਾ ਲੱਖਾਂ ਵਿੱਚ ਖੇਡੇਗਾ।" ਮੈਨੇਜਰ ਇਸ ਤਰ੍ਹਾਂ ਕਿਹਾ ਸੀ ਜਿਵੇਂ ਸਾਡੇ ਤੇ ਕੋਈ ਅਹਿਸਾਨ ਕਰ ਰਿਹਾ ਹੋਵੇ।

ਆਪਣੇ ਪਤੀ ਤੋਂ ਪਹਿਲਾ ਹੀ ਮੈਂ ਬੋਲ ਪਈ ਸਾਂ ..."ਅਸੀਂ ਤਾਂ ਪਹਿਲਾਂ ਹੀ ਰੱਬ ਵੱਲੋਂ ਮਾਰੇ ਲੋਕ ਹਾਂ, ਰੱਬ ਦਾ ਵਾਸਤਾ ਜੇ ਸਾਨੂੰ ਮਰਿਆਂ ਨੂੰ ਹੋਰ ਨਾ ਮਾਰੋ... ਸਾਰਾ ਕੁਝ ਲੁਟਾ ਕੇ ਇੱਥੇ ਪਹੁੰਚੇ ਹਾਂ... ਸਾਡੇ ਜਿਉਣ ਦਾ ਆਹੀ ਤਾਂ ਸਹਾਰਾ ਹੈ... ਸਾਡੇ ਨਾਲ ਇਹ ਜ਼ੁਲਮ ਨਾ ਕਰੋ ਮਾਲਕੋ।"

"ਥੋਡੀ ਮਰਜ਼ੀ ਐ, ਮੈਂ ਤਾਂ ਤੁਹਾਡੇ 'ਤੇ ਤਰਸ ਕਰਕੇ ਹੀ ਕਿਹਾ ਸੀ। ਤੁਸੀਂ ਇਸ ਵੇਲੇ ਆਪਣੇ ਬਿਮਾਰ ਬੱਚੇ ਦੀ ਠੀਕ ਸੰਭਾਲ ਕਰਨ ਦੀ ਸਥਿਤੀ ਵਿਚ ਨਹੀਂ ਓ... ਨਾਲੇ ਤੁਹਾਡੀ ਨੌਜਵਾਨ ਉਮਰ ਹੈ ਤੁਹਾਡੀ, ਜਦੋਂ ਸੈਟ ਹੋ ਗਏ ਤਾਂ ਹੋਰ ਬੱਚੇ ਵੀ ਪੈਦਾ ਹੋ ਜਾਣਗੇ... ਸੇਠ ਜੀ ਇਸ ਗੱਲ ਲਈ ਵੀ ਤਿਆਰ ਨੇ ਕਿ ਤੁਸੀਂ ਜਦੋਂ ਚਾਹੋਂ ਆਪਣੇ ਬੱਚੇ ਨੂੰ ਮਿਲਣ ਆ ਸਕਦੇ ਹੋ।"

"ਸਾਨੂੰ ਮੁਆਫ ਕਰ ਦਿਉ ਮਾਲਕੋ... ਭਲਾ ਪੁੱਤ ਵੀ ਕਿਸੇ ਨੇ ਵੇਚੇ ਨੇ... ਜਿਨ੍ਹਾਂ ਚਿਰ ਮੈਂ ਜਿਉਂਦੀ ਹਾਂ... ਮੈਂ ਇਸਨੂੰ ਆਪਣੇ ਤੋਂ ਵੱਖ ਨਹੀਂ ਕਰਾਂਗੀ।" ਮੈਂ ਬਿਨਾਂ ਉਸਦਾ ਕੋਈ ਹੋਰ ਪ੍ਰਤੀਕ੍ਰਮ ਉਡੀਕੇ ਦਫ਼ਤਰ ਤੋਂ ਬਾਹਰ ਆ ਗਈ ਸਾਂ। ਮੇਰੇ ਪਤੀ ਵੀ ਮੇਰੇ ਪਿੱਛੇ ਹੀ ਆ ਗਏ ਸਨ। ਉਸ ਦਿਨ ਤੋਂ ਬਾਅਦ ਰਾਹਤ ਕੈਂਪ ਵਿਚ ਆਈ ਰਾਹਤ ਵੰਡਣ ਵੇਲੇ ਸਾਡੇ ਨਾਲ ਹੁੰਦੇ ਵਿਤਕਰੇ ਨੂੰ ਅਸੀਂ ਮਹਿਸੂਸ ਤਾਂ ਕਰਨ ਲੱਗ ਪਏ ਸਾਂ ਪਰ ਮੁੜ-ਵਸੇਬਾ ਵਿਭਾਗ ਵੱਲੋਂ ਸਾਨੂੰ ਰਹਿਣ ਲਈ ਕੋਈ ਹੋਰ ਠਿਕਾਣਾ ਦਿੱਤੇ ਜਾਣ ਤੋਂ ਪਹਿਲਾਂ ਅਸੀਂ ਇਹ ਕੈਂਪ ਛੱਡ ਵੀ ਤਾਂ ਨਹੀਂ ਸਾਂ ਜਾ ਸਕਦੇ। ਏਨੇ ਵਰ੍ਹੇ ਬੀਤ ਗਏ ਨੇ ਇਸ ਗੱਲ ਨੂੰ ਪਰ ਮੇਰੇ ਅੰਦਰਲੀ ਸ਼ੁਕਲੀ ਨੂੰ ਉਸ ਮਾੜੇ ਵਕਤ ਦਾ ਪਲ-ਪਲ ਯਾਦ ਹੈ। ਇਸੇ ਲਈ ਉਹ ਆਪਣੀ ਕੁੱਖ ਕਿਰਾਏ ਤੇ ਦੇਣ ਵਾਲੀ ਰਾਮ ਪਿਆਰੀ ਦੇ ਦਰਦ ਨੂੰ ਆਪਣਾ ਦਰਦ ਹੀ ਸਮਝਦੀ ਐ। ਜਦੋਂ ਸ਼ੁਕਲੀ ਮੈਨੂੰ ਮੇਰੇ ਅਤੀਤ ਵਿਚ ਲੈ ਜਾਂਦੀ ਹੈ ਤਾਂ ਇਕ ਤਰ੍ਹਾਂ ਨਾਲ ਮੈਂ ਉਸਦੇ ਅਧੀਨ ਹੋ ਜਾਂਦੀ ਹਾਂ।

ਸਾਨੂੰ ਮਿਲੇ ਪਿਛਲੀ ਜ਼ਮੀਨ ਦੇ ਕਲੇਮ ਤੇ ਮੇਰੇ ਪਤੀ ਦੀ ਮਿਹਨਤ ਨੇ ਸਾਡੇ ਪਰਿਵਾਰ ਦੀਆਂ ਅਰਥਿਕ ਜੜ੍ਹਾਂ ਛੇਤੀ ਵੀ ਨਵੀਂ ਧਰਤੀ ਵਿਚ ਲਾ ਦਿੱਤੀਆਂ ਸਨ ਪਰ ਏਧਰ ਆਉਣ ਤੋਂ ਬਾਅਦ ਉਨ੍ਹਾਂ ਬਾਈ ਕੁ ਸਾਲ ਹੀ ਸਾਡਾ ਸਾਥ ਨਿਭਾਇਆ। ਬਾਅਦ ਵਿਚ ਮੈਂ ਹੀ ਮਰਦ ਬਣ ਕੇ ਸਾਰਾ ਘਰ ਪਰਿਵਾਰ ਸੰਭਾਲਿਆ। ਰਤਨ ਦੇ ਵਿਆਹ ਤੋਂ ਬਾਅਦ ਮੈਂ ਗੋਭਲੇ ਜਿਹੇ ਪੋਤੇ ਹਰੀਸ਼ ਦੀ ਦਾਦੀ ਬਣ ਗਈ ਤਾਂ ਮੈਨੂੰ ਪਿਛਲੇ ਸਾਰੇ ਦੁੱਖ ਭੁੱਲ ਗਏ ਸਨ। ਹਰੀਸ਼ ਦਾ ਵਿਆਹ ਵੀ ਮੈਂ ਆਪਣੇ ਹੱਥੀ ਕੀਤਾ ਸੀ। ਰਤਨ ਵਾਂਗ ਵਿਕਣ ਤਾਂ ਮੈਂ ਉਸਨੂੰ ਵੀ ਨਹੀਂ ਸੀ

ਦਿੱਤਾ। ਮੇਰੀ ਭਰਾ ਨੇ ਆਪਣੀ ਸਾਲੇ ਦੀ ਕੁੜੀ ਦਾ ਰਿਸ਼ਤਾ ਹਰੀਸ਼ ਲਈ ਲੈਣ ਲਈ ਮੇਰੇ 'ਤੇ ਬਹੁਤ ਦਬਾਅ ਪਾਇਆ ਸੀ, ਗੱਡੀ ਦੇ ਨਾਲ ਲੱਖਾਂ ਰੁਪਏ ਦਾ ਦਾਜ ਦਿਵਾਉਣ ਦਾ ਲਾਲਚ ਦਿੱਤਾ ਸੀ ਪਰ ਮੈਂ ਭਰਾ ਦੇ ਦਬਾਅ ਨੂੰ ਦਰ-ਕਿਨਾਰ ਕਰਦਿਆਂ ਹਰੀਸ਼ ਦੀ ਆਪਣੀ ਪਸੰਦ 'ਤੇ ਹੀ ਮੋਹਰ ਲਾਈ ਸੀ। ਹੁਣ ਹਰੀਸ਼ ਤੇ ਨਿਸ਼ਾ ਦੀ ਪ੍ਰੇਸ਼ਾਨੀ ਮੈਥੋਂ ਵੇਖੀ ਨਹੀਂ ਜਾਂਦੀ... ਪਰ ਕੀ ਕਰਾਂ! ਮੈਂ ਆਪਣਾ ਪੁੱਤ ਉਹਨਾਂ ਵੇਲਿਆਂ ਵਿੱਚ ਨਹੀਂ ਵੇਚਿਆ ਜਦੋਂ ਆਪਣੀ ਜਾਨ ਬਚਾਉਣ ਲਈ ਮਾਵਾਂ ਆਪਣੇ ਪੁੱਤਾਂ ਨੂੰ ਵੀ ਸਿਆਨਣੋ ਹੱਟ ਗਈਆਂ ਸਨ, ਹੁਣ ਮੈਂ ਕਿਸੇ ਹੋਰ ਮਜਬੂਰ ਮਾਂ ਦੀ ਕੁੱਖ ਕਿਵੇਂ ਖਰੀਦ ਸਕਦੀ ਆਂ?

ਠੀਕ ਹੈ ਖਰੀਦੀ ਕੁੱਖ ਵਿਚ ਬੀਅ ਸੇਠੀ ਖਾਨਦਾਨ ਦਾ ਹੀ ਹੋਵੇਗਾ ਪਰ ਹਰ ਜੀਵ ਦਾ ਨਾੜੂਆਂ ਤਾਂ ਆਪਣੀ ਮਾਂ ਦੇ ਸਰੀਰ ਨਾਲ ਹੀ ਜੁੜਿਆ ਹੁੰਦੈ। ਮੈਂ ਮਨ ਬਣਾ ਲਿਐ ਕਿ ਜੇ ਮੇਰੇ ਪਰਿਵਾਰ ਨੇ ਰਾਮ ਪਿਆਰੀ ਦੀ ਕੁੱਖ ਕਿਰਾਏ 'ਤੇ ਨਾ ਲਈ ਤਾਂ ਮੈਂ ਆਪਣੇ ਵੱਲੋਂ ਉਸਦੀ ਬਣਦੀ ਸਰਦੀ ਆਰਥਿਕ ਮੱਦਦ ਜ਼ਰੂਰ ਕਰਾਂਗੀ।

ਮਨ ਬਹੁਤ ਉਚਾਟ ਹੋ ਗਿਆ ਤਾਂ ਸੋਟੀ ਦਾ ਸਹਾਰਾ ਲੈ ਕਿ ਨੇੜਲੇ ਦੁਰਗਾ ਮਾਤਾ ਦੇ ਮੰਦਰ ਵਿਚ ਮੱਥਾ ਟੇਕਣ ਚੱਲੀ ਗਈ ਹਾਂ। ਉੱਥੇ ਮੇਰੀ ਪੁਰਾਣੀ ਸਹੇਲੀ ਊਸ਼ਾ ਮਿਲ ਪਈ ਤਾਂ ਦੁੱਖ ਸੁੱਖ ਕਰਦਿਆਂ ਦੋ ਤਿੰਨ ਘੰਟੇ ਲੱਗ ਗਏ। ਵਾਪਸ ਘਰ ਆਈ ਤਾਂ ਝਾੜੂ ਪੋਚੇ ਦਾ ਕੰਮ ਕੰਮ ਕਰਨ ਵਾਲੀ ਬੰਸੋ ਤੋਂ ਬਗੈਰ ਘਰੇਂ ਕੋਈ ਵੀ ਨਹੀਂ ਹੈ। ਰਤਨ ਤਾਂ ਚਲੋ ਫੈਕਟਰੀ ਤੋਂ ਆਉਂਦਾ ਹੀ ਲੇਟ ਹੈ ਪਰ ਬਾਕੀ ਜੀਅ ਮੈਨੂੰ ਬਿਨਾਂ ਕੁੱਝ ਦੱਸੇ ਪੁੱਛੇ ਕਿੱਥੇ ਚਲੇ ਗਏ? ਬੰਸੋ ਤੋਂ ਪੁੱਛਿਆ ਤਾਂ ਉਸ ਏਨਾਂ ਹੀ ਕਿਹਾ ਕਿ ਸਾਰੇ ਸ਼ਾਮ ਸੱਤ ਵਜੇ ਤੱਕ ਪਰਤ ਆਉਣਗੇ। ਉਸ ਥਰਮਸ ਵਿਚ ਪਾ ਕੇ ਰੱਖੀ ਚਾਹ ਵਿੱਚੋਂ ਪਿਆਲੀ ਭਰ ਕੇ ਮੇਰੇ ਅੱਗੇ ਰੱਖ ਦਿੱਤੀ ਹੈ।

ਬੰਸੋ ਦੀ ਗੱਲ ਸੁਣ ਕੇ ਇਕ ਵਾਰ ਤਾਂ ਮੈਨੂੰ ਬਹੁਤ ਗੁੱਸਾ ਆਇਐ।..... ਅੱਗੇ ਤਾਂ ਉਨ੍ਹਾਂ ਕਦੇ ਅਜਿਹਾ ਨਹੀਂ ਕੀਤਾ... ਸਵੇਰੇ ਤਾਂ ਰਤਨ ਕਹਿੰਦਾ ਸੀ "ਬੇਬੇ ਅੱਜ ਮਾਂ ਦਿਹਾੜੇ ਸ਼ਾਮ ਨੂੰ ਮਨਾਵਾਂਗੇ ਤੇ ਮੈਂ ਅੱਗੋਂ ਹੱਸ ਕੇ ਕਿਹਾ ਕਿਹਾ ਸੀ,' ਭਾਈ ਤੁਹਾਡੇ ਨਵੇਂ ਯੁੱਗ ਦੇ ਚੋਚਲੇ ਐ' ਮੇਰੀ ਤਾਂ ਉਮਰ ਅੱਸੀ ਸਾਲ ਦੀ ਹੋਗੀ ਆਹ ਚਾਰ ਪੰਜ ਚਾਰ ਸਾਲ ਤੋਂ ਤੁਹਾਡੇ ਤੋਂ ਈ ਸੁਣਿਐ ਆਹ ਦਿਹਾੜਾ ਦਹੂੜਾ ਜਿਹਾ। ਤੁਸੀਂ ਹੱਸਦੇ ਖੇਡਦੇ ਦਿੱਸੋਂ ਭਾਈ ਮਾਵਾਂ ਦੀ ਖੁਸ਼ੀ ਤਾਂ ਇਸੇ ਵਿਚ ਈ ਐ।"

"ਲੈ ਕਿੱਥੇ ਦਿਹਾੜਾ ਮਨਾਉਣ ਦੀ ਗੱਲ ਤੇ ਕਿੱਥੇ ਬਾਹਰ ਜਾਣ ਲੱਗਿਆਂ ਵੀ ਮਾਂ ਉਨ੍ਹਾਂ ਨੂੰ ਯਾਦ ਈ ਨਹੀਂ ਰਹੀ। ਘਰ ਵਿਚ ਐਨੀ ਗਈ ਗੁਜਰੀ ਹੋ ਗਈ ਹਾਂ ਕਿ ਕੋਈ ਬਾਹਰ ਜਾਣ ਲੱਗਿਆ ਮੈਨੂੰ ਦੱਸਣਾ ਵੀ ਮੁਨਾਸਿਬ ਨਾ ਸਮਝੇ। ਮੈਂ ਅਨੁਮਾਨ ਲਾ ਲਿਆ ਹੈ ਕਿ ਉਹ ਜ਼ਰੂਰ ਡਾਕਟਰ ਰਜਨੀ ਦੇ ਕਲੀਨਿਕ ਵਿਚ ਰਾਮ ਪਿਆਰੀ ਨਾਲ ਸੌਦਾ ਪੱਕਾ ਕਰਨ ਹੀ ਗਏ ਹੋਣਗੇ। ਨਹੀਂ ਮੈਥੋਂ ਚੋਰੀ ਜਾਣ ਦਾ ਕੀ ਮਤਲਬ। ਫਿਰ ਸੋਚਿਆ ਮਨਾਂ ਹੁਣ ਤੂੰ ਕੁਝ ਨਾ ਹੀ ਬੋਲ... ਜਿੰਨੇ ਦਿਨ ਜ਼ਿੰਦਗੀ ਦੇ ਰਹਿੰਦੇ ਨੇ ਚੁੱਪ ਕਰਕੇ ਕੱਟ ਲੈ... ਹੁਣ ਤਾਂ ਸਾਰੇ ਤੇਰੀ ਭੋਰਾ ਸ਼ਰਮ ਵੀ ਕਰਦੇ ਨੇ ਜੇ ਤੂੰ ਆਪਣੀ ਪੁਗਾਉਣ ਲੱਗ ਪਈ ਤਾਂ ਇਹ ਸ਼ਰਮ ਵੀ ਚਲੀ ਜਾਵੇਗੀ।

ਮੈਂ ਥੱਕੀ ਜਿਹੀ ਮੰਜੇ 'ਤੇ ਢਹਿ ਪਈ ਹਾਂ, ਜਿਵੇਂ ਮੇਰੇ ਵਿਚ ਹੁਣ ਸਾਹ-ਸਤ ਹੀ ਨਾ ਹੋਵੇ। ਸੋਚ ਰਹੀ ਹਾਂ ਮੈਂ ਹੁਣ ਸਾਰਾ ਕੁਝ ਕੁਦਰਤ 'ਤੇ ਹੀ ਛੱਡ ਦੇਣਾ ਹੈ... ਜੋ ਹੋਣਾ ਹੈ, ਹੋਵੇ... ਜੋ ਕੁਦਰਤ ਨੂੰ ਮਨਜੂਰ ਹੈ, ਉਸਨੂੰ ਮੈਂ ਰੋਕ ਵੀ ਕਿਵੇਂ ਸਕਦੀ ਹਾਂ।

"ਭਾਈ ਜਿਵੇਂ ਤੁਹਾਨੂੰ ਸਾਰਿਆਂ ਨੂੰ ਚੰਗਾ ਲੱਗਾ, ਤੁਸੀਂ ਉਵੇਂ ਹੀ ਕੀਤਾ ਹੈ... ਮੈਂ ਵੀ ਤੁਹਾਡੇ ਨਾਲ ਹੀ ਹਾਂ।" ਮੈਂ ਇਹ ਕਹਿਣ ਲਈ ਮੈਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਤਿਆਰ ਕਰ ਲਿਆ ਹੈ।

ਸੱਤ ਕੁ ਵਜੇ ਦਰਵਾਜ਼ੇ ਦੀ ਘੰਟੀ ਵੱਜੀ ਹੈ। ਮੈਂ ਮਰੇ ਜਿਹੇ ਕਦਮੀਂ ਦਰਵਾਜ਼ਾ ਖੋਲ੍ਹਿਆ ਹੈ। ਉਹ ਸਾਰੇ ਜਣੇ ਦਰਵਾਜ਼ੇ 'ਤੇ ਖੜ੍ਹੇ ਨੇ।

"ਬੇਬੇ ਤੇਲ ਨਹੀਂ ਚੋਵੇਂਗੀ... ਤੇਰਾ ਪੜਪੋਤਾ ਪਹਿਲੀ ਵਾਰ ਘਰ ਆਇਐ।" ਮੈਂ ਹੈਰਾਨੀ ਨਾਲ ਉਨ੍ਹਾਂ ਵੱਲ ਵੇਖਿਆ ਹੈ। ਹਰੀਸ਼ ਦੇ ਪੱਛੇ ਖੜ੍ਹੀ ਨਿਸ਼ਾ ਅੱਗੇ ਆ ਗਈ ਹੈ। ਇਹ ਵੇਖ ਕੇ ਮੇਰੀਆਂ ਅੱਖਾਂ ਟੱਡੀਆਂ ਰਹਿ ਗਈਆਂ ਨੇ ਕਿ ਉਸਦੀ ਗੋਦ ਵਿਚ ਡੇਢ ਦੋ ਸਾਲ ਦਾ ਗੋਭਲਾ ਜਿਹਾ ਮੁੰਡਾ ਵੀ ਹੈ।

"ਹੈਂ ! ਆਹ ਕੀ"

ਮੈਂ ਹੈਰਾਨ ਜਿਹੇ ਹੋਈ ਬੋਲੀ ਬੋਲੀ ਹਾਂ। ਮੈਨੂੰ ਹੈਰਾਨ ਵੇਖ ਕੇ ਸਾਰੇ ਮੁਸਕਰਾ ਰਹੇ ਹਨ।

"ਬੇਬੇ ਐਵੈਂ ਘਬਰਾ ਨਾ... ਅਸੀਂ ਕਿਸੇ ਦੀ ਗੋਦ ਸੁੰਨੀ ਨਹੀਂ ਕੀਤੀ ਸਗੋਂ ਕਿਸੇ ਬੱਚੇ ਦੇ ਸਿਰ ਤੋਂ ਗੁਆਚੀ ਮਾਂ ਦੇ ਪਿਆਰ ਦੀ ਛੱਤ ਉਸਨੂੰ ਵਾਪਸ ਕੀਤੀ ਐ... ਇਹ ਬੱਚਾ ਅਸੀਂ ਅਨਾਥ ਆਸ਼ਰਮ ਵਿੱਚੋਂ ਗੋਦ ਵਿੱਚ ਲਿਐ... ਇਸ ਵਿਚਾਰੇ ਦੇ ਮਾਂ-ਬਾਪ ਤਿੰਨ ਕੁ ਮਹੀਨੇ ਪਹਿਲੇ ਇਕ ਸੜਕ ਹਾਦਸੇ ਵਿਚ ਮਾਰੇ ਗਏ ਸਨ ਤੇ ਇਸਦੇ ਰਿਸ਼ਤੇਦਾਰ ਇਸਨੂੰ ਅਨਾਥ ਆਸ਼ਰਮ ਵਿਚ ਛੱਡ ਗਏ ਸਨ।

ਮੇਰਾ ਦੋਹੇਂ ਹੱਥ ਆਪਣੇ ਆਪ ਇੱਕੋ ਸਮੇ ਹਰੀਸ਼ ਤੇ ਨਿਸ਼ਾ ਦੇ ਸਿਰ 'ਤੇ ਟਿਕ ਗਏ ਨੇ ਤੇ ਮੇਰੇ ਮੂੰਹੋ ਅਸੀਸ ਨਿੱਕਲੀ ਹੈ।

"ਜਿਉਂਦੇ ਰਹੋ ਵਧੋ ਫੁੱਲੋ... ਮੇਰੀ ਰਹਿੰਦੀ ਵੀ ਤੁਹਾਨੂੰ ਲੱਗ ਜਾਵੇ।"

"ਬੇਬੇ, ਮੈਂ ਤੇਰੇ ਖੇਡਣ ਲਈ ਇਹ ਖਿਡਾਉਣਾ ਖਾਨਦਾਨ ਨੂੰ ਅੱਗੇ ਤੋਰਨ ਦੀ ਨੀਤ ਨਾਲ ਨ੍ਹੀ ਸਗੋਂ ਕਿਸੇ ਬੇ-ਸਹਾਰਾ ਬੱਚੇ ਨੂੰ ਸਹਾਰਾ ਦੇਣ ਦੇ ਲਈ ਘਰੇ ਲਿਆਂਦੈ।"

ਭਾਵੇਂ ਹਰੀਸ਼ ਆਪਣੀ ਨਵੀਂ ਸੋਚ ਦਾ ਪ੍ਰਗਟਾਵਾ ਕਰਨ ਤੇ ਮੈਨੂੰ ਛੇੜਨ ਤੋਂ ਬਾਜ ਨਹੀਂ ਆਇਆ ਪਰ ਨਿਸ਼ਾ ਨੇ ਆਪਣੀ ਗੋਦ ਵਿਚੋਂ ਉਤਾਰ ਕੇ ਬੱਚਾ ਮੇਰੀ ਗੋਦ ਵਿਚ ਪਾ ਦਿੱਤੈ , "ਲੈ ਬੇਬੇ ਤੇਰੇ ਦਿਹਾੜੇ ਦਾ ਗਿਫਟ।"

" ਮੇਰਾ ਲਾਲ, ਮੇਰਾ ਰਤਨ !" ਮੈਂ ਪਰਿਵਾਰ ਵੱਲੋਂ ਦਿੱਤੇ ਗਿਫਟ ਦਾ ਮੂੰਹ ਚੁੰਮਣ ਤੋਂ ਬਾਅਦ ਉਸਨੂੰ ਆਪਣੀ ਹਿੱਕ ਨਾਲ ਲਾ ਲਿਆ ਹੈ।

ਕਹਾਣੀ

# ਡੋਪਾਮਾਈਨ

**-ਅਲ.ਫਾਜ਼**

ਘਬਰਾਹਟ ਦਾ ਸਿਖਰ ਸੀ। ਮੂੰਹ ਸੁੱਕ ਰਿਹਾ ਸੀ ਤੇ ਜਾਨ ਲੱਤਾਂ 'ਚ ਆ ਗਈ ਸੀ। ਇੰਝ ਜਾਪ ਰਿਹਾ ਸੀ ਕੋਈ ਬੁਰਕ ਭਰ ਰਿਹਾ ਹੈ। ਰਹਿ ਰਹਿ ਕੇ ਖਿਝ ਆ ਰਹੀ ਸੀ। ਸਾਲਾ ਕੋਈ ਵੱਸ ਵੀ ਨਹੀਂ ਸੀ। ਬੈੱਡ 'ਤੇ ਲੇਟਿਆ ਕਦੇ ਏਧਰ ਪਾਸਾ ਮਾਰ ਛੱਡਦਾ ਕਦੇ ਉਧਰ। ਉੱਠਣ ਦੀ ਸੱਤਿਆ ਖ਼ਤਮ ਸੀ। ਤਲਬ ਲੱਗੀ ਪਈ ਸੀ। ਮਨ ਕਰਦਾ ਸੀ ਕਿ ਫੋਨ ਦੀ ਸਕਰੀਨ ਭੰਨ ਦੇਵਾਂ।ਪਰ ਕਿਉਂ? ਏਹਦਾ ਕੀ ਕਸੂਰ। ਲੱਖ ਰੁਪਈਆ ਐਵੇਂ ਤਾਂ ਨਹੀਂ ਲਾਇਆ ਸੀ। ਗੈਲਰੀ ਖੋਲ੍ਹੀ ਫੋਟੋਆਂ ਵੇਖਣ ਦੀ ਕੋਸ਼ਿਸ਼ ਕਰੀ ਪਰ ਮੱਚਦੀ ਕਾਹਲ? ਨੇ ਕੁਝ ਨਾ ਕਰਨ ਦਿੱਤਾ। ਪੋਰਟਰੇਟ ਮੋਡ 'ਚ ਖਿੱਚੀਆਂ ਫੋਟੋਆਂ ਵੀ ਚੁਭਦੀਆਂ ਲੱਗੀਆਂ। ਏਹਦਾ ਵੀ ਕੀ ਫ਼ਾਇਦਾ। ਨੈੱਟ ਬਿਨਾ ਤਾਂ ਡੱਬਾ ਈ ਆ।

ਸਿਮਰ ਖਿਝਿਆ ਪਿਆ ਸੀ। ਉਹਨੂੰ ਲੱਗਾ ਉਹਦੀ ਜਾਨ ਨਿਕਲ ਜਾਣੀ ਆ। ਜਾਨ ਹਲ਼ਕ 'ਚ ਸੀ। ਕਲੇਜਾ ਮੂੰਹ ਨੂੰ ਆ ਰਿਹਾ ਸੀ।

"ਰੋਟੀ ਲੈ ਕੇ ਆਵਾਂ..." ਮੰਮੀ ਨੇ ਪੁੱਛਿਆ

"ਨਹੀਂ ਮੈਂ ਨਹੀਂ ਖਾਣੀ" ਉਹਨੇ ਤਲਖੀ ਨਾਲ ਜਵਾਬ ਦਿੱਤਾ।

"ਕਿਉਂ ਕੀ ਹੋਇਆ?" ਮੰਮੀ ਨੇ ਦੁਬਾਰਾ ਪੁੱਛਿਆ ਤਾਂ ਹੋਰ ਖਿਝ ਗਿਆ ਤੇ ਬੋਲਿਆ, ਜਦੋਂ ਕਹਿ–ਤਾ ਨਹੀਂ ਖਾਣੀ, ਆਪੇ ਖਾ ਲੂੰ ਜਦੋਂ ਮਨ ਹੋਇਆ।"

ਘਰਦਿਆਂ ਨੂੰ ਕਿੰਨੀ ਵਾਰ ਕਿਹਾ, "ਵਾਈ ਫਾਈ ਲਵਾ ਲਈਏ।" ਪਰ ਨਹੀਂ, ਅਖੇ 'ਕੇਹੜਾ ਘਰ ਰਹਿਣਾ ਹੁੰਦਾ ਆ? ਹੋਰ ਖ਼ਰਚਾ ਵਧਾਉਣਾ। ਵਰਤਣਾ ਤਾਂ ਹੈ ਨਹੀਂ ਜਦੋਂ ਲੋੜ ਈ ਹੈ ਨਹੀਂ, ਕੀ ਕਰਨਾ।"

"ਮੰਨਦੇ ਕੇਹੜਾ ਹੈਗੇ।"

ਲੰਮਾ ਸਾਹ ਲੈ ਕੇ ਸਿਮਰ ਨੇ ਫੇਰ ਸਹਿਜ ਹੋਣ ਦੀ ਕੋਸ਼ਿਸ ਕੀਤੀ। ਪਾਣੀ ਪੀਣ ਲੱਗਾ ਤਾਂ ਹਲਕ ਤੋ ਥੱਲੇ ਨਹੀਂ ਗਿਆ। ਬੱਸ ਭੱਜ ਜਾਣਾ ਚਾਹੁੰਦਾ ਸੀ।

ਸਰਕਾਰ ਵੀ ਭੈਣ ਚੋ... ਜਦੋਂ ਜੀਅ ਕਰਦਾ ਨੈੱਟ ਬੰਦ ਕਰ ਦਿੰਦੀ ਆ, ਇਹ ਸਾਲ਼ੀ ਕੀ ਗੱਲ।

ਇੰਸਟਾਗ੍ਰਾਮ ਖੋਲ੍ਹਦਾ ਤਾਂ ਇੱਕੋ ਰੀਲ ਵਾਰ ਵਾਰ ਘੁੰਮ ਰਹੀ ਸੀ ਕਿ ਇੰਟਰਨੈੱਟ ਸੇਵਾਵਾਂ ਅਗਲੇ 24 ਘੰਟਿਆਂ ਲਈ ਮੁਲਤਵੀ।

ਟਾਇਮ ਵੇਖਿਆ ਤਾਂ 4 ਵੱਜਣ ਵਾਲੇ ਸੀ।

ਢਾਈ ਕੁ ਵਜੇ ਖ਼ਬਰ ਪੜ੍ਹੀ ਸੀ ਕਿ ਸਰਕਾਰ ਨੇ ਇਲਾਕੇ ਦੀਆਂ ਇੰਟਰਨੈੱਟ ਸੇਵਾਵਾਂ ਅਗਾਊਂ ਡਰ ਦੇ ਮੱਦੇਨਜ਼ਰ ਠੱਪ ਕਰ ਦਿੱਤੀਆਂ ਨੇ।

ਐਂਕਰ ਉੱਚੀ ਉੱਚੀ ਚੀਕ ਰਿਹਾ ਸੀ ਕਿ ਸਰਕਾਰ ਨੇ ਸੰਭਾਵੀ ਖ਼ਤਰੇ ਨੂੰ ਭਾਂਪਦਿਆਂ ਇੰਟਰਨੈੱਟ ਸੇਵਾਵਾਂ ਠੱਪ ਕਰ ਦਿੱਤੀਆਂ ਨੇ, ਪੁਲਸ ਮੁਸਤੈਦ ਆ ਤੇ ਹਜ਼ਾਰਾਂ ਜਵਾਨ ਸੁਰੱਖਿਆ ਲਈ ਤਾਇਨਾਤ ਕਰ ਦਿੱਤੇ ਨੇ। ਲੋਕਾਂ ਨੂੰ ਬਾਹਰ ਨਾ ਨਿਕਲਣ ਤੇ ਘਰਾਂ ਚ ਰਹਿਣ ਦੀ ਅਪੀਲ ਕੀਤੀ ਜਾ ਰਹੀ ਸੀ।

ਮੰਮੀ ਹੋਰਾਂ ਦੇ ਫੋਨ ’ਤੇ ਤਾਂ ਉਦੋਂ ਈ ਨੈੱਟ ਬੰਦ ਹੋ ਗਿਆ ਸੀ ਪਰ ਉਹ ਖੁਸ਼ ਸੀ ਕਿ ਉਹਦਾ ਚੱਲ ਰਿਹਾ ਹਾਲੇ।

ਪਰ ਤਿੰਨ ਕੁ ਵਜੇ ਸਿਮਰ ਦਾ ਫੋਨ ਵੀ ਡੱਬਾ ਹੋ ਗਿਆ। ਕੁਝ ਵੀ ਖੋਲ੍ਹਦਾ ਤਾਂ ਲੋਡਿੰਗ ਆਉਣ ਲੱਗ ਪੈਂਦੀ। ਦੱਸ ਪੰਦਰਾਂ ਮਿੰਟ ਟੱਕਰਾਂ ਮਾਰਿਆ। ਫੋਨ ਐਰੋਪਲੇਨ ਮੋਡ ’ਤੇ ਲਾਇਆ। ਬੰਦ ਕਰਕੇ ਚਲਾਇਆ ਪਰ ਉਹਦੇ ਫੋਨ ’ਤੇ ਨੈੱਟ ਬੰਦ ਹੋ ਚੁੱਕਾ ਸੀ। ਕੇਰਾਂ ਤਾਂ ਖੁਸ਼ ਹੋਣ ਦੀ ਕੋਸ਼ਿਸ਼ ਕਰੀ ਕਿ ਚਲੋ ਖਹਿੜਾ ਛੁਟੂ...ਪਰ ਏਹ ਨਿਰਾ ਪੁਰਾ ਵਹਿਮ ਈ ਸੀ। ਥੋੜ੍ਹੇ ਟਾਈਮ ਬਾਅਦ ਅੰਦਰ ਖੋਹ ਪੈਣ ਲੱਗੀ। ਭੱਜ ਕੇ ਕੋਠੇ ਚੜ੍ਹਿਆ ਪਰ ਹਵਾ ਫੰਧੇ ਵਾਂਗ ਜਾਪੀ। ਉਹਨੂੰ ਲੱਗਾ ਖੁੱਲ੍ਹੇ ਆਸਮਾਨ ’ਚ ਵੀ ਦਮ ਘੁੱਟਿਆ ਜਾਣਾ ਆ।

ਉਹਨੂੰ ਲੱਗਾ ਕਿ ਸਭ ਝੂਠ ਆ ਤੇ ਹੁਣੇ ਨੈੱਟ ਚਲ ਪੈਣਾ ਆ। ਫੇਰ ਸਕਰੀਨ ਵੇਖੀ ਲੋਡਿੰਗ ਆ ਰਹੀ ਸੀ... ਉਹ ਖਿਝਿਆ।

ਸਿਰ ਉੱਤੋਂ ਦੀ ਪੰਛੀਆਂ ਦੀ ਡਾਰ ਲੰਘੀ ਤੇ ਜਾਪਿਆ ਜਿਵੇਂ ਚਿੜਾ ਰਹੀ ਆ।

ਇੱਕੋਦਮ ਘੁੰਮਣਘੇਰੀ ਆਈ ਤੇ ਉਹਦਾ ਸਿਰ ਚਕਰਾਉਣ ਲੱਗਾ, ਸਿਮਰ ਨੂੰ ਫੇਰ ਲੱਗਾ ਕਿ ਵੱਤ ਆ ਜਾਣਗੇ।

ਉਹ ਥੱਲੇ ਉੱਤਰਨ ਲੱਗਾ ਤੇ ਪੈਰ ਗੱਡੇ ਤੋਂ ਵੀ ਭਾਰੇ ਲੱਗੇ। ਜਾਪ ਰਿਹਾ ਸੀ ਗਿੱਟਿਆਂ ਨਾਲ ਜਿਵੇਂ ਵੱਟੇ ਬੰਨ੍ਹ ਦਿੱਤੇ ਹੋਣ। ਉਹ ਮਸੀਂ ਈ ਥੱਲੇ ਉੱਤਰਿਆ। ਆ ਕੇ ਬੈੱਡ ’ਤੇ ਪਿਆ। ਕੁਝ ਪੜ੍ਹਨ ਦੀ ਕੋਸ਼ਿਸ਼ ਕੀਤੀ ਪਰ ਉਹਨੂੰ ਖਿਝ ਈ ਚੜ੍ਹ ਰਹੀ ਸੀ।

ਉਹਨੂੰ ਆਪਣੀ ਹਾਲਾਤ ਰੁਲਦੂ ਕੇ ਗੋਲੇ ਵਰਗੀ ਲੱਗੀ ਜੋ ਨਸ਼ੇ ਬਿਨਾਂ ਸੜਕ ’ਤੇ ਗਿੱਟੇ ਰਗੜ ਰਿਹਾ ਸੀ ਤੇ ਉੱਥੇ ਆਪਣੀ ਮਾਂ ਨੂੰ ਉੱਚੀ ਉੱਚੀ ਗਾਲ਼ਾਂ ਦੇ ਰਿਹਾ ਸੀ।ਮਾਂ ਚੁੰਨੀ ਹੱਥਾਂ ’ਚ ਫੜੀ ਕਦੇ ਗੋਲੇ ਦੇ ਪੈਰਾਂ ’ਚ ਰੱਖਦੀ ਤੇ ਕਦੇ ਲੋਕਾਂ ਦੇ।

“ਮੇਰਾ ਪੁੱਤ ਬਚਾਲੋ।ਵੇ ਲੋਕੋ ! ਬਚਾਲੋ ਵੇ।ਇਹਨੂੰ ਕੀ ਹੋਈ ਜਾਂਦਾ।”

ਲੋਕ ਦੇਖਦੇ ਤੇ ਅੱਗੇ ਤੁਰਦੇ ਬਣਦੇ। ਕਈ ਦੰਦੀਆਂ ਕੱਢਦੇ ਤੇ ਕਈ ਮਾਂ ਦੀ ਹਾਲਤ ’ਤੇ ਤਰਸ ਕਰਦੇ।

ਸਿਮਰ ਟੋਲ਼ ਤੋਂ ਉੱਤਰ ਕੇ ਘਰ ਵੱਲ ਨੂੰ ਆ ਰਿਹਾ ਸੀ ਜਦੋਂ ਉਹਨੇ ਗੋਲਾ ਲਿਟਦਾ ਵੇਖਿਆ ਸੀ। ਕੇਰਾਂ ਤਾਂ ਗਾਲ਼ ਜੇਹੀ ਦੇ ਕੇ ਉਹ ਵੀ ਅੱਗੇ ਜਾਣ ਲੱਗਾ ਪਰ ਫੇਰ ਪਤਾ ਨ੍ਹੀ ਉਹਦੇ ਮਨ ’ਚ ਕੀ ਆਇਆ। ਉਹਨੇ ਬਾਬੇ ਕੇ ਮਣੇ ਨੂੰ ਆਵਾਜ਼ ਵਾਰ ਕੇ ਗੋਲੇ ਨੂੰ ਘਰ ਛੱਡਣ ਦਾ ਫੈਸਲਾ ਕੀਤਾ।

“ਕੁੱਤੀਏ ਮੈਨੂੰ ਨਸ਼ਾ ਲਿਆ ਦੇ... ਮੈਂ ਮਾਰ ਦੂੰ ਤੈਨੂੰ” ਗੋਲਾ ਆਪਣੀ ਮਾਂ ਨੂੰ ਲਗਾਤਾਰ

ਗਾਲ੍ਹਾਂ ਦੇ ਰਿਹਾ ਸੀ।

ਸਿਮਰ ਨੂੰ ਪਤਾ ਨ੍ਹੀ ਕੀ ਹੋਇਆ ਉਹਨੇ ਦੋ ਚਪੇੜਾਂ ਗੋਲੇ ਦੇ ਧਰ-ਤੀਆਂ ਪਰ ਉਦੋਂ ਈ ਗੋਲੇ ਦੀ ਮਾਂ ਟੁੱਟ ਕੇ ਪੈ ਗਈ, "ਵੇ ਮਾਰਦਾ ਕਿਉਂ ਆ?"

"ਮਾਰਨਾ ਏਹਨੂੰ ਏਹ ਤਾਂ ਪਹਿਲਾਂ ਈ ਮਰਿਆ ਪਿਆ ਆ" ਗੋਲੇ ਦੀ ਮਾਂ ਟੁੱਟ ਕੇ ਪਈ ਤਾਂ ਸਿਮਰ ਨੂੰ ਲੱਗਾ ਉਹਨੇ ਬੱਜਰ ਗੁਨਾਹ ਕਰ-ਤਾ ਹੋਵੇ।

ਪਰ ਉਹ ਨਿੰਮੋਝੂਣਾ ਜਿਹਾ ਹੋ ਕੇ ਕਰ-ਕਰਾ ਕੇ ਮਣੇ ਨੂੰ ਨਾਲ ਲੈ ਕੇ ਗੋਲੇ ਨੂੰ ਘਰੇ ਛੱਡ ਆਇਆ ਸੀ।

ਗੋਲੇ ਦੀ ਸੂਰਤ ਅੱਖਾਂ ਮੂਹਰੇ ਘੁੰਮੀ ਤਾਂ ਉਹਨੂੰ ਆਵਦੇ ਤੇ ਗੋਲੇ ਚ ਫ਼ਰਕ ਨਾ ਲੱਗਾ ਕੇਰਾਂ ਤਾਂ ਲੱਗਾ ਕਿ ਗਾਲ੍ਹਾਂ ਦਵੇ ਸਭ ਨੂੰ; ਪਰ ਉਹਨੂੰ ਪਤਾ ਸੀ ਕਿ ਘਰਦਿਆਂ ਨੇ ਚਪੇੜਾਂ ਦਾ ਮੀਂਹ ਵਰ੍ਹਾ ਦੇਣਾ ਆ।

ਫੇਰ ਪਤਾ ਨ੍ਹੀ ਕੀ ਆਇਆ ਮਨ 'ਚ।ਗੱਡੀ ਦੀ ਚਾਬੀ ਚੁੱਕੀ ਤੇ "ਮੈਂ ਆਇਆ ਮੰਮੀ" ਕਹਿ ਕੇ ਚੌਕ ਨੂੰ ਤੁਰ ਪਿਆ।

ਫੋਨ ਵੱਲ ਵੇਖਦਾ ਤਾਂ ਰਹਿ ਰਹਿ ਕੇ ਖਿਝ ਆਉਂਦੀ ਦੋ ਤਿੰਨ ਕਾਲਾਂ ਤਾਂ ਆਈਆਂ ਪਰ ਚੁੱਕਣਾ ਜ਼ਰੂਰੀ ਨਾ ਸਮਝਿਆ।

ਸਨੈਕਰਜ਼ ਵਾਲਿਆਂ ਦੇ ਗਿਆ ਤਾਂ ਆਵਦਾ ਫੇਵਰਟ ਚਿਕਨ ਬਰਗਰ ਆਰਡਰ ਕਰ ਦਿੱਤਾ... ਦੇਖਿਆ ਤਾਂ ਵਾਈ ਫਾਈ ਦਾ ਸਿਗਨਲ ਸ਼ੋਅ ਹੋ ਰਿਹਾ ਸੀ। ਉਹਨੇ ਝੱਟ ਰਿਸੈਪਸ਼ਨ ਤੋ ਪਾਸਵਰਡ ਮੰਗ ਲਿਆ ਤੇ ਉਹਨਾਂ ਨੇ ਵੀ ਦੇਣ 'ਚ ਦੇਰ ਨਾ ਲਾਈ ਉਹ ਪਲਾਂ 'ਚ ਈ ਲਹਿਰਾਂ ਬਹਿਰਾਂ 'ਚ ਹੋ ਗਿਆ। ਸਰੀਰ ਹੌਲਾ ਫੁੱਲ ਵਰਗਾ ਹੋ ਗਿਆ ਤੇ ਗੱਲ੍ਹਾਂ 'ਤੇ ਲਾਲੀ ਉਮੜ ਪਈ।ਪਾਸਵਰਡ ਭਰਿਆ ਤਾਂ ਇਉਂ ਜਾਪਿਆ ਜਿਵੇਂ ਉਹ ਜੰਗਲ ਤੋ ਬਾਹਰ ਆ ਕੇ ਦੁਨੀਆ ਦੇ ਨਾਲ ਕਨੈਕਟ ਹੋ ਗਿਆ ਹੋਵੇ ਪਰ ਵਾਈ ਫਾਈ ਚੱਲ ਬਹੁਤ ਸਲੋਅ ਰਿਹਾ ਸੀ।

ਸਿਮਰ ਨੂੰ ਭੁੱਖ ਨਾਲ ਖੋਹ ਪੈਣ ਲੱਗੀ ਪਰ ਵੱਧ ਚਾਅ ਫੋਨ 'ਤੇ ਨੈੱਟ ਚੱਲਣ ਦਾ ਸੀ। ਪਰ ਨਾਲ ਹੀ ਆਵਾਜ਼ ਕੰਨੀ ਪਈ ਕਿ "ਸਰ ਖਾਣਾ ਕਿ ਪੈਕ ਕਰਨਾ?"

ਡਾਈਨਿੰਗ ਈ ਆ ਉਹਨੇ ਫੋਨ 'ਚ ਮਸਤ ਹੋਏ ਨੇ ਜਵਾਬ ਦਿੱਤਾ।

"ਸਰ ਜਲਦੀ ਖਾ ਲਉ ਰਸ਼ ਬਹੁਤ ਆ। ਉਹ ਫੈਮਿਲੀ ਖੜ੍ਹੀ ਆ। ਉਹਨਾਂ ਨੇ ਵੀ ਖਾਣਾ" ਰਿਸ਼ੈਪਸ਼ਨ ਵਾਲੇ ਨੇ ਐਵੇਂ ਕਾਹਲ਼ ਮਚਾਈ।

ਸਿਮਰ ਨੇ ਨਿਗ੍ਹਾਹ ਘੁੰਮਾਈ ਤਾਂ ਖਾਲੀ ਰਹਿਣ ਵਾਲਾ ਸਨੈਕਰਜ ਅੱਜ ਫੁੱਲ ਸੀ।ਕਸਟਮਰ ਬਹੁਤ ਸੀ ਤੇ ਸਭ ਦੀ ਨਿਗਾਹ ਖਾਣ ਨਾਲੋਂ ਜ਼ਿਆਦਾ ਫੋਨ 'ਤੇ ਸੀ।

ਸ਼ਾਇਦ ਮਾਲਿਕ ਵੀ ਨਬਜ਼ ਜਾਣ ਗਿਆ ਸੀ ਤੇ ਉਹ ਹਰੇਕ ਆਉਣ ਵਾਲੇ ਨੂੰ ਧੜਾ ਧੜ ਪਾਸਵਰਡ ਦੇ ਰਿਹਾ ਸੀ ਬਿਲਕੁਲ ਉਵੇਂ ਜਿਵੇਂ ਲੁਹਾਰੇ ਚੌਕ ਕੋਲ ਨਸ਼ਾ ਛੁਡਾਊ ਕੇਂਦਰ ਤੇ ਜੀਭ ਦੀਆਂ ਗੋਲੀਆਂ ਵਾਲਿਆਂ ਦੀ ਲਾਈਨ ਲੱਗਦੀ ਆ। ਸਿਮਰ ਨੂੰ ਆਪਣਾ ਆਪ

ਐਨਰਜੀ ਭਰਪੂਰ ਲੱਗਿਆ ਤੇ ਚਿੱਤ ਟਹਿਕਰੇ 'ਚ ਹੋ ਗਿਆ ਸੀ ਜਿਵੇਂ ਗੋਲੀਆਂ ਲੈਣ ਮਗਰੋਂ ਅਮਲੀ ਉੱਡੇ ਜਾਂਦੇ ਹੁੰਦੇ ਨੇ।

ਕੇਰਾਂ ਤਾਂ ਲੱਗਾ ਕਿ ਮੰਜਾ ਡਾਹ ਕੇ ਏਥੇ ਈ ਪੈ ਜਾਵੇ ਪਰ ਰੈਸਟੋਰੈਂਟ ਦਾ ਮਾਲਿਕ ਵੀ ਚਲਾਕ ਸੀ ਉਹ ਦਸ ਪੰਦਰਾਂ ਮਿੰਟ ਤੋਂ ਵੱਧ ਬੈਠਨ ਨਹੀਂ ਸੀ ਦੇ ਰਿਹਾ। ਕਾਰ ਤੱਕ ਆ ਕੇ ਵਾਈ ਫਾਈ ਨੈੱਟਵਰਕ ਛੱਡ ਗਿਆ।

ਉਹ ਫੇਰ ਉਦਾਸ ਹੋ ਗਿਆ। ਹੁਣੇ ਨਿਊਜ਼ ਆ ਰਹੀ ਸੀ ਕਿ ਸ਼ਾਇਦ ਦੋ ਤਿੰਨ ਦਿਨ ਹੋਰ ਨੈੱਟ ਬੰਦ ਰਹੇ। ਪੱਕਾ ਨਹੀਂ ਸੀ। ਸਰਕਾਰ ਕੋਈ ਵੀ ਰਿਸਕ ਨਹੀਂ ਲੈਣਾ ਚਾਹੁੰਦੀ ਤੇ ਹਾਲਾਤ ਦੇ ਹਿਸਾਬ ਨਾਲ ਫੈਸਲਾ ਲਿਆ ਜਾਣਾ ਸੀ ਤੇ ਹਰੇਕ ਕਦਮ ਫੂਕ ਫੂਕ ਕੇ ਧਰਿਆ ਜਾਣਾ ਸੀ।

"ਜਾ ਰੱਬਾ ਸਾਡੀ ਜਾਨ ਨਿਕਲ ਜੇ ਜਾਂ ਫਿਰ ਅਫ਼ਵਾਹ ਈ ਹੋਵੇ।" ਪਿੱਛੇ ਮੱਠੀ ਮੱਠੀ ਆਵਾਜ਼ 'ਚ ਚੱਲਦਾ ਅਮਰਿੰਦਰ ਗਿੱਲ ਦਾ ਗਾਣਾ ਕੰਨੀਂ ਪਿਆ ਰੱਬਾ! ਸੱਚੀ ਅਫ਼ਵਾਹ ਈ ਹੋਵੇ। ਸਿਮਰ ਨੇ ਮਨ ਹੀ ਮਨ ਅਰਦਾਸ ਕੀਤੀ।

"ਉਹ ਹੋ ਅੱਜ ਤਾਂ ਮਿੱਠੀ ਨਾਲ ਵੀ ਗੱਲ ਨਹੀਂ ਹੋਣੀ ਸਰਨਾ ਔਖਾ ਹੋ ਜਾਣਾ।" ਸਿਮਰ ਨੂੰ ਸਹੇਲੀ ਦੀ ਯਾਦ ਆਈ ਤਾਂ ਕਾਰ ਲੌਕ ਕਰਕੇ ਵਾਸ਼ਰੂਮ ਵੱਲ ਨੂੰ ਭੱਜਿਆ। ਏਥੇ ਨੈਟਵਰਕ ਸੀ ਵਾਈ ਫਾਈ ਦਾ ਕਾਲ ਤਾਂ ਉਹਨੇ ਏਸ ਵੇਲੇ ਚੁੱਕਣੀ ਨਹੀਂ ਵਟਸਅੱਪ ਖੋਲ੍ਹਿਆ ਤਾਂ ਲਾਸਟ ਸੀਨ ਦੋ ਵਜੇ ਦਾ ਸੀ। ਮੈਸਜ ਕੀਤੇ ਇੱਕ ਟਿੱਕ ਆ ਰਹੀ ਸੀ।

"ਹੁਣ ਕੀ ਹੋਊ" ਟੈਕਸਟ ਕਰਨ ਲੱਗਾ ਤਾਂ ਫੇਡ ਆ ਰਿਹਾ ਸੀ। ਯਾਰ ਏਹ ਤਾਂ ਹੋਰ ਵੀ ਔਖਾ, ਵੀਡਿਉ ਕਾਲ ਬਿਨ੍ਹਾਂ ਤਾਂ ਨੀਂਦ ਵੀ ਨਹੀਂ ਆਉਂਦੀ ਯਾਰ!।

ਮਿੱਠੀ ਦਾ ਅਸਲ ਨਾਮ ਤਾਂ ਸਵੀਟੀ ਸੀ ਤੇ ਸਿਮਰ ਪਿਆਰ ਨਾਲ 'ਮਿੱਠੀ' ਕਹਿੰਦਾ ਸੀ। ਗੋਲ ਮਟੋਲ ਪੰਡਿਤਾਂ ਦੀ ਕੁੜੀ ਪੂਰੀ ਬਣਦੀ-ਠਣਦੀ ਸੀ। ਪਹਿਲੀ ਵਾਰ ਦੇਖਣ ਸਾਰ ਈ ਲੱਟੂ ਹੋ ਗਿਆ ਸੀ... ਮਰ ਮਰਾ ਕੇ ਆਈ ਡੀ ਲੱਭੀ ਸੀ ਤੇ ਫੇਰ ਮਨਾਈ... ਹੁਣ ਸਾਲ ਤੋ ਉੱਤੇ ਹੋ ਚੱਲਿਆ ਸੀ ਗੱਲ ਬਣੀ ਨੂੰ ਤੇ ਸਿਮਰ ਉਹਦੇ ਸਾਹੀਂ ਸਾਹ ਲੈਂਦਾ ਸੀ। ਰੋਜ਼ ਗੱਲਾਂ ਕਰਕੇ ਸੌਣ ਦੀ ਆਦਤ ਸੀ। ਮੋਗੇ ਬੁੱਘੀਪੁਰੇ ਚੌਂਕ ਕੋਲ ਬਣੇ ਥਾਪਰ ਕਾਲਜ 'ਚ ਨਰਸਿੰਗ ਕਰਦੀ ਸੀ ਤੇ ਤੀਸਰੇ ਸਾਲ 'ਚ ਸੀ।

ਹਾਲੇ ਕੱਲ੍ਹ ਈ ਗੱਲ ਕਰਦੀ ਸੀ, "ਘਰ ਦੇ ਰਿਸ਼ਤੇ ਦੇਖਦੇ ਫਿਰਦੇ ਆ ਮੰਗਣੀ ਕਰਨ ਨੂੰ ਫਿਰਦੇ ਆ। ਵਿਆਹ ਕਹਿੰਦੇ ਸੀ ਫੇਰ ਪੜ੍ਹਾਈ ਤੋ ਬਾਅਦ ਕਰ ਦੇਵਾਂਗੇ।"

ਕੇਰਾਂ ਡਰਿਆ ਕਿ ਕਿਤੇ ਮੈਂ ਨੈੱਟ ਬੰਦ 'ਚ ਰਹਿ ਗਿਆ ਹੋਵਾਂ ਤੇ ਵੇਖਣ ਵਾਲੇ ਨਾ ਲੈ ਈ ਨਾ ਗਏ ਹੋਣ। "ਪਰ ਯਾਰ ਏਦਾਂ ਤਾਂ ਨਹੀਂ ਹੋਣਾ। ਰਿਸ਼ਤੇ ਤਾਂ ਘਰ ਦੇ ਵੇਖਦੇ ਈ ਹੁੰਦੇ ਆ। ਮੈਨੂੰ ਕੇਹੜਾ ਨਹੀਂ ਕਹਿੰਦੇ... ਨਾਲੇ ਮੇਰੀ ਸ਼ੀਂਹਣੀ ਤਾਂ ਮੇਰੇ ਨਾਲ ਆ ,ਏਦਾਂ ਨਹੀਂ ਵਿਆਹ ਕਰਵਾਉਂਦੀ ਉਹ।"

ਉਹ ਤੁਰਦਾ ਤੁਰਦਾ ਕਾਰ ਕੋਲ ਆਇਆ ਤਾਂ ਫੇਰ ਪੈਰ ਭਾਰੇ ਲੱਗੇ ਗੱਡੀ 'ਚ ਬੈਠਣ

ਦਾ ਮਨ ਨਹੀਂ ਸੀ। ਟਾਈਮ ਦੇਖਿਆ ਤਾਂ ਅੱਠ ਵੱਜਣ ਨੂੰ ਆਏ ਸੀ।

ਅੱਗੇ ਅੱਠ ਨੌਂ ਵਜੇ ਦਾ ਕਮਰੇ 'ਚ ਵੜਿਆ ਸਿਮਰ ਛੇਤੀਂ ਬਾਹਰ ਨਹੀਂ ਸੀ ਨਿਕਲਦਾ ਤੇ ਛੁੱਟੀ ਵਾਲੇ ਦਿਨ ਤਾਂ ਬਾਰ੍ਹਾਂ ਵੱਜ ਜਾਂਦੇ।

ਉਹਦੇ ਸਿਰ ਦੀ ਪੀੜ ਫ਼ੇਰ ਵਧਣ ਲੱਗੀ ਤੇ ਸਿਰ ਭਾਰਾ ਹੋਣ ਲੱਗਾ। ਪਲ ਦੀ ਖ਼ੁਸ਼ੀ ਫੇਰ ਗ਼ਮੀ ਚ ਬਦਲਣ ਲੱਗੀ।

ਐਡੀ ਰਾਤ ਕੱਢਣੀ ਕਿੱਦਾਂ ਆ? ਹਾਏ ਰੱਬਾ! ਸੋਚਾਂ ਦੇ ਘੋੜੇ ਫੇਰ ਭੱਜਣ ਲੱਗੇ।

ਇਸ ਵਾਰ ਤਾਂ ਮਾਹੌਲ ਹੋਰ ਈ ਵੇਖਿਆ। ਉਹਨੂੰ ਸਭ ਬਦਲਿਆ ਬਦਲਿਆ ਲੱਗਾ। ਟੋਲ ਤੋਂ ਟੱਪਿਆ ਤਾਂ ਲੋਕ ਸੈਰ ਕਰਨ ਨਿਕਲੇ ਹੋਏ ਸੀ। ਇਉਂ ਲੱਗਦਾ ਸੀ ਹਾਈ-ਵੇ ਨਹੀਂ ਪਾਰਕ ਆ। ਵਿਆਹੇ - ਅੱਧਖੜ ਜੋੜੇ ਫਿਰਦੇ ਸੀ... ਗੋਲਗੱਪਿਆਂ ਵਾਲੇ ਕੋਲ ਕਿੰਨੀ ਭੀੜ ਸੀ ਲੱਗਦਾ ਸਾਲ ਦਾ ਉਹਨੇ ਅੱਜ ਈ ਕਮਾ ਲੈਣਾ।

ਪੁਰਾਣੇ ਘਰ ਕੋਲ ਜਿੱਥੋਂ ਸਬ-ਵੇ ਸ਼ੁਰੂ ਹੁੰਦਾ ਉੱਥੇ ਘਰਾਂ ਦੇ ਬਾਬੇ ਦੁਕਾਨ ਕੋਲ ਬੈਠੇ ਗੱਲਾਂ ਮਾਰ ਰਹੇ ਸੀ, ਨਹੀਂ ਤਾਂ ਦੁਕਾਨ ਤੇ ਕੰਮ ਦਾ ਗਾਹਕ ਈ ਹੁੰਦਾ ਸੀ।

ਸਾਮਹਣੇ ਥੜੇ 'ਤੇ ਨੌਜਵਾਨ ਮੁੰਡੇ ਗੱਲਾਂ ਮਾਰੀ ਜਾਂਦੇ ਸੀ। ਪਰ੍ਹੇ ਆਂਟੀ ਮਨਦੀਪ ਦੋ ਤਿੰਨ ਬੁੜ੍ਹੀਆਂ ਨਾਲ ਗੱਲਾਂ ਮਾਰ ਰਹੀ ਸੀ।

ਮੀਂਹ ਤੋ ਬਾਅਦ ਜਿਵੇਂ ਕੀੜੇ ਬਾਹਰ ਨਿਕਲਦੇ ਆ। ਸਿਮਰ ਨੂੰ ਬਾਹਰ ਨਿਕਲੇ ਲੋਕ ਏਵੇ ਦਿਸੇ ਕਿਵੇਂ ਭਿਣ ਭੁਣ ਕਰਕੇ ਫਿਰਦੇ

ਉਹਦੇ ਲਈ ਸਭ ਅਲੋਕਾਰਾ ਸੀ। ਉਹਨੇ ਸੋਚਿਆ ਕਿਉਂ ਨਾ ਫਿਰਨੀ 'ਤੇ ਚੱਕਰ ਲਾਇਆ ਜਾਵੇ।

ਮੈਂ ਤਾਂ ਲੋਕ ਅੱਠ ਵਜੇ ਤੋਂ ਬਾਅਦ ਘਰਾਂ 'ਚ ਵੜੇ ਵੇਖੇ ਆ। ਸੁੰਨ ਸਰਾਂ ਪਈ ਹੁੰਦੀ ਆ ਪਰ ਅੱਜ ਤਾਂ ਗਲੀਆਂ ਚ ਰੂਹਾਂ ਧੜਕਦੀਆਂ ਲੱਗੀਆਂ।

ਪਰ ਉਹਦੀ ਕਾਹਲ? ਟਿਕਣ ਨਹੀਂ ਸੀ ਦੇ ਰਹੀ। ਸਾਰੇ ਲੋਕਾਂ 'ਚ ਇੱਕ ਗੱਲ ਸਾਂਝੀ ਦਿਸੀ। ਬਹੁਤੇ ਲੋਕ ਫੋਨ ਇਉਂ ਚੈੱਕ ਕਰ ਰਹੇ ਸੀ ਜਿਵੇਂ ਨਵ ਜੰਮੇ ਦਾ ਪੋਤੜਾ ਚੈੱਕ ਕਰੀਦਾ ਆ।

ਫਿਰਨੀ 'ਤੇ ਕਿੰਨੇ ਈ ਚਿਹਰੇ ਵੇਖੇ ਜੋ ਸਾਲਾਂ ਬਾਅਦ ਨਜ਼ਰੀ ਪਏ ਸੀ।

"ਆਹ ਕੌਣ ਆ।" ਗੌਰ ਨਾਲ ਵੇਖਿਆ ਤਾਂ ਲੰਮਿਆਂ ਦਾ ਚਰਨਾ ਸੀ। ਹੈਂਅ! ਏਹ ਤਾਂ ਬਾਬਾ ਜੇਹਾ ਬਣਿਆ ਫਿਰਦਾ ਪਛਾਣ 'ਚ ਈ ਨਹੀਂ ਆਉਂਦਾ ..ਉਹਨੂੰ ਹੱਥ ਹਿਲਾ ਕੇ ਫੇਰ ਘਰ ਵੱਲ ਨੂੰ ਆ ਗਿਆ।

ਗੱਡੀ ਲਾਈ ਤਾਂ ਇਉਂ ਜਾਪਿਆ ਕਿ ਸਿਮਰ ਮਿੱਟੀ ਵਾਂਗ ਕਿਰ ਕੇ ਬਾਹਰ ਆ ਰਿਹਾ ਹੋਵੇ।

"ਕਿੱਥੇ ਗਿਆ ਸੀ" ਮੰਮੀ ਨੇ ਪੁੱਛਿਆ।

" ਬੱਸ ਏਥੇ ਈ ਸੀ" ਅਣਮੰਨੇ ਮਨ ਨਾਲ ਜਵਾਬ ਦਿੱਤਾ।

“ਚੱਲ ਠੀਕ ਆ ਕੁਝ ਖਾ ਪੀ ਲੈ।” ਮੰਮੀ ਨੇ ਫੇਰ ਕਿਹਾ

“ਨਹੀਂ ਮੇਰਾ ਮਨ। ਬੁਲਾਉ ਨਾ ਮੈਨੂੰ” ਸਿਮਰ ਨੂੰ ਲੱਗਿਆ ਗੋਲੇ ਦੀ ਰੂਹ ਪ੍ਵੇਸ਼ ਕਰ ਰਹੀ ਆ ਤੇ ਉਹ ਹੁਣੇ ਸਭ ਨੂੰ ਗਾਲ੍ਹਾਂ ਦੀ ਧੂਹ ਵਰਾਹ ਦੇਵੇਗਾ ।

“ਮੰਮੀ, ਵਾਈ -ਫ਼ਾਈ ਲਵਾ ਲਈਏ ਹੁਣ” ਸਿਮਰ ਨੇ ਰੋਣੀ ਆਵਾਜ਼ ’ਚ ਪੁੱਛਿਆ।

“ਕੋਈ ਨਹੀਂ ਜਾਨ ਨਿਕਲਦੀ ਇੱਕ ਦਿਨ ਨਾਲ, ਚੱਲ ਈ ਪੈਣਾ, ਟਿਕਿਆ ਰਹਿ ਤੂੰ, ਘਰੇ ਟਿਕਣਾ ਨਹੀਂ ਲਵਾ ਲੋ ਵਾਈ-ਫ਼ਾਈ” ਮੰਮੀ ਚਾਰੇ ਚੁੱਕ ਕੇ ਪੈ ਗਈ।

ਸਿਮਰ ਹੂੰ ਕਰਕੇ ਅੰਦਰ ਵੜ ਗਿਆ।

“ਕੁਝ ਹੋ ਜੇ ਕੱਲ੍ਹ ਵਾਈ ਫਾਈ ਲਵਾ ਈ ਲੈਣਾ ਆ। ਭੈਣ ਚੋ। ਘਰਦੇ ਕੁਝ ਨਹੀਂ ਮੰਨਦੇ।”

“ਯਾਰ ਮਿੱਠੀ ਨੂੰ ਚੁੰਨੀ ਚੜ੍ਹਾ ਕੇ ਨਾ ਲੈ ਗਏ ਹੋਣ ਕਿਤੇ।.ਫ਼ੋਨ ਤਾਂ ਕਰ ਸਕਦੀ ਸੀ।ਕਾਲ ਤਾਂ ਲੱਗਦੀ ਈ ਆ। ਕਿਸੇ ਹੋਰ ਦੇ ਫੋਨ ਤੋਂ ਕਰ ਲੈਂਦੀ।

ਮਿੱਠੀ ਨੂੰ ਕਾਲ ਕਰਨ ਦੀ ਟਰਾਈ ਕੀਤੀ ਪਰ ਫ਼ੋਨ ਆਊਟ ਆਫ ਰੇਂਜ ਸੀ

ਮੇਰੀ ਤਾਂ ਸਟਰੀਕ ਟੁੱਟ ਜਾਣੀ ਆ ਸਨੈਪ ਚੈਟ ਤੋ। ਕਿੱਡੀ ਕਿੱਡੀ ਲੰਮੀ ਸਟਰੀਕ ਚੱਲਦੀ ਆ। ਪੰਦਰਾਂ ਸੌ ਤੋਂ ਉੱਤੇ। ਡੇਢ ਸੌ ਜਣਿਆਂ ਨਾਲ ਸਟਰੀਕ ਚੱਲਦੀ ਆ ।

ਹੁਣ ਤਾ ਰੀਸਟੋਰ ਵੀ ਪੰਜ ਜਣਿਆਂ ਨਾਲ ਹੁੰਦੀ ਆ ਨਹੀ ਏਹ ਵੀ ਪੈਸੇ ਭਾਲਦੇ ਆ।

ਸਿਮਰ ਨੂੰ ਯਾਦ ਆਇਆ ਕਿ ਅੱਜ ਤਾਂ ਟਾਈਮ ਨਾਲ ਖੇਤਾਂ ਦੀ ਸਟਰੀਕ ਪਾ ਦਿੱਤੀ ਸੀ।ਸਟਰੀਕ ਤਾਂ ਉਹਨੇ ਉਦੋਂ ਨਹੀਂ ਸੀ ਟੁੱਟਣ ਦਿੱਤੀ ਜਦੋਂ ਦਾਦੇ ਦੀ ਮੌਤ ਹੋ ਗਈ ਸੀ ..

ਰਾਤ ਨੂੰ ਦਾਦੇ ਦੀ ਮੌਤ ਹੋ ਗਈ ਸੀ ਤੇ ਕੇਰਾਂ ਉਹਨੂੰ ਧੁੜਕੂ ਲੱਗ ਗਿਆ ਸੀ ਤੇ ਫੇਰ ਸੁਬਹ ਉੱਠਣ ਸਾਰ ਉਹਨੇ ਡਾਰਕ ਕਰ ਕੇ ਸਟਰੀਕ ਪਾ ਦਿੱਤੀ ਸੀ ਰਿਸ਼ਤੇਦਾਰਾਂ ਦੇ ਆਉਣ ਤੋ ਪਹਿਲਾਂ ਪਹਿਲਾਂ ।

ਦਸ ਦਿਨ ਸੁਬਹ ਉੱਠ ਕੇ ਡਾਰਕ ਸਟਰੀਕ ਪਾਈ ਰੱਖਦਾ ਪਰ ਸਟਰੀਕ ਟੁੱਟਣ ਨਾ ਦਿੱਤੀ ਸੀ ..ਰੋਟੀ ਖਾਣੀ ਤਾਂ ਛੱਡ ਸਕਦਾ ਪਰ ਸਟਰੀਕ ਨਾ ਛੱਡਦਾ। ਕੇਰਾਂ ਚਿੱਤ ਕਰਿਆ ਕਿ ਸੋਨੀ ਦਾ ਜੇ ਬਾਹਰੋਂ ਫੋਨ ਆ ਜਾਵੇ ਤਾਂ ਉਹਨੂੰ ਪਾਸਵਰਡ ਦੇ ਦੇਊ। ਪਤਾ ਨਹੀਂ ਕਿੰਨੇ ਦਿਨ ਨੈੱਟ ਬੰਦ ਰਹਿਣਾ ਆ .. ਉਹ ਆਪੇ ਸਟਰੀਕ ਪਾਈ ਜਾਊਂਗਾ ।

ਪਰ ਉਹ ਵੀ ਤਾਂ ਵਹਟਸਅਪ ਕਾਲ ਈ ਕਰਦਾ ਆ । ਪਤੰਦਰ ਨੇ ਅੱਜ ਫੋਨ ਵੀ ਨਹੀਂ ਕਰਿਆ। ਅੱਗੇ ਤਾਂ ਟਰੱਕ ’ਤੇ ਹੁੰਦਾ ਫੋਨ ਕਰ ਲੈਂਦਾ ਅੱਜ ਫੋਨ ਵੀ ਨਹੀਂ ਆਇਆ ।

ਖ਼ਬਰ ਤਾਂ ਉੱਥੇ ਵੀ ਪਹੁੰਚ ਗਈ ਹੋਣੀ ਆ। ਉਹਨੇ ਖਬਰ ਸਾਰ ਲੈਣ ਲਈ ਈ ਫੋਨ ਕਰ ਲੈਣਾ ਸੀ ਪਤਾ ਨ੍ਹੀ ਪੱਟੂ ਕਿੱਥੇ ਬਿਜ਼ੀ ਆ?”

ਫੋਨ ਚੁੱਕਦਾ ਤੇ ਫੇਰ ਲੌਕ ਕਰਕੇ ਰੱਖ ਦਿੰਦਾ।ਫੇਰ ਅਚਾਨਕ ਸਾਰੇ ਕੰਟੈਕਟ ਨੰਬਰ ਫਰੋਲਣ ਲੱਗਾ। ਕਿੰਨੇ ਨੰਬਰ ਆ ਯਾਰ। ਕਦੇ ਕਿਸੇ ਨਾਲ ਗੱਲ ਈ ਨਹੀਂ ਹੋਈ, ਬੱਸ ਸਟੇਟਸ ਵੇਖ ਲਈਦੇ ਆ।

ਵੈਰੋਕੇ ਫੋਨ ਕੀਤਾ। ਡੈਡੀ ਦਾ ਮਾਸੜ ਕਾਫ਼ੀ ਬੀਮਾਰ ਸੀ।ਕਹਿੰਦੇ ਸੀ ਸਾਹਾਂ ਤੇ ਈ ਆ ..ਸੋਚਿਆ ਬੀਬੀ ਨੂੰ ਫੋਨ ਕਰਕੇ ਪਤਾ ਈ ਲੈ ਲਵਾਂ ।

ਫੋਨ ਲਾ ਤਾਂ ਲਿਆ ਪਰ ਸਿਮਰ ਹਾਲ ਜਾਣ ਕੇ ਬੱਸ ਕੱਟਣ ਦੀ ਕਾਹਲ਼ ਕਰ ਰਿਹਾ ਸੀ।ਬੀਬੀ ਗੱਲ ਲੰਮੀ ਲੈ ਕੇ ਜਾ ਰਹੀ ਸੀ ਤੇ ਅਕੇਵਾਂ ਅੰਦਰ ਕੁਰੇਦ ਰਿਹਾ ਸੀ।ਕੋਈ ਵੀ ਗੱਲ ਪੱਲੇ ਨਾ ਪਈ ਬੱਸ ਹਾਂ ਹੂੰ ਕਰੀ ਗਿਆ।ਪਾਣੀ ਦੀ ਘੁੱਟ ਭਰੀ ਤੇ ਸਤਿ ਸ੍ਰੀ ਅਕਾਲ ਕਹਿ ਕੇ ਫੋਨ ਕੱਟਣ ਦੀ ਕੀਤੀ ।

ਫੇਰ ਜੀਜੇ ਨੂੰ ਫੋਨ ਲਾਇਆ ਪਰ ਕੋਈ ਗੱਲ ਈ ਨ੍ਹੀ ਆਈ।ਉਹ ਅੱਡ ਨੈੱਟ ਬੰਦ ਹੋਣ ਕਰਕੇ ਦੁਖੀ ਸੀ। ਉਹ ਵੀ ਕੱਲ੍ਹ ਵਾਈ ਫਾਈ ਲਵਾਉਣ ਦੀਆਂ ਗੱਲਾਂ ਕਰ ਰਿਹਾ ਸੀ। ਜਵਾਕਾਂ ਦਾ ਅੱਡ ਚੀਕ ਚਿਹਾੜਾ ਸੁਣ ਰਿਹਾ ਸੀ। ਨਹੀਂ ਤਾਂ ਅੱਗੇ ਫੋਨ ਕਰੀਦਾ ਤਾਂ ਚੁੱਪ ਪਸਰੀ ਹੁੰਦੀ ਆ।ਕੁੜੀ ਕੋਲ ਟੈਬ ਹੁੰਦਾ ਤਾਂ ਮੁੰਡੇ ਕੋਲ ਭੈਣ ਵਾਲਾ ਫੋਨ।ਗੱਲ ਕਰੀਏ ਤਾਂ ਚੱਜ ਨਾਲ ਗੱਲ ਈ ਨਹੀਂ ਕਰਦੇ ਹੁੰਦੇ।

ਪਿੱਛੇ ਚਾਰ ਸਾਲਾਂ ਦੇ ਸਹਿਜਬੀਰ ਦਾ ਰੌਲਾ ਚੁੱਕਿਆ ਸੀ। ਉਹਨੂੰ ਕਿਤੇ ਉਹਦੀ ਭੂਆ ਨੇ ਫੋਨ ’ਤੇ ਕਹਿ–ਤਾ ਸੀ ਕਿ ਸਾਡੇ ਨੈੱਟ ਚੱਲ ਰਿਹਾ ਤਾਂ ਉਹ ਆਪਣੇ ਮੰਮੀ ਡੈਡੀ ਕੋਲ ਜ਼ਿਦ ਫੜੀ ਬੈਠਾ ਸੀ ਕਿ ਮੈਨੂੰ ਲੈ ਕੇ ਚੱਲੋ ਉੱਥੇ ਕੋਕੋਮਿਲਨ ਚੱਲ ਰਹੇ ਆ ।

ਉਹਨੇ ਅੱਡ ਰੋ ਰੋ ਕੇ ਬੁਰਾ ਹਾਲ ਕੀਤਾ ਸੀ।ਕੁੜੀ ਨੇ ਰੌਲਾ ਪਾ ਰੱਖਿਆ ਸੀ ਕਿ ਵਾਈ ਫਾਈ ਲਵਾਉ ਮੇਰਾ ਹੋਮ ਵਰਕ ਰਹਿ ਜਾਣਾ ਆ।

ਅੱਖਾਂ ਬੰਦ ਕੀਤੀਆਂ ਤਾਂ ਹੋਰ ਈ ਘੁੰਮਣ ਘੇਰੀਆਂ ਚੱਲਣ ਲੱਗੀਆਂ ਨਸ਼ਿਆਂ ਦੇ ਛੇਵੇਂ ਦਰਿਆ ਦੀ ਗੱਲ ਹੁੱਬ ਕੇ ਹੁੰਦੀ ਆ ਤਾਂ ਪਰ ਆਹ ਨਸ਼ਾ ਤਾਂ ਕੋਕੀਨ ਤੋਂ ਵੀ ਭੈੜਾ ਆ, ਸਰਕਾਰਾਂ ਨੇ ਆਪ ਪਰੋਸ ਕੇ ਦਿੱਤਾ।ਆਟਾ ਭਾਵੇਂ ਦਿਨੋ–ਦਿਨ ਮਹਿੰਗਾ ਹੋ ਰਿਹਾ ਹੈ ਪਰ ਨੈੱਟ ਪੈਕ ਸਸਤੇ ਆ।

ਫੇਰ ਸੋਚਣ ਲੱਗਾ ਗਲਤ ਵੀ ਕੀ ਆ? ਜੇ ਹਰੇਕ ਦੇ ਹੱਥ ਚ ਫੋਨ ਆ ਤਾਂ ਜਾਣਕਾਰੀ ਵੀ ਤਾਂ ਹੈ।ਜੇਹੜੀ ਨੌਲਿਜ ਪੀਐਚ ਡੀ ਵਾਲਿਆਂ ਕੋਲ ਆ ਉਹ ਕਿਸੇ ਅਨਪੜ੍ਹ ਕੋਲ ਵੀ ਆ।ਜਾਣਕਾਰੀ ਦਾ ਭੰਡਾਰ ਆ, ਸਭ ਕੁਝ ਤਾਂ ਫੋਨ ’ਚ ਆ।

ਛਿੱਤਰਾਂ ਵਰਗੇ ਸਮਰਾਟ ਫੋਨਾਂ ਨੇ ਦਿਮਾਗੀ ਵਿਕਾਸ ਨੂੰ ਰੋਕ ਰੱਖਿਆ। ਉਹਨੂੰ ਲੱਗਿਆ ਕਿ ਅੰਦਰ ਦੋ ਸਿਮਰ ਟਕਰਾਅ ਰਹੇ ਆ।ਦੋਵੇਂ ਆਪਾਂ ਆਪਣੀ ਗੱਲ ਰੱਖ ਰਹੇ ਆ ਤੇ ਦੋਵੇਂ ਸਹੀ ਲੱਗ ਰਹੇ ਆ ।

“ਗੱਲ ਤਾਂ ਏਹ ਆ ਕਿ ਫੋਨ ਆ ਤਾਂ ਨਾ ਤਾਂ ਘੜੀ ਦੀ ਲੋੜ ਆ ਨਾ ਕੈਲਕੁਲੈਟਰ ਦੀ।ਪੈਸਿਆਂ ਦਾ ਆਦਾਨ ਪ੍ਰਦਾਨ ਫੋਨ ’ਤੇ।ਵੀਡਿਉ ਕਾਲ।ਨੋਟ ਬੁੱਕ।ਕੈਮਰਾ।ਗਾਣੇ। ਗੇਮਾਂ।ਸ਼ੋਸਲ ਐਪਸ ..ਕੀ ਆ ਜੋ ਫੋਨ ’ਚ ਹੈ ਨਹੀ।ਮਿੰਟ ਚ ਬੰਦਾ ਦੁਨੀਆ ਜਹਾਨ ਨਾਲ ਜੁੜ ਜਾਂਦਾ ” ਪਹਿਲਾਂ ਸਿਮਰ ਬੋਲਿਆ।

ਵੱਡਿਆਂ ਸਿਆਣਿਆਂ ਸਿਰਫ ਏਹ ਹੀ ਨਹੀਂ ਰਿਸ਼ਤੇ ਵੀ ਖਤਮ ਕਰ ਦਿੱਤੇ ਆ।ਘਰ

'ਚ ਚਾਰ ਜੀਅ ਤਾਂ ਚਾਰਾਂ ਕੋਲ ਫੋਨ ਹੁੰਦੇ। ਗੱਲ ਕਿਸੇ ਨਾਲ ਕਰਦੇ ਨਹੀਂ ਹੁੰਦੇ। ਸਮਾਜਿਕ ਰਿਸ਼ਤੇ ਖਤਮ ਕਰ ਦਿੱਤੇ "ਦੂਜਾ ਸਿਮਰ ਤਲਖੀ ਨਾਲ ਬੋਲਿਆ।

ਅੰਦਰ ਦੇ ਰੌਲੇ ਨੂੰ ਦਬਾਉਂਦਾ ਉਹ ਉੱਠ ਕੇ ਬਹਿ ਗਿਆ। ਫੇਰ ਘਬਰਾਹਟ ਛਿੜ ਗਈ।

ਆਹ ਫੋਨ ਨੇ ਤਾਂ ਬਥੇਰੇ ਨਾਜਾਇਜ਼ ਰਿਸ਼ਤਿਆਂ ਨੂੰ ਵੀ ਜਨਮ ਦਿੱਤਾ। ਜੇਹੜਾ ਕੰਮ ਲੋਕੀਂ ਲੁਕ ਕੇ ਕਰਨ ਤੋਂ ਡਰਦੇ ਸੀ ਉਹ ਹੁਣ ਫੋਨ ਆਉਣ ਤੇ ਖੁੱਲ੍ਹ ਕੇ ਕਰਦੇ ਆ।

ਸਭ ਤੋ ਵੱਧ ਖਿਝ ਉਦੋਂ ਆਉਂਦੀ ਜਦੋਂ ਸਿਆਣੀ ਬਿਆਣੀ ਮੂੰਹ ਦੇ ਮੂਹਰੇ ਫੋਨ ਕਰਕੇ ਗੱਲ ਕਰਦੀ। ਕਿੰਨਾ ਗੰਦਾ ਲੱਗਦਾ। ਬੰਦੇ ਵੀ ਕਿੰਨੇ ਅਜੀਬ ਲੱਗਦੇ। ਚਾਚੇ ਨੂੰ ਵੀ ਭੈੜੀ ਆਦਤ ਆ

ਫ਼ੇਰ ਉਹਨੂੰ ਝੋਟਿਆਂ ਦੀ ਵਹੁਟੀ ਦਾ ਖ਼ਿਆਲ ਆ ਗਿਆ ਜੋ ਤਿੰਨ ਜਵਾਕ ਹੁੰਦੇ ਹੋਏ ਵੀ ਵੀਹ ਬਾਈ ਸਾਲ ਦੇ ਮੁੰਡੇ ਨਾਲ ਭੱਜ ਗਈ ਸੀ। ਸੁਣਿਆ ਨੈੱਟ ਤੇ ਈ ਮਿਲਿਆ ਸੀ ਪਿਆਰ ਪੈ ਗਿਆ। ਚੋਰੀ ਚੋਰੀ ਮਿਲਣ ਲੱਗ ਪਈ ਤੇ ਇੱਕ ਦਿਨ ਮੌਕਾ ਵੇਖ ਕੇ ਸਾਰਾ ਗਹਿਣਾ ਗੱਟਾ ਲੈ ਪੱਤਰੇ ਵਾਚ ਗਈ। ਸੱਸ ਦੀ ਲੱਖ ਰੁਪਈਏ ਵਾਲੀ ਕਮੇਟੀ ਵੀ ਲੈ ਗਈ ਸੀ ਜੇਹੜੀ ਉਹਨੇ ਕੱਠੀ ਕਰਕੇ ਬੂੰਗੜੀ ਕਿਆਂ ਨੂੰ ਦੇਣੀ ਸੀ ।

ਕੱਲੀ ਝੋਟਿਆਂ ਦੀ ਵਹੁਟੀ ਥੋੜੀ ਝੁਰਲੂ ਦੀ ਵਹੁਟੀ ਵੀ ਤਾਂ ਨੈੱਟ ਨੇ ਹੀ ਪੱਟੀ ਆ ..ਨਵੀਂ ਵਿਆਹੀ ਆਈ ਅੱਖ ਨਹੀਂ ਸੀ ਚੁੱਕਦੀ ਤੇ ਹੁਣ ਸਕੂਟੀ ਲੈ ਕੇ ਹਰਲ ਹਰਲ ਕਰਦੀ ਫਿਰਦੀ ਹੁੰਦੀ ਤੇ ਫੋਨ ਚੌਵੀ ਘੰਟੇ ਕੰਨ ਨਾਲ ਲੱਗਾ ਰਹਿੰਦਾ ਹੈ ।

ਸੱਚ ਆਹੋ ! ਸ਼ਹਿਰ ਵਾਲਾ ਬੂਟਾ ਲਾਲਾ ਵੀ ਐਂ ਈ ਮੰਜੀ ਠੁਕਾ ਕੇ ਬੈਠਾ, ਕੇਰਾਂ ਫੇਸਬੁੱਕ ਤੇ ਵੀਡਿਉ ਕਾਲ ਆਈ ਤੇ ਚੁੱਕ ਲਈ ਅੱਗੋ ਨੰਗੀ ਕੁੜੀ ..ਲਾਲੇ ਦੇ ਮੂੰਹ ਚ ਪਾਣੀ ..ਲਾਲੇ ਨੇ ਆਪ ਲੀੜੇ ਲਾਹ ਲਏ ਉਹਨੇ ਸਕਰੀਨ ਰਿਕਾਰਡਿੰਗ ਕਰ ਲਈ ਤੇ ਪੰਜ ਕੁ ਮਿੰਟ ਬਾਅਦ ਲਾਲੇ ਨੂੰ ਮੈਸਜ ਕਿ ਐਨੇ ਪੈਸੇ ਭੇਜ ਨਹੀਂ ਤੇਰੇ ਘਰਦਿਆਂ ਤੇ ਰਿਸ਼ਤੇਦਾਰਾਂ ਨੂੰ ਭੇਜਾਂਗੇ ਮਰਦਾਂ ਕੀ ਨਾ ਕਰਦਾ। ਚਾਰ ਪੰਜ ਵਾਰੀ ਤਾਂ ਪੈਸੇ ਦਿੱਤੇ ਤੇ ਫ਼ੇਰ ਮੁੰਡਿਆਂ ਨੂੰ ਸ਼ੱਕ ਹੋਇਆ ਤਾਂ ਸੱਚ ਪਤਾ ਕੀਤਾ। ਪੁਲੀਸ ਰਿਪੋਰਟ ਕੀਤੀ ਪਰ ਉਦੋਂ ਤੱਕ ਵੀਡਿਉ ਸਭ ਮਿੱਤਰਾਂ ਰਿਸ਼ਤੇਦਾਰਾਂ ਕੋਲ ਪਹੁੰਚ ਗਈ ਸੀ। ਪਰ ਪੁਲੀਸ ਨੇ ਕੀ ਕਰਨਾ ਸੀ। ਮੈਂ ਵੀ ਵੇਖੀ ਸੀ ਲਾਲਾ ਤੌੜੇ ਅਰਗਾ ਢਿੱਡ ਕੱਢੀ ਬੁੱਲ੍ਹਾਂ ਤੇ ਜੀਭ ਮਾਰ ਰਿਹਾ ਸੀ।

ਕੇਰਾਂ ਹੈਰਾਨੀ ਹੋਈ ਖ਼ੁਦ ਤੇ ਮੈਂ ਕਿੰਨਾ ਸੋਚ ਰਿਹਾ ਆਂ। ਪਹਿਲਾਂ ਕਦੇ ਵਿਹਲ ਈ ਨਹੀਂ ਸੀ ਮਿਲੀ।

ਇੰਸਟਾਗ੍ਰਾਮ 'ਤੇ ਨੱਚਣ ਵਾਲੀਆਂ ਬੀਬੀਆਂ ਕਿੱਥੇ ਸੋਚਣ ਦਿੰਦੀਆਂ। ਸਾਰਾ ਦਿਨ ਲਿਸ਼ਕੀਆਂ ਪੁਸ਼ਕੀਆਂ ਈ ਰਹਿੰਦੀਆਂ ਆ, ਵੇਖ ਵੇਖ ਮੂੰਹ 'ਚ ਪਾਣੀ ਲਿਆ ਦਿੰਦੀਆਂ ।

ਯਾਰ ਏਹਨਾਂ ਦਾ ਤਾਂ ਔਖਾ ਹੋ ਗਿਆ ਹੋਣਾ। ਅੱਗੇ ਦਾ ਦਿਨ 'ਚ ਤਿੰਨ ਚਾਰ ਵਾਰ ਢੂਹਾ ਹਿਲਾ ਕੇ ਵੀਡਿਉ ਪੋਸਟ ਕਰਨ ਵਾਲੀਆਂ ਦਾ ਕਿਵੇਂ ਸਰਿਆ ਹੋਣਾ। ਨਾ ਤਾ ਏਹਨਾ

ਨੂੰ ਲਾਇਕ ਆਉਣੇ ਨਾ ਕੁਮੈਂਟ, ਏਨ੍ਹਾਂ ਦੇ ਕਿਹੜਾ ਰੋਟੀ ਹਲਕ ਥਾਣਿਉ ਲੰਘੀ ਹੋਣੀ ।

ਉਦੋਂ ਵੱਧ ਔਖਾ ਆਹ ਵਲੌਗਰਾ ਦਾ ਹੋਣਾ ਆ। ਜੇਹੜੇ ਹੱਗਣ ਮੂਤਣ ਵੀ ਫੋਨ 'ਤੇ ਕਰਦੇ ਆ। ਹੈਲੋ ਫਰੈਡਜ਼, ਹੈਲੋ ਫ਼ਰੈਡਜ਼ ਈ ਨਹੀਂ ਲੋਟ ਆਉਂਦੇ। ਇੱਕ ਨੇ ਸੁਣਿਆ ਤਾਂ ਮਸ਼ਹੂਰ ਹੋਣ ਲਈ ਆਵਦੀ ਘਰਵਾਲੀ ਨਾਲ ਹੀ ਗੰਦੀ ਫ਼ਿਲਮ ਬਣਾ ਕੇ ਨੈੱਟ ਤੇ ਚਾੜ੍ਹ ਤੀ ਸੀ।

ਵੈਸੇ ਚੰਗਾ ਹਨਾ। ਫੋਨ ਸਭ ਤੋਂ ਵੱਡਾ ਰਾਜ਼ਦਾਰ ਆ ..ਬੰਦਾ ਮਰਨੋਂ ਮਰਜੇ ਪਰ ਪਾਸਵਰਡ ਨਾ ਦੱਸ ਕੇ ਮਰੇ। ਕੀ ਵਿਆਹੇ ਕੀ ਕੁਆਰੇ। ਕੀ ਬੁੱਢਾ ਕੀ ਜਵਾਨ। ਸਾਰਾ ਦਿਨ ਲੱਕ ਮਰੋੜਦੀਆਂ ਟੈਂਲਟ ਨਾਲ ਭਰੀਆਂ ਬੀਬੀਆਂ ਵੇਖ ਕੇ ਮੂੰਹ ਪਾਣੀ ਨਾਲ ਭਰੀ ਰੱਖਦੇ। ਉੱਤੋਂ ਏਹ ਵੀ ਛਾਤੀਆਂ ਨੰਗੀਆਂ ਕਰ ਤੇ ਪਿੱਛਾ ਕੱਢ ਕੱਢ ਕੇ ਇਉਂ ਤੁਰਦੀਆਂ ਜਿਵੇਂ ਗਿੱਲੀਆਂ ਪਾਥੀਆਂ 'ਤੇ ਕਾਂ ਤੁਰਦਾ ਹੋਵੇ । ਬਾਹਰ ਭਾਵੇਂ ਕੋਈ ਲੱਖ ਸੁਥਰਾ ਬਣ ਜੇ ਪਰ ਇਨਬਾਕਸ 'ਚ ਅਸਲ ਚਰਿੱਤਰ ਸਾਮਹਣੇ ਪਏ ਹੁੰਦੇ ਆ । ਜੇ ਕੋਈ ਰੋਕਣ ਦੀ ਕੋਸ਼ਿਸ ਕਰੇ ਤਾ ਅਖੇ ਟੇਲੈਂਟ ਦਾ ਨਹੀਂ ਪਤਾ। ਸਾਲਾ ਟੱਟੂ ਦਾ ਟੇਲੈਂਟ।

ਸਿਮਰ ਆਪ ਈ ਜ਼ੋਰ ਦੀ ਹੱਸਿਆ ਮੈਂ ਕੁੜੀ ਹੁੰਦਾ ਤਾਂ ਮੈਂ ਤਾਂ ਆਪ ਬਥੇਰਾ ਟੇਲੈਂਟ ਦਿਖਾਉਣਾ ਸੀ, ਫਾਲੋਅਰ ਮਿਲੀਅਨ 'ਚ ਹੁੰਦੇ ਹੁਣ ਤਾਂ ਜਿੰਨੀ ਮਰਜ਼ੀ ਵਧੀਆ ਵੀਡਿਉ ਬਣਾ ਲਈਏ ਤੀਹਾਂ ਤੋਂ ਵੱਧ ਲਾਇਕ ਨਹੀਂ ਟੱਪੇ ।

ਪਰ ਯਾਰ ! ਸਰਕਾਰ ਨੂੰ ਕਾਨੂੰਨ ਬਣਾ ਦੇਣਾ ਚਾਹੀਦਾ ਕਿ ਫੋਨ ਬੰਦੇ ਦੇ ਮਰਨ ਨਾਲ ਈ ਸਿਵੇ ਦੀ ਅੱਗ 'ਚ ਸੁੱਟਿਆ ਜਾਵੇ ।

ਅਚਾਨਕ ਹੀ ਸਾਰੇ ਵਲੌਗਰ , ਇਨਫਲੂਸਰ, ਪੌਡਕਾਸਟਰ , ਰੀਲ੍ਹਾ ਆਲੇ ..ਇਕੱਠੇ ਹੋ ਕੇ ਸਿਮਰ ਦੇ ਗੱਲ ਦੱਬਣ ਨੂੰ ਪੈ ਗਏ। ਇਕੋਦਮ ਘਬਰਾਹਟ ਮਹਿਸੂਸ ਹੋਈ ਤੇ ਉਹ ਉੱਠ ਕੇ ਬਹਿ ਗਿਆ।

ਮੁੜ੍ਹਕੇ ਦੀਆਂ ਬੂੰਦਾਂ ਪੁੜਪੜੀ ਤੋਂ ਤੁਰੀਆਂ ਗੱਲ੍ਹ ਤੱਕ ਆ ਗਈਆਂ। ਉਹਨੂੰ ਲੱਗਿਆ ਸਾਰੇ ਸੁਨੇਹਾ ਦੇ ਕੇ ਗਏ ਆ ਤੂੰ ਵੀ ਤਾਂ ਆਹ ਸਵਾਦ ਖੁਣੋਂ ਵਿਲਕੀ ਜਾਨਾਂ ਜੇ ਅਸੀਂ ਨਾ ਹੋਈਏ ਤਾਂ ਤੇਰੇ ਵਰਗੇ ਦਾ ਕੀ ਬਣੇ ।

ਫਿਰ ਅੱਖਾਂ ਬੰਦ ਕਰੀਆਂ ਤਾਂ ਗੁਰਿੰਦਰ ਅੱਖਾਂ ਮੂਹਰੇ ਆ ਗਿਆ। ਉਹਦਾ ਮਿੱਤਰ। ਜ਼ਹੀਨ ਬੰਦਾ। ਯਾਦ ਆ ਬੜਾ ਖਿਝਿਆ ਰਿਹਾ ਕਰੇ। ਫੋਨ 'ਤੇ ਕੁਝ ਵੀ ਵੇਖ ਕੇ ਗਾਲ਼ਾਂ ਦਵੇ। ਇੱਕ ਦਿਨ ਆਪ ਈ ਕਹਿੰਦਾ "ਯਾਰ ਮਨ ਠੀਕ ਨਹੀਂ ਕੀ ਕਰਾਂ ? ਖਿਝ ਬਹੁਤ ਆਉਂਦੀ। ਸਿਮਰ ਕਹਿੰਦਾ ਫੋਨ ਕਰਕੇ ਤਾਂ ਨਹੀਂ। ਅਖੇ ਆਹੋ। ਯਾਰ। ਲੱਗਦਾ ਫੋਨ ਜਾਣਕਾਰੀ ਲੋੜੋ ਵੱਧ ਦੇ ਰਿਹਾ ਆ ਜੀਹਦੀ ਜ਼ਰੂਰਤ ਵੀ ਨਹੀ। ਹਰੇਕ ਗੱਲ ਨੂੰ ਆਵਦੇ ਹਿਸਾਬ ਨਾਲ ਆਂਕਦੇ ਆ ਤੇ ਜਦੋਂ ਨਤੀਜਾ ਹੋਰ ਹੁੰਦਾ ਤਾ ਖਿੱਝਦੇ ਆ ।ਏਹ ਗੱਲਾਂ ਕਰਕੇ ਕਹਿੰਦਾ ਕਿ ਮੈ ਸੋਸ਼ਲ ਅਕਾਊਂਟ ਡਿਲੀਟ ਕਰ ਦੇਣੇ ਆ। ਡਿਲੀਟ ਵੀ ਕੀਤੇ ਪਰ ਇੱਕ ਦਿਨ ਕਰਕੇ ਅਗਲੇ ਦਿਨ ਫੇਰ ਤੜਕੇ ਈ ਆਨਲਾਈਨ ਸੀ। ਹੁਣ ਵਾਰਿਸ ਸ਼ਾਹ ਥੋੜ੍ਹੀ ਝੂਠਾ ਪੈਣ ਦੇਣਾ ?

ਸਿਮਰ ਨੂੰ ਸਮਝ ਨਾ ਆਵੇ ਕਿਸੇ ਨੂੰ ਕੀ ਕਹਾਂ ਹੁਣ ਤਾ ਆਵਦੀ ਹਾਲਤ ਉੱਵੇ ਬਣੀ ਹੋਈ ਆ ।

ਸਾਰੀ ਰਾਤ ਉੱਸਲਵੱਟੇ ਲਏ। ਕਦੇ ਫੋਨ ਚੋਰੀ ਹੋ ਜਾਂਦਾ ਤੇ ਕਦੇ ਨੈੱਟ ਪੱਕਾ ਬੰਦ ਕਰਨ ਦਾ ਐਲਾਨ। ਕਦੇ ਵਾਈ ਫਾਈ ਦਾ ਮਹੀਨੇ ਦਾ ਬਿੱਲ ਲੱਖ ਰੁਪਏ। ਕਦੇ ਉਹ ਜੰਗਲਾਂ ਚ ਗਵਾਚ ਜਾਂਦਾ ..ਐਨੇ ਅਜੀਬੋ ਗਰੀਬ ਸੁਪਨੇ ਪਹਿਲੀ ਵਾਰ ਆਏ ਸੀ ।

ਸੁਬਹ ਛੇ ਵੱਜੇ ਜਾਗ ਖੁੱਲ੍ਹੀ ਤਾਂ ਛਾਲ ਮਾਰ ਕੇ ਉੱਠਿਆ। ਭੱਜ ਕੇ ਪੁਰਾਣੇ ਘਰ ਕੋਲ ਗਿਆ। ਉੱਥੇ ਵਾਈ ਫਾਈ ਵਾਲਿਆਂ ਦਾ ਨੰਬਰ ਕੰਧ ਤੇ ਲਿਖਿਆ ਹੋਇਆ ਸੀ ਫੋਨ ਕਰਿਆ ਤਾਂ ਕਹਿੰਦੇ "ਬਾਈ ਜੀ , ਦਫ਼ਤਰ ਆ ਜੋ " ਸ਼ੈਭੀਆਂ ਦੀ ਨਾਲ ਵਾਲੀ ਗਲੀ 'ਚ ਆਉਣਾ ਸੀ।

ਗੋਲਾ ਫੇਰ ਸਾਮਹਣੇ ਆ ਗਿਆ। ਜਿਸ ਦਿਨ ਪੈਸੇ ਮਿਲ ਜਾਂਦੇ ਆ ਤਾਂ ਉੱਡਿਆ ਨਾਲ ਦੇ ਪਿੰਡ ਪੁੜੀ ਲੈਣ ਚਲਾ ਜਾਂਦਾ ਸੀ ਤੇ ਚਾਅ 'ਚ ਈ ਉੱਥੋਂ ਤੁਰ ਕੇ ਵਾਪਸ ਵੀ ਆ ਜਾਂਦਾ ਸੀ। ਜਾਂਦਾ ਹੋਇਆ ਸਭ ਨੂੰ ਹੱਥ ਹਿਲਾ ਕੇ ਜਾਂਦਾ ਤੇ ਵਾਪਸੀ 'ਤੇ ਪੈਲਾਂ ਪਾਉਦਾ ।

ਸਿਮਰ ਵੀ ਉੱਡਿਆ ਕੇਬਲ ਵਾਲਿਆਂ ਦੇ ਆਫਿਸ ਗਿਆ ਤਾਂ ਫੇਰ ਨਸ਼ਾ ਛੁਡਾਊ ਕੇਂਦਰ ਵਾਲੀ ਲਾਈਨ ਦਿਸੀ। ਉੱਥੇ ਵੀ ਸੱਤ ਵੱਜਦੇ ਨੂੰ ਇਉਂ ਲਾਇਨ ਲੱਗਣੀ ਸ਼ੁਰੂ ਹੋ ਜਾਂਦੀ ਆ। ਮੂਹਰੇ ਗਿਆ ਤਾ ਬਰਾੜਾਂ ਦਾ ਛਿੰਦਾ ਮਿੰਨਤਾਂ ਕਰੀ ਜਾਵੇ ਯਾਰ ਸਾਡੇ ਲਾ ਦਵੋ ਜਵਾਕਾਂ ਦਾ ਬਾਹਰੋ ਫੋਨ ਆਉਣਾ ਹੁੰਦਾ ..ਬੁੱਧਵਾਰ ਈ ਲੰਮੀ ਗੱਲ ਕਰਦੇ ਆ। ਜਿਵੇ ਬਾਪੂ ਹੀਰਾ ਨਸ਼ਾ ਛੁਡਾਊ ਕੇਂਦਰ ਵਾਲਿਆਂ ਨੂੰ ਕਹਿੰਦਾ ਸੀ ਕਿ ਯਾਰ ਪੱਤਾ ਵੱਧ ਦੇ ਦਵੋ ਮੁੰਡੇ ਨਾਲ ਨਹੀਂ ਆਉਂਦੇ। ਆਉਣਾ ਔਖਾ ਆ ।

ਬਾਪੂ ਹੀਰਾ ਹੈ ਤਾਂ ਸੱਤਰਾ ਦਾ ਸੀ ਪਰ ਨਸ਼ੇ ਦੀ ਭਾਲ 'ਚ ਸਾਈਕਲ 'ਤੇ ਝੰਡੇਆਣੇ ਤੋਂ ਫ਼ਰੀਦਕੋਟ ਪਹੁੰਚ ਜਾਂਦਾ ਸੀ, ਨਹੀਂ ਤਾਂ ਮੈਂ ਗੋਡੇ ਫੜ੍ਹ ਕੇ ਬੈਠਾ ਈ ਵੇਖਿਆ, ਦੁਨੀਆ ਦੀ ਕਿਹੜੀ ਬੀਮਾਰੀ ਸੀ ਜੋ ਬਾਪੂ ਹੀਰੇ ਨੇ ਨਹੀਂ ਸੀ ਗਿਣਾਈ ਪਰ ਨਸ਼ਾ ਲੈਣਾ ਹੋਵੇ ਤਾਂ 'ਉਸੇਨ ਬੋਲਟ' ਦਾ ਮਾਸੜ ਬਣ ਜਾਂਦਾ ਸੀ।

ਵਾਈ ਫਾਈ ਵਾਲਾ ਅੱਜ ਧਰਤੀ ਤੇ ਰੱਬ ਸੀ। ਪਹਿਲਾ ਆਫ਼ਰ ਸੀ ਕਿ 699 'ਚ ਤਿੰਨ ਮਹੀਨੇ ਤੇ ਵਾਇਰ ਤੇ ਸੈੱਟਆਪ ਬਾਕਸ ਫਰੀ ਪਰ ਹੁਣ 699 'ਚ ਦੋ ਮਹੀਨੇ ਤੇ ਹਜ਼ਾਰ ਰੁਪਈਆ ਸਕਿਉਰਟੀ।

ਦੋ ਦਿਨ ਦੀ ਵੇਟਿੰਗ ਸੀ ਤੇ ਮਕੈਨਿਕ ਮਰਜ਼ੀ ਨਾਲ ਆਉਣੇ ਸੀ ।

"ਪਹਿਲਾਂ ਜਦੋਂ ਅਸੀਂ ਲਾਉਂਦੇ ਸੀ ਉਦੋਂ ਕੋਈ ਸੁਣਦਾ ਨਹੀਂ ਸੀ, ਹੁਣ ਮਗਰ ਮਗਰ ਫਿਰਦੇ ਆ। ਟਾਈਮ ਹੋਇਆ ਤਾਂ ਵੇਖਾਂਗੇ" ਵਾਈ ਫਾਈ ਲਾਉਣ ਵਾਲਾ ਗ਼ਰੂਰ 'ਚ ਮਾਂਹਾਂ ਦਾ ਆਟਾ ਬਣਿਆ ਬੈਠਾ ਸੀ ।

ਕਿਸੇ ਦਾ ਜਵਾਕ ਰੋਟੀ ਨਹੀਂ ਸੀ ਖਾ ਰਿਹਾ ਤੇ ਕਿਸੇ ਦਾ ਸਕੂਲ ਵਰਕ ਨਹੀਂ ਸੀ ਕਰ ਰਿਹਾ, ਕੋਈ ਬਾਹਰ ਗੱਲ ਖੁਣੋਂ ਔਖਾ ਸੀ ਤੇ ਕੋਈ ਸਹੇਲੀ ਨਾਲ। ਜਿੰਨੇ ਲੋਕ ਸੀ ਉਹਤੋਂ ਵੱਧ ਤਕਲੀਫ਼ਾਂ।

ਸਿਮਰ ਨੇ ਮਿੰਨਤਾਂ ਕਰੀਆ ਪਰ ਉਹ ਸਾਫ ਮਨ੍ਹਾ ਕਰ ਰਹੇ ਸੀ ।

ਉਹਨੂੰ ਲੱਗਾ ਹੁਣ ਉਹ ਮਧਰਿਆਂ ਦੇ ਬੰਸ ਵਾਂਗ ਨਾ ਡਿੱਗ ਪਵੇ ਤੇ ਪ੍ਰਾਣ ਮੌਕੇ 'ਤੇ ਈ ਨਾ ਛੁੱਟ ਜਾਣ ।

ਮਧਰਿਆਂ ਦਾ ਬੰਸਾ ਚੰਗਾ ਭਲਾ ਪਰਿਵਾਰ ਵਾਲਾ ਕਿਰਤੀ ਬੰਦਾ.. ਪੰਜ ਸੱਤ ਵਾਹਣ ਵੀ ਆਉਂਦੇ ਸੀ। ਕੰਮ ਦੀ ਧੁਨ ਕਰਕੇ ਪੋਸਤ ਖਾਣ ਲੱਗਾ ਤੇ ਆਦਤ ਪੈ ਗਈ ਫੇਰ ਪੋਸਤ ਛੱਡਦਾ ਗੋਲੀਆਂ 'ਤੇ ਆ ਗਿਆ ਤੇ ਫੇਰ ਗੋਲੀਆਂ ਦੀ ਘਾਟ-ਵਾਧ ਥਾਏ ਜਾਨ ਲੈ ਗਈ ਤੇ ਖੇਤ 'ਚ ਈ ਪੂਰਾ ਹੋ ਗਿਆ ਸੀ ਹੁਣ ਦੋ ਜਵਾਕ ਵਿਲਕਦੇ ਫਿਰਦੇ ਆ ।

"ਯਾਰ ਮੈਂ ਵੀ ਲੱਗਦਾ ਅਮਲੀ ਬਣ ਗਿਆ ਹਾਂ ਲੋਕ ਨਸ਼ੇ ਦੇ ਅਮਲੀ ਬਣਦੇ ਤੇ ਮੈਂ ਨੈੱਟ ਦਾ ਅਮਲੀ" ਕਾਹਲ? ਭਾਂਬੜ ਬਣਦੀ ਜਾ ਰਹੀ ਸੀ।

ਸਾਹਮਣੇ ਦਫ਼ਤਰ 'ਚ ਕਿੰਨੀਆਂ ਈ ਤਾਂਬੇ ਦੀਆਂ ਤਾਰਾਂ ਦੇ ਗੁੱਛੇ ਸੀ ਤੇ ਸਿਮਰ ਦਾ ਜੀਅ ਕਰਿਆ ਕਿ ਆਹ ਤਾਰਾਂ ਸਾਰੇ ਦਫ਼ਤਰ ਵਾਲਿਆਂ ਦੇ ਗਲੇ ਥਾਣੀਂ ਲੰਘਾ ਦੇਵਾਂ। ਸਾਲੇ ਮੇਰੇ ਸੁਣਦੇ ਈ ਨਹੀ ।

ਸਿਮਰ ਦਾ ਫੋਨ ਵੱਜਿਆ ਉਹਨੇ ਵੇਖਿਆ ਮਿੱਠੀ ਦਾ ਫੋਨ ਸੀ ਉਹਨੂੰ ਬਿਲਕੁਲ ਚਾਅ ਨਾ ਹੋਇਆ। ਹੈਲੋ। ਕੀ ਹਾਲ ਆ। ਕਿਵੇਂ ਓ?" ਪਿਆਰ ਭਰੀ ਆਵਾਜ਼ ਨਾਲ ਪੁੱਛਿਆ।

"ਠੀਕ ਈ ਆ" ਬਹੁਤ ਸਤੇ ਸਤਾਏ ਨੇ ਜਵਾਬ ਦਿੱਤਾ

ਮਿੱਠੀ ਨੇ ਆਵਦੀਆ ਗੱਲਾਂ ਸੁਣਾਉਣੀਆਂ ਸ਼ੁਰੂ ਕਰ-ਤੀਆ ਪਰ ਉਹਦੀ ਸੁਰਤੀ ਮੋਟਰ ਸਾਈਕਲ 'ਤੇ ਸਮਾਨ ਲੱਦ ਰਹੇ ਮਕੈਨਿਕਾਂ ਵੱਲ ਸੀ ਉਹ ਕਿਸੇ ਦੇ ਸੈੱਟਅੱਪ ਬਾਕਸ ਲਾਉਣ ਚੱਲੇ ਸੀ।

ਹੈਅ! ਭੈਣ ਚੋ। ਸਾਡੇ ਲਾ ਦੋ ਕੀ ਮੌਤ ਪੈਂਦੀ। ਉਹਨੇ ਅੰਦਰੋ ਕਚੀਚੀ ਵੱਟੀ।

ਮਿੱਠੀ ਦੀ ਆਵਾਜ਼ ਸੁਣੀ ਨਾ ਗਈ ਤੇ ਮੈਂ "ਫੇਰ ਕਰਦਾਂ" ਕਹਿ ਕੇ ਫੋਨ ਈ ਕੱਟ ਗਿਆ। ਇਹ ਪਹਿਲੀ ਵਾਰ ਸੀ ਜਦੋਂ ਮਿੱਠੀ ਦਾ ਏਦਾਂ ਅੱਕ ਕੇ ਫੋਨ ਕੱਟਿਆ ਹੋਣਾ ਆ ।

ਸਿਮਰ ਦਾ ਮਨ ਕਰੇ ਕਿ ਭੱਜ ਜਾ। ਬਾਰਡਰ ਟੱਪ ਜਾ ਹਰਿਆਣੇ ਅੱਲ ਚਲਾ ਜਾਵਾਂ। ਜਿੱਥੇ ਚੌਵੀ ਘੰਟੇ ਨੈੱਟ ਹੋਵੇ।

ਉਦੋਂ ਈ ਧਿਆਨ ਦਫ਼ਤਰ ਦੇ ਸਾਮਹਣੇ ਲੱਗੀ ਸਕਰੀਨ 'ਤੇ ਗਿਆ। ਚਿੱਟੇ ਦਾ ਪਰਕੋਪ ਜਾਰੀ। ਚਿੱਟੇ ਕਾਰਨ ਪੰਜ ਨੌਜਵਾਨਾਂ ਦੀ ਹੋਈ ਮੌਤ।

ਹੁਣ ਸਾਲਿਓ ਨੈੱਟ ਬਿਨ੍ਹਾ ਮੌਤਾਂ ਹੋਣਗੀਆਂ ..ਸਿਮਰ ਤੜਫ਼ਿਆ।

ਕੇਰਾਂ ਤਾਂ ਜੀਅ ਕਰਿਆ ਵੱਟਾ ਮਾਰ ਚੱਕ ਕੇ। ਖ਼ਬਰਾਂ ਵੀ ਚਿੜਾਉਣ ਲਈ ਚੱਲਦੀਆਂ ਲੱਗੀਆਂ।

ਬਾਰ੍ਹਾਂ ਵਜੇ ਤੱਕ ਵਾਈ ਫਾਈ ਵਾਲਿਆਂ ਨੇ ਕੋਈ ਪੱਲਾ ਨਾ ਫੜਾਇਆ ਤੇ ਟੈਮ ਨਾਲ ਰੋਟੀ ਮੰਗਣ ਵਾਲਾ ਖਾਣਾ ਭੁੱਲੀ ਫਿਰਦਾ ਸੀ।

ਉਹਨੂੰ ਸਭ ਕੁਝ ਚੰਗਾ ਲੱਗਣੋਂ ਹਟ ਗਿਆ ਸੀ। ਉਹ ਗੱਡੀ 'ਚ ਆ ਕੇ ਬੈਠਾ ਤਾਂ ਸਾਮਹਣੇ ਸੜਕੋਂ ਪਾਰ ਨਸ਼ਾ ਵਿਰੋਧੀ ਸਮਾਗਮ ਚੱਲ ਰਿਹਾ ਸੀ । ਜਿਸਦੀ ਆਵਾਜ਼ ਦੂਰੋਂ। ਪਰ

ਕੰਨੀ ਸਾਫ ਪੈ ਰਹੀ ਸੀ। ਜਿੱਥੇ ਕਾਫੀ ਪੁਲੀਸ ਵਾਲੇ ਤੇ ਸਿਵਲੀਅਨ ਮੌਜੂਦ ਸਨ। ਬੁਲਾਰਾ ਬੋਲ ਰਿਹਾ ਸੀ ਕਿ ਚਿੱਟੇ ਦਾ ਸੇਵਨ 'ਡੋਪਾਮਾਈਨ' ਦੇ ਪੱਧਰ ਨੂੰ ਵਧਾ ਦਿੰਦਾ ਹੈ ਤੇ ਜਿਸਦੇ ਸਿੱਟੇ ਵਜੋਂ ਸਰੀਰ ਵਿੱਚ ਹੈਪੀ ਹਾਰਮੋਨ ਰਿਲੀਜ਼ ਹੁੰਦੇ ਹਨ ਤੇ ਨਸ਼ੇੜੀ ਆਪਣੇ ਆਪ ਨੂੰ ਉਤਲੀ ਅਵਸਥਾ ਚ ਮਹਿਸੂਸ ਕਰਦਾ ਹੈ ਤੇ ਜਦੋਂ ਨਸ਼ੇ ਦੀ ਤੋਟ ਹੁੰਦੀ ਹੈ ਤੇ ਉਹ ਡੋਪਾਮਾਈਨ ਆਪਣੇ ਪੱਧਰ 'ਤੇ ਆਉਣ ਲਈ ਨਸ਼ੇ ਦੀ ਜ਼ਰੂਰਤ ਪੈਂਦੀ ਹੈ ਜਿਸਦੇ ਸਿੱਟੇ ਵਜੋਂ ਤੋਟ ਲੱਗਦੀ ਹੈ। ਇਸਦਾ ਇਲਾਜ ਚੰਗੀ ਖੁਰਾਕ। ਕਸਰਤ। ਤੇ ਅੱਗੋਂ ਉਹਨੇ ਸੁਣਨ 'ਚ ਕੋਈ ਇੱਛਾ ਨਹੀਂ ਵਿਖਾਈ। ਤੇ ਉਹਨੂੰ ਸਪੀਕਰ 'ਤੇ ਲੰਮੀ ਚੀਕ ਈ ਸੁਣੀ।

"ਇਹ ਵੀ ਗੱਲਾਂ ਈ ਮਾਰਦੇ ਨੇ। ਸਮਾਗਮਾਂ ਨਾਲ ਨਸ਼ੇ ਛੁੱਟਦੇ ਨੇ ..ਬੰਦੇ ਤਾਂ ਫੜਦੇ ਨਹੀਂ ਤੇ ਜਿਹੜੇ ਫੜਦੇ ਆ ਉਹ ਆਪ ਦੋ ਚਾਰ ਸੌ ਦਾ ਕਰਨ ਵਾਲੇ ਹੁੰਦੇ ਆ, ਵੱਡੇ ਮਗਰਮੱਛਾਂ ਨੂੰ ਹੱਥ ਪਾਉ, ਸਮਾਗਮ ਕਰਨ ਵਾਲੇ ਵੀ ਸਰਕਾਰੀ ਬੰਦੇ ਤੇ ਹਾਜ਼ਰੀ ਭਰਨ ਵਾਲੇ ਵੀ ਸਰਕਾਰੀ ਆਮ ਲੋਕਾਂ ਤੱਕ ਵੀ ਤਾਂ ਪਹੁੰਚੋ।" ਉਹ ਸੋਚ ਕੇ ਬੁੜਬੁੜਾਇਆ ਤੇ ਫਿਰ ਸੋਚਣ ਲੱਗਾ ਕਿ ਲੱਗਦਾ ਮੋਬਾਇਲ ਛੁਡਾਉਣ ਲਈ ਵੀ ਸੈਮੀਨਾਰ ਲੱਗਿਆ ਕਰਨਗੇ, ਉਹ ਦਿਨ ਵੀ ਕੋਈ ਬਹੁਤੀ ਦੂਰ ਨਹੀਂ। ਚਿੱਟਾ ਤਾਂ ਖੈਰ ਛੁੱਟਜੇ ਆਹ ਤਾਂ ਬਾਹਲਾ ਔਖਾ।

ਉਹਨੇ ਗੱਡੀ ਦੇ ਸ਼ੀਸ਼ੇ ਖੋਲ੍ਹ ਕੇ ਤਾਜੀ ਹਵਾ ਨੱਕ ਰਾਹੀ ਅੰਦਰ ਖਿੱਚੀ ਤੇ ਮਨ ਥਾਂ ਸਿਰ ਕਰਨ ਦੀ ਕੋਸ਼ਿਸ਼ ਕੀਤੀ ।

ਕੋਈ ਚਾਰਾ ਨਾ ਚੱਲਦਾ ਵੇਖ ਕੇ ਘਰ ਆ ਕੇ ਆਪਣੇ ਆਪ ਨੂੰ ਹਨੇਰੇ 'ਚ ਕਰ ਲਿਆ। 'ਡੋਪਾਮਾਇਨ' ਸ਼ਬਦ ਸੋਚ 'ਚ ਅੜਿਆ ਜੇਹਾ ਲੱਗਿਆ।

ਮਿੱਠੀ ਦਾ ਵਾਰ ਵਾਰ ਆਉਂਦਾ ਫੋਨ ਵੀ ਡਿਸਕੁਨੈਕਟ ਕਰ ਰਿਹਾ ਸੀ। ਮੰਮੀ ਦਰਵਾਜ਼ਾ ਭੰਨ ਰਹੀ ਸੀ। ਘਬਰਾਹਟ ਦਾ ਸਿਖਰ ਸੀ। ਲੱਗਦਾ ਸਟਰੀਕਾਂ ਟੁੱਟ ਜਾਣਗੀਆਂ। ਹਾਏ ਅੱਜ ਕੋਈ ਸਟੋਰੀ ਨਹੀਂ ਪਾਈ। ਫੇਸਬੁੱਕ ਦੇ ਗਰੁੱਪ ਵਾਲੇ ਮਿੱਤਰਾਂ ਦਾ ਕੀ ਬਣੂ। ਵਟਹਸ ਅਪ ਦਾ ਸਟੇਟਸ। ਲੱਗਦਾ ਮੈਂ ਪਿੱਛੇ ਨਾ ਰਹਿ ਜਾ। ਖਿਝ ਉਚਾਣ ਤੇ ਸ਼ਾਂਅ ਸ਼ਾਂਅ ਸ਼ੋਰ ਵਧਣ ਲੱਗਦਾ ਹੈ। ਕਮਰਾ ਘੁੰਮਣ ਲੱਗਦਾ ਹੈ।

ਸਿਮਰ ਨੇ ਕਚੀਚੀ ਵੱਟਦਿਆਂ ਚਾਦਰ ਘੁੱਟ ਲਈ ਹੈ। ਚੀਕ ਮਾਰਨ ਲੱਗਦਾ ਹੈ।

ਉਹਨੂੰ ਗੋਲੇ ਦੀ ਯਾਦ ਫੇਰ ਆਉਣ ਲੱਗਦੀ ਹੈ। ਚੇਹਰਾ ਵਾਰ ਵਾਰ ਅੱਖਾਂ ਅੱਗੇ ਘੁੰਮ ਰਿਹਾ ਹੈ। ਆਪਣੀ ਛਟਪਟਾਹਟ ਗੋਲੇ ਵਰਗੀ ਲੱਗ ਰਹੀ ਹੈ। ਗੋਲੇ ਦੇ ਨਾਲ ਟੀਕਾ ਲਾਉਣ ਗਿਆ ਟੀਟੂ ਦੱਸਦਾ ਸੀ ਕਿ ਅੰਤਲੇ ਸਮੇਂ ਉਹ ਏਵੇਂ ਤੜਫਿਆ ਸੀ। ਜਾਨ ਤਿਲ ਤਿਲ ਕਰਕੇ ਨਿਕਲੀ ਸੀ। ਹੱਡੀਆਂ ਦੀ ਮੁੱਠ ਗੋਲਾ ਰਿੜਕ ਰਿੜਕ ਕੇ ਪ੍ਰਲੋਕ ਸਿਧਾਰਿਆ ਸੀ ਉਹਦਾ ਮੂੰਹ ਲੁੜਕ ਗਿਆ ਸੀ। ਹਾਲ ਬੁਰਾ ਸੀ। ਟੀਟੂ ਡਰਦਾ ਭੱਜ ਗਿਆ ਸੀ। ਪਰ ਨਸ਼ੇ ਦਾ ਓਵਰਡੋਜ਼ ਗੋਲੇ ਦੀ ਜਾਨ ਲੈ ਗਿਆ ਸੀ। ਉਹਨੂੰ ਆਪਣਾ ਹਾਲ ਗੋਲੇ ਵਰਗਾ ਲੱਗ ਰਿਹਾ ਸੀ। ਅੱਜ ਦੀ ਰਾਤ ਜ਼ਿੰਦਗੀ ਦੀ ਆਖ਼ਰੀ ਰਾਤ ਹੋਣ ਵਾਲੀ ਸੀ।

ਪਰ।

ਅਚਾਨਕ ਨੋਟੀਫਕੇਸ਼ਨ ਵਾਲੀ ਰਿੰਗ ਵੱਜਦੀ ਹੈ। ਸਿਮਰ ਦੇ ਮੂੰਹ 'ਤੇ ਸਮਾਇਲ ਹੈ।

# ਸਮਕਾਲ ਅਤੇ ਮੇਰੀ ਨਾਵਲੀ ਸਿਰਜਣਕਾਰੀ

**-ਸੰਤੋਖ ਧਾਲੀਵਾਲ**

ਕਿਸੇ ਵੀ ਸਮਾਜ ਦੀ ਸਥਿਤੀ ਜਾਨਣ ਲਈ ਸਮਾਜਕ ਕਦਰਾਂ-ਕੀਮਤਾਂ ਤੇ ਝਾਤ ਮਾਰਨੀ ਜਿੱਥੇ ਜ਼ਰੂਰੀ ਹੈ ਉੱਥੇ ਉਨ੍ਹਾਂ ਵੇਲਿਆਂ 'ਚ ਰਚਿਆ ਜਾ ਰਿਹਾ ਸਾਹਿਤ ਵਾਚਣਾ ਵੀ ਅਹਿਮ ਹੈ। ਇਹ ਆਮ ਪੜ੍ਹਿਆ -ਸੁਣਿਆ ਜਾਂਦਾ ਹੈ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਮੈਂ ਇਸ ਕਥਨ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਾਂ। 'ਸਾਹਿਤ ਜ਼ਿੰਦਗੀ ਦਾ ਆਈਨਾ ਹੋਣਾ ਚਾਹੀਦਾ ਹੈ ਜਾਂ ਉਹਨੂੰ ਜ਼ਿੰਦਗੀ ਦੀ ਅਸਲ (ਯਥਾਰਥ) ਤਸਵੀਰ ਹੂ..ਬ..ਹੂ ਪੇਸ਼ ਕਰਨੀ ਚਾਹੀਦੀ ਹੈ। ਜਿਵੇਂ ਕੈਮਰੇ ਨਾਲ ਖਿੱਚੀ ਫੋਟੋ ਬਹੁਤੀ ਕਲਾਤਮਕ ਨਹੀਂ ਹੁੰਦੀ ਓਸੇ ਤਰ੍ਹਾਂ ਨਿਰਾ ਫੋਟੋਗ੍ਰਾਫਿਕ ਯਥਾਰਥ ਪੇਸ਼ ਕਰਨ ਵਾਲੀ ਰਚਨਾ ਕਲਾਤਮਕ ਨਹੀਂ ਹੁੰਦੀ। ਕਲਾਕਾਰ ਕੋਲ ਸਿਰਫ ਦ੍ਰਿਸ਼ਟੀ ਹੀ ਨਹੀਂ, ਅੰਤਰ-ਦ੍ਰਿਸ਼ਟੀ ਵੀ ਹੁੰਦੀ ਹੈ ਜੋ ਸਤਹ ਦੇ ਹੇਠਾਂ ਝਾਕ ਕੇ ਜ਼ਿੰਦਗੀ ਦੀਆਂ ਲੁਕੀਆਂ ਪਰਤਾਂ ਹੇਠ ਦੱਬੀਆਂ ਮਾਨਵੀ ਆਦਿ-ਪ੍ਰਵਿਰਤੀਆਂ ਨੂੰ ਵੇਖਦੀ ਹੈ। ਸੱਚਾ ਕਲਾਕਾਰ ਇੱਥੇ ਹੀ ਬਸ ਨਹੀਂ ਕਰਦਾ, ਆਪਣੀ ਅੰਤਰ-ਦ੍ਰਿਸ਼ਟੀ ਤੋਂ ਮਿਲੀ ਜਾਣਕਾਰੀ ਨਾਲ ਉਹ ਕਿਸੇ ਕਲਾਕ੍ਰਿਤੀ ਵਿਚ ਪੇਸ਼ ਕੀਤਾ ਜਾਣ ਵਾਲਾ ਜੀਵਨ-ਦਰਸ਼ਨ ਵੀ ਸਿਰਜਦਾ ਹੈ।ਇਸ ਜੀਵਨ ਦਰਸ਼ਨ ਦੇ ਅਨੁਸਾਰ ਹੀ ਲੇਖਕ ਪਾਤਰਾਂ ਅਤੇ ਘਟਨਾਵਾਂ ਅਤੇ ਸ਼ਬਦਾਂ ਦੀ ਚੋਣ ਕਰਦਾ ਹੈ।' ਮੈਂ ਡਾ. ਭਾਰਦਵਾਜ ਜੀ ਦੇ ਇਸ ਕਥਨ ਨਾਲ ਬਹੁਤਾ ਸਹਿਮਤ ਹਾਂ। ਪਰ ਜਿਸ ਸਮੇ ਸਾਹਿਤ ਰਚਿਆ ਗਿਆ ਹੁੰਦਾ ਹੈ ਉਸਤੋਂ ਉਸ ਸਮੇ ਦੇ ਸਮਾਜ ਦੀ ਝਲਕ ਜ਼ਰੂਰ ਵੇਖੀ ਜਾ ਸਕਦੀ ਹੈ।ਪਿਛਲੀ ਅੱਧੀ ਕੁ ਸਦੀ ਤੋਂ ਸਮਾਜ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ।ਕਦਰਾਂ ਕੀਮਤਾਂ ਬਦਲ ਰਹੀਆਂ ਹਨ।

ਨਵੀਂ ਟੈਕਨੌਲੋਜੀ ਨਵੀਆਂ ਸੰਭਾਵਨਾਵਾਂ ਨਾਲ ਸਮਾਜ ਦੇ ਹਰ ਕੋਨੇ ਨੂੰ ਪ੍ਰਭਾਵਿਤ ਕਰ ਰਹੀ ਹੈ। ਮੈਂ 1962 ਦਾ ਪਰਵਾਸ ਧਾਰਿਆ ਹੋਇਆ ਹੈ। ਉਸ ਸਮੇ ਘਰਾਂ 'ਚ ਵੀ ਟੈਲੀਫੂਨ ਨਹੀਂ ਸੀ ਹੁੰਦਾ। ਅੱਜਕਲ੍ਹ ਹਰ ਘਰ 'ਚ ਜਿੰਨੇ ਜੀਅ ਹਨ ਸਾਰਿਆਂ ਕੋਲੇ ਆਪੋ-ਆਪਣੇ ਮੋਬਾਇਲ ਹਨ। ਸਾਹਿਤ ਨੂੰ ਵੀ ਮੇਰੀ ਸੋਝੀ ਅਨੁਸਾਰ, ਸਮਾਜ ਵਿਚ ਤੇਜ਼ੀ ਨਾਲ ਆ ਰਹੀਆਂ ਤਬਦੀਲੀਆਂ ਤੇ ਘਟਨਾਵਾਂ ਨੂੰ ਵਿਸ਼ੇ ਬਣਾਉਣਾ ਚਾਹੀਦਾ ਹੈ।ਸਮਾਜ ਬੜੀ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ਤੇ ਸਾਹਿਤ ਨੂੰ ਵੀ ਸਮਾਜ ਨਾਲ ਤੁਰਨ ਦੀ ਜ਼ਰੂਰਤ ਹੈ।

ਮੈਂ ਬਹੁਤੀ ਗੱਲ ਪਰਵਾਸ, ਉਹ ਵੀ ਇੰਗਲੈਂਡ ਵਿਚ ਰਚੇ ਜਾ ਰਹੇ ਨਾਵਲ ਬਾਰੇ ਹੀ ਕਰਾਂਗਾ। ਮੈਨੂੰ ਇਹ ਕਹਿਣ 'ਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਵਲੈਤ ਦੀ ਧਰਤੀ ਨੇ ਬਹੁਤ ਹੀ ਨਾਮਵਰ ਨਾਵਲਕਾਰ ਪੈਦਾ ਕੀਤੇ ਹਨ ਜਿਨ੍ਹਾਂ ਨੇ ਸਮੁੱਚੇ ਪੰਜਾਬੀ ਨਾਵਲ ਦੀ ਧਰਾਤਲ ਤੇ ਡੂੰਘੇ ਪੂਰਨੇ ਪਾਏ ਹਨ। ਸਵਰਗਵਾਸੀ ਸਵਰਨ ਚੰਦਨ, ਸ਼ਿਵਚਰਨ ਗਿੱਲ, ਦਰਸ਼ਨ ਧੀਰ, ਹਰਜੀਤ ਅਟਵਾਲ, ਮਹਿੰਦਰਪਾਲ ਧਾਲੀਵਾਲ, ਪਰਕਾਸ਼ ਸੋਹਲ, ਤੇ ਇੱਕੋ ਇੱਕ ਇੱਥੋਂ ਦਾ ਜੰਮਪਲ ਨਾਵਲਕਾਰ ਪਾਲ ਢਿੱਲੋਂ ਪੈਦਾ ਕੀਤਾ ਹੈ।ਪਰਕਾਸ਼ ਸੋਹਲ ਦਾ ਮੈਂ ਸਿਰਫ ਇੱਕ ਨਾਵਲ ਹੀ ਪੜ੍ਹਿਆ ਹੈ, ਉਸਤੋਂ ਬੜੀਆਂ ਸੰਭਾਵਨਾਵਾਂ ਹਨ। ਸਾਥੀ ਲੁਧਿਆਣਵੀ ਨੇ ਵੀ ਆਪਣੇ ਸਾਹਾਂ ਦਾ ਸਫਰ ਮਕਾਉਣ ਤੋਂ ਪਹਿਲਾਂ ਸਾਹਿਲ ਨਾਂ ਦਾ ਵੱਡ-ਆਕਾਰੀ ਨਾਵਲ ਰੱਚ ਕੇ ਇਸ ਖੇਤਰ

'ਚ ਆਪਣਾ ਯੋਗਦਾਨ ਪਾਇਆ ਹੈ।

ਮੈਂ ਬਹੁਤ ਵਾਰ ਇਹ ਸੋਚਦਾ ਹਾਂ ਕਿ ਮੈਨੂੰ ਨਾਵਲ ਲਿਖਣ ਦੀ ਕਿਉਂ ਲੋੜ ਪਈ।ਮੈਂ ਕਵਿਤਾ ਤੇ ਕਹਾਣੀ ਤੇ ਹੱਥ-ਅਜ਼ਮਾਈ ਕਰ ਚੁੱਕਿਆ ਸਾਂ। ਮੇਰਾ ਕਹਾਣੀ ਤੇ ਕਵਿਤਾ ਨਾਲ ਕਿਉਂ ਨਹੀਂ ਸਰਦਾ? ਸ਼ਾਇਦ ਮਸਲਾ ਥੀਮ ਦਾ ਹੈ। ਤੇ ਥੀਮ ਹੀ ਇੱਕ ਵਿਚਾਰ, ਇੱਕ 'ਆਈਡੀਆ' ਜੋ ਮੈਨੂੰ ਤੰਗ ਕਰ ਰਿਹਾ ਹੁੰਦਾ ਹੈ। ਰਾਤ-ਦਿਨ ਪਿੰਜ ਰਿਹਾ ਹੁੰਦਾ ਹੈ। ਵਿਸ਼ੇਸ਼ ਵਿਚਾਰ ਤੋਂ ਬਗੈਰ ਨਾ ਕੋਈ ਨਾਵਲ ਬਣਦਾ ਹੈ ਤੇ ਨਾ ਹੀ ਕਹਾਣੀ ਭਾਵੇਂ ਦੋਵੇਂ ਹੀ ਰੂਪਾਕਾਰ ਆਪਣੀ ਬਣਤਰ ਵਿਚ ਇੱਕ ਦੂਜੇ ਤੋਂ ਭਿੰਨ ਹਨ।ਪਰ 'ਆਈਡੀਆ' ਕਹਾਣੀ ਵਿਚ ਵੀ ਹੁੰਦਾ ਹੈ ਤੇ ਨਾਵਲ ਵਿਚ ਵੀ। ਸਿਰਫ ਪਾਤਰਾਂ ਦੇ ਆਸਰੇ ਗਲਪ ਨਹੀਂ ਬਣਦੀ। ਸਗੋਂ ਬਹੁਤ ਵਾਰੀ ਪਾਤਰ ਵੀ ਜੁਗਤਾਂ ਵਜੋਂ ਵਰਤ ਲਏ ਜਾਂਦੇ ਹਨ। ਮੁੱਖ ਗੱਲ 'ਵਿਚਾਰ' ਹੈ।

ਇੰਜ 'ਵਿਚਾਰ' ਜਾਂ 'ਆਈਡੀਆ' ਹੀ ਉਹ ਸ਼ੈਅ ਹੈ ਜੋ ਮੇਰੇ ਕੋਲੋਂ ਨਾਵਲ ਲਿਖਵਾਉਂਦਾ ਹੈ।

ਮੈਂ ਹੁਣ ਤੱਕ ਪਿਛਲੇ 25-30 ਸਾਲਾਂ ਦੇ ਸਾਹਿਤੱਕ ਸਫਰ 'ਚ ਚਾਰ ਨਾਵਲ, 'ਉੱਖੜੀਆਂ ਪੈੜਾਂ', 'ਸਰਘੀ', 'ਰਿਸ਼ਤਿਆਂ ਦੇ ਮਾਰੂਥਲ' ਤੇ 'ਸੁਲਘਦੇ ਸੁਪਨੇ' ਲਿਖੇ ਹਨ।ਪਰਵਾਸੀ ਪੰਜਾਬੀ ਨਾਵਲ ਝੂ-ਹੇਰਵਾ, ਨਸਲੀ ਵਿਤਕਰਾ, ਪੀੜ੍ਹੀ ਪਾੜਾ ਜਹੇ ਸਾਰੇ ਸੰਕਟਾਂ 'ਚੋਂ ਗੁਜ਼ਰਦਾ ਅੱਜ ਨਵੀਆਂ ਚਣੌਤੀਆਂ ਨੂੰ ਮੁਖਾਤਿਬ ਹੈ।ਇੱਥੋਂ ਦੀ ਜੰਮ-ਪਲ ਪੀੜ੍ਹੀ ਨੂੰ ਮੈਂ ਹਮੇਸ਼ਾ 'ਨਾਰੀਅਲ' ਕਹਿੰਦਾ ਹਾਂ ਕਿ ਇਹ ਬਾਹਰੀ ਤੌਰ ਤੇ ਘਸਮੈਲੇ ਰੰਗ ਦੇ ਹਨ ਪਰ ਅੰਦਰੋਂ ਨਾਰੀਅਲ ਵਾਂਗੂੰ ਚਿੱਟੇ ਹੀ ਹਨ। ਇਨ੍ਹਾਂ ਦੀਆਂ ਸਾਰੀਆਂ ਆਦਤਾਂ, ਖਾਣਾ ਪੀਣਾ, ਮੇਲ-ਮਿਲਾਵਟ ਤੇ ਨਿੱਤ ਦੀ ਵਿਚਰਨ ਬਿਲਕੁਲ ਵਲੈਤੀ ਲੋਕਾਂ ਵਰਗੀ ਹੈ।ਇਵੇਂ ਹੋਣਾ ਕੁਦਰਤੀ ਤੇ ਸੁਭਾਵਕ ਵੀ ਸੀ। ਇਸ 'ਚ ਦੋ ਰਾਵਾਂ ਨਹੀਂ ਹੋ ਸਕਦੀਆਂ।ਮਾਈਗ੍ਰੇਸ਼ਨ ਦੀ ਤਾਰੀਖ ਵੀ ਇਹੋ ਹੀ ਦਰਸਾਂਦੀ ਹੈ ਕਿ ਚੌਥੀ ਪੀੜ੍ਹੀ 'ਚ ਜਾ ਕੇ ਸੱਭ ਇੱਕੋ ਜਿਹਾ ਹੋ ਜਾਂਦਾ ਹੈ। ਸਾਡੇ ਪਰਵਾਸੀਆਂ ਦੀ ਚੌਥੀ ਪੀੜ੍ਹੀ ਹੋਂਦ 'ਚ ਆ ਚੁੱਕੀ ਹੈ।

ਮੇਰਾ ਪਹਿਲਾ ਨਾਵਲ 'ਉੱਖੜੀਆਂ' ਪੈੜਾਂ ਕੋਈ ਵੀਹ ਸਾਲ ਪਹਿਲਾਂ ਦਾ ਲਿਖਿਆ ਹੋਇਆ ਹੈ।15 ਸਾਲ ਛਪੇ ਨੂੰ ਵੀ ਹੋ ਗਏ ਹਨ। ਇਸਦੀ ਕਹਾਣੀ ਕੋਈ 30 ਕੁ ਸਾਲ ਪੁਰਾਣੀ ਹੈ। ਉਸ ਵੇਲੇ ਇੰਗਲੈਂਡ ਆਉਣ ਲਈ ਅਣਜੋੜ ਵਿਆਹ ਦੀ ਸਥਿਤੀ ਬਹੁਤ ਹੀ ਗੰਭੀਰ ਸੀ। ਇਸ ਦੌਰ ਵਿਚਲੀਆਂ ਘਟਨਾਵਾਂ ਮੇਰੇ ਚੇਤਿਆਂ 'ਚ ਆਏ ਦਿਨ ਸਾਕਾਰ ਹੁੰਦੀਆਂ ਰਹਿੰਦੀਆਂ ਸਨ। ਵਲੈਤ ਆਉਣ ਤੇ ਇੱਥੇ ਪਹੁੰਚੇ ਹੋਏ ਆਪਣੇ ਪਰਵਾਰ ਦੇ ਜੀਆਂ ਨੂੰ ਮੰਗਵਾਉਣ ਲਈ ਜੋ ਕੁਝ ਅਸੀਂ ਪੰਜਾਬੀ ਕਰਦੇ ਰਹੇ ਹਾਂ ਉਹ ਬਿਆਨੋ ਬਾਹਰ ਹੈ।ਭੈਣਾਂ ਨੇ ਭਰਾਵਾਂ ਨੂੰ ਪਤੀ ਬਣਾ ਕੇ ਵਲੈਤ ਪਹੁੰਚਾਇਆ ਤੇ ਫੇਰ ਤਲਾਕ ਲੈ ਕੇ ਆਪਣੇ ਵਿਆਹ ਲਈ ਪੰਜਾਬੋਂ ਮੁੰਡੇ ਵੀ ਮੰਗਵਾਏ।ਵੱਡੇ ਭਰਾਵਾਂ ਨੇ ਛੋਟੇ ਭਰਾਵਾਂ ਨੂੰ ਪੁੱਤ ਬਣਾ ਕੇ ਵਲੈਤ ਮੰਗਵਾਇਆ। ਗੋਰੀਆਂ ਜਨਾਨੀਆਂ ਨੂੰ ਹਜ਼ਾਰਾਂ ਪੌਂਡ ਦੇ ਕੇ ਪੱਕੇ ਹੋਣ ਲਈ ਵਿਆਹ ਰਜਿਸਟਰ ਕਰਾਉਣ ਦੀਆਂ ਕਹਾਣੀਆਂ ਵੀ ਬਥੇਰੀਆਂ ਸੁਣੀਆਂ ਵੇਖੀਆਂ ਸਨ। ਬਦੇਸ਼ ਪਹੁੰਚਣ ਦੀ ਲਿਲਕ ਨੇ ਸਾਨੂੰ ਏਨੇ ਨੀਵੇਂ ਬਣਾ ਦਿੱਤਾ ਸੀ ਕਿ ਅਸੀਂ ਪੰਜਾਬੀਆਂ ਨੇ ਆਪਣੀਆਂ ਧੀਆਂ ਭੈਣਾਂ ਨੂੰ ਵੀ ਪੌੜੀਆਂ ਬਣਾ ਕੇ ਬਦੇਸ਼ਾਂ 'ਚ ਪਹੁੰਚਣ ਲਈ ਵਰਤਿਆ।ਤੇ ਜਿੱਥੇ ਮਾਨਸਿਕ ਪੀੜਾ, ਸਭਿਆਚਾਰਕ

ਲੁੱਟ, ਨੈਤਿਕ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗਣਾ, ਇਥੇ ਸਰਮਾਏਦਾਰੀ ਢਾਂਚੇ ਤੇ ਚੋਟ ਮਾਰਨ ਦੇ ਨਾਲ ਨਾਲ ਪਰਵਾਸ ਨੂੰ ਇੱਕ ਸੰਤਾਪ ਵਜੋਂ ਪੇਸ਼ ਕਰਨਾ, ਇਹ ਨਾਵਲ ਇਹੋ ਜਹੇ ਮਾਹੌਲ ਦੀ ਹੀ ਪੇਸ਼ਕਾਰੀ ਸੀ।ਇਹ ਪੰਜਾਬੀ ਧੀਆਂ ਦਾ ਦੁਖਾਂਤ ਵੀ ਸੀ।

ਸੱਠਵਿਆਂ 'ਚ ਦੁਆਬਾ ਕਿਸੇ ਵੀ ਹੀਲੇ ਵਲੈਤ ਆਉਣ ਲਈ ਪੱਬਾਂ-ਭਾਰ ਹੋਇਆ ਪਿਆ ਸੀ। 530 ਰੁਪਈਆਂ ਦੇ ਮਨੀਆਰਡਰ ਘਰਾਂ 'ਚ, ਬਾਹਰ ਜਿੱਥੇ ਵੀ ਦੋ ਜਣੇ ਇਕੱਠੇ ਹੁੰਦੇ ਚਰਚਾ ਦਾ ਵਿਸ਼ਾ ਹੁੰਦਾ। ਪਿੰਡਾਂ 'ਚ ਵੀ ਤਿੱਖੇ ਬੰਦੇ ਦਲਾਲ ਬਣੇ, ਭੋਲੇ ਲੋਕਾਂ ਨੂੰ ਵਲੈਤ ਭੇਜਣ ਦੇ ਇਕਰਾਰਾਂ ਨਾਲ ਲੁੱਟ ਰਹੇ ਸਨ। ਜ਼ਮੀਨਾਂ ਗਹਿਣੇ ਧਰੀਆਂ ਜਾ ਰਹੀਆਂ ਸਨ। ਮਾਵਾਂ ਭੈਣਾਂ ਦੇ ਗਹਿਣੇ ਵੀ ਸੁਨਿਆਰਾਂ ਦੀਆਂ ਦੁਕਾਨਾਂ ਤੇ ਚੜ੍ਹਾਏ ਜਾ ਰਹੇ ਸਨ। ਕਰਜ਼ੇ ਲਈ ਘਰਾਂ ਦੀ ਵੀ ਆਹੂਤੀ ਦਿੱਤੀ ਜਾ ਰਹੀ ਸੀ। ਇਸ ਨਾਵਲ ਦੀ ਮੁੱਖ ਪਾਤਰ ਕਿਰਪਾਲ ਵੀ ਇਨ੍ਹਾਂ ਹਾਲਤਾਂ 'ਚ ਹੀ ਉਸਦੀ ਮਤ੍ਰੇਈ ਮਾਂ ਨੇ ਜ਼ੋਰ ਦੇ ਕੇ ਤਾਂਕਿ ਉਸਦੇ ਮੁੰਡਿਆਂ ਲਈ ਵਲੈਤ ਜਾਣ ਦਾ ਵਸੀਲਾ ਬਣ ਸਕੇ, ਉਸਦੀ ਉਮਰ ਤੋਂ ਦੁਗਣੀ ਉਮਰ ਦੇ ਆਦਮੀ ਪ੍ਰੀਤੂ ਨਾਲ ਨਰੜ ਕੇ ਵਲੈਤ ਘੱਲੀ ਸੀ। ਇਹ ਵਰਤਾਰਾ ਉਨ੍ਹਾਂ ਦਿਨਾਂ 'ਚ ਦੁਆਬੇ 'ਚ ਆਮ ਵੇਖਣ ਨੂੰ ਮਿਲਦਾ ਸੀ। ਇਹ ਸਾਰੀ ਕਹਾਣੀ ਤੇ ਘਟਨਾਵਾਂ ਦਾ ਲੋਕੇਲ ਮੇਰੇ ਆਪਣੇ ਇਲਾਕੇ ਦੇ ਪਿੰਡ ਹਨ ਜਿੱਥੇ ਮੈਂ ਵਲੈਤ ਆਉਣ ਤੋਂ ਪਹਿਲਾਂ 20-22 ਸਾਲ ਗੁਜ਼ਾਰੇ ਸਨ। ਮੈਂ ਇਨ੍ਹਾਂ ਪਿੰਡਾਂ ਦੀਆਂ ਗਲੀਆਂ ਤੱਕ ਦਾ ਚੰਗੀ ਤਰ੍ਹਾਂ ਵਾਕਫ ਸਾਂ ਤੇ ਮੈਨੂੰ ਪਾਤਰ ਤੇ ਸਥਾਨ ਉਲੀਕਣ 'ਚ ਬਹੁਤੀ ਦਿੱਕਤ ਨਹੀਂ ਸੀ ਆਈ।

ਮੇਰਾ ਦੂਜਾ ਨਾਵਲ 'ਸਰਘੀ' ਸੀ ਜਿਹੜਾ 2008 ਵਿਚ ਛਪਿਆ।ਸਰਘੀ ਇਸ ਨਾਵਲ ਦੀ ਮੁੱਖ ਪਾਤਰ ਹੈ। ਵਲੈਤੀ ਵਿਦਿਅੱਕ ਢਾਂਚੇ ਨਾਲ ਜੁੜਿਆ ਹੋਣ ਕਰਕੇ ਇਹ ਪਾਤਰ ਕਈ ਵਰ੍ਹੇ ਮੇਰੇ ਸਕੂਲ 'ਚ ਮੇਰੀਆਂ ਨਜ਼ਰਾਂ 'ਚੋਂ ਗੁਜ਼ਰਦਾ ਰਿਹਾ। ਸਰਘੀ ਪੜ੍ਹਨ ਵਿਚ ਵੀ ਬਹੁਤ ਹੁਸ਼ਿਆਰ ਸੀ। ਮੈਨੂੰ ਉਸਨੂੰ ਪੜ੍ਹਾਉਣ ਦਾ ਅਵਸਰ ਵੀ ਮਿਲਿਆ ਸੀ ਜਦੋਂ ਉਹ ਜੀ.ਸੀ.ਐਸ.ਸੀ ਦੇ ਆਖਰੀ ਸਾਲਾਂ 'ਚ ਸੀ। 15 ਕੁ ਸਾਲ ਸਕੂਲ ਛੱਡਣ ਮਗਰੋਂ ਸਰਘੀ ਇੱਕ ਦਿਨ ਮੈਨੂੰ ਸੁਪਰ-ਮਾਰਕਿਟ ਵਿਚ ਮਿਲਦੀ ਹੈ। ਮੈਨੂੰ ਤਾਂ ਉਸਨੂੰ ਪਹਿਚਾਨਣ 'ਚ ਦਿੱਕਤ ਆਈ ਪਰ ਉਸਨੇ ਮੈਨੂੰ ਪਛਾਣ ਲਿਆ ਤੇ ਬੜੇ ਹੀ ਤਪਾਕ ਨਾਲ ਮਿਲੀ। ਕਿੰਨਾ ਚਿਰ ਗੱਲਾਂ ਕਰਦੇ ਰਹੇ ਤੇ ਮੈਂ ਆਪਣੇ ਸਵਾਲਾਂ ਨਾਲ ਉਸਦੀ ਵਿਚਰਨ ਨੂੰ ਫਰੋਲਦਾ ਰਿਹਾ ਸਾਂ ਤੇ ਇਸ ਨਾਵਲ ਨੂੰ ਲਿਖਣ ਬਾਰੇ ਇੱਛਾ ਹੋਰ ਪ੍ਰਬਲ ਹੋ ਗਈ। ਮੈਂ ਇਹ ਕਹਿ ਸਕਦਾ ਹਾਂ ਕਿ ਮੇਰੇ ਪਾਤਰ ਨਾਵਲ ਜਾਂ ਕਹਾਣੀ ਦੀ ਟੈਕਸਟ ਨੂੰ ਅਗਾਂਹ ਤੋਰਨ ਲਈ ਘੜੇ ਹੋਏ ਨਹੀਂ ਹੁੰਦੇ, ਸਗੋਂ ਟੈਕਸਟ ਜੀਂਦੇ-ਜਾਗਦੇ ਪਾਤਰਾਂ ਦੁਆਲੇ ਆਪੂੰ ਹੀ ਉਸਰਦੀ ਜਾਂਦੀ ਹੈ।

ਸਰਘੀ ਨੂੰ ਏਨੇ ਵਰ੍ਹਿਆਂ ਬਾਅਦ ਮਿਲਣ ਤੋਂ ਪਹਿਲਾਂ ਵੀ ਜਦ ਕਦੇ ਵੀ ਕਿਧਰੇ ਮਿਕਸਡ-ਰੇਸ ਦੇ ਬਚਿਆਂ ਬਾਰੇ ਪੜ੍ਹ ਆ ਜਾਂ ਸੁਣਿਆ, ਸਰਘੀ ਮੇਰੇ ਚੇਤਿਆਂ ਨੂੰ ਹਲੂਣਦੀ ਰਹੀ। ਇਹ ਸਵਾਲ ਮੈਨੂੰ ਸਦਾ ਹੀ ਖੁਰਚਦਾ ਰਿਹਾ ਕਿ ਕੀ ਨਾਜਾਇਜ਼ ਰਿਸ਼ਤਿਆਂ 'ਚੋਂ ਉਪਜੇ ਇਨ੍ਹਾਂ ਬਚਿਆਂ ਨੂੰ ਸਮਾਜਕ ਸਮਾਨਤਾ ਮਿਲਦੀ ਹੈ ਕਿ ਨਹੀਂ? ਕੀ ਇਨ੍ਹਾਂ ਦੀ ਕੋਈ ਆਪਣੀ ਪਛਾਣ ਵੀ ਬਣਦੀ ਹੈ ਕਿ ਨਹੀਂ? ਵਲੈਤ 'ਚ ਇਨ੍ਹਾਂ ਬਚਿਆਂ ਦੀ ਗਿਣਤੀ 10-15% ਤੱਕ ਹੋ ਚੁੱਕੀ ਹੈ। ਇਹ ਇੰਗਲੈਂਡ 'ਚ ਜੰਮੇ-ਪਲੇ ਤੇ ਜੰਮ ਤੇ ਪਲ ਰਹੇ ਬਿਚਿਆਂ ਦਾ ਇੱਕ ਵੱਡਾ ਹਿੱਸਾ

ਹੈ। ਸਰਘੀ ਨਾਵਲ ਦਾ ਥੀਮ-ਗੁਆਚੀ ਪਛਾਣ ਦਾ ਸੰਕਟ ਹੈ।ਦੁਨੀਆ ਵਿਚ ਸੱਭ ਤੋਂ ਵੱਡੀ ਸੱਮਸਿਆ ਮਨੁੱਖ ਦੀ ਪਛਾਣ ਦਾ ਗਵਾਚ ਜਾਣਾ ਹੈ। ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਮੈਨੂੰ ਜਾਣਨੈਂ?'ਗੁਆਚੀ ਹੋਈ ਪਛਾਣ ਦੇ ਸੰਕਟ ਵਿਚੋਂ ਪੈਦਾ ਹੋਈ। ਐਲਕਸ ਹੈਲੀ ਦੀ ਪੁਸਤਕ 'ਰੂਟਸ' ਕੁੰਟਾ ਕਿੰਟੇ ਦੀ ਅਤੇ ਸਿੱਟੇ ਵਜੋਂ ਉਸਦੀ ਪੂਰੀ ਅਫਰੀਕਣ ਪੀੜ੍ਹੀ ਦੀ ਗੁਆਚ ਚੁੱਕੀ ਪਛਾਣ ਦੇ ਸੰਕਟ ਦੀ ਗਾਥਾ ਪੇਸ਼ ਕਰਦੀ ਹੈ।ਬਰਤਾਨੀਆ ਵਿਚ ਭਾਰਤੀਆਂ ਦੀ ਇੱਥੇ ਜੰਮੀ ਤੇ ਵੱਡੀ ਹੋਈ ਦੂਜੀ ਪੀੜ੍ਹੀ ਦੋ ਭਿੰਨ ਸਭਿਆਚਾਰਾਂ ਵਿਚ ਫਸੀ ਤੇ ਗੁਆਚੀ ਹੋਣ ਦੀ ਤ੍ਰਾਸਦੀ ਹੰਢਾਉਂਦੀ ਰਹੀ। ਉਨ੍ਹਾਂ ਦੇ ਮਾਪਿਆਂ ਕੋਲ ਆਪਣੇ ਭਾਰਤੀ ਹੋਣ ਦੀ ਪਛਾਣ ਤਾਂ ਸੀ ਪਰ ਦੂਜੀ ਪੀੜ੍ਹੀ ਕੋਲ ਨਾ ਭਾਰਤੀ ਪਛਾਣ ਸੀ ਨਾ ਬ੍ਰਿਟਿਸ਼।ਸਿਰਫ ਪਾਸਪੋਰਟ ਜਾਂ ਟਰੈਵਲਿੰਗ ਡਾਕੂਮੈਂਟਸ ਨਾਲ ਇਹ ਪਛਾਣ ਨਹੀਂ ਬਣਦੀ।

ਜਿੱਥੋਂ ਤੱਕ ਮੈਂ ਜਾਣਦਾ ਹਾਂ ਕਿ ਅੰਗ੍ਰੇਜ਼ੀ ਵਿੱਚ ਸ਼ਾਇਦ ਲਿਖਿਆ ਵੀ ਗਿਆ ਹੋਵੇ ਕੋਈ ਨਾਵਲ ਪਰ ਸਰਘੀ ਨਾਵਲ ਤੋਂ ਪਹਿਲਾਂ ਪੰਜਾਬੀ ਵਿਚ 'ਮਿਕਸਡ ਆਈਡੈਂਟਿਟੀ' ਦਾ ਕੋਈ ਨਾਵਲ ਨਹੀਂ ਲਿਖਿਆ ਗਿਆ। ਬ੍ਰਿਟਿਸ਼ ਰਾਜ ਦੇ ਦੌਰਾਨ ਭਾਰਤ ਵਿਚ ਵੀ ਅਜਿਹੇ 'ਮਿਕਸਡ ਜਾਂ ਹਾਈਬ੍ਰਿਡ' ਬੱਚੇ ਪੈਦਾ ਹੋਏ ਜਿਨ੍ਹਾਂ ਦੀਆਂ ਮਾਵਾਂ ਇੰਡੀਅਨ ਸਨ ਤੇ ਬਾਪ ਅੰਗ੍ਰੇਜ਼। ਉਨ੍ਹਾਂ ਬੱਚਿਆਂ ਦਾ ਹਸ਼ਰ ਵੀ ਕੋਈ ਬਹੁਤਾ ਚੰਗਾ ਨਹੀਂ ਸੀ ਹੋਇਆ।

ਹੁਣ ਸਮੇ ਬਦਲ ਰਹੇ ਹਨ। ਮਲਟੀ ਕਲਚਰਲ ਦੇਸ਼ਾਂ ਦੇ ਸਭਿਆਚਾਰਾਂ ਵਿਚ ਸਰਘੀ ਵਰਗੇ ਬੱਚੇ ਹੁਣ ਘੱਟ ਗਿਣਤੀ ਨਹੀਂ ਹਨ। ਬੜੀ ਵੱਡੀ ਗਿਣਤੀ ਹੈ ਅਜਿਹੇ ਬੱਚਿਆਂ ਜਾਂ ਨੌਜਵਾਨਾਂ ਦੀ। ਉਨ੍ਹਾਂ ਨੂੰ ਉਨ੍ਹਾਂ ਦੇ ਵਾਜਬ ਹੱਕ ਮਿਲ ਰਹੇ ਹਨ। ਉਨ੍ਹਾਂ ਨੂੰ ਜਾਇਜ਼ ਕਰਾਰ ਦਿੱਤਾ ਜਾ ਰਿਹਾ ਹੈ। ਤੇ ਇਸ ਨਾਵਲ ਦੀ ਪਾਠਕਾਂ ਤੇ ਆਲੋਚਕਾਂ ਵਲੋਂ ਭਰਵੀਂ 'ਹਾਂ' ਵੀ ਮਿਲੀ।ਕੇਸਰੀ ਗਰੁੱਪ ਵਾਲਿਆਂ ਕੁਲਦੀਪ ਸਿੰਘ ਬੇਦੀ ਜੀ ਦੀ ਮਿਹਰਬਾਨੀ ਸਹਿਤ ਤਿੰਨਾਂ ਜ਼ੁਬਾਨਾਂ 'ਚ ਡੇਢ ਸਾਲ ਸੀਰੀਆਲਾਈਜ਼ ਕੀਤਾ। ਇਸ ਨਾਵਲ ਨੇ ਹੀ ਮੇਰੀ ਥੋਹੜੀ ਬਹੁਤੀ ਪੰਜਾਬੀ ਸਾਹਿਤ 'ਚ ਪਛਾਣ ਵੀ ਬਣਾਈ।

ਮੇਰਾ ਤੀਜਾ ਨਾਵਲ 'ਰਿਸ਼ਤਿਆਂ ਦੇ ਮਾਰੂਥਲ' ਸਰਘੀ ਤੋਂ ਪੰਜ ਸਾਲ ਬਾਅਦ 2013 ਵਿਚ ਛਪਿਆ। ਇੱਕੀਵੀਂ ਸਦੀ ਦਾ ਪਰਵਾਸੀ ਸਾਹਿਤ, ਝੂਹੇਰਵਾ, ਪੀੜ੍ਹੀ-ਪਾੜਾ, ਸਭਿਆਚਾਰਕ ਤਣਾਅ ਅਤੇ ਨਸਲੀ ਵਿਤਕਰੇ ਜਹੇ ਵਿਸ਼ਿਆਂ ਤੋਂ ਥੁਹੜਾ ਪਰੇ ਹਟ ਕੇ ਆਪਣੀ ਸਿਰਜਣਾਤਮਕ ਪੈੜ ਉਲੀਕਦਾ ਹੈ। ਭਾਵੇਂ ਇਹ ਵਿਸ਼ੇ ਗਲਪੀ ਟੈਕਸਟ 'ਚੋਂ ਬਿਲਕੁਲ ਅਲੋਪ ਨਹੀਂ ਹੋਏ ਤੇ ਨਾ ਹੋ ਹੀ ਸਕਦੇ ਸਨ ਪਰ ਇਨ੍ਹਾਂ ਵਿਸ਼ਿਆਂ ਤੇ ਬਹੁਤ ਲਿਖਿਆ ਜਾ ਚੁੱਕਾ ਹੈ ਇਸ ਲਈ ਇਨ੍ਹਾਂ ਦੀ ਸੁਰ ਕੁਝ ਧੀਮੀ ਹੋ ਗਈ ਲਗਦੀ ਹੈ। 21ਵੀਂ ਸਦੀ 'ਚ ਪੰਜਾਬੀ ਚੇਤਨਾ ਇੱਕ ਨਵੇਂ ਦੌਰ ਵਿਚ ਪਰਵੇਸ਼ ਕਰਦੀ ਹੈ। ਇਹ ਉਹ ਸਮਾ ਹੈ ਜਦੋਂ ਝੂਹੇਰਵੇ ਵਰਗੇ ਵਿਸ਼ਿਆਂ ਦੀ ਥਾਂ ਇਸ ਓਪਰੀ ਧਰਤੀ ਤੇ ਬਣੀ ਆਪਣੀ ਸਥਾਪਤੀ ਦੀ ਹੈ। ਕਿਉਂਕਿ ਪਰਵਾਸੀ ਪੰਜਾਬੀ ਇਸ ਮੁਲਕ ਨੂੰ ਆਪਣੀ ਕਰਮ-ਭੂਮੀ ਤੈਅ ਕਰਕੇ ਇਸ ਦੇ ਸਭਿਆਚਾਰ ਨਾਲ ਸਮਾਨਤਾ ਸਥਾਪਤ ਕਰਨੀ ਜ਼ਰੂਰੀ ਸਮਝਣ ਲਗਦਾ ਹੈ।ਬੱਚੇ ਉੱਚ ਵਿਦਿਆ ਪਾ ਕੇ ਚੰਗੀਆਂ ਨੌਕਰੀਆਂ ਕਰ ਰਹੇ ਹਨ। ਆਰਥਿਕ ਪੱਖੋਂ ਪਰਵਾਰ ਸੌਖ ਮਹਿਸੂਸਣ ਲਗਦੇ ਹਨ। ਆਪਣੇ ਘਰ ਖਰੀਦ ਲਏ ਹਨ। ਆਪਣੇ ਕਾਰੋਬਾਰ ਸਥਾਪਤ ਕਰ ਲਏ ਹਨ। ਪਰ ਇਸਦੇ ਨਾਲ ਹੀ ਹਾਲੀ ਵੀ ਪਰਮ ਵਰਗੀਆਂ

ਕੁੜੀਆਂ ਅਣਜੋੜ ਵਿਆਹਾਂ ਕਾਰਨ ਸੰਤਾਪ ਭੋਗ ਰਹੀਆਂ ਹਨ। ਪੰਜਾਬੋਂ ਆਏ ਬਹੁਤ ਸਾਰੇ ਮਰਦ ਹਾਲੀ ਵੀ ਆਪਣੀ ਮਰਦਊ ਈਗੋ ਨੂੰ ਘੁੱਟੀ ਬੈਠੇ ਹਨ ਤੇ ਪਰਵਾਰਿਕ ਰਿਸ਼ਤਿਆਂ ਵਿਚ ਡੂੰਘੀਆਂ ਤ੍ਰੇੜਾਂ ਜਗ ਜ਼ਾਹਰ ਹੋ ਰਹੀਆਂ ਹਨ। ਇਹ ਘੁਮੰਡੀ ਮਰਦ ਘਰ ਦੀ ਚਾਰਦੀਵਾਰੀ ਅੰਦਰ ਤਿੜਕੇ ਰਿਸ਼ਤਿਆਂ ਤੋਂ ਬਾਹਰ ਪੈਰ ਪੁੱਟਦਾ ਹੈ, ਨਵੇਂ ਸਬੰਧ ਬਣਾਉਂਦਾ ਹੈ ਤੇ ਇਸਨੂੰ ਫੇਰ ਆਪ ਹੀ ਐਡਲਟਰੀ ਗਰਦਾਨਦਾ ਹੈ। ਮੇਰਾ ਇਹ ਨਾਵਲ ਇਨ੍ਹਾਂ ਪ੍ਰਸਥਿਤੀਆਂ ਨੂੰ ਸੰਬੋਧਨ ਹੁੰਦਾ ਹੈ ਤੇ ਪਰਮਜੀਤ ਵਰਗੀ ਲੀਹਾਂ ਭੰਨ ਕੇ ਤੁਰਨ ਵਾਲੀ ਪੜ੍ਹੀ ਲਿਖੀ ਕੁੜੀ ਇਹ ਸਾਰੀਆਂ ਪੈੜਾਂ ਲਿਤਾੜ ਕੇ, ਜਿਹੜੀਆਂ ਰੂੜੀਵਾਦੀ ਪੰਜਾਬੀ ਮਰਦ ਘੁੱਟੀ ਫਿਰਦਾ ਹੈ, ਆਪਣੇ ਪੈਂਡੇ ਉਲੀਕਦੀ ਹੈ।

ਆਪਣੇ ਅਧਿਆਪਨ ਸਮੇ ਤੇ ਬਾਅਦ ਵਿਚ ਵੀ ਵਲੈਤੀ ਖ਼ਪਤ ਤੇ ਡਰੱਗ ਸਭਿਆਚਾਰ ਤੋਂ ਪ੍ਰਭਾਵਿਤ ਹੋਈ ਸਾਡੀ ਪਰਵਾਸੀਆਂ ਦੀ ਨਵੀਂ ਪੀੜ੍ਹੀ ਨੂੰ ਵੀ ਮੈਂ ਲੁੜਕਦੇ ਵੇਖਿਆ ਹੈ ਜਿਹੜਾ ਮੈਂ ਤਕਰੀਬਨ ਆਪਣੀ ਹਰ ਰਚਨਾ 'ਚ ਕਿਧਰੇ ਨਾ ਕਿਧਰੇ ਬਿਆਨ ਕਰਨ ਦੀ ਕੋਸ਼ਸ਼ ਕੀਤੀ ਹੈ ਤੇ ਇਸ ਤੇ ਉਂਗਲ ਧਰੀ ਹੈ। ਇਹ ਮੇਰਾ ਪੰਜਾਬੀ ਭਾਈਚਾਰੇ ਨੂੰ ਬਚਾਉਣ ਲਈ ਇੱਕ ਨਿੱਕਾ ਜਿਹਾ ਸੰਕੇਤ ਵੀ ਕਿਹਾ ਜਾ ਸਕਦਾ ਹੈ।।

ਮੇਰਾ ਚੌਥਾ ਨਾਵਲ 'ਸੁਲਘਦੇ ਸੁਪਨੇ' 2017 'ਚ ਛਪਦਾ ਹੈ।

ਇੱਕ ਲੰਮੇ ਸਫਰ ਤੇ ਚਲਣ ਤੋਂ ਬਾਅਦ ਹੁਣ ਪੰਜਾਬੀ ਪਰਵਾਸੀ ਨਵੀਆਂ ਪ੍ਰਸਥਿਤੀਆਂ ਨੂੰ ਸੰਬੋਧਨ ਹੈ। ਬਹੁਤਾ ਕੁਝ ਜੋ ਇੱਕ ਸਾਵੀਂ ਪਧਰੀ ਜ਼ਿੰਦਗੀ ਜੀਣ ਲਈ ਜ਼ਰੂਰੀ ਹੁੰਦਾ ਹੈ ਉਹ ਸੱਭ ਕੁਝ ਹੁਣ ਕੋਲੇ ਹੈ। ਪੰਜਾਬੀ ਸੋਚ ਕਿ ਪਰਵਾਰ ਨੂੰ ਅਗਾਂਹ ਤੋਰਨ ਵਾਸਤੇ ਪੁੱਤਰ ਦੀ ਲੋੜ ਹੈ ਅਜੇ ਵੀ ਅਵਚੇਤਨ 'ਚ ਉਸਲਵੱਟੇ ਲੈਂਦੀ ਹੈ। ਪਹਿਲੀ ਤੇ ਦੂਜੀ ਪੀੜ੍ਹੀ ਦਾ ਪੰਜਾਬੀ ਸਮੂਹ ਨੂੰ ਸਭਿਆਚਾਰਕ ਪੱਖੋਂ ਕਈ ਤਰ੍ਹਾਂ ਦੀਆਂ ਮਾਨਸਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਅਸਲ 'ਚ ਪ੍ਰਵਾਸੀ ਪੰਜਾਬੀ ਇੱਥੋਂ ਦੀ ਦੋਹਰੀ ਜੀਵਨ-ਸ਼ੈਲੀ ਨੂੰ ਹੰਢਾਉਂਦੇ ਹੋਏ ਮਾਨਸਿਕ ਦਵੰਦ ਵਿਚੋਂ ਗੁਜ਼ਰਦਾ ਹੈ। ਬਾਹਰੀ ਤੌਰ ਤੇ ਭਾਵੇਂ ਉਹ ਇੱਥੋਂ ਦੇ ਸਭਿਆਚਾਰ ਅਨੁਸਾਰ ਆਪਣੇ ਆਪ ਨੂੰ ਢਾਲ ਰਿਹਾ ਹੈ ਜਾਂ ਢਾਲ ਚੁੱਕਿਆ ਹੈ ਪਰ ਅੰਦਰੂਨੀ ਤੌਰ ਤੇ ਅਜੇ ਵੀ ਪੰਜਾਬੀ ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਵਿਚ ਜਕੜਿਆ ਹੋਇਆ ਹੈ।

ਵਿਸ਼ਵੀਕਰਨ ਕਈ ਨਵੀਆਂ ਚਣੌਤੀਆਂ ਲੈ ਕੇ ਬੂਹੇ ਤੋੜ ਰਿਹਾ ਹੈ। ਨਵੀਂ ਪੀੜ੍ਹੀ ਅਜ਼ਾਦੀ ਨੂੰ ਸਿਰਫ ਤੇ ਸਿਰਫ ਘਰ ਦੀ ਚਾਰਦੀਵਾਰੀ ਤੋਂ ਬਾਹਰ ਇੱਥੋਂ ਦੇ ਸਮਾਜਕ ਢਾਂਚੇ ਵਿਚ ਢਲ ਕੇ ਵੇਖਦੀ ਹੈ ਤੇ ਵਿਚਰਨਾ ਚਾਹੁੰਦੀ ਹੈ। ਪੰਜਾਬੋਂ ਆਇਲਿਟਸ ਕਰਕੇ ਬਹੁਤ ਸਾਰੇ ਨੌਜਵਾਨ ਪੜ੍ਹਨ ਲਈ ਆ ਰਹੇ ਹਨ। ਪੜ੍ਹਾਈ ਸਿਰਫ ਇੱਕ ਪੌੜੀ ਦਾ ਡੰਡਾ ਹੈ ਜਿਸਤੇ ਪੈਰ ਧਰਕੇ ਉਹ ਬਰਤਾਨੀਆ ਪਹੁੰਚਦੇ ਹਨ। ਇੱਥੇ ਪਹੁੰਚ ਸ਼ਾਇਦ ਕੋਈ ਵਿਰਲਾ ਹੀ ਕਿਸੇ ਕਾਲਜ 'ਚ ਦਾਖਲਾ ਲੈਂਦਾ ਹੋਵੇਗਾ। ਅਨਸਕਿੱਲਡ ਨੌਕਰੀਆਂ ਦੀ ਘਾਟ ਹੈ। ਨਾਲ ਲਿਆਂਦੇ ਪੌਂਡ ਖੁਰੀ ਜਾਂਦੇ ਹਨ। ਨੌਕਰੀ ਮਿਲਣ ਦਾ ਕੋਈ ਜੁਗਾੜ ਨਹੀਂ ਬਣਦਾ। ਘਰਾਂ ਦੇ ਮਾਲਕਾਂ ਨੂੰ ਕਰਾਇਆ ਚਾਹੀਦਾ ਹੈ। ਇੱਕ ਇੱਕ ਕਮਰੇ 'ਚ ਚਾਰ-ਚਾਰ, ਪੰਜ-ਪੰਜ ਪੜ੍ਹਨ ਆਏ ਇਹ ਵਿਦਿਆਰਥੀ ਕੁੜੀਆਂ ਮੁੰਡੇ ਰਾਤਾਂ ਨੂੰ ਸਿਰ ਲਕੋਂਦੇ ਹਨ। ਗੁਰਦਵਾਰਿਆਂ ਲੰਗਰ ਲਈ ਵੀ ਰੋਕਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਭੁੱਖਾ ਢਿੱਡ ਸੱਭ ਕੁਝ ਕਰਨ ਲਈ ਰਾਜ਼ੀ ਹੋ ਜਾਂਦਾ ਹੈ।ਕੁੜੀਆਂ ਸੰਸਕਾਰਾਂ ਨੂੰ

ਛਿੱਕੇ ਟੰਗ ਦੇਹ-ਵਿਉਪਾਰ ਨਾਲ ਗੁਜ਼ਾਰਾ ਤੋਰਨ ਲਈ ਮਜਬੂਰ ਹੋ ਜਾਂਦੀਆਂ ਹਨ ਤੇ ਇਸ ਖੱਡ ਵਿਚ ਛਾਲ ਮਾਰ ਦਿੰਦੀਆਂ ਹਨ। ਦੂਜੇ ਪਾਸੇ ਇੱਥੇ ਕੁੱਝ ਸੈਟਲ ਪੁਰਾਣੇ ਪੰਜਾਬੀ ਹੁਣ ਪੈਸੇ ਦੀ ਅੰਨ੍ਹੀ ਦੌੜ 'ਚ ਖੁਦ ਵੀ ਅੰਨ੍ਹੇ ਹੋਏ ਫਿਰਦੇ ਹਨ।ਪਰਵਾਰਾਂ 'ਚ ਬੈਠਣ ਲਈ, ਬੱਚਿਆਂ ਨਾਲ ਸਮਾ ਬਿਤਾਉਣ ਲਈ ਕੁਝ ਪਲ ਵੀ ਰਾਖਵੇਂ ਨਹੀਂ ਹਨ।ਇਹੋ ਜਹੇ ਵਾਤਾਵਰਨ 'ਚ ਚੰਗੇ ਸੰਸਕਾਰਾਂ ਵਾਲੇ ਘਰਾਂ ਦੀਆਂ ਕੁੜੀਆਂ ਵੀ 'ਪਿੰਕੀ' ਬਣਦੀਆਂ ਹਨ ਤੇ ਬਲਕਾਰ ਵਰਗੇ ਆਪਣੇ ਘਰ ਦਾ ਸੁਖ ਗੁਆ ਬੈਠਦੇ ਹਨ ਤੇ ਅੰਤ ਨੂੰ ਜੇਲ੍ਹ ਦੀ ਚਾਰਦੀਵਾਰੀ 'ਚ ਕੈਦ ਜਾ ਹੁੰਦੇ ਹਨ।

ਇਸ ਤਰ੍ਹਾਂ ਮੈਂ ਆਪਣੇ ਨਾਵਲਾਂ ਦੇ ਲਿਖਣ ਕਾਲ ਸਮੇ ਪੰਜਾਬੀ ਸਮਾਜ ਵਿਚ ਆਈਆਂ ਤਬਦੀਲੀਆਂ ਨੂੰ ਬਿਆਨਣ ਦਾ ਹੀਲਾ ਕਰਦਾ ਰਿਹਾ ਹਾਂ।ਅੱਜ ਦਾ ਪੰਜਾਬੀ ਪਿਛੋਕੜ ਵਾਲਾ ਸਮਾਜ ਉਹ ਨਹੀਂ ਰਿਹਾ, ਰਹਿ ਸਕਦਾ ਵੀ ਨਹੀਂ ਸੀ। ਸਮੇ ਦੇ ਪ੍ਰਭਾਵਾਂ ਦੇ ਨਾਲ ਚਲਣਾ ਹੀ ਪੈਂਦਾ ਹੈ।ਅੱਜ ਸਾਡੀ ਤੀਜੀ ਤੇ ਚੌਥੀ ਪੀੜ੍ਹੀ ਪੂਰੀ ਤਰ੍ਹਾਂ ਸਥਾਪਤ ਹੋ ਚੁੱਕੀ ਹੈ।ਇੱਥੋਂ ਦੇ ਜੰਮ-ਪਲ ਇੱਥੋਂ ਦੇ ਜੰਮ-ਪਲ ਨੂੰ ਹੀ ਆਪਣਾ ਸਾਥੀ ਬਣਾਉਣਾ ਚਾਹੁੰਦੇ ਹਨ।ਪੰਜਾਬੀ ਪਿਛੋਕੜ ਦਾ ਹੋਵੇ, ਇਹ ਵੀ ਜ਼ਰੂਰੀ ਨਹੀਂ ਸਮਝਦੇ। ਮਾਂ ਪਿਓ ਦੀ ਵਿਆਹ ਲਈ ਸਲਾਹ ਨਹੀਂ ਪੁੱਛੀ ਜਾਂਦੀ ਸਗੋਂ ਆਪਣਾ ਫੈਸਲਾ ਸੁਣਾਇਆ ਜਾਂਦਾ ਹੈ ਕਿ ਉਹ ਕਿਸ ਕੁੜੀ ਜਾਂ ਮੁੰਡੇ ਨਾਲ ਵਿਆਹ ਕਰਾ ਰਹੇ ਹਨ। ਕਿਸੇ ਧਰਮ ਜਾਂ ਕਿਸੇ ਗੋਤ ਦੀ ਕੋਈ ਬੰਦਸ਼ ਨਹੀਂ ਹੁੰਦੀ।ਵਿਆਹ ਇੱਕ ਮਾਪਿਆਂ ਦੀ ਈਗੋ ਨੂੰ ਪੱਠੇ ਪਾਉਣ ਵਾਲਾ ਅਡੰਬਰ ਸਿਰਫ ਕਾਗਜ਼ੀ ਦਸਤਾਵੇਜ਼ ਹੀ ਸਮਝਿਆ ਜਾਣ ਲੱਗਾ ਹੈ। ਇਕ ਬੇਲੋੜੀ ਇੰਸਟੀਟੀਊਸ਼ਨ। ਅਣਵਿਆਹੇ ਇੱਕਠੇ ਰਹਿ ਕੇ ਪਰਵਾਰ ਵੀ ਸ਼ੁਰੂ ਕਰਨ ਲੱਗੇ ਹਨ। ਅੰਗ੍ਰੇਜ਼ਾਂ ਵਾਂਗੂ ਸਾਡੀ ਏਸ ਪੀੜ੍ਹੀ ਵਿਚ ਵੀ ਤਲਾਕਾਂ ਦੀ ਦਰ ਨਿੱਤ ਦਿਨ ਵਧਦੀ ਹੀ ਜਾ ਰਹੀ ਹੈ। ਇਸਦਾ ਕਾਰਨ ਇੱਥੋਂ ਦੀ ਸਮਾਜਕ ਖੁਲ੍ਹ ਵਿਚ ਪਲੇ, ਚੰਗੇ ਕਮਾਊ ਵਸੀਲ◆ਆਂ ਕਾਰਨ, ਸਵੈ-ਨਿਰਭਰਤਾ ਹੋਣ ਕਰਕੇ ਸੋਚਣੀ ਵੀ ਇੱਥੋਂ ਦੇ ਸਮਾਜ ਵਰਗੀ ਹੋ ਗਈ ਹੈ।

ਪੰਜਾਬੀ ਪਿਛੋਕੜ ਦੇ ਇੱਥੋਂ ਦੇ ਜੰਮ-ਪਲ ਅੱਜਕਲ੍ਹ ਉਚੀਆਂ ਨੌਕਰੀਆਂ ਤੇ ਹਨ। ਯੂਨੀਵਰਸਿਟੀਆਂ 'ਚ 25-30% ਵਿਦਿਆਰਥੀ ਭਾਰਤੀ ਪਿਛੋਕੜ ਵਾਲੇ ਵਿਦਿਆਰਥੀ ਹਨ।ਬਰਤਾਨੀਆ ਦਾ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੂਨੱਕ ਦਾ ਡਾਕਟਰ ਪਿਉ ਪੰਜਾਬੀ ਹੈ।ਅਲੋਕ ਸ਼ਰਮਾ ਬਿਜ਼ਨਸ ਸੈਕਰੇਟਰੀ ਵੀ ਪੰਜਾਬੀ ਪਿਛੋਕੜ 'ਚੋਂ ਹੈ। ਹੋਮ ਸੈਕਰੇਟਰੀ ਪਰੀਤੀ ਪਟੇਲ ਗੁਜਰਾਤੀ ਪਿਛੋਕੜ 'ਚੋਂ ਹੈ। ਕੈਨੇਡਾ 'ਚ ਤਾਂ ਕਈ ਕੈਬਨਿਟ ਮਨਿਸਟਰ ਤੇ ਐਮ ਪੀ ਵੀ ਹਨ। ਇੰਗਲੈਂਡ ਵਿਚ ਵੀ ਪੰਜਾਬੀ ਪਿਛੋਕੜ ਵਾਲੇ ਕਈ ਐਮ.ਪੀ ਹਨ।ਘਰ-ਘਾਟ ਆਪਣੀ ਲੋੜ ਮੁਜਬ ਬਣਾ ਲਏ ਹਨ।ਬੁਢਾਪਾ ਪੈਨਸ਼ਨ ਤੇ ਬਚਾਈ ਕਮਾਈ ਨਾਲ ਗੁਜ਼ਾਰੇ ਵਧੀਆ ਚੱਲ ਰਹੇ ਹਨ। ਤੀਜੀ-ਚੌਥੀ ਪੀੜ੍ਹੀ ਵਲੈਤੀ ਕਦਰਾਂ-ਕੀਮਤਾਂ ਅਪਣਾ ਚੁੱਕੀ ਹੈ।ਘਰਾਂ 'ਚ ਪੰਜਾਬੀ ਬੋਲੀ ਨਹੀਂ ਜਾਂਦੀ। ਪੰਜਾਬੀ ਜ਼ੁਬਾਨ ਸਾਹ ਤੋੜ ਰਹੀ ਹੈ। ਧਾਰਮਿਕ ਅਦਾਰੇ ਜੇ ਇਨ੍ਹਾਂ ਨੂੰ ਆਪਣੇ ਧਰਮ ਨਾਲ ਜੋੜਨਾ ਚਾਹੁੰਦੇ ਹਨ ਤੇ ਇਨ੍ਹਾਂ ਅਦਾਰਿਆਂ 'ਚ ਰੌਣਕਾਂ ਵਧਾਉਣ ਲਈ ਆਕ੍ਰਸ਼ਿਤ ਕਰਨਾ ਚਾਹੁੰਦੇ ਹਨ ਤਾਂ ਇਨ੍ਹਾਂ ਅਦਾਰਿਆਂ 'ਚ ਆਪਣੀ ਧਾਰਮਿਕ ਸਿਖਿਆ ਦੇਣ ਲਈ ਅੰਗ੍ਰੇਜ਼ੀ 'ਚ ਤਰਜ਼ਮਾ ਜ਼ਰੂਰੀ ਹੋ ਗਿਆ ਹੈ। ਜੇ ਹੋ ਸਕਿਆ ਤਾਂ ਇਸ ਸਾਰੇ ਵਰਤਾਰੇ ਨੂੰ ਵੀ ਕਦੇ ਲਿਖਣ ਦੀ ਕੋਸ਼ਸ਼ ਕਰਾਂਗਾ।

# ਪੰਜਾਬ ਸੰਕਟ ਅਤੇ ਫ਼ਿਲਮ:
# ਪੇਸ਼ਕਾਰੀ ਅਤੇ ਵਿਚਾਰਧਾਰਕ ਨਿਰੂਪਣ

**-ਸੁਖਵਿੰਦਰ ਕੌਰ**

ways of seeing ਕਿਤਾਬ ਵਿਚ ਜੌਨ ਬਰਜਰ ਇਹ ਧਾਰਨਾ ਦਿੰਦਾ ਹੈ ਕਿ ਦ੍ਰਿਸ਼ ਕਲਾਵਾਂ ਵਿਚ ਜੋ ਪੇਸ਼ ਕੀਤਾ ਜਾਂਦਾ ਹੈ ਅਤੇ ਅਸੀਂ ਜਿਸ ਤਰ੍ਹਾਂ ਕੀਤੇ ਨੂੰ ਦੇਖਦੇ ਹਾਂ, ਉਹ ਕੋਈ ਸਹਿਜ ਜਾਂ ਨਿਰਛਲ ਪ੍ਰਕਿਰਿਆ ਨਹੀਂ ਹੈ। ਇਸ ਨੂੰ ਸਮੇਂ ਦੇ ਵਿਭਿੰਨ ਗ਼ਾਲਿਬ ਪ੍ਰਵਚਨ ਨਿਰਧਾਰਿਤ/ਦਿਸ਼ਾ ਬੱਧ ਕਰਦੇ ਹਨ।" ਇਸ ਧਾਰਨਾ ਤਹਿਤ ਫ਼ਿਲਮ ਨੂੰ ਵੀ ਇਸ ਪ੍ਰਕਿਰਿਆ ਤੋਂ ਬਾਹਰ ਰੱਖ ਕੇ ਸਮਝਿਆ ਨਹੀਂ ਜਾ ਸਕਦਾ। ਕਿਉਂਕਿ ਫ਼ਿਲਮ ਨੇ ਕਿਸੇ ਕਥਾ-ਕਹਾਣੀ ਨੂੰ ਸਿਰਫ਼ ਘੜਨਾ ਹੀ ਨਹੀਂ ਹੁੰਦਾ ਸਗੋਂ ਉਸ ਨੇ ਪ੍ਰਵਾਨ ਵੀ ਚੜ੍ਹਨਾ ਹੁੰਦਾ ਹੈ। ਇਸ ਤੱਥ ਅਧੀਨ ਸੰਕਟ ਨਾਲ ਸੰਬੰਧਿਤ ਫ਼ਿਲਮ ਦਾ ਗ਼ਾਲਿਬ ਵਿਚਾਰਧਾਰਾ ਦੇ ਪ੍ਰਭਾਵ ਹੇਠ ਆਉਣਾ ਸਹਿਜ ਪ੍ਰਤੀਕਿਰਿਆ ਹੈ। ਕਿਉਂਕਿ ਸੰਕਟ ਕਿਸੇ ਨਾ ਕਿਸੇ ਰਾਜਨੀਤਿਕ, ਆਰਥਿਕ ਅਤੇ ਸਮਾਜ-ਸਭਿਆਚਾਰਕ ਪ੍ਰਤੀਕਰਮਾਂ ਵਿਚੋਂ ਨਿਕਲਿਆ ਵਰਤਾਰਾ ਹੁੰਦਾ ਹੈ। ਇਸ ਲਈ ਭਾਰੂ ਵਿਚਾਰਧਾਰਾ ਫ਼ਿਲਮ ਵਰਗੇ ਦ੍ਰਿਸ਼ ਕਲਾ ਰੂਪ ਕੋਲ ਇਸ ਤਰ੍ਹਾਂ ਦੀ ਸੁਤੰਤਰ ਗੁੰਜਾਇਸ਼ ਨਹੀਂ ਛੱਡ ਸਕਦੀ ਜਿਸ ਨੂੰ ਦੇਖਣ ਅਤੇ ਪਹੁੰਚ ਕਰਨ ਵਾਲਿਆਂ ਦੀ ਗਿਣਤੀ ਜ਼ਿਆਦਾ ਹੋਵੇ। ਸੰਕਟ ਸਮੇਂ ਨੂੰ ਚਿਤਰਦੀ ਫ਼ਿਲਮ ਨੇ ਇਕ ਪਾਸੇ ਬੀਤੇ ਸਦਮਿਆਂ ਨੂੰ ਚਿਤਰਨਾ ਹੁੰਦਾ ਹੈ ਅਤੇ ਨਾਲ ਹੀ ਕਿਸੇ ਇਕ ਧਿਰ ਵੱਲ ਝੁਕਣ ਤੋਂ ਗੁਰੇਜ਼ ਵੀ ਕਰਨਾ ਹੁੰਦਾ ਹੈ। ਇਸ ਤਰ੍ਹਾਂ ਦੀ ਪਹੁੰਚ ਅਖ਼ਤਿਆਰ ਕਰਨਾ ਫ਼ਿਲਮ ਦੀ ਸੀਮਾ ਵੀ ਹੈ ਅਤੇ ਮਜਬੂਰੀ ਵੀ। ਇੱਥੇ ਇਹ ਸਵਾਲ ਬਣ ਜਾਂਦਾ ਹੈ ਕਿ ਫਿਰ ਇਸ ਤਰ੍ਹਾਂ ਦੇ ਮੁੱਦਿਆਂ ਨੂੰ ਪੇਸ਼ਕਾਰੀ ਹਿਤ ਚੁਣਿਆ ਕਿਉਂ ਜਾਂਦਾ ਹੈ? ਕੀ ਫ਼ਿਲਮ ਸੰਕਟ ਸਮੇਂ ਅਤੇ ਸਦਮਾਮਈ ਯਾਦ ਨੂੰ ਚਿਤਰ ਕੇ ਸੱਚਮੁੱਚ ਸੰਵਾਦ ਦੀ ਪ੍ਰਕਿਰਿਆ ਵਿਚ ਪਾਉਣਾ ਚਾਹੁੰਦੀ ਹੈ ਜਾਂ ਫਿਰ ਅਜਿਹਾ ਸਿਰਫ਼ ਵਪਾਰਕ ਲਾਭ ਉਠਾਉਣ ਹਿਤ ਪੇਸ਼ ਕੀਤਾ ਜਾ ਰਿਹਾ ਹੈ। ਕਿਉਂਕਿ 84 ਨੂੰ ਬੀਤੇ ਹੋਏ ਬਹੁਤਾ ਸਮਾਂ ਨਹੀਂ ਹੋਇਆ। ਇਸ ਨੂੰ ਪਿੰਡੇ 'ਤੇ ਹੰਢਾਉਣ ਵਾਲੀ ਧਿਰ ਜਿਉਂਦੀ ਹੈ। ਪੰਜਾਬ ਸੰਕਟ ਦੇ ਸਦਮੇ ਹਾਲੇ ਮਰੇ ਹੋਏ ਲੋਕਾਂ ਦੀ ਦਾਸਤਾਨ ਨਹੀਂ ਹੋਏ ਅਤੇ ਇਹ ਸਦਮੇ ਉਹਨਾਂ ਦੀ ਅਗਾਂਹ ਵਾਲੀ ਪੀੜ੍ਹੀ 'ਤੇ ਵੀ ਭਾਵੁਕ ਤੌਰ 'ਤੇ ਉਸੇ ਤਰ੍ਹਾਂ ਦਾ ਪ੍ਰਭਾਵ ਛੱਡਦੇ ਹਨ ਜਿਸ ਤਰ੍ਹਾਂ ਉਹਨਾਂ ਦੀ ਪਿਛਲੀ ਪੀੜ੍ਹੀ ਨੇ ਹੰਢਾਏ ਹਨ। ਇਸ ਕਾਰਨ ਫ਼ਿਲਮ ਨੂੰ ਦੇਖਣ ਵਾਲਾ ਕੁਝ ਹਿੱਸਾ ਪਹਿਲਾ ਤੋਂ ਹੀ ਤੈਅ ਅਤੇ ਸੁਨਿਸ਼ਚਿਤ ਹੁੰਦਾ ਹੈ। ਇਸ ਤਹਿਤ ਸੰਕਟ ਦੀ ਪੇਸ਼ਕਾਰੀ ਜੇਕਰ ਵਪਾਰਕ ਲਾਭ ਨਹੀਂ ਪਹੁੰਚਾਉਂਦੀ ਤਾਂ ਹਾਨੀ ਦੇ ਮੌਕੇ ਵੀ ਘੱਟ ਉਸਾਰਦੀ ਹੈ।

ਉਕਤ ਪ੍ਰਸੰਗ ਦੇ ਹਵਾਲੇ ਫ਼ਿਲਮ ਅਧਿਐਨ ਸਮੇਂ ਕੁਝ ਨੁਕਤਿਆਂ ਨੂੰ ਸਮਝਣਾ ਅਹਿਮ ਹੈ। ਇਕ ਫ਼ਿਲਮ ਨਿਰਮਾਣ ਨਿਵੇਸ਼ ਯੁਕਤ ਪ੍ਰਕਿਰਿਆ ਹੈ। ਇਸ ਲਈ ਸੁਭਾਵਿਕ ਹੈ ਕਿ ਵਪਾਰਕ ਤੌਰ 'ਤੇ ਸਫ਼ਲ ਹੋਣਾ ਇਸ ਦੇ ਨਿਰਮਾਣਕ ਉਦੇਸ਼ ਦਾ ਹਿੱਸਾ ਹੋਵੇਗਾ। ਪਰ ਅਜਿਹਾ ਕਰਦੀ ਇਹ ਕਿੰਨਾ ਕੁ ਵਪਾਰਕ ਕੇਂਦਰਿਤ ਰਹਿੰਦੀ ਹੈ ਅਤੇ ਕਿੰਨਾ ਵਿਸ਼ੇ ਦੀ

ਸੰਵੇਦਨਸ਼ੀਲਤਾ ਅਤੇ ਗੰਭੀਰਤਾ ਨੂੰ ਅਖ਼ਤਿਆਰ ਕਰਦੀ ਹੈ, ਮਹੱਤਵਪੂਰਨ ਹੁੰਦਾ ਹੈ? ਇਸ ਨੁਕਤੇ ਤਹਿਤ ਦੂਜੀ ਧਾਰਨਾ ਇਸ ਦੀ ਵਿਚਾਰਧਾਰਕ ਪਹੁੰਚ ਨਾਲ ਸੰਬੰਧਿਤ ਹੈ। ਇਸ ਸੰਦਰਭ ਵਿਚ ਫ਼ਿਲਮ ਨੇ ਸੈਂਸਰ ਬੋਰਡ ਦੀਆਂ ਵਲਗਣਾਂ ਨੂੰ ਪਾਰ ਵੀ ਜਾਣਾ ਹੁੰਦਾ ਹੈ ਅਤੇ ਬਹੁ-ਗਿਣਤੀ ਵਿਚ ਪ੍ਰਵਾਨਗੀ ਵੀ ਹਾਸਲ ਕਰਨੀ ਹੁੰਦੀ ਹੈ। ਪੰਜਾਬ ਸੰਕਟ ਦਾ ਮਸਲਾ ਕਿਉਂਕਿ ਘੱਟ ਗਿਣਤੀ ਸਮੂਹ (ਸਿੱਖ ਕੌਮ) ਨਾਲ ਜੁੜਿਆ ਹੈ, ਇਸ ਲਈ ਘੱਟ ਗਿਣਤੀ ਦੇ ਕਿਸੇ ਸੰਕਟ ਨੂੰ ਬਹੁ-ਗਿਣਤੀ ਵਿਚ ਕਿਵੇਂ ਪ੍ਰਵਾਨ ਚੜ੍ਹਾਉਣਾ ਹੈ, ਵੀ ਚਣੌਤੀ ਪੂਰਵਕ ਹੁੰਦਾ ਹੈ। ਇਹਨਾਂ ਪ੍ਰਸ਼ਨਾਂ ਦੇ ਸਨਮੁੱਖ ਫ਼ਿਲਮ ਦੀ ਕਥਾਤਮਿਕ ਬਣਤਰ ਗੁੰਝਲਦਾਰ ਬਣ ਜਾਂਦੀ ਹੈ।

ਉਪਰੋਕਤ ਪ੍ਰਸ਼ਨਾਂ ਦੇ ਹਵਾਲੇ ਪੰਜਾਬ ਸੰਕਟ ਅਧਾਰਿਤ ਫ਼ਿਲਮਾਂ ਨਾਇਕ ਦੇ ਸਰੂਪ ਨੂੰ ਚਿਤਰਨ ਲੱਗੇ ਸੁਚੇਤ ਰਹਿੰਦੀਆਂ ਹਨ। ਇਹ ਫ਼ਿਲਮਾਂ ਮੁੱਖ ਪਾਤਰਾਂ ਨੂੰ ਸਿਰਜਣ ਲੱਗੇ ਨਾਇਕਤਤਵ ਦੀ ਸਿਰਜਣਾ ਨਹੀਂ ਕਰਦੀਆਂ। ਕਿਉਂਕਿ ਨਾਇਕ ਦੀ ਸਿਰਜਣਕਾਰੀ ਨਾਲ ਇਹ ਪਾਤਰ ਸਹੀ ਅਤੇ ਸਟੇਟ ਜਾਂ ਵਿਰੋਧੀ ਧਿਰ ਗ਼ਲਤ ਸਾਬਤ ਹੁੰਦੀ ਹੈ। ਅਜਿਹਾ ਕਰਨ ਲਈ ਫ਼ਿਲਮਾਂ ਵਿਕਟਮਹੁੱਡ ਦੀ ਨੀਤੀ ਅਪਣਾਉਂਦੀਆਂ ਹਨ। ਕਿਉਂਕਿ "ਵਿਕਟਮਹੁੱਡ ਅਤੇ ਤਰਸਯੋਗਤਾ ਦੋਵੇਂ ਹੀ ਅਜਿਹੇ ਅਹਿਸਾਸ ਹਨ, ਜਿਹੜੇ ਹਕੂਮਤ ਨੂੰ ਭਾਉਂਦੇ ਹਨ, ਇਸ ਕਾਰਨ ਕਿ ਉਹ ਟੇਢੇ ਰੂਪ ਵਿਚ ਉਸ ਦੀ ਜਿੱਤ ਵੱਲ ਹੀ ਸੰਕੇਤ ਕਰਦੇ ਹਨ।" ਇਸ ਸੰਦਰਭ ਵਿਚ 'ਦੇਸ ਹੋਇਆ ਪਰਦੇਸ', 'ਮਾਚਿਸ', 'ਪੰਜਾਬ 1984', 'ਵਾਪਸੀ', '47 ਤੋਂ 84' ਫ਼ਿਲਮਾਂ ਦੇ ਪਾਤਰ ਵਿਕਟਮਹੁੱਡ ਦੀ ਪੇਸ਼ਕਾਰੀ ਕਰਦੇ ਹਨ। ਫ਼ਿਲਮਾਂ ਦੇ ਇਹ ਨੌਜਵਾਨ ਨਿੱਜੀ ਪੀੜ ਕਾਰਨ ਸੰਘਰਸ਼ ਦੇ ਰਾਹ 'ਤੇ ਧੱਕੇ ਗਏ ਹਨ। ਇਹਨਾਂ ਨੂੰ ਇਸ ਤਰ੍ਹਾਂ ਚਿਤਰਿਆ ਗਿਆ ਹੈ ਕਿ ਇਹ ਸੰਘਰਸ਼ ਦੇ ਪਾਂਧੀ ਨਜ਼ਰ ਨਹੀਂ ਆਉਂਦੇ ਸਗੋਂ ਬਦਲੇ ਜਾਂ ਕਿਸੇ ਦੁੱਖ ਦੀ ਅੱਗ ਵਿਚ ਧੁਰ ਅੰਦਰੋਂ ਸੜੇ ਪੇਸ਼ ਹੁੰਦੇ ਹਨ। ਇਸ ਕਾਰਨ ਇਹ ਨਾਇਕਤਤਵ ਦੇ ਸਥਾਪਿਤ ਪ੍ਰਤਿਮਾਨਾਂ ਤੋਂ ਦੂਰ ਹੋ ਜਾਂਦੇ ਹਨ। ਉਦਾਹਰਨ ਲਈ 'ਦੇਸ ਹੋਇਆ ਪਰਦੇਸ' ਦਾ ਗੁਰਸ਼ਾਨ ਅਤੇ 'ਮਾਚਿਸ' ਦਾ ਜੱਸੀ ਪਾਤਰ ਮਜ਼ਲੂਮੀਅਤ ਦੀ ਸਿਖਰਤਾ ਨੂੰ ਪੇਸ਼ ਕਰਦਾ ਹੈ। ਗੁਰਸ਼ਾਨ ਆਤੰਕਵਾਦੀ ਅਤੇ ਪੁਲਿਸ ਦੋਵਾਂ ਹੱਥੋਂ ਸਤਾਇਆ ਜਾਂਦਾ ਹੈ ਅਤੇ ਪਰਵਾਸ ਕਰ ਜਾਂਦਾ ਹੈ। ਜੱਸੀ ਆਤਮ-ਹੱਤਿਆ ਕਰ ਲੈਂਦਾ ਹੈ ਅਤੇ ਗੁਰਸ਼ਾਨ ਵੀ ਫ਼ਿਲਮ ਦੇ ਅੰਤ ਵਿਚ ਮਾਰਿਆ ਜਾਂਦਾ ਹੈ। ਇਸ ਦੇ ਉਲਟ ਜਿਹੜੇ ਨੌਜਵਾਨ ਜ਼ਿਆਦਤੀ ਦੇ ਵਿਰੋਧ ਵਿਚ ਹਥਿਆਰ ਚੁੱਕਦੇ ਹਨ, ਉਹ ਵੀ ਅੰਤ ਵਿਚ ਪਛਤਾਉਂਦੇ ਨਜ਼ਰ ਆਉਂਦੇ ਹਨ ਜਾਂ ਮਾਰੇ ਜਾਂਦੇ ਹਨ। ਕਿਰਪਾਲ ਸਿੰਘ/ਪਾਲੀ (ਮਾਚਿਸ) ਹਥਿਆਰ ਚੁੱਕਦਾ ਹੈ, ਪਰ ਪੁਲਿਸ ਦੀ ਕੁੱਟਮਾਰ ਤੋਂ ਬਾਅਦ ਉਸ ਨੂੰ ਵੀ ਮੌਤ ਜ਼ਿੰਦਗੀ ਤੋਂ ਵਧੇਰੇ ਅਰਾਮਦਾਇਕ ਲੱਗਦੀ ਹੈ। ਇਸੇ ਲਈ ਉਹ ਸਾਈਨਾਈਡ ਖਾ ਲੈਂਦਾ ਹੈ। ਇਸ ਤਰ੍ਹਾਂ ਮੌਤ ਕਬੂਲਣੀ ਨਾਇਕ ਦੇ ਸਥਾਪਿਤ ਪ੍ਰਤਿਮਾਨਾਂ ਤੋਂ ਉਲਟ ਪ੍ਰਤੀਕਰਮ ਹੈ। ਖ਼ਾਸ ਕਰਕੇ ਸੰਘਰਸ਼ ਦੇ ਪਾਂਧੀ ਨਾਇਕ ਦੁਆਰਾ ਇਸ ਤਰ੍ਹਾਂ ਆਪਣੇ ਸਰੀਰਕ ਕਸ਼ਟਾਂ ਨੂੰ ਨਾ ਸਹਾਰਦੇ ਹੋਏ ਮੌਤ ਸਵੀਕਾਰ ਕਰਨੀ ,ਪੰਜਾਬ ਦੀ ਸਮੁੱਚੀ ਲਹਿਰ ਨੂੰ ਭਟਕੇ ਹੋਏ ਨੌਜਵਾਨਾਂ ਦੀ ਲਹਿਰ ਤੱਕ ਸੀਮਿਤ ਕਰਦੀ ਹੈ। ਇਸ ਧਾਰਨਾ ਤਹਿਤ ਹੀ ਇਹਨਾਂ ਪਾਤਰਾਂ ਵੱਲੋਂ ਘਰ ਮੁੜਨ ਦੀ ਇੱਛਾ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ, ਕਿ ਜਿਵੇਂ ਇਹ ਭਟਕੇ ਹੋਏ ਨੌਜਵਾਨ

ਹੁਣ ਥੱਕ ਹਾਰ ਚੁੱਕੇ ਹਨ ਅਤੇ ਘਰ ਵਾਪਸੀ ਕਰਨਾ ਚਾਹੁੰਦੇ ਹਨ। ਇਸ ਤਰ੍ਹਾਂ ਦੀ ਘਟਨਾਵੀਂ ਘਾੜਤ ਪੰਜਾਬ ਸੰਕਟ ਨੂੰ ਕਿਸੇ ਵੀ ਤਰ੍ਹਾਂ ਦੇ ਰਾਜਨੀਤਿਕ ਅਤੇ ਆਰਥਿਕ ਸੰਕਟ ਤੋਂ ਵਿਛੁੰਨ ਦਿੰਦੀ ਹੈ। ਇਹ ਨੌਜਵਾਨ ਨਿੱਜੀ ਬਦਲੇ ਅਤੇ ਕ੍ਰੋਧ ਵਿਚ ਲਏ ਗਏ ਫ਼ੈਸਲੇ ਸਦਕਾ ਬਾਗ਼ੀ ਹੋਏ ਨਜ਼ਰ ਆਉਣ ਲੱਗ ਜਾਂਦੇ ਹਨ। ਜਿਸ ਵਿਚ ਵਾਪਸੀ ਸੰਭਵ ਨਹੀਂ ਹੈ। ਜੇਕਰ ਵਾਪਸ ਜਾਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਪੁਲਿਸ ਜਾਂ ਲਹਿਰ ਦੀ ਅਗਵਾਈ ਕਰ ਰਿਹਾ ਕੋਈ ਆਗੂ ਇਹਨਾਂ ਨੂੰ ਮਾਰ ਦਿੰਦਾ ਹੈ। ਇੱਥੇ ਵਾਪਸੀ ਦੀ ਤਮੰਨਾ ਭੜਕੇ ਹੋਏ ਰਾਹਾਂ ਦੀ ਤਰਜ਼ਮਾਨੀ ਕਰਦੀ ਹੈ।

ਇਸ ਸਮਝ ਹਿਤ ਇਹ ਫ਼ਿਲਮਾਂ ਪੰਜਾਬ ਸੰਕਟ ਦੀ ਪਿੱਠ-ਭੂਮੀ ਵਿਚੋਂ ਰਾਜਨੀਤਿਕ-ਆਰਥਿਕ ਅਤੇ ਇਕ ਘੱਟ ਗਿਣਤੀ ਦੀ ਹੋਂਦ ਅਤੇ ਪਛਾਣ ਦੇ ਮਸਲਿਆਂ ਨੂੰ ਬਿਲਕੁਲ ਨਕਾਰ ਦਿੰਦੀਆਂ ਹਨ। ਹਾਲਾਂਕਿ ਇਹ ਫ਼ਿਲਮਾਂ ਅਜਿਹਾ ਸਿਰਜਣ ਦਾ ਭਰਮ ਜ਼ਰੂਰ ਸਿਰਜਦੀਆਂ ਹਨ। ਕਿਉਂਕਿ ਇਹਨਾਂ ਨੇ ਪੰਜਾਬ ਵਿਚ ਵਪਾਰਕ ਤੌਰ 'ਤੇ ਸਫ਼ਲ ਵੀ ਹੋਣਾ ਹੈ। ਇਸ ਲਈ ਸਤਹੀ ਪੱਧਰ 'ਤੇ ਆਮ ਸਧਾਰਨ ਬੰਦੇ ਦੀ ਕਹਾਣੀ ਕਹਿੰਦੀਆਂ ਪ੍ਰਤੀਤ ਹੁੰਦੀਆਂ ਹਨ। ਇਸ ਨੀਤੀ ਤਹਿਤ ਇਹ ਬੜੀ ਚਲਾਕੀ ਨਾਲ ਸਟੇਟ ਵੱਲ ਸੰਕੇਤ ਕਰ ਕੇ ਪੁਲਿਸ ਨੂੰ ਮੁੱਖ ਵਿਰੋਧੀ ਧਿਰ ਵਜੋਂ ਪੇਸ਼ ਕਰ ਦਿੰਦੀਆਂ ਹਨ। ਉਦਾਹਰਨ ਦੇ ਤੌਰ 'ਦੇਸ ਹੋਇਆ ਪਰਦੇਸ' ਵਿਚਲਾ ਸੁਖਬੀਰ ਪਾਤਰ ਇਸ ਤਰ੍ਹਾਂ ਦੀ ਘਾੜਤ ਲਈ ਪੇਸ਼ ਕੀਤਾ ਗਿਆ ਹੈ। ਜਿਸ ਨੇ ਤਤਕਾਲੀ ਪੰਜਾਬ ਮੰਗਾਂ ਅਤੇ ਪੰਜਾਬ ਨਾਲ ਹੋ ਰਹੇ ਵਿਤਕਰੇ ਦੇ ਖ਼ਿਲਾਫ਼ ਹਥਿਆਰ ਚੁੱਕੇ ਹਨ, ਪਰ ਕਮਾਲ ਦੀ ਗੱਲ ਹੈ, ਕਿ ਇਸ ਪਾਤਰ ਨਾਲ ਸੰਵਾਦ ਦੇ ਪੱਧਰ 'ਤੇ ਕੋਈ ਦ੍ਰਿਸ਼ ਨਹੀਂ ਫ਼ਿਲਮਾਇਆ ਗਿਆ। ਇਸੇ ਤਰ੍ਹਾਂ 'ਵਾਪਸੀ' ਫ਼ਿਲਮ ਦਾ ਸੁੱਖਾ ਪਾਤਰ ਵੀ ਇਸ ਤਰ੍ਹਾਂ ਦੇ ਪੈਟਰਨ ਦੀ ਹੀ ਕਾਰਗੁਜ਼ਾਰੀ ਦੀ ਪੇਸ਼ਕਾਰੀ ਹਿਤ ਚਿਤਰਿਆ ਗਿਆ ਹੈ, ਪਰ ਉਸ ਨਾਲ ਵੀ ਇਸ ਪੱਧਰ 'ਤੇ ਕੋਈ ਵੀ ਸੰਵਾਦ ਨਹੀਂ ਪੇਸ਼ ਕੀਤਾ ਗਿਆ। ਸੁੱਖਾ ਉਹਨਾਂ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਨਜ਼ਰ ਆਉਂਦਾ ਹੈ, ਜੋ ਕਿਸੇ ਉਦੇਸ਼ ਲਈ ਲੜ ਰਹੇ ਸਨ। ਇਹ ਉਦੇਸ਼ ਕੀ ਹੈ, ਫ਼ਿਲਮ ਇਸ ਬਾਬਤ ਖ਼ਾਮੋਸ਼ੀ ਧਾਰਦੀ ਹੈ। ਅਜਿਹਾ ਕਰਕੇ ਫ਼ਿਲਮ ਲਹਿਰ ਦੀ ਵਿਚਾਰਧਾਰਾ ਪ੍ਰਤੀ ਆਪਣੇ ਪੱਖ-ਵਿਪੱਖ ਤੋਂ ਪਾਸਾ ਕਰ ਲੈਂਦੀ ਹੈ। ਇਸ ਕਾਰਨ ਹੀ ਸੁੱਖੇ ਪਾਤਰ (ਵਾਪਸੀ) ਦੇ ਲਹਿਰ ਨਾਲ ਜੁੜਨ ਦੇ ਕਾਰਨਾਂ ਨੂੰ ਜ਼ਿਆਦਾ ਸਪੇਸ ਨਹੀਂ ਦਿੱਤੀ ਗਈ। ਫ਼ਿਲਮ ਇਸ ਧਿਰ ਦੀ ਵਿਚਾਰਧਾਰਾ ਨਾਲ ਸੰਵਾਦ ਨਹੀਂ ਸਿਰਜਦੀ। ਅਜਿਹੇ ਰਚਨਾ ਪ੍ਰਵਾਹ ਤੋਂ ਸਪਸ਼ਟ ਹੈ ਕਿ ਫ਼ਿਲਮਾਂ ਕਿਸੇ ਵੀ ਕਿਸਮ ਦੀ ਵਿਚਾਰਧਾਰਕ ਵਿਰੋਧਾਭਾਸ ਵਿਚ ਪੈਣਾ ਨਹੀਂ ਚਾਹੁੰਦੀਆਂ। ਇਸੇ ਤਰ੍ਹਾਂ ਦਾ ਪਾਤਰ 'ਹਵਾਏਂ' ਫ਼ਿਲਮ ਵਿਚ ਰੋਸ਼ਨ ਲਾਲ ਸ਼ਰਮਾ ਚਿਤਰਿਆ ਗਿਆ ਹੈ। ਉਸ ਦੇ ਆਪਣੇ ਸ਼ਬਦਾਂ ਦੇ ਅਨੁਸਾਰ ਕਿ ਉਹ ਪੰਜਾਬ ਨਾਲ ਧੱਕਾ ਬਰਦਾਸ਼ਤ ਨਹੀਂ ਕਰ ਸਕਦਾ ਸੀ, ਇਸ ਕਾਰਨ ਲਹਿਰ ਵਿਚ ਸ਼ਾਮਲ ਹੋਇਆ ਹੈ। ਰੋਸ਼ਨ ਲਾਲ ਦੀ ਪੰਜਾਬ ਸਮੱਸਿਆ ਨੂੰ ਲੈ ਕੇ ਕੀ ਵਿਚਾਰਧਾਰਾ ਸੀ? ਜਾਂ ਉਹ ਪੰਜਾਬ ਨਾਲ ਹੋਏ ਕਿਸ ਧੱਕੇ ਦੀ ਗੱਲ ਕਰਦਾ ਹੈ, ਸੰਬੰਧੀ ਫ਼ਿਲਮ ਵਿਚ ਕੋਈ ਵੀ ਸੰਵਾਦ ਨਹੀਂ ਰਚਾਇਆ ਗਿਆ। ਇਸੇ ਤਰ੍ਹਾਂ '47 ਤੋਂ 84' ਦਾ ਜੁਗਿੰਦਰ ਸਿੰਘ, 'ਤੂਫ਼ਾਨ ਸਿੰਘ' ਦਾ ਬ੍ਰਹਮਾ ਪਾਤਰ ਆਦਿ ਇਸ ਹਵਾਲੇ ਅਧੀਨ ਚਿਤਰੇ ਗਏ ਹਨ। ਫ਼ਿਲਮਾਂ ਇਹਨਾਂ ਪਾਤਰਾਂ ਨੂੰ ਏਨੀ ਸੀਮਿਤ

ਸਪੇਸ ਦਿੰਦੀਆਂ ਹਨ ਕਿ ਇਹ ਪਾਤਰ ਇਸ ਸ਼੍ਰੇਣੀ ਦੀ ਪ੍ਰਤੀਨਿਧਤਾ ਵੀ ਕਰ ਜਾਂਦੇ ਹਨ ਅਤੇ ਵਿਚਾਰਧਾਰਕ ਤੌਰ 'ਤੇ ਚੁੱਪੀ ਵੀ ਧਾਰ ਲੈਂਦੇ ਹਨ। ਇਸ ਤਰ੍ਹਾਂ ਕਰਦੀਆਂ ਫ਼ਿਲਮਾਂ ਪੰਜਾਬ ਸਮੱਸਿਆ ਬਾਰੇ ਕਿਸੇ ਵੀ ਤਰ੍ਹਾਂ ਦੇ ਵਿਚਾਰਧਾਰਕ ਪ੍ਰਵਚਨ ਵਿਚ ਨਹੀਂ ਪੈਂਦੀਆਂ। ਇਸ ਨੀਤੀ ਤਹਿਤ ਇਹ ਲਹਿਰ ਨਾਲ ਸਹਿਮਤੀ-ਅਸਹਿਮਤੀ ਦੇ ਸਵਾਲ ਤੋਂ ਬੜੇ ਸਾਫ਼ ਤਰੀਕੇ ਨਾਲ ਪਾਰ ਬੋਲ ਜਾਂਦੀਆਂ ਹਨ।

ਇਸ ਦੇ ਉਲਟ ਫ਼ਿਲਮਾਂ ਦਾ ਕਥਾ ਵਸਤੂ ਨੌਜਵਾਨਾਂ ਦੇ ਸੰਘਰਸ਼ ਵਿਚ ਸ਼ਾਮਲ ਹੋਣ ਦੇ ਨਿੱਜੀ ਪੱਖਾਂ ਨੂੰ ਬੜੇ ਸਪਸ਼ਟ ਤਰੀਕੇ ਨਾਲ ਬਿਆਨ ਕਰਦਾ ਹੈ। ਇਸ ਸੰਬੰਧੀ 'ਮਾਚਿਸ' ਫ਼ਿਲਮ ਦਾ ਸਨਾਤਨ ਪਾਤਰ ਖੁੱਲ ਕੇ ਲਹਿਰ ਦੇ ਨਿੱਜੀ ਕਾਰਨਾਂ ਨੂੰ ਚਿਤਰਦਾ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਸ਼ਿਵਜੀਤ (ਪੰਜਾਬ 1984), ਪਿੰਦਾ (ਪੰਜਾਬ 1984), ਤਾਰੀ (ਪੰਜਾਬ 1984), ਅਜੀਤ (ਵਾਪਸੀ), ਪਾਲੀ (ਮਾਚਿਸ), ਵੀਰਾਂ (ਮਾਚਿਸ), ਕੁਲਦੀਪ (ਮਾਚਿਸ), ਜੈਮਲ (ਮਾਚਿਸ), ਅੰਮ੍ਰਿਤ (47 ਤੋਂ 84), ਸਰਬਜੀਤ ਸਿੰਘ (ਹਵਾਏਂ), ਤੇਜਿੰਦਰ ਸਿੰਘ ਕਾਨਪੁਰੀਆ (ਹਵਾਏਂ) ਪਾਤਰ ਨਿੱਜੀ ਜ਼ਿਆਦਤੀ ਦੇ ਪ੍ਰਤੀਰੋਧੀ ਵਜੋਂ ਹੀ ਪੇਸ਼ ਕੀਤੇ ਗਏ ਹਨ। ਇਹਨਾਂ ਦੇ ਪ੍ਰਤੀਕਰਮ ਸੰਘਰਸ਼ੀ ਨਾਇਕ ਦੇ ਪ੍ਰਤਿਮਾਨਾਂ ਦੇ ਚੌਖਟੇ ਵਿਚ ਨਹੀਂ ਆਉਂਦੇ। ਇਹ ਪਾਤਰ ਸੰਘਰਸ਼ ਕਰ ਰਹੇ ਲੋਕਾਂ ਨੂੰ ਇਕ ਨਿੱਕੇ ਬਦਲਾ ਲਊ ਸਮੂਹ ਤੱਕ ਸੀਮਿਤ ਕਰਦੇ ਪੇਸ਼ ਹੁੰਦੇ ਹਨ। ਇਹਨਾਂ ਦੇ ਮਜਬੂਰੀ ਵੱਸ ਹਥਿਆਰ ਚੁੱਕਣ ਅਤੇ ਹਥਿਆਰ ਚਲਾਉਣ ਸਮੇਂ ਹੱਥਾਂ ਦੇ ਕੰਬਣ (ਸ਼ਿਵਜੀਤ, ਅਜੀਤ ਆਦਿ ਪਾਤਰ) ਦੇ ਦ੍ਰਿਸ਼ ਇਹਨਾਂ ਇਹਨਾਂ ਦੇ ਮਾਨਸਿਕ ਦਵੰਦ ਅਤੇ ਆਪੇ ਤੋਂ ਉਲਟ ਕਾਰਵਾਈਆਂ ਪੇਸ਼ ਹੁੰਦੇ ਹਨ। ਭਾਵੇਂ ਓਪਰੀ ਨਜ਼ਰੀਂ ਫ਼ਿਲਮ ਮਿਲੀਟੈਂਟਸ ਜਾਂ ਬਾਗ਼ੀ ਨੌਜਵਾਨਾਂ ਦੀ ਵਾਰਤਾ ਪੇਸ਼ ਹੁੰਦੀ ਹੈ, ਪਰ ਫ਼ਿਲਮ ਦੀ ਅੰਦਰੂਨੀ ਵਿਚਾਰਧਾਰਕ ਨੀਤੀ ਇਹਨਾਂ ਨੌਜਵਾਨਾਂ ਨੂੰ ਮਜ਼ਲੂਮ ਧਿਰ ਵਜੋਂ ਪੇਸ਼ ਕਰਨ ਤੋਂ ਵੀ ਕਿਨਾਰਾ ਕਰਦੀ ਹੈ। ਉਦਾਹਰਨ ਲਈ ਸਨਾਤਨ ਅਤੇ ਕਿਰਪਾਲ ਦੀ ਮਿਲਣੀ ਦੇ ਘਟਨਾਕ੍ਰਮ ਨੂੰ ਵੇਖਿਆ ਜਾ ਸਕਦਾ ਹੈ। ਕਿਰਪਾਲ ਜਿਹੜਾ ਕਿ ਫ਼ਿਲਮ ਵਿਚ ਮੁੱਖ ਭੂਮਿਕਾ ਵਿਚ ਪੇਸ਼ ਹੋਇਆ ਹੈ। ਬੱਸ ਬੰਬ ਧਮਾਕਾ ਕਰਦੇ ਹੋਏ ਸਨਾਤਨ ਨੂੰ ਆਪਣੀ ਅੱਖੀਂ ਵੇਖਦਾ ਹੈ। ਇਸ ਧਮਾਕੇ ਵਿਚ ਕਿੰਨੇ ਹੀ ਬੇਗੁਨਾਹ ਲੋਕ ਮਾਰੇ ਜਾਂਦੇ ਹਨ। ਇਸ ਦੇ ਬਾਵਜੂਦ ਆਪਣਾ ਨਿੱਜੀ ਬਦਲਾ ਲੈਣ ਲਈ ਉਸ ਦੇ ਗਰੁੱਪ ਵਿਚ ਸ਼ਾਮਲ ਹੋ ਜਾਂਦਾ ਹੈ। ਇਸ ਤਰ੍ਹਾਂ ਦੀਆਂ ਦ੍ਰਿਸ਼ ਲੜੀਆਂ ਤੋਂ ਇਹ ਨੌਜਵਾਨ ਭਟਕੇ ਹੋਏ ਰਾਹਾਂ ਦੇ ਪਾਂਧੀ ਨਜ਼ਰ ਆਉਂਦੇ ਹਨ। 'ਸਾਡਾ ਹੱਕ' ਫ਼ਿਲਮ ਇਸ ਪੈਟਰਨ ਤੋਂ ਵੱਖਰੀ ਤਰ੍ਹਾਂ ਦੀ ਪੇਸ਼ਕਾਰੀ ਕਰਦੀ ਹੈ। ਇਸ ਵਿਚ ਵਿਕਟਮਹੁੱਡ ਦੀ ਥਾਂ ਫ਼ਿਲਮ ਦਾ ਪਾਤਰ ਚੜ੍ਹਦੀ ਕਲਾ ਵਾਲਾ ਹੈ। ਉਹ ਆਪਣੀ ਕਿਸੇ ਵੀ ਕਾਰਵਾਈ ਲਈ ਪਛਤਾਉਂਦਾ ਨਜ਼ਰ ਨਹੀਂ ਆਉਂਦਾ। ਇਸ ਵਿਚ ਕਰਤਾਰ ਸਿੰਘ ਬਾਜ ਨਾਇਕ ਵਜੋਂ ਪੇਸ਼ ਹੁੰਦਾ ਹੈ। ਦੂਜੀਆਂ ਫ਼ਿਲਮਾਂ ਵਾਂਗ ਭਾਵੇਂ ਫ਼ਿਲਮ ਦਾ ਕਥਾ-ਵਸਤੂ ਕਰਤਾਰ ਸਿੰਘ ਬਾਜ ਨੂੰ ਵੀ ਨਿੱਜੀ ਜ਼ਿਆਦਤੀਆਂ ਸਦਕਾ ਲਹਿਰ ਵਿਚ ਧੱਕਿਆ ਪੇਸ਼ ਕਰਦੀ ਹੈ, ਪਰ ਉਸ ਦੀ ਇਹ ਮਜ਼ਲੂਮੀਅਤ ਉਸ ਨੂੰ ਕੇਵਲ ਮੁਜਰਮ ਨਹੀਂ ਚਿਤਰਦੀ, ਸਗੋਂ ਇਹ ਘਟਨਾਵਾਂ ਉਸ ਦੇ ਪਾਤਰ ਦੀਆਂ ਨਾਇਕ ਸਿਰਜਣਾ ਕਰਦੀਆਂ ਹਨ। ਮਿਲੀਟੈਂਟ ਦੀ ਨਾਇਕ ਸਿਰਜਣਾ ਹੀ ਫ਼ਿਲਮ ਨੂੰ ਲੰਬੇ ਸਮੇਂ ਤੱਕ ਵੱਡੇ ਪਰਦੇ 'ਤੇ ਪ੍ਰਦਰਸ਼ਿਤ ਹੋਣ ਤੋਂ ਰੋਕਦੀ ਹੈ।

ਪੰਜਾਬ ਸੰਕਟ ਨਾਲ ਸਬੰਧਿਤ ਫ਼ਿਲਮਾਂ ਪੰਜਾਬ ਦੇ ਤਣਾਅਗ੍ਰਸਤ ਮਾਹੌਲ ਲਈ ਹਿੰਦੂ-ਸਿੱਖ ਵਿਰੋਧ ਨਹੀਂ ਸਿਰਜਦੀਆਂ। ਇਸ ਸੰਦਰਭ ਵਿਚ ਇਹ ਫ਼ਿਲਮਾਂ ਸੁਚੇਤ ਪੱਧਰ 'ਤੇ ਵਿਚਰਦੀਆਂ ਨਜ਼ਰ ਆਉਂਦੀਆਂ ਹਨ। ਉਦਾਹਰਨ ਲਈ 'ਮਾਚਿਸ' ਫ਼ਿਲਮ ਦਾ ਪਾਤਰ ਜੈਮਲ ਦੱਸਦਾ ਹੈ ਕਿ ਮਾਂ ਵੱਲੋਂ ਉਸ ਦੇ ਵਾਲ ਕੱਟਣ 'ਤੇ ਉਸ ਦੇ ਹਿੰਦੂ ਦੋਸਤਾਂ ਨੂੰ ਬੁਰਾ ਲੱਗਿਆ ਸੀ ਅਤੇ ਉਹਨਾਂ ਸਿੱਖਾਂ 'ਤੇ ਜੋਕਸ ਬਣਾਉਣੇ ਛੱਡ ਦਿੱਤੇ ਸਨ। 'ਹਵਾਏਂ' ਦਾ ਬ੍ਰਿਗੇਡੀਅਰ ਸੰਪੂਰਨ ਸਿੰਘ ਜੋ ਕਿ ਵੀਰ ਚੱਕਰ ਪ੍ਰਾਪਤ ਹੈ, ਬਲਿਊ ਸਟਾਰ ਓਪਰੇਸ਼ਨ ਬਾਰੇ ਸਿਰਫ਼ ਇਹ ਟਿੱਪਣੀ ਕਰਦਾ ਹੈ, ਕਿ ਇਹ ਦੁਖ ਵਾਲੀ ਗੱਲ ਹੈ ਕਿ ਬਲਿਊ ਸਟਾਰ ਓਪਰੇਸ਼ਨ ਦਰਬਾਰ ਸਾਹਿਬ ਵਿਚ ਹੋਇਆ। ਉਸ ਦੇ ਨਾਲ ਹੀ ਫ਼ਿਲਮ ਵਿਚ-ਵਿਚਕਾਰ ਵਾਲੀ ਨੀਤੀ ਅਖ਼ਤਿਆਰ ਕਰਦੀ ਸੰਪੂਰਨ ਸਿੰਘ ਦੇ ਮੂੰਹੋਂ ਇਹ ਦਲੀਲ ਦਿੰਦੀ ਹੈ, ਕਿ ਜੇਕਰ ਦਰਬਾਰ ਸਾਹਿਬ ਤੋਂ ਪਿਆਰ ਅਤੇ ਪ੍ਰੇਮ ਦੇ ਪੈਗ਼ਾਮ ਦੀ ਥਾਂ ਮੌਤ ਦੇ ਫ਼ਰਮਾਨ ਜਾਰੀ ਹੁੰਦੇ ਸਨ ਤਾਂ ਅਜਿਹਾ ਵਾਪਰਨਾ ਹੀ ਸੀ। ਇਸ ਤਰ੍ਹਾਂ ਇੱਕ ਸਿੱਖ ਦੇ ਮੂੰਹੋਂ ਅਜਿਹੀ ਟਿੱਪਣੀ ਦੇਸ਼ ਪ੍ਰਤੀ ਸਿੱਖਾਂ ਦੀ ਵਫ਼ਾਦਾਰੀ ਅਤੇ ਸੈਕੂਲਰਇਜ਼ਮ ਨੂੰ ਪੇਸ਼ ਹਿਤ ਕਰਵਾਈ ਗਈ ਪ੍ਰਤੀਤ ਹੁੰਦੀ ਹੈ। ਦੂਜੇ ਪਾਸੇ ਦਿੱਲੀ ਦੰਗਿਆਂ ਦੌਰਾਨ ਸਰਬਜੀਤ (ਹਵਾਏਂ) ਨੂੰ ਵੀ ਇੱਕ ਹਿੰਦੂ ਸਿੱਖਾਂ ਦਾ ਧੜਾ ਹਸਪਤਾਲ ਲੈ ਕੇ ਜਾਂਦਾ ਹੈ। ਇਸ ਤਰ੍ਹਾਂ ਦੇ ਦ੍ਰਿਸ਼ ਫ਼ਿਲਮ ਨੂੰ ਫ਼ਿਰਕਾਪ੍ਰਸਤੀ ਅਤੇ ਸੰਪਰਦਾਇਕ ਵਿਚਾਰਾਂ ਤੋਂ ਦੂਰ ਰੱਖਣ ਲਈ ਫਿਲਮਾਏ ਗਏ ਮਹਿਸੂਸ ਹੁੰਦੇ ਹਨ। ਇਸ ਦੇ ਨਾਲ ਅਜਿਹਾ ਕਰਕੇ ਫ਼ਿਲਮ ਸੈਂਸਰ ਬੋਰਡ ਦੇ ਧਰਮ ਨਿਰਪੇਖਤਾ ਦੀ ਸ਼ਰਤ 'ਤੇ ਵੀ ਖਰੀ ਉਤਰ ਜਾਂਦੀ ਹੈ। ਇਸ ਦੀ ਇਕ ਹੋਰ ਉਦਾਹਰਨ ਰੋਸ਼ਨ ਲਾਲ ਸ਼ਰਮਾ (ਹਵਾਏਂ) ਨਾਂ ਦੇ ਪਾਤਰ ਨੂੰ ਸੰਘਰਸ਼ ਦਾ ਹਿੱਸਾ ਹੋਣ ਤੋਂ ਵੀ ਝਲਕਦੀ ਹੈ।

ਇਹ ਫ਼ਿਲਮਾਂ ਵਿਰੋਧੀ ਜੁਟ ਵਿਚ ਪੰਜਾਬ ਪੁਲਿਸ ਵਰਸਿਜ਼ ਸੰਘਰਸ਼ ਕਰ ਰਹੇ ਨੌਜਵਾਨ ਜਾਂ ਆਮ ਨੌਜਵਾਨਾਂ ਨੂੰ ਪੇਸ਼ ਕਰਦੀਆਂ ਹਨ। ਫ਼ਿਲਮਾਂ ਪੰਜਾਬ ਸਮੱਸਿਆ ਲਈ ਸਟੇਟ (ਰਾਜ ਅਤੇ ਕੇਂਦਰ) ਦੀ ਸ਼ਮੂਲੀਅਤ ਬਾਰੇ ਚੁੱਪੀ ਧਾਰਦੀਆਂ ਹਨ। ਕੁਝ ਕੁ ਥਾਵਾਂ 'ਤੇ ਜੇਕਰ ਸਟੇਟ ਬਾਰੇ ਗੱਲ ਕੀਤੀ ਵੀ ਗਈ ਹੈ ਤਾਂ ਇਸ ਸੰਵਾਦ ਨੂੰ ਨਿੱਜੀ ਘਟਨਾਵਾਂ ਦੀ ਪੌਂਦ ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ। ਇਸ ਪਿੱਛੇ ਫ਼ਿਲਮ ਦੀ ਸੈਂਸਰ ਤੋਂ ਪਾਰ ਜਾਣ ਦੀ ਮਜਬੂਰੀ ਵੀ ਨਿਹਿਤ ਹੈ। ਇਸ ਸੰਬੰਧੀ ਇਕ ਉਦਾਹਰਨ 'ਦੇਸ ਹੋਇਆ ਪਰਦੇਸ' ਦੀ ਵੇਖੀ ਜਾ ਸਕਦੀ ਹੈ। ਰਾਜਨੀਤਿਕ ਸ਼ਰਨ ਲੈਣ ਲਈ ਜਦੋਂ ਗੁਰਸ਼ਾਨ ਅਮਰੀਕਾ ਦੇ ਕੋਰਟ ਵਿਚ ਆਪਣੀ ਹੱਡਬੀਤੀ ਸੁਣਾਉਂਦਾ ਹੈ ਤਾਂ ਗੁਰਸ਼ਾਨ ਦੀ ਅਵਾਜ਼ ਨੂੰ ਧੁਨੀ ਨਾਲ ਲੁਪਤ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕਰਨਾ ਫ਼ਿਲਮ ਦੀ ਸੁਚੇਤ ਪੱਧਰ ਦੀ ਨੀਤੀ ਹੈ ਜਿਸ ਵਿਚ ਉਹ ਬੇਗਾਨੀ ਧਰਤੀ 'ਤੇ ਆਪਣੇ ਮੁਲਕ ਦੀਆਂ ਵਧੀਕੀਆਂ ਨੂੰ ਨਸ਼ਰ ਕਰਨ ਦਾ ਹੱਕ ਨਹੀਂ ਦਿੰਦੀ। ਇਸ ਸੰਦਰਭ ਵਿਚ 'ਹਵਾਏਂ' ਫ਼ਿਲਮ ਬਹੁਤ ਹੀ ਬਾਰੀਕੀ ਨਾਲ ਸੈਕੂਲਰਰਿਜ਼ਮ ਦੀ ਵਿਚਾਰਧਾਰਾ ਹੇਠ ਸਟੇਟ ਪੱਖੀ ਹਾਮੀ ਵੀ ਭਰਦੀ ਹੈ ਅਤੇ ਦਰਸ਼ਕ ਨੂੰ ਆਮ ਸਧਾਰਨ ਬੰਦੇ ਦੀ ਕਹਾਣੀ ਕਹਿਣ ਦਾ ਭਰਮ ਵੀ ਸਿਰਜ ਦਿੰਦੀ ਹੈ। ਇਸ ਫ਼ਿਲਮ ਵਿਚਲਾ ਕੋਈ ਵੀ ਪਾਤਰ ਹਿੰਦੂ-ਸਿੱਖ ਵਿਰੋਧੀ ਗੱਲਾਂ ਨਹੀਂ ਕਰਦਾ। ਸਰਬਜੀਤ ਦੀ ਜਾਨ ਇੱਕ ਹਿੰਦੂ ਪੱਤਰਕਾਰ ਬਚਾਉਂਦਾ ਹੋਇਆ ਮਾਰਿਆ ਜਾਂਦਾ ਹੈ। ਪੰਜਾਬ ਵਿਚ ਵੀ ਰੋਸ਼ਨ ਲਾਲ ਨਾਮ ਦਾ ਹਿੰਦੂ ਪਾਤਰ ਸੰਘਰਸ਼ ਵਿਚ ਹਿੱਸਾ ਲੈਂਦਾ ਪੇਸ਼

ਕੀਤਾ ਗਿਆ ਹੈ। ਇਸ ਕਰਕੇ ਫ਼ਿਲਮ ਇਸ ਤਰ੍ਹਾਂ ਦੇ ਕਿਸੇ ਵੀ ਘਟਨਾਕ੍ਰਮ ਨੂੰ ਨਹੀਂ ਚਿਤਰਦੀ ਜਿਹੜੀ ਸੈਕੂਲਰ ਸੋਚ ਤੋਂ ਉਲਟ ਹੋਵੇ। ਸੈਕੂਲਰਿਜ਼ਮ ਦੇ ਉਲਟ ਭੁਗਤਣ ਲਈ ਇੱਕ ਖ਼ਾਸ ਗਰੁੱਪ ਨੂੰ ਪੇਸ਼ ਕੀਤਾ ਗਿਆ ਹੈ। ਇਹ ਗਰੁੱਪ ਨੂੰ ਖਲਨਾਇਕ ਸਿਰਜਣ ਲਈ ਲੁੱਟਾਂ ਖੋਹਾਂ ਅਤੇ ਇਖ਼ਲਾਕੀ ਤੌਰ ’ਤੇ ਨੀਵੇਂ ਪੱਧਰ ਦਾ ਚਿਤਰਿਆ ਗਿਆ ਹੈ। ਅਜਿਹਾ ਕਰਨ ਨਾਲ ਪੰਜਾਬ ਅਤੇ ਖ਼ਾਸ ਕਰਕੇ ਸਿੱਖ ਦਰਸ਼ਕ ਵੀ ਉਹਨਾਂ ਨੂੰ ਨਫ਼ਰਤ ਨਾਲ ਦੇਖਦੇ ਹਨ। ਇਸ ਨਫ਼ਰਤ ਨੂੰ ਜਾਇਜ਼ ਚਿਤਰਨ ਲਈ ਇਸ ਗਰੁੱਪ ਦਾ ਸਬੰਧ ਪਾਕਿਸਤਾਨ ਦੀ ਏਜੰਸੀ ਆਈ. ਐੱਸ ਆਈ. ਨਾਲ ਪੇਸ਼ ਕੀਤਾ ਗਿਆ ਹੈ। ਇਹ ਗਰੁੱਪ ਹੀ ਹਿੰਦੂਆਂ ਨੂੰ ਮਾਰਨ ਦਾ ਜ਼ਿੰਮੇਵਾਰ ਪੇਸ਼ ਕੀਤਾ ਗਿਆ ਹੈ। ਸੋ ਸੁਤੇਸਿਧ ਹੀ ਇਹ ਧਿਰ ਖਲਨਾਇਕ ਹੈ, ਦੂਜੇ ਪਾਸੇ ਦਸਮੇਸ਼ ਆਰਮਡ ਫੋਰਸ ਦੇ ਆਗੂ ਹਨ ਜੋ ਆਮ ਲੋਕਾਂ ਦੀ ਰੱਖਿਆ ਕਰਦੇ ਹਨ ਅਤੇ ਅੰਤ ਵਿਚ ਸਟੇਟ ਦੇ ਸਹਾਇਕ ਵਜੋਂ ਭੁਗਤਦੇ ਹਨ, ਨਾਇਕ ਹਨ। ਇਸੇ ਤਰ੍ਹਾਂ ਕੇਂਦਰੀ ਪੁਲਿਸ ਇਮਾਨਦਾਰ ਹੈ ਅਤੇ ਸਥਾਨਕ ਪੁਲਿਸ ਬੇਈਮਾਨ ਅਤੇ ਗ਼ਲਤ ਅਨਸਰਾਂ ਨਾਲ ਮਿਲੀ ਹੋਈ ਹੈ। ਅੰਤ ਵਿਚ ਫ਼ਿਲਮ ਧਰਮ ਨਿਰਪੱਖ ਰਾਸ਼ਟਰਵਾਦੀ ਪ੍ਰਵਚਨ ਦੀ ਹਾਮੀ ਭਰਦੀ ਹੈ। ਇਸ ਹਿਮਾਇਤ ਦੀ ਦ੍ਰਿਸ਼ਕਾਰੀ ਲਈ ਦਸਮੇਸ਼ ਆਰਮਡ ਫੋਰਸ ਦਾ ਸੈਕੂਲਰ ਗਰੁੱਪ ਹਿੰਦੂ ਧਰਮ ਗੁਰੂ ਅਤੇ ਪਦ ਯਾਤਰੀਆਂ ਦੀ ਜਾਨ ਬਚਾਉਣ ਲਈ ਖ਼ਾਕੀ ਵਰਦੀ ਪਾ ਕੇ ਜਾਨ ਬਚਾਉਂਦਾ ਮਾਰਿਆ ਜਾਂਦਾ ਹੈ। ਇਸ ਤਰ੍ਹਾਂ ਫ਼ਿਲਮ ਜਿੱਥੇਂ ਆਪਣਾ ਵਿਚਾਰਧਾਰਕ ਬਿਰਤਾਂਤ ਸਿਰਜਦੀ ਨਜ਼ਰ ਆਉਂਦੀ ਹੈ ਅੰਤ ਵਿਚ ਆਪਣੇ ਵਿਰੋਧੀ ਗਰੁੱਪ ਦੀਆਂ ਕਾਰਵਾਈਆਂ ਦੇ ਖ਼ਿਲਾਫ਼ ਉਹਨਾਂ ਨੂੰ ਮਾਰ ਕੇ ਖ਼ੁਦ ਵੀ ਖ਼ਤਮ ਹੋ ਜਾਂਦੀ ਹੈ। ਫ਼ਿਲਮ ਦੀ ਕਥਾਤਮਿਕ ਸੰਰਚਨਾ ਅਤੇ ਘਟਨਾਵਾਂ ਦੀ ਲੜੀਆਂ ਨੂੰ ਇਸ ਤਰ੍ਹਾਂ ਵਿਉਂਤਿਆ ਗਿਆ ਹੈ ਕਿ ਧਾਰਮਿਕ ਫ਼ਿਰਕਾਪ੍ਰਸਤੀ ਦੀ ਭਾਵਨਾਵਾਂ ਦਾ ਸਵਾਲ ਦਰਸ਼ਕਾਂ ਦੇ ਮਨ ਵਿਚ ਪੈਦਾ ਹੀ ਨਹੀਂ ਹੁੰਦਾ, ਸਗੋਂ ਦਰਸ਼ਕ ਇਸ ਪੂਰੇ ਘਟਨਾ ਕਾਲ ਨੂੰ ਪਾਕਿਸਤਾਨ ਅਤੇ ਭ੍ਰਿਸ਼ਟ ਪੁਲਿਸ ਤੰਤਰ ਦੀ ਮਿਲੀਭੁਗਤ ਦੇ ਤੌਰ ’ਤੇ ਅਖ਼ਤਿਆਰ ਕਰਦੀ ਹੈ। ਸੈਕੂਲਰਜ਼ਿਮ ਦੀ ਉਦਾਹਰਨ ‘ਤੂਫ਼ਾਨ ਸਿੰਘ’ ਫ਼ਿਲਮ ਵਿਚ ਵੀ ਵੇਖੀ ਜਾ ਸਕਦੀ ਹੈ। ਫ਼ਿਲਮ ਵਿਚਲਾ ਮੁੱਖ ਪਾਤਰ ਗੁਰਬਾਜ਼ ਹਿੰਦੂਆਂ ਨੂੰ ਪੰਜਾਬ ਵਾਪਸ ਲਿਆਉਂਦਾ ਹੈ ਅਤੇ ਉਹਨਾਂ ਦੀ ਰਾਖੀ ਦਾ ਜ਼ਿੰਮਾ ਚੁੱਕਦਾ ਹੈ ਅਤੇ ਦੂਜੇ ਪਾਸੇ ਕੁਝ ਹਿੰਦੂ ਪੰਜਾਬ ਵਿਚ ਸਿੱਖਾਂ ਤੋਂ ਵਧੇਰੇ ਸੁਰੱਖਿਅਤ ਨਜ਼ਰ ਆਉਂਦੇ ਹਨ। ਉਦਾਹਰਨ ਲਈ ਗੁਰਬਾਜ਼ ਦੇ ਪਰਿਵਾਰ ’ਤੇ ਪੁਲਿਸ ਜਦੋਂ ਕੁੱਟਮਾਰ ਕਰ ਰਹੀ ਹੁੰਦੀ ਹੈ ਤਾਂ ਸਰਪੰਚ ਜੋ ਕਿ ਹਿੰਦੂ ਹੈ, ਪਰਿਵਾਰ ਨੂੰ ਬਚਾਉਂਦਾ ਹੈ। ਇਸੇ ਤਰ੍ਹਾਂ ਚੋਪੜਾ ਸਾਹਿਬ (ਹਿੰਦੂ ਐੱਮ. ਐੱਲ.ਏ) ਵੀ ਜੁਗਰਾਜ ਦੇ ਪਿਤਾ ਨੂੰ ਪੁਲਿਸ ਤੋਂ ਬਚਾਉਂਦਾ ਹੈ। ਇਸ ਤਰ੍ਹਾਂ ਇਹ ਸੈਕੂਲਰਿਜ਼ਮ ਜਿੱਥੇ ਧਰਮ ਨਿਰਪੇਖਤਾ ਦੀ ਪੇਸ਼ਕਾਰੀ ਕਰਦਾ ਹੈ ਉੱਥੇ ਸਿੱਖ ਕੌਮ ਦੇ ਮਸਲਿਆਂ ਨੂੰ ਪੰਜਾਬ ਸੰਕਟ ਦੀ ਵਾਰਤਾ ਤੋਂ ਦੂਰ ਕਰ ਦਿੰਦਾ ਹੈ।

ਪੰਜਾਬ ਸੰਕਟ ਨਾਲ ਸਬੰਧਿਤ ਲਗਭਗ ਸਾਰੀਆਂ ਫ਼ਿਲਮਾਂ ਵਿਚ ਪੰਜਾਬ ਸਮੱਸਿਆ ਲਈ ਪਾਕਿਸਤਾਨ ਦੀ ਸ਼ਮੂਲੀਅਤ ਨੂੰ ਪੇਸ਼ ਕੀਤਾ ਗਿਆ ਹੈ। ਪਾਕਿਸਤਾਨ ਦੀ ਭੂਮਿਕਾ ਨਾਲ ਇਕ ਪਾਸੇ ਪੰਜਾਬ ਦੇ ਨੌਜਵਾਨ ਅੱਤਵਾਦੀ ਸ਼੍ਰੇਣੀ ਵਿਚੋਂ ਬਾਹਰ ਹੋ ਜਾਂਦੇ ਹਨ ਅਤੇ ਦੂਜੇ ਪਾਸੇ ਕੇਂਦਰੀ ਸੱਤਾ ਵੀ ਕਿਸੇ ਰਾਜ ਨਾਲ ਵਧੀਕੀ ਦੇ ਦੋਸ਼ ਤੋਂ ਮੁਕਤ ਹੋ ਜਾਂਦੀ ਹੈ।

ਅਜਿਹਾ ਸਿਰਜਣ ਨਾਲ ਇਹ ਦੋਵੇਂ ਧਿਰਾਂ ਪੰਜਾਬ ਅਤੇ ਭਾਰਤ ਤੋਂ ਬਾਹਰ ਵਸਦੀ ਤੀਜੀ ਧਿਰ ਦਾ ਸ਼ਿਕਾਰ ਹੋਈ ਪੇਸ਼ ਹੋਣ ਲੱਗ ਜਾਂਦੀ ਹੈ। ਇਹਨਾਂ ਫ਼ਿਲਮਾਂ ਵਿਚ ਪੰਜਾਬ ਸੰਕਟ ਦੀਆਂ ਮੂਲ ਥੀਮ ਇਕਾਈਆਂ ਅਮਾਨਵੀ ਵਰਤਾਓ ਪ੍ਰਤੀ ਵਿਦਰੋਹ, ਪੁਲਿਸ ਦੇ ਅਨੈਤਿਕ ਵਿਵਹਾਰ, ਪਿਆਰ, ਮਾਤਾ-ਪਿਤਾ ਦੇ ਸਤਿਕਾਰ ਅਤੇ ਜ਼ਿੰਦਗੀ ਪ੍ਰਤਿ ਮੋਹ ਨਾਲ ਜੁੜੀਆਂ ਹੋਈਆਂ ਹਨ। ਇਹਨਾਂ ਦੀ ਕੇਂਦਰੀ ਸੁਰ ਅਨੁਸਾਰ ਸਰਕਾਰੀ ਤੰਤਰ ਜਦੋਂ ਆਪਣੀ ਮਾਨਵਕਾਰੀ ਭੂਮਿਕਾ ਗੁਆ ਕੇ ਨਿਰੋਲ ਮੁਨਾਫ਼ਾਵਾਦੀ ਵਿਚਾਰਧਾਰਾ ਦਾ ਨਿਭਾਅ ਬਣਦਾ ਹੈ ਤਾਂ ਇਹ ਆਮ ਲੋਕਾਂ ਦੀ ਥਾਂ, ਸਥਾਪਤੀ ਦੇ ਹਿੱਤਾਂ ਦਾ ਵਾਹਨ ਬਣ ਜਾਂਦਾ ਹੈ।

ਇਹਨਾਂ ਫ਼ਿਲਮਾਂ ਦਾ ਇਕ ਪੱਖ ਪਰਵਾਸ ਨੂੰ ਪੇਸ਼ ਕਰਨ ਵੱਲ ਰੁਚਿਤ ਨਜ਼ਰ ਆਉਂਦਾ ਹੈ। ਸਿੱਖ ਡਾਇਸਪੋਰਾ ਨੇ ਦ੍ਰਿਸ਼ ਸਭਿਆਚਾਰ ਦੇ ਵਿਭਿੰਨ ਰੂਪਾਂ ਰਾਹੀਂ ਆਪਣੇ ਉੱਪਰ ਹੋ ਰਹੇ ਜ਼ੁਲਮਾਂ ਨੂੰ ਲੋਕਾਂ ਦੇ ਸਾਹਮਣੇ ਪੇਸ਼ ਕੀਤਾ। ਉਹ ਆਪਣੀ ਹੋਂਦ ਅਤੇ ਪਛਾਣ ਨੂੰ ਆਪਣਾ ਦੇਸ਼ ਛੱਡ ਕੇ ਵਿਦੇਸ਼ੀ ਧਰਤੀ ਉੱਤੇ ਤਲਾਸ਼ਦੇ ਹਨ। ਪੰਜਾਬ ਸੰਕਟ ਦੌਰਾਨ ਕੀਤਾ ਗਿਆ ਪਰਵਾਸ ਮਜਬੂਰੀ ਵਿਚੋਂ ਉਪਜਿਆ ਹੈ ਇਸ ਕਾਰਨ ਪੀੜਦਾਇਕ ਹੈ। ਇਸ ਪ੍ਰਸੰਗ ਵਿਚ 'ਦੇਸ ਹੋਇਆ ਪਰਦੇਸ' 'ਵਾਪਸੀ', 'ਸਾਡਾ ਹੱਕ', ਅਤੇ ਅੰਸ਼ਿਕ ਰੂਪ ਵਿਚ 'ਸੁੱਖਾ-ਜਿੰਦਾ' ਫ਼ਿਲਮਾਂ ਵਿਚ ਵਾਚਣਯੋਗ ਹਨ। 'ਸਾਡਾ ਹੱਕ' ਫ਼ਿਲਮ ਦੇ ਪਾਤਰ ਸ਼ਰਨ, ਸ਼ਰਨ ਦੀ ਮਾਸੀ ਤੇ ਬਾਬਾ ਜੋਗਿੰਦਰ ਸਿੰਘ ਆਪਣੀ ਪਛਾਣ ਬਦਲ ਕੇ ਕੈਨੇਡਾ ਰਹਿੰਦੇ ਹਨ। ਕੈਨੇਡਾ ਦੀ ਧਰਤੀ 'ਤੇ ਰਹਿੰਦਿਆਂ ਹੋਇਆਂ ਵੀ ਬਾਬਾ ਜੋਗਿੰਦਰ ਸਿੰਘ ਸਿੱਖ ਪਛਾਣ ਦੇ ਮਸਲੇ 'ਤੇ ਚਿੰਤਤ ਨਜ਼ਰ ਆਉਂਦਾ ਹੈ। ਉਹ ਪੰਜਾਬ ਦੀ ਜੇਲ੍ਹ ਵਿਚ ਬੰਦ ਕਰਤਾਰ ਸਿੰਘ ਬਾਜ ਅਤੇ ਉਸ ਦੇ ਵਕੀਲ ਨਾਲ ਰਾਬਤਾ ਕਾਇਮ ਰੱਖਦਾ ਹੈ। ਬੇਗਾਨੀ ਧਰਤੀ 'ਤੇ ਵਸਦੇ ਇਹਨਾਂ ਪਾਤਰਾਂ ਦਾ ਬਾਹਰਲੇ ਮੁਲਕਾਂ ਵਿਚ ਨਸਲਵਾਦ ਪਿੱਛਾ ਕਰਦਾ ਹੈ। ਇਸ ਸੰਬੰਧੀ ਓਕ ਗ੍ਰੀਕ ਗੁਰਦੁਆਰੇ ਵਿਚਲੀ ਹੋਈ ਮੰਦਭਾਗੀ ਘਟਨਾ ਦਾ ਦ੍ਰਿਸ਼ ਸਿੱਖਾਂ ਦਾ ਆਪਣੀ ਧਰਤੀ ਨੂੰ ਛੱਡ ਕੇ ਬੇਗਾਨੀ ਧਰਤੀ ਤੇ ਵੱਧ ਸੁਰੱਖਿਅਤ ਦੇ ਭਰਮ ਦਾ ਵੀ ਖੰਡਨ ਕਰਦਾ ਹੈ। ਇਸ ਵਿਚ ਓਕ ਕ੍ਰੀਕ ਦੇ ਗੁਰਦੁਆਰੇ ਵਿਚ 40 ਸਾਲਾ ਵੇਡ ਮਾਈਕਲ ਨੇ ਵੱਡੀ ਪੱਧਰ 'ਤੇ ਗੋਲ਼ੀਬਾਰੀ ਕੀਤੀ, ਛੇ ਲੋਕਾਂ ਨੂੰ ਮਾਰ ਦਿੱਤਾ ਤੇ ਚਾਰ ਜ਼ਖ਼ਮੀ ਹੋ ਗਏ ਸਨ। ਇਸ ਸੰਦਰਭ ਵਿਚ ਸਿੱਖ ਡਾਇਸਪੋਰਾ ਇਸ ਫ਼ਿਲਮ ਪ੍ਰਤੀ ਵਿਸ਼ੇਸ਼ ਭਾਵਨਾਮਈ ਤੌਰ 'ਤੇ ਜੁੜਦਾ ਹੈ।

'ਦੇਸ ਹੋਇਆ ਪਰਦੇਸ' ਅਤੇ 'ਵਾਪਸੀ' ਵਰਗੀਆਂ ਫ਼ਿਲਮਾਂ ਸਿੱਧੇ ਰੂਪ ਵਿਚ ਇਹ ਸੁਝਾਉਂਦੀਆਂ ਹਨ, ਕਿ ਉਹਨਾਂ ਦੀ ਮੂਲ ਧਰਤੀ ਦੀ ਥਾਂ ਵਿਦੇਸ਼ੀ ਧਰਤੀ ਉਹਨਾਂ ਲਈ ਜ਼ਿਆਦਾ ਸੁਰੱਖਿਅਤ ਹੈ। ਪਰ ਇਸ ਧਾਰਨਾ ਨੂੰ ਪੇਸ਼ ਕਰਨ ਸਮੇਂ ਇਹ ਦੋਵੇਂ ਫ਼ਿਲਮਾਂ ਸਿੱਖ ਕੌਮ ਦੇ ਘੱਟ ਗਿਣਤੀ ਦੇ ਪ੍ਰਸੰਗ ਵਿਚ ਨਹੀਂ ਪੈਂਦੀਆਂ, ਸਗੋਂ ਪੰਜਾਬ ਪੁਲਿਸ ਦੇ ਤਸ਼ੱਦਦ ਨੂੰ ਮੁੱਖ ਵਿਰੋਧ ਵਜੋਂ ਸਿਰਜ ਦਿੰਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਸੰਕਟ ਪੰਜਾਬ ਵਰਸਿਜ਼ ਪੰਜਾਬ ਪੁਲਿਸ ਵਜੋਂ ਪੇਸ਼ ਹੋ ਜਾਂਦਾ ਹੈ। ਇਹਨਾਂ ਫ਼ਿਲਮਾਂ ਦਾ ਕਥਾ ਬਿਰਤਾਂਤ ਇਹ ਸੁਝਾਉਂਦਾ ਹੈ ਕਿ ਉਸ ਸਮੇਂ ਪੁਲਿਸ ਦਾ ਹੀ ਰਾਜ ਸੀ ਜਿਸ ਵਿਚ ਸੰਵਿਧਾਨਕ ਹੱਕਾਂ ਨੂੰ ਵੀ ਲਾਂਬੂ ਲਾ ਦਿੱਤਾ ਗਿਆ ਸੀ। ਇਸ ਸੰਬੰਧੀ ਗੁਰਸ਼ਾਨ ਅਤੇ ਗੁੱਡੀ (ਦੇਸ ਹੋਇਆ ਪਰਦੇਸ), ਜੱਸੀ ਅਤੇ ਪਾਲੀ (ਮਾਚਿਸ), ਅਜੀਤ ਅਤੇ ਉਸ ਦੀ ਭੈਣ ਜੀਤਾਂ (ਵਾਪਸੀ), ਗੁਰਬਾਜ਼ ਸਿੰਘ (ਤੂਫ਼ਾਨ

ਸਿੰਘ) ਹਰਭਜਨ ਸਿੰਘ ਸਿੰਘ ਅਤੇ ਉਸ ਦੀ ਪਤਨੀ (ਸਾਡਾ ਹੱਕ), ਜੋਗਿੰਦਰ ਸਿੰਘ (ਵਾਪਸੀ) ਆਦਿ ਅਜਿਹੇ ਪਾਤਰ ਹਨ ਜਿਹੜੇ ਪੁਲਿਸ ਦੇ ਅੱਤਿਆਚਾਰ ਨਾਲ ਸੰਤਾਪ ਭੋਗਦੇ ਹਨ ਅਤੇ ਇਸ ਦੇ ਪ੍ਰਤੀਕਰਮ ਵਜੋਂ ਹਥਿਆਰ ਚੁੱਕਦੇ ਹਨ ਜਾਂ ਪਰਵਾਸ ਕਰ ਜਾਂਦੇ ਹਨ। ਇਹਨਾਂ ਪਾਤਰਾਂ ਨੂੰ ਚਿਤਰਨ ਸਮੇਂ ਇਹ ਪ੍ਰਸੰਗ ਲਗਭਗ ਹਰ ਇਕ ਫ਼ਿਲਮ ਦਾ ਹੀ ਰਿਹਾ ਹੈ, ਕਿ ਹਥਿਆਰ ਚੁੱਕਣ ਵਾਲੇ ਕਿਸੇ ਵੀ ਪਾਤਰ ਨੇ ਪਹਿਲੀਆਂ ਵਧੀਕੀਆਂ ’ਤੇ ਹੀ ਹਥਿਆਰ ਨਹੀਂ ਚੁੱਕੇ ਸਗੋਂ, ਉਹ ਆਪਣੀ ਸਧਾਰਨ ਜ਼ਿੰਦਗੀ ਵਿਚ ਮੁੜਨ ਦੀ ਕੋਸ਼ਿਸ਼ ਕਰਦੇ ਹਨ। ਸ਼ਿਵਜੀਤ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਖੇਤੀ ਕਰਨ ਲਈ ਖੇਤਾਂ ਵਿਚ ਜਾਂਦਾ ਪੇਸ਼ ਕੀਤਾ ਗਿਆ ਹੈ। ਅਜੀਤ ਆਪਣੀ ਨਕਾਰਾ ਹੋਈ ਲੱਤ ਦੇ ਬਾਵਜੂਦ ਛੱਤ ਉਪਰ ਹਾਕੀ ਖੇਡਦਾ ਹੈ ਅਤੇ ਖੇਤ ਵਿਚ ਆਪਣੇ ਪਿਤਾ ਨਾਲ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਜੀਤਾ ਵੀ ਆਪਣੇ ਸਰੀਰਕ ਸੋਸ਼ਣ ਤੋਂ ਬਾਅਦ ਇਕਦਮ ਆਤਮ ਹੱਤਿਆ ਨਹੀਂ ਕਰਦੀ। ਪਾਲੀ ਵੀ ਪਹਿਲਾਂ ਆਪਣੇ ਦੋਸਤ ਨਾਲ ਹੋਈ ਵਧੀਕੀ ਲਈ ਕਾਨੂੰਨ ਅਤੇ ਨਿਆਂ ਦਾ ਸਹਾਰਾ ਲੈਣ ਲਈ ਯਤਨ ਕਰਦਾ ਹੈ। ‘47 ਤੋਂ 84’ ਦਾ ਅੰਮ੍ਰਿਤ ਅਤੇ ਸੁਖਮਨੀ ਵੀ ਪਹਿਲਾਂ ਕਾਨੂੰਨੀ ਲੜਾਈ ਨੂੰ ਤਰਜੀਹ ਦਿੰਦੇ ਹਨ। ‘ਹਵਾਏਂ’ ਦਾ ਸਰਬਜੀਤ ਵੀ ਪਹਿਲਾਂ ਹਥਿਆਰਾਂ ਦੀ ਥਾਂ ਖੇਤੀ ਦੇ ਸੰਦਾਂ ਨੂੰ ਹੱਥ ਪਾਉਂਦਾ ਹੈ। ਇਸ ਤਰ੍ਹਾਂ ਦੇ ਘਟਨਾਕ੍ਰਮ ਪੁਲਿਸ ਨੂੰ ਇਹਨਾਂ ਨੌਜਵਾਨਾਂ ਦੇ ਬਾਗ਼ੀ ਬਣਨ ਦਾ ਉਤਪ੍ਰੇਰਕ ਪੇਸ਼ ਕਰਦੇ ਹਨ।

ਇਹ ਫ਼ਿਲਮਾਂ ਹਥਿਆਰਾਂ ਦੇ ਰਾਹ ’ਤੇ ਪਏ ਨੌਜਵਾਨਾਂ ਦੇ ਸੰਬੋਧਨੀ ਸ਼ਬਦ ਨਾਲ ਵੀ ਸੰਵਾਦ ਰਚਾਉਂਦੀਆਂ ਹਨ। ਇਹਨਾਂ ਫ਼ਿਲਮਾਂ ਵਿਚ ਨੌਜਵਾਨਾਂ ਨੂੰ ‘ਖਾੜਕੂ’, ‘ਅੱਤਵਾਦੀ’, ‘ਆਤੰਕਵਾਦੀ’ ਅਤੇ ‘ਮਿਲੀਟੈਂਟ’ ਆਦਿ ਸ਼ਬਦਾਂ ਨਾਲ ਸੰਬੋਧਨ ਕੀਤਾ ਗਿਆ ਹੈ। www.refworld.com ਅਨੁਸਾਰ ‘ਖਾੜਕੂ’ ਸ਼ਬਦ ਦਾ ਅਰਥ “ਇਕ ਬਹਾਦਰ ਵਿਅਕਤੀ, ਇਕ ਹਿੰਮਤ ਵਾਲਾ ਵਿਅਕਤੀ, ਇਕ ਵਿਅਕਤੀ ਜੋ ਹੱਕਾਂ ਲਈ ਖੜਦਾ ਹੈ, ਇਹ ਸ਼ਬਦ ਅਜ਼ਾਦੀ ਲਈ ਸੰਘਰਸ਼ ਕਰ ਰਹੇ ਵਿਅਕਤੀਆਂ ਲਈ ਅਤੇ ਖ਼ਾਲਿਸਤਾਨ ਦਾ ਵਿਰੋਧ ਕਰ ਰਹੇ ਵਿਅਕਤੀਆਂ ਲਈ ਵੀ ਵਰਤ ਲਿਆ ਜਾਂਦਾ ਹੈ, ਇਹ ਅੱਤਵਾਦ ਦੇ ਸਮਾਨਾਰਥੀ ਵੀ ਵਰਤਿਆ ਜਾਂਦਾ ਹੈ।’ ਇਸੇ ਤਰ੍ਹਾਂ “ਖੜਕੇ ਦੜਕੇ ਵਾਲਾ, ਨਿਡਰ, ਦਲੇਰ, ਸੰਗਰਾਮੀਆ, ਲੜਾਕੂ, ਅੱਤਵਾਦੀ, ਦਹਿਸ਼ਤਪਸੰਦ” ਆਦਿ ਸ਼ਬਦ ਵੀ ਖਾੜਕੂ ਦੇ ਸਮਾਨੰਤਰ ਵਰਤ ਲਏ ਜਾਂਦੇ ਹਨ। ਫ਼ਿਲਮਾਂ ਇਸ ਸ਼ਬਦ ਪ੍ਰਤੀ ਸੁਚੇਤ ਪੱਧਰ ’ਤੇ ਵਿਚਰਦੀਆਂ ਹਨ। ਇਹਨਾਂ ਵਿਚ ਖਾੜਕੂ ਸ਼ਬਦ ਨੂੰ ਸਕਾਰਾਤਮਿਕ ਰੂਪ ਵਿਚ ਲਿਆ ਗਿਆ ਹੈ ਅਤੇ ਇਸ ਦੇ ਉਲਟ ਆਤੰਕਵਾਦੀ ਅਤੇ ਮਿਲੀਟੈਂਟ ਸ਼ਬਦ ਨੂੰ ਅੱਤਵਾਦ ਦੇ ਸੰਦਰਭ ਵਿਚ ਪੇਸ਼ ਕੀਤਾ ਗਿਆ ਹੈ। ਬਾਗ਼ੀ ਨੌਜਵਾਨ ਆਪਣੇ ਆਪ ਨੂੰ ‘ਖਾੜਕੂ’ ਕਹਾਉਣ ਵਿਚ ਮਾਣ ਮਹਿਸੂਸ ਕਰਦੇ ਹਨ ਤਾਂ ਦੂਸਰੇ ਪਾਸੇ ਪੁਲਿਸ ਜਾਂ ਸਰਕਾਰੀ ਧਿਰ ਇਹਨਾਂ ਲਈ ਆਤੰਕਵਾਦੀ ਜਾਂ ਅੱਤਵਾਦੀ ਸ਼ਬਦ ਦਾ ਪ੍ਰਯੋਗ ਕਰਦੀ ਹੈ। ਇਸ ਤਰ੍ਹਾਂ ਸ਼ਬਦਾਂ ਦੇ ਪੱਧਰ ’ਤੇ ਰਾਜਨੀਤੀ ਕਰਦੀ ਫ਼ਿਲਮ ਕਈ ਵਾਰ ਦ੍ਰਿਸ਼ਾਂ ਦੀ ਬਜਾਇ ਲੁਪਤ ਸ਼ਬਦਾਂ ਨਾਲ ਆਪਣੀ ਵਿਚਾਰਧਾਰਾ ਦਾ ਪ੍ਰਦਰਸ਼ਨ ਕਰ ਦਿੰਦੀ ਹੈ। ਇਸ ਸੰਦਰਭ ਵਿਚ ‘ਦੇਸ ਹੋਇਆ ਪਰਦੇਸ’ ਫ਼ਿਲਮ ਵਿਚ ਆਤੰਕਵਾਦੀ ਸ਼ਬਦ ਵਰਤਿਆ ਗਿਆ ਹੈ ਅਤੇ ਇਹ ਸ਼ਬਦ ਫ਼ਿਲਮ ਦੇ ਮੁੱਖ ਪਾਤਰ ਗੁਰਸ਼ਾਨ ਦੇ ਮੂੰਹੋਂ ਕਹਾਇਆ

ਗਿਆ ਹੈ। ਇਸ ਦੇ ਉਲਟ 'ਮਾਚਿਸ' ਅਤੇ 'ਹਵਾਏਂ' ਫ਼ਿਲਮਾਂ ਇਹਨਾਂ ਦੋਵਾਂ ਸ਼ਬਦਾਂ ਨਾਲ ਸੰਵਾਦ ਵਿਚ ਪੈਂਦੀਆਂ ਨਜ਼ਰ ਆਉਂਦੀਆਂ ਹਨ। 'ਹਵਾਏਂ' ਫ਼ਿਲਮ ਵਿਚ ਇਕ ਵਿਅਕਤੀ ਬਾਗ਼ੀ ਨੌਜਵਾਨਾਂ ਨੂੰ ਅੱਤਵਾਦੀ ਦੀ ਥਾਂ ਖਾੜਕੂ ਬੋਲਣ ਲਈ ਕਹਿੰਦਾ ਹੈ। ਇਹ ਸੰਵਾਦ ਬਾਗ਼ੀ ਨੌਜਵਾਨਾਂ ਦੀ ਸਕਾਰਾਤਮਿਕ ਛਵੀ ਪੇਸ਼ ਕਰਦਾ ਹੈ। ਇਸੇ ਤਰ੍ਹਾਂ 'ਮਾਚਿਸ' ਫ਼ਿਲਮ ਵਿਚ ਪੁਲਿਸ ਅਫ਼ਸਰ ਇਹਨਾਂ ਨੌਜਵਾਨਾਂ ਲਈ ਖਾੜਕੂ ਦੀ ਥਾਂ ਅੱਤਵਾਦੀ ਸ਼ਬਦ ਵਰਤਣ ਨੂੰ ਕਹਿੰਦਾ ਨਜ਼ਰ ਆਉਂਦਾ ਹੈ। ਇਹ ਸੰਵਾਦ ਲਹਿਰ ਨਾਲ ਜੁੜੇ ਨੌਜਵਾਨਾਂ ਦੇ ਨਕਾਰਾਤਮਿਕ ਅਕਸ ਦੀ ਪੇਸ਼ਕਾਰੀ ਕਰਦੇ ਹਨ। ਇਸ ਤਰ੍ਹਾਂ ਸ਼ਬਦਾਂ ਦੇ ਪੱਧਰ 'ਤੇ ਇਹ ਫ਼ਿਲਮਾਂ ਆਪਣੀ ਵਿਚਾਰਧਾਰਕ ਪਹੁੰਚ ਨੂੰ ਪੇਸ਼ ਕਰ ਦਿੰਦੀਆਂ ਹਨ ਅਤੇ ਆਮ ਸਧਾਰਨ ਦਰਸ਼ਕ ਨੂੰ ਇਸ ਤਰ੍ਹਾਂ ਦਾ ਅਹਿਸਾਸ ਵੀ ਨਹੀਂ ਹੋਣ ਦਿੰਦੀਆਂ।

ਕੁਲ ਮਿਲਾ ਕੇ ਫ਼ਿਲਮਾਂ ਨੂੰ ਵੀ ਇਕ ਰਾਜਨੀਤਕ ਬਣਤਰ ਵਿਚੋਂ ਬਾਹਰ ਨਹੀਂ ਕੱਢਿਆਂ ਜਾ ਸਕਦਾ, ਪਰ ਇੱਥੇ ਸਾਡਾ ਭਾਵ ਇਹ ਕਦਾਚਿਤ ਨਹੀਂ ਕਿ ਉਕਤ ਫ਼ਿਲਮਾਂ ਪੰਜਾਬ ਸੰਕਟ ਨੂੰ ਵਿਚਾਰਧਾਰਕ ਤੌਰ 'ਤੇ ਬਿਲਕੁਲ ਮਨਫ਼ੀ ਕਰਦੀਆਂ ਹਨ। ਇਹਨਾਂ ਵਿਚ ਭਾਵੇਂ ਪੰਜਾਬ ਸੰਕਟ ਦੇ ਰਾਜਨੀਤਿਕ, ਆਰਥਿਕ ਅਤੇ ਸਮਾਜ ਸਭਿਆਚਾਰਕ ਪੱਖ ਸਿੱਧੇ ਰੂਪ ਵਿਚ ਸੰਵਾਦ ਹੇਠ ਨਹੀਂ ਆਉਂਦੇ। ਪਰ ਇਹ ਫ਼ਿਲਮਾਂ ਤਤਕਾਲੀ ਸਮੇਂ ਦੇ ਮਨੁੱਖੀ ਸਦਮਿਆਂ ਅਤੇ ਸੰਵੇਦਨਾਵਾਂ ਦੀ ਬਾਖ਼ੂਬੀ ਪੇਸ਼ਕਾਰੀ ਕਰਦੀਆਂ ਹਨ। ਮਨੁੱਖੀ ਸਦਮਿਆਂ ਅਤੇ ਭਾਵੁਕ ਯਾਦਾਂ ਦੀ ਪੁਨਰ-ਪੇਸ਼ਕਾਰੀ ਇਹਨਾਂ ਦੀ ਸਭ ਵੱਡੀ ਵਿਸ਼ੇਸ਼ਤਾ ਹੋ ਨਿੱਬੜਦੀ ਹੈ। ਕਿਉਂਕਿ ਇਹਨਾਂ ਸੰਵੇਦਨਾਵਾਂ ਅਤੇ ਸਦਮੇ ਦੇ ਨਿਸ਼ਾਨਾਂ ਨੂੰ ਇਤਿਹਾਸ ਦੇ ਪਾਠਾਂ ਅਤੇ ਡਾਕੂਮੈਂਟਰੀ ਦੇ ਦਸਤਾਵੇਜ਼ਾਂ ਵਿਚੋਂ ਲੱਭਿਆ ਨਹੀਂ ਜਾ ਸਕਦਾ। ਪੰਜਾਬ 1984 ਆਪਣੇ ਆਪ ਵਿਚ ਇੱਕ ਵਰ੍ਹਾ ਨਹੀਂ ਹੈ ਸਗੋਂ ਇਹ ਪੰਜਾਬ ਦੇ ਲਗਭਗ ਡੇਢ ਦਹਾਕੇ ਦੀ ਦਹਿਸ਼ਤ ਅਤੇ ਸੰਤਾਪ ਨੂੰ ਆਪਣੇ ਵਿਚ ਸਾਂਭੀ ਬੈਠਾ ਹੈ। "ਪੰਜਾਬੀ ਸਿਨਮਾ ਜਦੋਂ ਸੰਨ 84 ਦੇ ਬਹੁਤ ਅਹਿਮ ਪਰ ਟੈਬੂ ਬਣਾ ਦਿੱਤੇ ਗਏ ਮਸਲੇ 'ਤੇ ਫ਼ਿਲਮ ਪੇਸ਼ਕਾਰੀਆਂ ਦਿੰਦਾ ਹੈ ਤਾਂ ਇਸ ਨੂੰ ਪੰਜਾਬੀ ਦਰਸ਼ਕ ਸਤਿਕਾਰ ਦੀ ਨਜ਼ਰ ਨਾਲ ਦੇਖਦਾ ਹੈ। ਇਹ ਸਤਿਕਾਰ ਪੰਜਾਬੀ ਬੰਦੇ ਦੁਆਰਾ ਹੰਢਾਏ ਉਨ੍ਹਾਂ ਸਦਮਿਆਂ ਚੋਂ ਵੀ ਨਿਕਲਦਾ ਹੈ, ਜਿਹੜੇ ਲੰਮੇ ਸਮੇਂ ਤੋਂ ਆਪਣੀ ਕਥਾ ਕਹਿਣ ਪੱਖੋਂ ਬੇਚਾਰਗੀ ਹੰਢਾ ਰਹੇ ਸਨ। ਬੀਤ ਗਏ ਦੀ ਬਾਤ ਪਾਉਣੀ ਬੀਤੇ ਅਤੇ ਸਮਕਾਲ ਨੂੰ ਸਮਝਣ ਲਈ ਨਿਹਾਇਤ ਲਾਜ਼ਮੀ ਹੁੰਦੀ ਹੈ, ਇਸ ਪੱਖੋਂ ਵੀ ਸੰਕਟ ਸਮੇਂ ਦੀਆਂ ਫ਼ਿਲਮ ਪੇਸ਼ਕਾਰੀਆਂ ਸਾਰਥਕ ਪ੍ਰਤੀਤ ਹੁੰਦੀਆਂ ਹਨ। ਇਹ ਸਾਰਥਕਤਾ ਇਸ ਤੱਥ ਦੇ ਚਲਦਿਆਂ ਹੋਰ ਵੀ ਸ਼ਿੱਦਤ ਨਾਲ ਪ੍ਰਤੀਤ ਹੁੰਦੀ ਹੈ ਕਿ ਪੰਜਾਬ ਦੇ ਸੰਕਟ ਸਮੇਂ ਨੂੰ ਆਪਣੇ ਤਨ-ਮਨ 'ਤੇ ਹੰਢਾਉਣ ਵਾਲੇ ਲੋਕ ਹੌਲੀ-ਹੌਲੀ ਸਾਡੇ ਕੋਲੋਂ ਵਿੱਛੜ ਰਹੇ ਹਨ। ਯਾਦਾਂ ਧੁੰਦਲੀਆਂ ਪੈ ਰਹੀਆਂ ਹਨ, ਕੀ ਹੋਇਆ ਸੀ, ਕਿਵੇਂ ਹੋਇਆ ਸੀ, ਇਸ ਨੂੰ ਵਕਤ ਨੇ ਸਾਫ਼-ਸਾਫ਼ ਨਹੀਂ ਰਹਿਣ ਦਿੱਤਾ। ਇਕ ਅਸਲੋਂ ਨਵੀਂ ਪੀੜ੍ਹੀ, ਜਿਸ ਨੇ ਉਸ ਸਮੇਂ ਬਾਬਤ ਥੋੜ੍ਹਾ ਬਹੁਤ ਸੁਣਿਆ ਹੈ, ਗੱਭਰੂ ਹੋ ਰਹੀ ਹੈ। ਇਹ ਦੌਰ ਪੰਜਾਬ ਸੰਕਟ ਦੇ ਪ੍ਰਸੰਗ ਵਿਚ ਇਕ ਤਬਦੀਲੀ ਦਾ ਦੌਰ ਹੈ। ਤਬਦੀਲੀ ਦੀ ਤੋਰ ਕਿਸ ਵਿਧ ਘਟੇਗੀ, ਇਸ ਬਾਬਤ ਪੱਕ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਜਿਹੜੇ ਗਵਾਹ ਸਹੀ ਹਨ, ਉਨ੍ਹਾਂ ਤੱਕ ਪਹੁੰਚ ਕਰਨ ਦੀ ਸਾਰਥਕਤਾ ਪੰਜਾਬੀ ਸਿਨਮੇ ਦੇ ਇਸ ਰੂਪ ਨੇ ਵਧਾ ਦਿੱਤੀ

ਹੈ।” ਅਜਿਹਾ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਪੰਜਾਬ ਸੰਕਟ ਦੇ ਕਿਸੇ ਵੀ ਪੱਖ ’ਤੇ ਗੱਲ ਕਹਿਣ ਨੂੰ ਸਹਿਜ ਵਰਤਾਰੇ ਵਜੋਂ ਲੈਣਾ, ਇਹਨਾਂ ਪੇਸ਼ਕਾਰੀਆਂ ਤੋਂ ਬਾਅਦ ਹੀ ਸ਼ੁਰੂ ਹੋਇਆ ਹੈ। ਪਹਿਲਾਂ ਇਸ ਸਮੇਂ ਜਾਂ ਸੰਬੰਧਿਤ ਵਿਅਕਤੀ ਬਾਰੇ ਗੱਲ ਕਰਨਾ ਵੀ ਡਰਾਵਾਣਾ ਹੋ ਜਾਂਦਾ ਸੀ। ਇਸ ਕਾਰਨ ਉਕਤ ਫ਼ਿਲਮਾਂ ਦੀ ਅੰਦਰੂਨੀ ਬਣਤਰ ਚਾਹੇਂ ਕਿਸੇ ਪੱਖੀ ਵੀ ਹੋਵੇ ਪਰ ਸੰਕਟ ਸਮੇਂ ਨੂੰ ਦ੍ਰਿਸ਼ ਪੱਧਰ ’ਤੇ ਸਪੇਸ ਦੇਣਾ ਇਹਨਾਂ ਫ਼ਿਲਮਾਂ ਦੀ ਪ੍ਰਾਪਤੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਗੁਰਮੁੱਖ ਸਿੰਘ, ਸਮਕਾਲੀ ਦ੍ਰਿਸ਼-ਸਭਿਆਚਾਰ ਅਤੇ ਪੰਜਾਬੀ ਪਛਾਣ, ਗਰੇਸ਼ੀਅਸ ਬੁਕਸ, ਪਟਿਆਲਾ, ਪੰਨਾ-21
2. ਉਹੀ, ਸਮਕਾਲੀ ਦ੍ਰਿਸ਼-ਸਭਿਆਚਾਰ ਵਿਚ ਪੰਜਾਬੀ ਪਛਾਣ ਸਿਰਜਣਕਾਰੀ: ਸਮਾਜਕਤੰਤਰ ਅਤੇ ਬਿੰਬਾਂ ਦਾ ਅੰਤਰ ਸੰਵਾਦ (ਹਿੰਸਾ ਅਤੇ ਮੁਹੱਬਤ ਦੀ ਸੱਭਿਆਚਾਰਕ ਯਾਦ ਪ੍ਰਸੰਗ ਵਿਚ), ਅਣਪ੍ਰਕਾਸ਼ਿਤ ਖੋਜ ਕਾਰਜ, ਪੰਨਾ-55
3. ਖਾਸ ਤੌਰ ’ਤੇ ਪੰਜਾਬ 1984’, ‘ਮਾਚਿਸ’, ਅਤੇ ‘ਵਾਪਸੀ’ ਫਿਲਮ ਵਿਚ ਘਰ ਮੁੜਨ ਦੀ ਇੱਛਾ ਨੂੰ ਬਹੁਤ ਤੀਬਰਤਾ ਨਾਲ ਚਿਤਰਿਆ ਗਿਆ ਹੈ।
4. ‘ਹਵਾਏਂ’ ‘ਮੇਰਾ ਪੰਜਾਬ’, ‘ਪੰਜਾਬ 1984’, ਫਿਲਮਾਂ ਵਿਚ ਪਾਕਿਸਤਾਨ ਦੀ ਸ਼ਮੂਲੀਅਤ ਨੂੰ ਸਪੱਸ਼ਟ ਰੂਪ ਵਿਚ ਪੇਸ਼ ਕੀਤਾ ਗਿਆ ਹੈ।
5. Literally means a valiant person. A person with courage, a person who stands up for rights. The word became used for freedom fighters and, for those who oppose Khalistan, it became used as a synonym for terrorist (Spellman BC may, AIIA).Canada: immigration and Refugee Board of Canada, India: Information on Kharku, 1 may 1991, IND 8531, available at:https://www.refworld.org/docid/CaeFacDbaH.html [accessed 9 October 2022] ਇਹ ਪ੍ਰੀਭਾਸ਼ਾ ਸਿੱਧੇ ਰੂਪ ਵਿਚ refworld ਦੀ ਸਾਈਟ ਤੋਂ ਲਈ ਗਈ ਹੈ। ਕਿਉਂਕਿ Canada: immigration and Refugee Board of Canada ਦੀ ਸਾਈਟ ਤੋਂ 2003 ਤੋਂ ਬਾਅਦ ਇਹ ਹਟਾ ਦਿੱਤੀ ਗਈ ਹੈ। ਇਹ ਹੁਣ ਸਿਰਫ ਸਾਈਟ ਉਪਰ ਕਾਪੀਰਾਈਟ ਨਿਯਮਾਂ ਤਹਿਤ ਦਰਜ ਹੈ, accesed 20 march 2022-12-27
6. https://punjabipedia.org/topic.aspx?txt=%E@%AH%IF%E@%AH%B E%E@%AI%IC%E @%AH%IE % E @%AI%HB
7. ਡਾ.ਗੁਰਰਮੁੱਖ ਸਿੰਘ, ਸਮਕਾਲੀ ਦ੍ਰਿਸ਼-ਸਭਿਆਚਾਰ ਵਿਚ ਪੰਜਾਬੀ ਪਛਾਣ ਸਿਰਜਣਕਾਰੀ: ਸਮਾਜਕਤੰਤਰ ਅਤੇ ਬਿੰਬਾਂ ਦਾ ਅੰਤਰ ਸੰਵਾਦ (ਹਿੰਸਾ ਅਤੇ ਮੁਹੱਬਤ ਦੀ ਸੱਭਿਆਚਾਰਕ ਯਾਦ ਪ੍ਰਸੰਗ ਵਿਚ, ਉਹੀ, ਪੰਨਾ 184

# ਅਮਰਜੀਤ ਕੌਂਕੇ ਦੀ ਕਵਿਤਾ ਵਿਚ ਨਾਰੀ ਸੰਵੇਦਨਾ ਦੇ ਵਿਭਿੰਨ ਪਾਸਾਰ

-ਡਾ. ਰਚਨਾ ਕੁਮਾਰੀ

ਸਮਕਾਲੀ ਪੰਜਾਬੀ ਕਾਵਿ ਜਗਤ ਵਿੱਚ ਅਮਰਜੀਤ ਕੌਂਕੇ ਇੱਕ ਸਥਾਪਿਤ ਨਾਮ ਹੈ। ਉਸਦੀ ਕਵਿਤਾ ਦਾ ਸੁਹਜ ਉਸਦੀ ਮਕਬੂਲੀਅਤ ਅਤੇ ਸਥਾਪਤੀ ਨਿਸ਼ਚਤ ਕਰਦਾ ਹੈ। ਉਸਦੀ ਕਵਿਤਾ ਦਾ ਅਧਾਰ ਬਿੰਦੂ ਜਿਥੇ ਵੱਖ-ਵੱਖ ਵਸਤੂ ਵਰਤਾਰੇ ਹਨ ਉਥੇ ਨਾਰੀ ਸੰਵੇਦਨਾ ਨੂੰ ਵੀ ਉਸ ਦੀ ਕਵਿਤਾ ਵਿੱਚ ਭਰਵੀਂ ਸਪੇਸ ਮਿਲੀ ਹੈ। ਇਸ ਵਿੱਚ ਕੋਈ ਸ਼ੰਕਾ ਨਹੀਂ ਕਿ ਕਵੀ ਦੀ ਹਰ ਸਿਮਰਤੀ ਆਪਣਾ ਪਾਸਾਰ ਤੇ ਰੂਪ ਤਲਾਸ਼ਦੀ ਹੈ ਅਤੇ ਕੌਂਕੇ ਕਾਵਿ ਵਿਚਲੀ ਨਾਰੀ ਸੰਵੇਦਨਾ ਇਹਨਾਂ ਸਿਮਰਤੀਆਂ ਦਾ ਹੀ ਸਥੂਲ ਰੂਪ ਹੈ। ਹੁਣ ਤੱਕ ਉਸ ਨੇ 7 ਕਾਵਿ ਸੰਗ੍ਰਹਿ ਪਾਠਕਾਂ ਦੀ ਝੋਲੀ ਪਾਏ ਹਨ। ਜੇਕਰ ਵਿਸ਼ਲੇਸ਼ਣ ਦੇ ਪੱਖ ਤੋਂ ਗੱਲ ਕੀਤੀ ਜਾਵੇ ਤਾਂ ਪੁਸਤਕ ਦਰ ਪੁਸਤਕ ਉਸ ਦੀ ਨਾਰੀ ਸੰਵੇਦਨਾ ਦਾ ਸਰੂਪ ਸਮੇਂ ਅਤੇ ਪ੍ਰਸਥਿਤੀਆਂ ਮੁਤਾਬਿਕ ਬਦਲਦਾ ਰਿਹਾ ਹੈ। ਉਸ ਨੇ ਆਪਣੀ ਸੰਵੇਦਨਾ ਨੂੰ ਸਮੂਹਿਕ ਸੰਵੇਦਨਾ ਦਾ ਹਮਸਫ਼ਰ ਬਣਾ ਲਿਆ। ਗਰੀਬੀ ਦੇ ਝੰਬੇ ਹੋਏ ਨੂੰ ਕਵਿਤਾ ਨੇ ਤਲਾਸ਼ ਲਿਆ ਅਤੇ ਉਹ ਜ਼ਿੰਦਗੀ ਦੀ ਬਹੁਰੰਗਤਾ 'ਚੋਂ ਗੁਜ਼ਰਦਾ ਹੋਇਆ ਕਵਿਤਾ ਨੂੰ ਆਪਣਾ ਪੂਰਕ ਬਣਾ ਬੈਠਾ। ਇਸੇ ਕਵਿਤਾ ਦੀ ਦਰਗਾਹ ਤੇ ਆਪਣੀਆਂ ਸੰਵੇਦਨਾਵਾਂ ਦਾ ਆਪਣੇ ਵਜੂਦ ਦੀਆਂ ਸੀਮਾਵਾਂ ਸੰਗ ਸੰਵਾਦ ਰਚਾਉਂਦਾ ਹੀ ਅਮਰਜੀਤ ਕੌਂਕੇ ਇੱਕ ਦਿਨ 'ਨਿਰਵਾਣ ਦੀ ਤਲਾਸ਼ ਵਿੱਚ' ਨਿਕਲ ਤੁਰਿਆ। ਉਸ ਦੀਆਂ ਕਵਿਤਾਵਾਂ ਦਾ ਸੱਚ ਸਮੇਂ/ਸਥਾਨ ਅਤੇ ਹਲਾਤਾਂ ਦੀ ਦੇਣ ਹੈ। ਸਿਮਰਜੀਤ ਕੌਰ ਰੰਧਾਵਾਂ ਅਮਰਜੀਤ ਕੌਂਕੇਂ ਬਾਰੇ ਲਿਖਦੇ ਹਨ:

"ਕਾਵਿ/ਸਾਹਿਤ ਵਿੱਚ ਨਾਰੀ ਸੰਵੇਦਨਾ ਨੂੰ ਪੇਸ਼ ਕਰਕੇ ਪੰਜਾਬੀ ਕਵੀਆਂ/ ਸਾਹਿਤਕਾਰਾਂ ਨੇ ਪੰਜਾਬੀ ਸਾਹਿਤ ਵਿੱਚ ਅਹਿਮ ਭੂਮਿਕਾ ਨਿਭਾਈ ਹੈ, ਖਾਸ ਤੌਰ ਤੇ ਕਵੀਆਂ ਨੇ ਪੁਰਸ਼ ਹੋਣ ਦੇ ਬਾਵਜੂਦ ਵੀ ਨਾਰੀ ਦੀ ਮਾਨਸਿਕ ਪੀੜਾ ਨੂੰ ਮਹਿਸੂਸ ਕਰਕੇ ਸੁਹਜਾਤਮਕ ਅਤੇ ਕਲਾਤਮਿਕ ਪ੍ਰਤਿਭਾ ਦੁਆਰਾ ਆਪਣੀਆਂ ਕਾਵਿ ਰਚਨਾਵਾਂ ਵਿੱਚ ਰੂਪਮਾਨ ਕੀਤਾ ਹੈ, ਅਜਿਹੇ ਕਵੀਆਂ ਵਿੱਚ ਅਮਰਜੀਤ ਕੌਂਕੇ ਦਾ ਨਾ ਵਿਸ਼ੇਸ ਤੌਰ ਤੇ ਉਲੇਖਣੀਯ ਹੈ।[1]

ਉਸ ਦੀ ਨਾਰੀ ਸੰਵੇਦਨਾ ਵਿੱਚ ਰਿਸ਼ਤਿਆਂ ਦਾ ਨਿੱਘ ਤਰੇੜਾਂ, ਉਦਾਸੀਆਂ ਤੇ ਪਰੇਸ਼ਾਨੀਆਂ ਜਿਹੇ ਅਹਿਸਾਸ ਉਸ ਦੇ ਅੰਗ ਸੰਗ ਹੋ ਤੁਰਦੇ ਹਨ। ਕੌਂਕੇ ਕਾਵਿ ਦੀਆਂ ਨਾਇਕਾਵਾਂ ਇਹਨਾਂ ਵਰਤਾਰਿਆਂ ਦੀ ਨਿਰੰਤਰਤਾ ਨੂੰ ਸਿਰਫ ਭੋਗਦੀਆਂ ਹੀ ਨਹੀਂ ਸਗੋਂ ਇਹਨਾਂ ਵਿਚੋਂ ਜੀਵਨ ਜਿਉਣ ਦੀ ਚਿਣਗ ਵੀ ਮਹਿਸੂਸਦੀਆਂ ਹਨ। ਨਾਰੀ ਸੰਵੇਦਨਾ ਦੇ ਪੱਖ ਤੋਂ ਕੌਂਕੇ ਕਾਵਿ ਦੀ ਨਾਰੀ, ਪਿਤਰਕੀ ਪ੍ਰਬੰਧ ਦੀ ਸਮਰਥਕ, ਐਂਟੀ ਪਿਤਰਕੀ ਕਸ਼ਮਕਸ਼ ਵਿੱਚ ਫਸੀ ਅਤੇ ਕਈ ਥਾਂਈ ਦੇਹੀ ਸਰੋਕਾਰਾਂ ਵਿੱਚ ਉਲਝੀ ਨਜ਼ਰ ਆਉਂਦੀ ਹੈ। ਪ੍ਰੰਪਰਕ

ਨਾਰੀ ਦੀ ਤ੍ਰਾਸਦੀ, ਵਿਪਰੀਤ ਹਾਲਾਤ ਦੇ ਬਾਵਜੂਦ ਸੰਘਰਸ਼ਸ਼ੀਲ ਅਤੇ ਵਿਚਲਿਤ ਨਾਰੀ ਦੀ ਜਿਗਿਆਸਾ ਜਿਹੇ ਵਿਸ਼ੇ ਕੌਂਕੇ ਨਾਰੀ ਸੰਵੇਦਨਾ ਦੇ ਆਧਾਰ ਬਿੰਦੂ ਹਨ। ਉਸ ਦੀ ਕਵਿਤਾ ਦਾ ਅਜਿਹਾ ਮੁਹਾਂਦਰਾ ਕਿਸੇ ਗਿਣੀ-ਮਿੱਥੀ ਕੋਸ਼ਿਸ਼ ਦਾ ਨਤੀਜਾ ਨਹੀਂ ਹੈ ਬਲਿਕ ਜ਼ਿੰਦਗੀ ਨੂੰ ਪਛਾਨਣ, ਮਾਨਣ ਅਤੇ ਹਰ ਸਥਿਤੀ ਸਨਮੁੱਖ ਆਪਣਾ ਆਪਾ ਲੈ ਕੇ ਖੜੇ ਹੋਣ ਦਾ ਉਸਦਾ ਆਪਣਾ ਨਿਵੇਕਲਾ ਅੰਦਾਜ ਹੈ। ਨਾਰੀ ਸੰਵੇਦਨਾ ਦੀ ਦ੍ਰਿਸ਼ਟੀ ਤੋਂ ਉਸਦਾ ਇਹੀ ਅੰਦਾਜ਼ ਕਿਤੇ ਹਾਂ ਪੱਖੀ ਅਤੇ ਕਿਤੇ ਨਾਂਹ ਪੱਖੀ ਜੀਵਨ ਦ੍ਰਿਸ਼ਟੀ ਦੀ ਨਿਸ਼ਾਨ ਦੇਹੀ ਕਰਦਾ ਹੈ। ਉਸ ਦੀ ਸਮੁੱਚੀ ਕਾਵਿ ਸਿਜਰਣਾ ਇਹ ਅਹਿਸਾਸ ਸਿਰਜਦੀ ਹੈ ਕਿ ਕਵੀ ਨੇ ਨਾਰੀ ਦੇ ਅਵਚੇਤਨ ਦੀ ਥਾਹ ਪਾ ਲਈ ਹੈ। ਉਸ ਦੀ ਕਵਿਤਾ ਵਿੱਚ ਨਾਰੀ ਦੇ ਵਿੰਭਿੰਨ ਰੂਪ ਦ੍ਰਿਸ਼ਟੀਗਤ ਹਨ। ਇਹ ਨਾਰੀ ਮਾਂ,ਧੀ,ਪਤਨੀ ਅਤੇ ਮਹਿਬੂਬ ਦੇ ਰੂਪ ਵਿੱਚ ਪੇਸ਼ ਹੋਈ ਹੈ। ਕਿਤੇ ਉਸ ਦੀਆਂ ਕਵਿਤਾਵਾਂ ਵਿਚਲੀ ਸੰਵੇਦਨਾ ਮਹਿਜ 'ਸੈਲੀਬ੍ਰੇਸ਼ਨ' ਤੱਕ ਸੀਮਿਤ ਨਜ਼ਰ ਆਉਂਦੀ ਹੈ ਅਤੇ ਕਈ ਥਾਂਈ ਇਹ ਸੰਵੇਦਨਾ ਬਹੁ-ਪਾਸਰੀ,ਬਹੁ-ਦਿਸ਼ਾਵੀ ਹੋ ਕੇ ਕੁਲ ਕਾਇਨਾਤ ਦੇ ਕੈਨਵਸ ਤੇ ਫੈਲਦੀ ਨਜ਼ਰ ਪੈਂਦੀ ਹੈ।

ਅਮਰਜੀਤ ਕੌਂਕੇ ਦੇ ਪਹਿਲੇ ਦੋ ਕਾਵਿ ਸੰਗ੍ਰਹਿ ਵਿੱਚ ਮਾਂ ਅਚੇਤ/ਸੁਚੇਤ ਉਸ ਦੇ ਨਾਲ ਤੁਰਦੀ ਹੈ। ਪੰਰਪਰਾ ਵਿੱਚ ਬੱਝੀ ਤ੍ਰਾਸਦੀ ਭੋਗਦੀ ਮਾਂ ਹਸ਼ਿਆਗਤ ਜੀਵਨ ਬਿਤਾ ਰਹੀ ਹੈ। ਮਾਂ ਉਸ ਲਈ ਘਰ ਨੂੰ ਇੱਕ ਸੂਤਰ ਵਿੱਚ ਬੰਨ ਕੇ ਰੱਖਣ ਦਾ ਜ਼ਰੀਆ ਹੈ। ਮਾਂ ਦੇ ਦਰਦ ਰਾਹੀਂ ਕਵੀ ਨੇ ਹਰ ਉਸ ਨਾਰੀ ਦੀ ਸਥਿਤੀ ਨੂੰ ਬਿਆਨਣ ਦਾ ਯਤਨ ਕੀਤਾ ਹੈ ਜੋ ਮਰਦ ਪ੍ਰਭੁਸਤਾ ਵਾਲੇ ਪਰਿਵੇਸ਼ ਵਿੱਚ ਦੁਜੈਲੇ ਦਰਜੇ ਦਾ ਜੀਵਨ ਬਿਤਾ ਰਹੀ ਹੈ।

ਇਸ ਘਰ ਦੀਆਂ ਨੀਹਾਂ 'ਚ
ਮਾਂ ਦੇ ਅਥਰੂ ਨੇ
ਮਾਂ ਨੇ ਦਿੱਤੇ ਨੇ ਪੂਣੀਆਂ ਦੇ ਹਿਸਾਬ
ਤੇ ਉਂਗਲਾਂ ਦੀਆਂ
ਪੱਕੀਆਂ ਕੋਰਾਂ ਸੰਗ ਧੋਤੇ ਨੇ
ਸਹੁਰੇ ਘਰ 'ਚ ਕੱਪੜੇ।[2]

ਮਾਂ ਦੀ ਸਥਿਤੀ ਨੂੰ ਬਿਆਨਦਾ ਕਵੀ 'ਮਾਂ' ਦੇ ਸਰੂਪ ਨੂੰ ਕੁੱਲ ਨਾਰੀ ਦੇ ਆਦਰਸ਼ ਵਜੋਂ ਸਥਾਪਿਤ ਕਰਦਾ ਨਜ਼ਰ ਆਉਂਦਾ ਹੈ। ਕੌਂਕੇ-ਕਾਵਿ ਵਿੱਚ ਪ੍ਰਚਲਿਤ ਸੰਸਕਾਰਾਂ ਦਾ ਦੁਹਰਾਓ ਇਹ ਸਿੱਧ ਕਰਦਾ ਹੈ ਕਿ ਕਵੀ ਨਾਰੀ ਸੰਵੇਦਨਾ ਦੇ ਉਹਨਾਂ ਜੀਵੰਤ ਪਾਸਾਰਾਂ ਤੋਂ ਵਾਕਿਫ ਹੈ ਜਿਸ ਵਿੱਚ ਬੱਝੀ ਨਾਰੀ ਘੁੱਟਵੇਂ ਮਾਹੌਲ ਵਿੱਚ ਜ਼ਿੰਦਗੀ ਬਤੀਤ ਕਰ ਰਹੀ ਹੈ। ਮਾਂ ਲਈ ਸੱਤ ਕਵਿਤਾਵਾਂ ਨਾਰੀ ਦੀ ਘਰ,ਪਿਆਰ ਅਤੇ ਪਰਿਵਾਰ ਪ੍ਰਤੀ ਵਚਨਬੱਧਤਾ ਨੂੰ ਦ੍ਰਿੜ ਕਰਾਂਉਦੀਆਂ ਕਵਿਤਾਵਾਂ ਹਨ। 'ਮਾਂ' ਤੋਂ ਬਿਨਾਂ ਘਰ ਦਾ ਸੱਖਣਾਪਣ ਉਹ 'ਮੈਂ ' ਰਾਂਹੀ ਵਿਅਕਤ ਕਰਦਾ ਹੈ। ਜਦੋਂ ਉਹ ਆਪਣੀ ਨਿਜੱਤਾ ਨੂੰ 'ਘਰ' ਦੀ ਦ੍ਰਿਸ਼ਟੀ ਤੋਂ ਚਿਤਵਦਾ ਹੈ ਤਾਂ ਕਵਿਤਾ ਵਿੱਚ 'ਮਾਂ' ਆਪ-ਮੁਹਾਰੇ ਆ ਬੈਠਦੀ ਹੈ। ਭਾਵੇਂ ਕੌਂਕੇ ਕਾਵਿ ਵਿਚਲੀ 'ਮਾਂ'

ਮੌਤ ਨੂੰ ਪਰਣਾਈ ਹੋਈ ਹੈ ਪਰ ਫਿਰ ਵੀ ਉਸ ਨੇ ਆਪਣੇ ਬਾਲ ਦੀ ਉਂਗਲ ਕੱਸ ਕੇ ਪਕੜੀ ਹੋਈ ਹੈ। ਇਹੀ ਕਸਕ ਕੌਂਕੇ ਦੀ ਕਾਵਿ-ਸਿਰਜਣਾ ਦਾ ਆਧਾਰ ਹੈ। ਅਮਰਜੀਤ ਕੌਂਕੇ ਦੀ ਕਵਿਤਾ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਨਾਰੀ ਨੂੰ 'ਸੈਕਿੰਡ ਸੈਕਸ' ਦੀ ਜਗ੍ਹਾ, ਮਾਨਵੀਂ ਅਸਤਿਤਵ ਮੰਨਦਾ ਹੈ। ਬੇਸ਼ਕ ਸਾਡੀ ਸਮਾਜਿਕ ਸਥਿਤੀ ਵਿੱਚ ਮਰਦ ਨੂੰ ਜੋ ਰੁਤਬਾ ਹਾਸਿਲ ਹੈ ਉਸ ਕਾਰਨ ਉਹ ਦੋਸ਼ੀ ਹੋਣ ਦੇ ਬਾਵਜੂਦ ਵੀ ਨਿਰਦੋਸ਼ ਰਹਿੰਦਾ ਹੈ ਅਤੇ ਨਾਰੀ ਨਿਰਦੋਸ਼ ਹੋਣ ਦੇ ਬਾਵਜੂਦ ਵੀ ਨਾਰੀ ਹੋਣ ਕਾਰਨ ਮਰਦ ਦੇ ਦੋਸ਼ਾ ਦੀ ਸਜ਼ਾ ਭੁਗਤਦੀ ਹੈ। ਕੌਂਕੇ ਕਾਵਿ ਦੀਆਂ ਨਾਇਕਾਵਾਂ ਆਪਣੀ ਹੱਡੀਂ ਇਹਨਾਂ ਇਤਿਹਾਸਕ ਸਥਿਤੀਆਂ ਦੇ ਅਮਾਨਵੀਂ ਸੰਤਾਪ ਨੂੰ ਹੰਢਾਉਂਦੀਆਂ ਸਭਿਆਚਾਰ ਦੀ ਲਿੰਗਕ ਰਾਜਨੀਤੀ (Gender Politics) ਨੂੰ ਉਭਾਰਦੀਆਂ ਹਨ। ਇਹਨਾਂ ਅਣਦਿੱਸਦੇ ਨਾਰੀ ਵਿਰੋਧੀ ਵਰਤਾਰਿਆਂ ਦੀ ਪਛਾਣ ਕੌਂਕੇ ਦੀ ਨਾਰੀ ਸੰਵੇਦਨਾ ਦਾ ਹਾਸਿਲ ਹੈ।

ਸਮੇਂ ਅਤੇ ਪ੍ਰਸਥਿਤੀਆਂ  ਕਾਰਨ ਜਦੋਂ ਮਨੁੱਖੀ ਰਿਸ਼ਤੇ ਪੂੰਜੀਵਾਦੀ ਅਰਥਚਾਰੇ ਦੀ ਭੇਟ ਚੜਦੇ ਹਨ ਤਾਂ ਇਹਨਾਂ ਦੇ ਪ੍ਰਭਾਵਾਂ ਤੋਂ ਕੋਈ ਵੀ ਲੇਖਕ ਅਭਿੱਜ ਨਹੀਂ ਰਹਿ ਸਕਦਾ। ਮਾਂ-ਪੁੱਤ ਦਾ ਰਿਸ਼ਤਾ ਵੀ ਇਸ ਅਰਥਚਾਰੇ ਦੀ ਭੇਟ ਚੜ੍ਹਦਾ ਮਹਿਸੂਸ ਹੁੰਦਾ ਹੈ ਜਿਥੇ ਮਾਂ-ਪੁੱਤ ਦਾ ਪਿਆਰ ਸਿਰਫ ਗਰਜ਼ਾਂ ਤੱਕ ਸੀਮਿਤ ਹੋ ਕੇ ਰਹਿ ਗਿਆ ਜਾਪਦਾ ਹੈ। ਭਾਵਨਾਂ ਦੀ ਜਗ੍ਹਾ ਪਦਾਰਥ ਦਾ ਪ੍ਰਭਾਵ ਵਧੇਰੇ ਝਲਕਦਾ ਹੈ-

ਮੈਂ ਕਾਹਲੀ ਕਾਹਲੀ
ਮਾਂ ਦੀਆਂ ਸੁੱਕ ਰਹੀਆਂ ਤਲੀਆਂ ਤੇ
ਕੁਝ ਕੁ ਸਿੱਕੇ ਟਿਕਾਵਾਂ।[3]

ਸਮਾਜਿਕ ਯਥਾਰਥ ਦੇ ਨਿਗਰ ਬਿੰਬ ਕੌਂਕੇ-ਕਾਵਿ ਦਾ ਸਰਮਾਇਆ ਹਨ। ਕਵੀ ਨੂੰ ਸੰਸਕਾਰਾਂ ਵਿੱਚ ਬੱਝੀ ਨਾਰੀ ਕਿਤੇ 'ਸ਼ਿਲਾ' ਹੋ ਗਈ ਜਾਪਦੀ ਹੈ ਅਤੇ ਕਿਤੇ ਉਸ ਦੀਆਂ ਮਹਿੰਦੀ ਰੰਗੀਆਂ ਤਲੀਆਂ ਨੂੰ ਆਜ਼ਾਦੀ ਦੇ ਮਸਲੇ ਨਾਲ ਜੋੜ ਕੇ ਨਵੀਆਂ ਸੰਭਾਵਨਾਵਾਂ ਪੈਦਾ ਕਰਦਾ ਹੈ

ਉਸ ਦੀਆਂ ਮਹਿੰਦੀ ਰੰਗੀਆਂ ਤਲੀਆਂ ਨੂੰ ਵੇਖ ਕੇ
ਮੈਂ ਚਾਹਿਆ
ਕਿ ਦੁਨੀਆਂ ਦੀਆਂ ਸਾਰੀਆਂ ਤਲੀਆਂ
ਹੋਣੀਆਂ ਚਾਹੀਦੀਆਂ ਖੂਬਸੂਰਤ ਤਾਕਿ ਦੁਨੀਆਂ
ਹੋਰ ਸੋਹਣੀ ਤੇ ਰੰਗੀਨ ਬਣ ਸਕੇ......।[4]

ਕਵੀ ਲਈ ਨਾਰੀ ਦੀ ਵਸਤ ਵਿੱਚ ਵਟ ਗਈ ਹੋਂਦ ਅਤੇ ਆਜ਼ਾਦੀ ਦਾ ਮਸਲਾ ਅਹਿਮ ਹੈ। ਉਸਨੇ ਨਾਰੀ ਦੇ ਸਾਥ ਨੂੰ ਸਦੀਵੀਂ ਮੰਨ ਕੇ ਉਸ ਨੂੰ ਪੁਰਸ਼ ਦੇ ਪੂਰਕ ਵਜੋਂ ਮੰਨਿਆ ਹੈ:

ਅਸੀ ਆਦਿ  ਜੁਗਾਦਿ ਤੋਂ

ਇੱਕ ਦੂਜੇ ਬਿਨ ਅਧੂਰੇ
ਧਰਤੀ ਗ੍ਰਹਿਆਂ ਨਛੱਤਰਾਂ ਵਾਂਗ
ਘੁੰਮਦੇ ਇਕ ਦੂਜੇ ਲਈ
ਇੱਕ ਹੋਣ ਲਈ ਤਾਂਘ ਰਹੇ।[5]

ਅਕਸਰ ਕਿਹਾ ਜਾਂਦਾ ਹੈ ਕਿ ਔਰਤ ਦਾ ਜੀਵਨ ਦ੍ਰਿਸ਼ਟੀ ਕੋਣ ਮਰਦ ਦੇ ਸੰਦਰਭ ਵਿੱਚ ਤੈਅ ਹੁੰਦਾ ਹੈ ਪਰੰਤੂ ਕੌਂਕੇ ਦੀ ਕਵਿਤਾ ਜੀਵਨ ਦ੍ਰਿਸ਼ਟੀਕੋਣ ਦੀ ਇਸ ਸਮੀਕਰਨ ਨੂੰ ਉਲਟਾਉਂਦੀ ਨਜ਼ਰ ਆਉਂਦੀ ਹੈ।

ਤੇਰੇ ਕੋਲ ਤੁਰ ਆਉਣ ਮਗਰੋਂ
ਮੈਂ ਕਦ ਸੋਚਿਆ ਸੀ
ਕਿ ਮੇਰੇ ਕਦਮ ਪੈ ਜਾਣਗੇ ਵਾਵਰੋਲਿਆਂ ਦੀ ਜੂਨ
ਤੇ ਮਾਰੂਥਲ ਹੋ ਜਾਣਗੇ ਮੇਰੇ ਮੱਥੇ ਦੇ ਨਸੀਬ।[6]

ਅਮਰਜੀਤ ਕੌਂਕੇ ਦੀ ਕਵਿਤਾ ਰਵਾਇਤੀ ਕਦਰਾਂ-ਕੀਮਤਾਂ ਨੂੰ ਮੂਲੋਂ ਹੀ ਤਬਦੀਲ ਕਰਨ ਦੀ ਇਛੁੱਕ ਨਹੀਂ ਬਲਕਿ ਸੰਕੀਰਨ ਮਾਨਸਿਕਤਾ ਨੂੰ ਬਦਲਣ ਦੀ ਚਾਹਵਾਨ ਹੈ। ਸ਼ਾਇਦ ਇਸੇ ਲਈ ਉਸ ਦੀ ਪ੍ਰਤੀਬੱਧਤਾ ਸੀਮਤ ਅਤੇ ਸੌੜੀ ਸੋਚ ਦੇ ਸਦਾ ਵਿਰੋਧ ਵਿੱਚ ਰਹੀ ਹੈ। ਉਹ ਨਾਰੀ ਨੂੰ ਵਸਤ ਵਾਂਗ ਨਹੀਂ ਵਿਚਾਰਦਾ। ਉਸ ਦੇ ਮਾਨਵੀ ਅਸਤਿਤਵ ਦਾ ਸਮਰਥਕ ਹੀ ਨਹੀਂ, ਰੱਖਿਅਕ ਬਣਨ ਦਾ ਕਾਮਨਾ ਵੀ ਕਰਦਾ ਹੈ। ਹਾਸ਼ੀਅਗਤ ਔਰਤਾਂ (ਬੱਸ'ਚ ਗੀਤ ਗਾਂਉਦੀ ਕੁੜੀ) ਦੀ ਸਥਿਤੀ ਤੇ ਰੁਦਨ ਨਹੀਂ ਕਰਦਾ ਬਲਕਿ ਉਸ ਦੀ ਸਥਿੱਤੀ ਤੇ ਸੰਤੁਸ਼ਟੀ ਵਿਅਕਤ ਕਰਦਾ ਹੈ ਕਿ ਸਮਾਜ ਵਿੱਚ ਉਹ (ਕੁੜੀ) 'ਟਰੈਜਿਕ ਫਿਗਰ' ਦੇ ਰੂਪ ਵਿੱਚ ਪਰਿਭਾਸ਼ਤ ਨਹੀਂ ਹੋ ਰਹੀ।

ਪਰ ਉਸ ਨੂੰ ਆਪਣੇ ਗੀਤ ਤੇ ਕਿੰਨਾਂ ਭਰੋਸਾ ਹੈ

ਗਾਉਂਦੀ ਹੋਈ, ਇਸ ਨਿੱਕੀ ਜਿਹੀ ਕੁੜੀ ਦਾ ਚਿਹਰਾ
ਏਨਾ ਆਤਮ-ਵਿਸ਼ਵਾਸ ਨਾਲ ਭਰਿਆ ਹੈ.......
ਗੀਤ ਖਤਮ ਹੋ ਗਿਆ
ਉਹ ਸਵਾਰੀਆਂ ਅੱਗੇ ਹੱਥ ਕਰਦੀ
ਹੌਲੀ-ਹੌਲੀ ਤੁਰਦੀ, ਭੀਖ ਨਹੀ
ਜਿਵੇਂ ਆਪਣੀ ਕਲਾ ਦਾ ਮੁੱਲ ਮੰਗਦੀ ਹੈ।[7]

ਕੌਂਕੇ-ਕਾਵਿ ਰਿਸ਼ਤਿਆਂ ਦੇ ਯਥਾਰਾਥ ਦਾ ਪ੍ਰਵਚਨ ਹੈ। ਉਹ ਭਾਵੁਕ ਨਹੀਂ ਹੁੰਦਾ ਬਲਕਿ ਯਥਾਰਥਵਾਦੀ ਦ੍ਰਿਸ਼ਟੀ ਰਾਹੀਂ ਹਰ ਉਸ ਵਰਤਾਰੇ ਦੀ ਪੁਣ-ਛਾਣ ਕਰਦਾ ਹੈ ਜਿਸ ਦੇ ਭਉ ਵਿੱਚ ਨਾਰੀ ਵਿਚਰ ਰਹੀ ਹੈ। ਕਵੀ ਨਾਰੀ ਸਮੱਸਿਆ ਨੂੰ ਨਿੱਜਵਾਦ ਤੋਂ ਚੁਕ ਕੇ ਸਮੂਹ ਤੱਕ ਫੈਲਾਉਂਦਾ ਹੈ।

ਅਮਰਜੀਤ ਕੌਂਕੇ ਦੀਆਂ ਕਵਿਤਾਵਾਂ ਵਿੱਚ ਆਦਰਸ਼ ਪਤਨੀ ਆਪਣੇ ਪੂਰੇ ਜਲੌਅ ਸਹਿਤ ਸਨਮੁੱਖ ਹੁੰਦੀ ਹੈ। ਕਵੀ ਨੂੰ ਉਸ ਤੇ ਅੰਤਾਂ ਦਾ ਵਿਸ਼ਵਾਸ ਹੈ ਅਤੇ ਉਹ ਚਾਹੁੰਦਾ ਹੈ ਕਿ ਉਸ ਦੀ ਪਤਨੀ ਉਸ ਨੂੰ ਫੇਰ ਤੋਂ ਨਵੀਂ ਦਿਸ਼ਾ ਵੱਲ ਲਿਜਾ ਸਕਦੀ ਹੈ-

ਖਿੱਚ ਲੈ ਮੇਰੇ ਅੰਦਰੋਂ
ਸਾਰੇ ਫਲਸਫਿਆਂ ਦੀ ਧੂੜ
ਬਣਾ ਦੇ ਮੈਨੂੰ
ਇੱਕ ਵਾਰ ਫਿਰ ਤੋਂ
ਨਵਾਂ-ਨਕੋਰ....... [8]

ਉਹ ਸਮਾਜ ਵਿੱਚ ਵਿਚਰਦਾ ਹੋਇਆ ਸਮਾਜਿਕ ਕਦਰਾਂ-ਕੀਮਤਾਂ ਅਤੇ ਸਮਾਜਿਕ ਸਰੋਕਾਰਾਂ ਪ੍ਰਤੀ ਉਦਾਸ ਨਹੀਂ ਹੁੰਦਾ ਸਗੋਂ ਆਸ਼ਾਵਾਦੀ ਦ੍ਰਿਸ਼ਟੀਕੋਣ ਅਪਨਾਉਂਦਾ ਹੈ। ਉਸ ਦੀਆਂ ਕਵਿਤਾਵਾਂ ਜਿਥੇ ਔਰਤ-ਮਰਦ ਸੰਬੰਧਾਂ ਦੇ ਕੌੜੇ ਯਥਾਰਥ ਨੂੰ ਰੂਪਮਾਨ ਕਰਦੀਆਂ ਹਨ ਉਥੇ ਆਮ ਸਧਾਰਨ ਔਰਤ ਦੀ ਸਥਿਤੀ ਅਤੇ ਉਸ ਦੀ ਹੋਂਦ ਦੇ ਪ੍ਰਗਟਾਅ ਵੀ ਆਮ ਮਿਲਦੇ ਹਨ। 'ਕਰੂਏ ਦਾ ਵਰਤ' ਕਵਿਤਾ ਵਿੱਚ ਉਸਨੇ ਪਰੰਪਰਾ ਨਾਲ ਪਰਨਾਈ ਨਾਰੀ ਦਾ ਬਹੁਤ ਖੂਬਸੂਰਤ ਬਿੰਬ ਚਿਤਰਿਆ ਹੈ ਜੋ ਪਤੀ ਦੀ ਲੰਮੀ ਉਮਰ ਲਈ ਦਿਨ ਭਰ ਭੁੱਖੀ ਪਿਆਸੀ ਰਹਿੰਦੀ ਹੈ ਇਥੇ ਨਾਰੀ ਲਈ ਪਰੰਪਰਾ ਨੂੰ ਇਕ ਬੇੜੀ ਵਾਂਗ ਤਸੱਵਰ ਨਹੀਂ ਕੀਤਾ ਗਿਆ ਬਲਕਿ ਕਵੀ ਔਰਤਾਂ ਦੇ ਉਸ ਦ੍ਰਿਸ਼ਟੀਕੋਣ ਨੂੰ ਸਾਡੇ ਸਨਮੁੱਖ ਪੇਸ਼ ਕਰ ਰਿਹਾ ਹੈ ਜਿਥੇ ਔਰਤਾਂ ਪਰੰਪਰਾਗਤ ਕੀਮਤਾਂ ਨੂੰ ਨਿਭਾ ਕੇ ਖੁਸ਼ੀ ਮਹਿਸੂਸ ਕਰਦੀਆਂ ਹਨ। ਪਰੰਪਰਾਗਤ ਰਵਾਇਤਾ ਨੂੰ ਨਿਭਾਉਂਦੇ ਸਮੇਂ ਉਹ ਯਕੀਨ ਨਾਲ ਭਰੀਆਂ ਹੋਈਆ ਹਨ। ਕਰੂਏ ਦਾ ਵਰਤ ਕਵਿਤਾ ਇਸ ਦੀ ਮਿਸਾਲ ਹੈ-

ਚੰਦ ਨੂੰ ਅਰਘ ਦਿੰਦੀਆਂ ਨੇ ਪਾਣੀ ਤੇ ਛਾਨਣੀ ਚੋਂ
ਚੰਦ ਦਾ ਮੂੰਹ ਤਕਦੀਆਂ
ਚੰਗੀਆਂ ਲਗਦੀਆਂ ਨੇ ਔਰਤਾਂ
ਮਨ ਹੀ ਮਨ
ਰੱਬ ਕੋਲੋਂ, ਪਤੀਆਂ ਦੀ ਉਮਰ
ਲੈਂਦੀਆਂ ਨੇ ਔਰਤਾਂ।[9]

ਅਮਰਜੀਤ ਕੌਂਕੇ ਔਰਤ ਦੀ ਸਥਿਤੀ ਦੇ ਵਿਭਿੰਨ ਪਾਸਾਰਾਂ ਨੂੰ ਖੋਲ੍ਹਣ ਦੇ ਨਾਲ ਹੀ ਉਸ ਦੀ ਵਿਅਕਤੀਗਤ ਹੋਂਦ ਨੂੰ ਵੀ ਮਾਨਤਾ ਦਿੰਦਾ ਹੈ। ਉਸਦੀ ਨਾਰੀ ਸੰਵੇਦਨਾ ਦਾ ਇੱਕ ਅਹਿਮ ਪਾਸਾਰ ਇਹ ਵੀ ਹੈ ਕਿ ਜਿਥੇ ਇੱਕ ਪਾਸੇ 'ਮਰਦਾਵਾਂ' ਪ੍ਰਵਚਨ ਉਸ ਨੂੰ ਮਹਿਜ ਪਰਤਾ(other) ਦੇ ਰੂਪ ਵਿੱਚ ਪਰਿਭਾਸ਼ਤ ਕਰਦਾ ਹੈ ਉਥੇ ਕਵੀ ਨਾਰੀ ਨੂੰ ਉਸ ਮੁਕਾਮ ਤੇ ਬੈਠਿਆ ਵੇਖਦਾ ਹੈ ਜਿਥੇ 'ਪੁਰਸ਼' ਦਾ ਵਿਅਕਤੀਤਵ ਉਸ ਸਾਹਮਣੇ ਬਹੁਤ ਛੋਟਾ ਪ੍ਰਤੀਤ ਹੁੰਦਾ ਹੈ

ਪਤਾ ਨਹੀ, ਕਿੱਡੇ ਕੁ ਮਾਰੂਥਲ ਸਨ
ਉਸ ਅੰਦਰ
ਕਿ ਮੈਂ
ਜਿਸਨੂੰ ਆਪਣੇ ਜਲਸਰੋਤਾਂ ਤੇ, ਬਹੁਤ ਮਾਣ ਸੀ
ਉਸ ਦੀ ਦੇਹ ਵਿੱਚ
ਇੱਕ ਨਿੱਕੇ ਜਿਹੇ ਝਰਨੇ ਵਾਂਗ
ਡਿਗ ਕੇ ਸੁੱਕ ਜਾਂਦਾ।[10]

ਕਵੀ ਨੇ ਸਮਾਜਿਕ ਕਦਰਾਂ-ਕੀਮਤਾਂ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। ਉਸ ਦੀ ਕਾਵਿ ਨਾਇਕਾ ਦੂਜੇ ਕਵੀਆਂ ਦੀਆਂ ਨਾਇਕਾਵਾਂ ਤੋਂ ਭਿੰਨ ਹਨ। ਉਸ ਦੀਆਂ ਨਾਇਕਾਵਾਂ ਜਿਥੇ ਪਰੰਪਰਾਗਤ ਰਿਸ਼ਤਿਆਂ ਵਿੱਚ ਬੱਝੀਆਂ ਹਨ ਉਥੇ ਸਮਾਨਾਂਤਰ ਨਵੇਂ ਰਿਸ਼ਤੇ ਸਿਰਜਦੀਆਂ ਅਤੇ ਮਾਣਦੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਵਰਤਮਾਨ ਹਾਲਤਾਂ, ਉਪਭੋਗਤਾਵਾਦ ਖਪਤ ਸਭਿਆਚਾਰ ਪੂੰਜੀਵਾਦ ਅਤੇ ਬਜ਼ਾਰੀਕਰਨ ਦੇ ਪ੍ਰਭਾਵ ਸਦਕਾ ਨਾਰੀ ਨੇ ਆਪਣੇ ਹੱਕਾਂ ਲਈ ਜੱਦੋ-ਜਹਿਦ ਸ਼ੁਰੂ ਕੀਤੀ। ਪਿਤਰਕੀ ਪ੍ਰਬੰਧ ਦੁਆਰਾ ਥੋਪੀਆਂ ਰਵਾਇਤਾਂ ਨੂੰ ਨਿਭਾਉਣ ਤੋਂ ਉਹ ਸਿਰਫ ਇਨਕਾਰੀ ਹੀ ਨਹੀਂ ਹੁੰਦੀ ਬਲਕਿ ਪੁਰਸ਼ ਦੇ ਬਰਾਬਰ ਆਜ਼ਾਦੀ ਦਾ ਧਰਾਤਲ ਤਿਆਰ ਕਰਦੀ ਨਜ਼ਰ ਆਉਂਦੀ ਹੈ। ਸੰਚਾਰ ਅਤੇ ਤਕਨਾਲੋਜੀ ਦੇ ਪ੍ਰਭਾਵ ਸਦਕਾ ਨਾਰੀ-ਪੁਰਸ਼ ਰਿਸ਼ਤੇ ਦੀ ਪਰਿਭਾਸ਼ਾ ਅਤੇ ਮਾਪਦੰਡ ਬਦਲੇ। ਨਾਰੀ ਖੁਦ ਨਵੀਨ ਮਾਪਦੰਡ ਸਿਰਜ ਰਹੀ ਹੈ। ਕਾਮ ਅਤੇ ਕਾਮਨਾ ਜਿਹੇ ਵਿਸ਼ਿਆਂ ਤੇ ਅਧੀਨਗੀ ਸਵੀਕਾਰ ਕਰਨ ਵਾਲੀ ਨਾਰੀ ਇੱਕੋ ਸਮੇਂ ਮਰਦ 'ਮੈਂ' ਨੂੰ ਸੱਟ ਹੀ ਨਹੀਂ ਮਾਰਦੀ ਸਗੋਂ ਖੁੱਲ੍ਹਾ ਚੈਲੰਜ ਦਿੰਦੀ ਜਾਪਦੀ ਹੈ।

ਤੇ ਅੱਥਰੇ
ਖੌਰੂ ਪਾਉਂਦੇ
ਹਿਣਕਦੇ ਘੋੜਿਆਂ ਨੂੰ ਸੁੱਟ ਕੇ
ਤੂੰ ਸਦਾ ਕਿਸੇ
ਜੇਤੂ ਅੰਦਾਜ ਵਿੱਚ ਮੁਸਕਰਾਉਂਦੀ ਹੈ।[11]

ਨਿਰੰਤਰ ਬਦਲ ਰਹੇ ਸਮਾਜਿਕ ਪਰਿਵੇਸ਼ ਵਿੱਚ ਨਾਰੀ ਦੀ ਸੋਚ ਵਿੱਚ ਤਬਦੀਲੀ ਆਉਣੀ ਸੁਭਾਵਿਕ ਹੈ। ਉਸ ਨੇ ਅਚੇਤ/ਸੁਚੇਤ ਦੋਹਾਂ ਰੂਪਾਂ ਵਿੱਚ ਇਸ ਤਬਦੀਲੀ ਨੂੰ ਸਵੀਕਾਰ ਕੀਤਾ। ਘਰ/ਪਰਿਵਾਰ ਨਾਲ ਜੁੜਿਆ ਪਵਿੱਤਰਤਾ ਦਾ ਸੰਕਲਪ ਟੁੱਟਦਾ/ਖੁਰਦਾ ਨਜ਼ਰ ਆਉਂਦਾ ਹੈ। ਕੌਂਕੇ ਦੀ ਕਾਵਿ ਨਾਇਕਾ ਕਾਮ ਕਾਮਨਾ ਅਤੇ ਨਿੱਜੀ ਲਾਲਸਾਵਾਂ ਦੀ ਪੂਰਤੀ ਹਿੱਤ ਅਨੈਤਿਕ ਕਾਰਜਾਂ ਵਿੱਚ ਲੀਨ ਹੋਈ ਦਿਸਦੀ ਹੈ। ਖਪਤ ਸਭਿਆਚਾਰ ਦਾ ਗ੍ਰਾਸ ਬਣਦੀ ਫੋਕੀ ਸ਼ੋਹਰਤ ਅਤੇ ਵਾਹਵਾਈ ਲਈ ਆਪਣੇ ਲਈ ਮਾਰੂ ਪ੍ਰਸਥਿਤੀਆਂ ਪੈਦਾ ਕਰ ਲੈਂਦੀ ਹੈ

ਤੇਰੀਆਂ ਅਥਰੀਆਂ ਲਾਲਸਾਵਾਂ
ਵੇਖ ਤੈਨੂੰ ਕੀ ਸਿਲਾ ਦਿੱਤਾ
ਤੂੰ ਜਿੰਨ੍ਹਾਂ ਨੂੰ ਪੌੜੀਆਂ ਬਣਾਉਂਦੀ ਸੀ
ਉਹਨਾਂ ਤੈਨੂੰ ਕੀ ਤੋਂ ਕੀ
ਬਣਾ ਦਿੱਤਾ।[12]

ਕੌਂਕੇ-ਕਾਵਿ ਦੀ ਪਾਤਰ ਜਦੋਂ ਕਿਤੇ ਵੀ ਅਜਿਹੇ ਹਲਾਤ ਪੈਦਾ ਕਰਦੀ ਹੈ ਤਾਂ ਕੁੰਠਿਤ ਅਤੇ ਦੁਬਿਧਾਗ੍ਰਸਤ ਨਾਰੀ ਦਾ ਬਿੰਬ ਵੀ ਆਪ ਮੁਹਾਰੇ ਉਸ ਦੀ ਹੋਂਦ ਦਾ ਹਿੱਸਾ ਬਣ ਜਾਂਦਾ ਹੈ। ਜਦੋਂ ਵੀ ਉਹ ਅਨੈਤਿਕ ਰਿਸ਼ਤੇ ਦੇ ਭੋਗ ਵੱਲ ਵੱਧਦੀ ਹੈ ਉਦੋਂ ਸਮਾਂਨਤਰ 'ਆਨੰਦ' ਅਤੇ 'ਪਾਪ' ਦੀ ਦੂਹਰੀ ਚੇਤਨਾ ਨਾਲ ਵੀ ਜੁੜੀ ਹੁੰਦੀ ਹੈ। ਜੇਕਰ ਉਹ ਵਰਜਿਤ ਰਿਸ਼ਤੇ ਹੰਢਾਉਂਦੀ ਹੈ ਤਾਂ ਇਹਨਾਂ ਰਿਸ਼ਤਿਆਂ ਤੋਂ ਬਾਅਦ ਉਪਜਿਆ ਸੰਤਾਪ ਵੀ ਉਸ ਦਾ ਸਾਥੀ ਹੋ ਨਿਬੜਦਾ ਹੈ-

ਉਹਨਾਂ ਪਲਾਂ 'ਚ
ਉਸ ਦੀਆਂ ਅੱਖਾ 'ਚ
ਮੇਰੇ ਪ੍ਰਤੀ ਇੱਕ ਨਫਰਤ ਉਭਰਦੀ
ਉਦਾਸ ਜਿਹਾ ਮੁਸਕਰਾ ਕੇ
ਉਹ ਚਲੀ ਜਾਂਦੀ........।[13]

ਇੰਜ ਅਮਰਜੀਤ ਕੌਂਕੇ ਦੀ ਕਾਵਿ ਨਾਇਕਾ ਵਰਜਿਤ ਰਿਸ਼ਤਿਆਂ ਨੂੰ ਹੰਢਾ ਕੇ ਪਵਿੱਤਰਤਾ ਦਾ ਦੰਭ ਰੱਚਦੀ ਨਜ਼ਰ ਆਉਂਦੀ ਹੈ। ਔਰਤ ਨੇ ਜਦੋਂ ਵੀ ਨੈਤਿਕ ਕੀਮਤ ਪ੍ਰਬੰਧ ਨੂੰ ਤੋੜਨ ਦਾ ਯਤਨ ਕੀਤਾ ਹੈ ਤਾਂ ਉਸ ਦੀ ਹਾਲਤ 'ਫਿਸ਼ ਏਕੂਏਰੀਅਮ' ਵਿਚਲੀਆਂ ਮੱਛੀਆਂ ਵਰਗੀ ਹੁੰਦੀ ਹੈ ਜੋ ਸਿਰਫ ਆਜ਼ਾਦੀ ਦਾ ਭਰਮ ਹੀ ਪਾਲ ਸਕਦੀਆਂ ਹਨ। ਇਹ ਵਕਤੀ ਆਜ਼ਾਦੀ ਨਾਰੀ ਲਈ ਪਤਨ ਦਾ ਕਾਰਨ ਬਣਦੀ ਹੈ। ਕੌਂਕੇ ਕਾਵਿ ਵਿਚਲੀ ਨਾਰੀ ਸੰਵੇਦਨਾ ਸਿਰਫ ਨਾਰੀ ਜਜ਼ਬਿਆਂ ਦੀ ਤਰਜ਼ਮਾਨੀ ਆਧੁਨਿਕ ਵਰਤਾਰੇ ਦੇ ਪ੍ਰਭਾਵ ਹੇਠ ਨਹੀ ਕਰਦੀ ਸਗੋਂ ਮਨੁੱਖੀ ਸੋਚ ਤੇ ਉੱਤਰਾਂ ਦੀ ਨਿਸ਼ਾਨ ਦੇਹੀ ਵੀ ਕਰਦੀ ਹੈ। ਉਸ ਕਵਿਤਾ ਉਪਭੋਗੀ ਕਲਚਰ ਵਿੱਚ ਤੇਜੀ ਨਾਲ ਪਰਿਵਰਤਿਤ ਹੋ ਰਹੇ ਮੁੱਲਪ੍ਰਬੰਧ ਨੂੰ ਵੀ ਆਪਣੇ ਕਲੇਵਰ ਵਿੱਚ ਲੈਂਦੀ ਹੈ। ਪਿਤਰਕੀ ਅਤੇ ਐਂਟੀਂ ਪਿਤਰਕੀ ਪ੍ਰਬੰਧ ਦੀ ਕਸ਼ਮਕਸ਼ ਸਾਫ ਵਿਖਾਈ ਦਿੰਦੀ ਹੈ। ਜਿਥੇ ਔਰਤ ਨਾਂ ਤਾਂ ਖੁੱਲ ਕੇ ਮਰਿਆਦਾ ਦੇ ਹੱਕ ਵਿੱਚ ਭੁਗਤ ਸਕਦੀ ਹੈ ਅਤੇ ਨਾ ਹੀ ਪੁਰਸ਼ ਪ੍ਰਭੁਤਾ ਦੇ 'ਮੁੱਲ ਵਿਧਾਨ' ਤੋਂ ਨਿਜਾਤ ਪਾ ਸਕਦੀ ਹੈ। ਆਜ਼ਾਦੀ ਦਾ ਭਰਮ ਪਾਲਦੀਆਂ ਨਿੱਜੀ ਖਾਹਿਸ਼ਾਂ ਦੀ ਪੂਰਤੀ ਲਈ ਸਿਰਫ 'ਚੋਰ ਦਰਵਾਜੇ' ਹੀ ਉਸ ਦਾ ਸਾਥ ਨਿਭਾਉਂਦੇ ਹਨ। ਪ੍ਰੋ. ਲਖਵਿੰਦਰਜੀਤ ਕੌਰ ਇਸ ਸੰਦਰਭ ਵਿੱਚ ਲਿਖਦੇ ਹਨ:-

"ਇਹ ਕਵਿਤਾਵਾਂ ਨਿਰੀਆਂ ਪ੍ਰੇਮੀ-ਪ੍ਰੇਮਿਕਾ ਉੱਤੇ ਕੇਂਦਰਿਤ ਨਹੀਂ ਹਨ, ਸਗੋਂ ਕਦੀ ਪ੍ਰੇਮਿਕਾ ਵੱਲ, ਕਦੀ ਪਤਨੀ ਵੱਲ, ਕਦੀ ਔਰਤ-ਭੋਗ ਦੀ ਪ੍ਰਕਿਰਤਕ ਵੱਲ ਤੇ ਕਦੀ ਸਮਾਜਿਕ

ਵਰਜਣਾਵਾਂ ਦੇ ਵਿਧਾਨ ਦੀ ਨਿਖੇਧੀ ਵੱਲ ਫੈਲਦੀਆਂ ਹਨ।[14]

ਕੌਂਕੇ ਕਾਵਿ ਵਿੱਚ ਦੇਹੀ ਸਰੋਕਾਰ ਇਕ ਪਾਸੇ 'ਆਨੰਦ' ਵਜੋ ਪ੍ਰਸਤੁਤ ਹੋਏ ਹਨ ਦੂਜੇ ਪਾਸੇ 'ਪਾਪ ਬੋਧ' ਦਾ ਪ੍ਰਭਾਵ ਵੀ ਸਿਰਜਦੇ ਹਨ। ਪਰੰਪਰਾ ਨੂੰ ਉਲੰਘਦੇ ਨਾਰੀ ਪਾਤਰ ਕੁਝ ਪਲ 'ਨਵ-ਸਿਰਜਤ' ਸੰਸਾਰ ਵਿੱਚ ਵਿਚਰਦੇ ਹਨ ਅਤੇ ਅੰਤ ਆਪਣੀਆਂ ਸੀਮਾਵਾਂ ਨੂੰ ਪਛਾਣਦੇ ਹੋਏ ਫਿਰ ਤੋਂ ਉਸੇ ਦਰ ਤੇ ਮੁੜ ਆਉਂਦੇ ਹਨਃ-

ਜਿਨ੍ਹਾਂ ਲਛਮਣ ਰੇਖਾਵਾਂ ਨੂੰ
ਉਹ ਉਲੰਘ ਕੇ ਆਈ ਸੀ
ਉਹ ਫੇਰ ਉਹਨਾਂ ਦੀਵਾਰਾਂ 'ਚ ਪਰਤ ਗਈ।[15]

ਕੌਂਕੇ ਕਾਵਿ ਵਿਚਲੇ ਦੇਹੀ ਸਰੋਕਾਰਾਂ ਦੀ ਸਾਰਥਿਕਤਾ ਉਸ ਸਮੇਂ ਤੱਕ ਬਰਕਰਾਰ ਰਹਿੰਦੀ ਹੈ ਜਦੋਂ ਤੱਕ ਉਹ 'ਦੇਹੀ ਜਸ਼ਨ' ਵਿੱਚ ਵਟ ਨਹੀਂ ਜਾਂਦੇ। ਕੌਂਕੇ ਦਾ ਕਾਵਿ ਪ੍ਰਵਚਨ ਸਿਰਫ ਦੇਹੀ ਜਸ਼ਨ ਦੀ ਬਾਤ ਨਹੀਂ ਪਾਉਂਦਾ ਬਲਕਿ ਨਾਰੀ ਉਸਦੇ ਕਾਵਿ ਜਗਤ ਵਿੱਚ 'ਸੰਗਨੀ' ਦੇ ਰੂਪ ਵਿੱਚ ਵੀ ਪਰਿਭਾਸ਼ਤ ਹੋਈ ਹੈ। ਕਿਤੇ ਉਹ 'ਮਹਿਬੂਬ' ਸੰਗ ਮਸਨੂਈ ਸੰਸਾਰ ਦਾ ਤਲਿੱਸਮੀ ਚੋਖਟਾ ਸਿਰਜਦਾ ਨਜ਼ਰ ਆਉਂਦਾ ਹੈ-

ਰੀਝ ਸੀ ਉਸਦੀ
ਕਿ ਇਕ ਨੇਮ ਪਲੇਟ ਹੋਵੇ ਆਪਣੀ
ਜਿਸ ਤੇ ਉਕਰੇ ਹੋਣ
ਸਾਡੇ ਦੋਹਾਂ ਦੇ ਨਾਂ।[16]

ਇੰਜ ਹੀ ਉਸ ਅੰਦਰ ਪਨਪੀ ਕਾਵਿਕ ਭਾਵਨਾਂ ਜਦੋਂ ਸਮੂਹ ਤੋਂ ਨਿੰਜ ਵੱਲ ਮੁੜਦੀ ਹੈ ਤਾਂ ਇਹ ਕਾਮਨਾ/ ਚੇਤਨਾ ਉਸਦੀ ਮਨਇੱਛਿਤ ਮੰਗ ਨਹੀਂ ਰਹਿੰਦੀ ਬਲਕਿ ਹਾਲਾਤ ਦੀ ਦੇਣ ਬਣ ਜਾਂਦੀ ਹੈ। ਨਿਜਮੂਲਕ ਇਕਾਈਆਂ ਵਿੱਚ ਸੁੰਗੜੇ ਜੀਵਨ ਬੋਧ ਵਿੱਚੋਂ ਤ੍ਰਿਪਤੀ ਲੱਭਦੇ ਕਵੀ ਦਾ ਵਿਹਾਰ ਸਮੇਂ ਅਤੇ ਸਮਾਜ ਦੀਆਂ ਪ੍ਰਸਥਿਤੀਆਂ ਦਾ ਸਿੱਟਾ ਹਨ-

ਪਰ ਤੇਰੀਆਂ ਤਲੀਆਂ ਵਿੱਚੋਂ
ਮੋਹ ਦੀਆਂ
ਕੁਝ ਕੁ ਬੂੰਦਾ ਕੀ ਡਿੱਗੀਆਂ
ਕਿ ਮੇਰੇ ਕਣ-ਕਣ ਵਿੱਚ
ਫੇਰ ਪਿਆਸ ਜਾਗ ਪਈ
ਜਿਊਣ ਦੀ ਪਿਆਸ
ਆਪਣੇ ਅੰਦਰੋਂ
ਕੁਝ ਉਗਾਉਣ ਦੀ ਪਿਆਸ।[17]

ਨਿੱਜੀ ਪੱਧਰ ਤੇ ਵਿਚਰਦੇ ਕਵੀ ਲਈ 'ਮਹਿਬੂਬ' ਕਿਸੇ ਕਰਿਸ਼ਮੇ ਤੋਂ ਘੱਟ ਨਹੀਂ 'ਮਹਿਬੂਬ' ਉਸ ਲਈ ਅਥਾਹ ਕਰਤਾਰੀ ਸ਼ਕਤੀਆਂ ਦੀ ਮਾਲਕ ਹੈ ਜੋ ਆਪਣੀ ਇੱਕ ਪਿਆਰ

ਛੋਹ ਨਾਲ ਮੁਰਦਾ ਲਾਸ਼ ਨੂੰ ਜ਼ਿੰਦਗੀ ਦੇ ਸਕਦੀ ਹੈ। ਕਵੀ ਨੂੰ ਜ਼ਿੰਦਗੀ ਦੇ ਉਹੀ ਪਲ ਹਸੀਨ ਲੱਗਦੇ ਹਨ ਜੋ ਉਸਨੇ ਆਪਣੀ ਮੁਹੱਬਤ ਨਾਲ ਗੁਜ਼ਾਰੇ ਹੁੰਦੇ ਹਨ।

ਉਹ ਪਲ ਸਾਰਥਕ ਨਿਕਲੇ
ਜ਼ਿੰਦਗੀ ਦੀ ਖਚਾਖਚ ਵਿੱਚੋਂ
ਜੋ ਤੂੰ ਮੇਰੇ ਲਈ ਕੱਢੇ
ਜੋ ਮੈਂ ਤੇਰੇ ਲਈ ਬਚਾਏ।[18]

ਅਮਰਜੀਤ ਕੌਂਕੇ ਪਿਆਰੇ ਨੂੰ ਜਿੰਦਗੀ ਜੀਣ ਦਾ ਜ਼ਰੀਆਂ ਮੰਨਦਾ ਹੈ ਅਤੇ ਪਿਆਰ ਦੇਣ ਵਾਲੀ ਪ੍ਰੇਮਿਕਾ ਉਸ ਲਈ ਕਿਸੇ ਦੈਵੀ ਪਵਿੱਤਰ ਅਹਿਸਾਸ ਵਾਂਗ ਹੈ। ਇਸੇ ਕਰਕੇ ਉਹ ਮਹਿਬੂਬ ਦੀ ਪ੍ਰਸੰਸਾ ਵਿੱਚ ਲਿਖਦਾ ਹੈ।

ਉਹ ਜੋ ਖ਼ੁਦ ਕਵਿਤਾ ਵਰਗੀ ਹੈ
ਮੈਨੂੰ ਆਖੇ,
ਮੇਰੇ ਤੇ ਇੱਕ ਕਵਿਤਾ ਲਿਖ ਦੇ.....।[19]

ਅਮਰਜੀਤ ਕੌਂਕੇ ਨਾਰੀ ਮਨ ਅੰਦਰ ਲੁਕੇ ਡੂੰਘੇ ਭੇਦ ਨੂੰ ਬੁੱਝਣ ਦੀ ਕੈਫ਼ੀਅਤ ਰੱਖਦਾ ਹੈ। ਨਾਰੀ ਨਾਲ ਜੁੜੀ ਉਸ ਦੀ ਲਗਭਗ ਹਰ ਕਵਿਤਾ ਉਪਰੋਕਤ ਕਥਨ ਦੀ ਤਰਜ਼ਮਾਨੀ ਕਰਦੀ ਹੈ। ਕਵੀ ਇਹ ਤੱਥ ਭਲੀ-ਭਾਂਤ ਜਾਣਦਾ ਹੈ ਕਿ ਨਾਰੀ ਆਪਣਾ ਪਿਆਰ ਕਿਸੇ ਵੀ ਕੀਮਤ ਤੇ ਦੂਜੀ ਔਰਤ ਨਾਲ ਨਹੀਂ ਵੰਡ ਸਕਦੀ। ਇਸੇ ਕਰਕੇ ਕਵੀ ਖ਼ੁਦ ਇਹ ਮਹਿਸੂਸ ਕਰਦਾ ਹੋਇਆ ਕਹਿੰਦ ਹੈ-

ਮੈਂ ਜਾਣਦਾ ਹਾਂ
ਤੂੰ ਮੈਨੂੰ ਸੰਪੂਰਨ ਚਾਹੁੰਦੀ ਹੈ
ਪੂਰੇ ਦਾ ਪੂਰਾ
ਸਾਲਮ ਇੱਕੋ-ਇੱਕ
ਜੋ ਸਦਾ ਤੇਰਾ
ਤੇ ਸਿਰਫ ਤੇਰਾ ਹੋਵੇ।[20]

ਕਵੀ ਭਾਰਤੀ ਨਾਰੀ ਦੇ ਅਵਚੇਤਨ ਤੋਂ ਵਾਕਿਫ ਹੈ 'ਪਿਆਰ ਕਬਜ਼ਾ ਨਹੀਂ ਪਛਾਣ ਹੈ' ਉਹ ਜਾਣਦਾ ਹੈ ਕਿ ਅਜਿਹੀ ਉਕਤੀ ਉਸਦੀ ਚੇਤਨਾ ਦੇ ਕਿਵੇਂ (ਨਾਰੀ) ਵੀ ਮੇਚ ਨਹੀਂ ਆ ਸਕਦੀ। ਉਸ ਲਈ ਤਾਂ ਪਿਆਰ ਕਬਜ਼ਾ ਹੀ ਹੈ। ਕਵੀ ਦੇ ਨੁਕਤੇ-ਨਿਗਾਹ ਵਿੱਚ ਔਰਤਤਵ ਦੇ ਆਹਿਸਾਸ ਤੋਂ ਸੱਖਣੀ ਨਾਰੀ ਸੰਵੇਦਨਹੀਨ ਮੁਰਦੇ ਵਾਂਗ ਹੈ ਜੋ ਸਿਰਫ ਮਤਲਬ ਲਈ ਜ਼ਿੰਦਗੀ ਗੁਜ਼ਾਰ ਰਹੀ ਹੈ। ਇਹੋ ਜਿਹੀ ਨਾਰੀ ਨੂੰ ਕਵੀ 'ਗੋਰੀ ਮਿੱਟੀ ਕਹਿ ਕੇ ਸੰਬੋਧਿਤ ਹੁੰਦਾ ਹੈ-

ਮਿੱਟੀ ਰਹਿ ਗਈ ਉਹ
ਨਿਰੀ ਗੋਰੀ ਮਿੱਟੀ

ਆਪਣੇ ਹੁਸਨ ਦੇ ਗਰੂਰ 'ਚ ਗੁੰਨ੍ਹੀ ਹੋਈ
ਸਿਰਫ ਆਪਣੇ ਆਪ ਦੀ
ਪਰਿਕਰਮਾ ਕਰਦੀ ਹੋਈ......।[21]

ਅਮਰਜੀਤ ਕੌਂਕੇ ਦੀ ਕਵਿਤਾ ਵਿੱਚ ਜਦੋਂ ਨਾਰੀ 'ਦੇਹੀ' ਦੀ ਗੱਲ ਤੁਰਦੀ ਹੈ ਤਾਂ ਇਹ ਤੱਥ ਵੀ ਉਜਾਗਰ ਹੁੰਦਾ ਹੈ ਕਿ ਕਵੀ ਕਿਸੇ ਵੀ ਪੱਧਰ ਤੇ ਨਾਰੀ ਨੂੰ 'ਵਿਕਾਊ ਵਸਤ' ਵਾਂਗ ਨਹੀਂ ਕਿਆਸਦਾ। ਕਵੀ ਨਾਰੀ ਦੀ ਆਤਮਾਂ ਦੀ ਸੁੱਚਮ ਨੂੰ ਮਹਿਸੂਸ ਕਰਦਾ ਹੈਂ। ਲੱਖਾਂ ਕੋਹਾਂ ਦਾ ਪੈਂਡਾ ਤਹਿ ਕਰਕੇ, ਕਿੰਨੇ ਹੀ ਜੰਗਲਾਂ ਦੀ ਵੀਰਾਨੀ ਸਹਿਣ ਤੋਂ ਬਾਅਦ ਕਵੀ ਮਹਿਬੂਬ ਦੀ ਦਰਗਾਹ ਤੇ ਅਲਖ ਜਗਾਉਂਦਾ ਹੋਇਆ ਕਹਿੰਦਾ ਹੈ

ਪਰ ਇਸ ਪਲ
ਮੈਂ ਨਵੇਂ ਨਕੋਰ ਪੰਨੇ ਵਾਂਗ
ਤੇਰੇ ਸਾਹਵੇਂ ਹਾਂ
ਤੂੰ ਮੇਰੇ ਤੇ ਇੱਕ ਸ਼ਬਦ ਲਿਖਦੇ ਮੁਹੱਬਤ.......।[22]

ਔਰਤ ਭਾਵੇਂ ਜਜ਼ਬਾਤੀ ਹੋ ਮੁਹੱਬਤਦੇ ਰਸਤੇ ਤੁਰ ਪੈਂਦੀ ਹੈ ਪਰੰਤੂ ਸਮਾਜਿਕ ਮਰਿਆਦਾ ਉਸ ਦਾ ਪਿੱਛਾ ਨਹੀਂ ਛੱਡਦੀ। ਉਸ ਦੇ ਅਵਚੇਤਨ ਵਿੱਚ ਪਿਤਰਕੀ ਸੰਸਕਾਰ ਇਸ ਕਦਰ ਭਾਰੂ ਹੁੰਦੇ ਹਨ ਕਿ ਉਹ ਚਾਹ ਕੇ ਵੀ ਇਹਨਾਂ ਸੰਸਕਾਰਾਂ ਤੋਂ ਮੁਕਤ ਨਹੀਂ ਹੋ ਸਕਦੀ।

ਜਦੋਂ ਕਿਤੇ ਉਹ ਘਰ ਦੀ ਦਹਿਲੀਜ਼ ਪਾਰ ਕਰਨ ਦੀ ਕੋਸ਼ਿਸ ਕਰਦੀ ਹੈ ਤਾਂ ਉਸ ਅੰਦਰ ਸ਼ਹਿ ਵੱਟ ਕੇ ਬੈਠੇ ਸੰਸਕਾਰ ਅਤੇ ਪੁਰਾਤਨ ਰਵਾਇਤਾਂ ਉਸ ਨੂੰ ਅਜਿਹਾ ਕਰਨ ਤੋਂ ਵਰਜਦੀਆਂ ਹਨ। ਇੰਜ ਨਾਰੀ ਆਪਣੇ ਆਪ ਨੂੰ ਕਸ਼ਮਕਸ਼ ਵਿੱਚ ਫਸੀ ਮਹਿਸੂਸ ਕਰਦੀ ਹੈ। ਪਰੰਪਰਾ ਨਾਲ ਮੋਹ ਉਸ ਨੂੰ ਅੱਗੇ ਵੱਧਣ ਤੋਂ ਰੋਕਦਾ ਹੈ–

ਕੁਝ ਕੁ ਕਦਮ ਹੀ ਤੁਰੇ ਸਾਂ
ਕਿ ਉਸਨੇ ਸਮੁੰਦਰ ਦੇ ਐਣ ਵਿਚਕਾਰ
ਲਹਿਰਾਂ ਦੀ ਭਿਆਨਕਤਾ ਦੇਖੀ
ਉਸ ਦੀਆਂ ਅੱਖਾਂ ਵਿੱਚ
ਸਹਿਮ ਦੀ ਪਰਛਾਈ ਜਿਹੀ ਉਭਰੀ
ਉਸ ਨੇ ਮੇਰੇ ਹੱਥ 'ਚ ਆਪਣਾ ਹੱਥ
ਪਿਛਾਂਹ ਨੂੰ ਖਿੱਚਿਆ, ਤੇ ਬੋਲੀ
ਮੈਨੂੰ ਮੁੜ ਜਾਣ ਦੇ.........।[23]

ਅਮਰਜੀਤ ਕੌਂਕੇ ਕਾਵਿ ਦੀ ਨਾਇਕਾ ਮੱਧ ਵਰਗੀ ਪਰਿਵਾਰ ਦੀ ਪੜ੍ਹੀ ਲਿਖੀ ਨਾਰੀ ਹੈ ਜੋ ਉੱਤਰ ਅਧੁਨਿਕਤਾ ਦੇ ਪ੍ਰਭਾਵ ਹੇਠ ਹੈ। ਕਾਵਿ ਨਾਇਕਾ ਵਿਆਹ ਸੰਬੰਧਾ ਤੋਂ ਅਤ੍ਰਿਪਤ ਪਰਾਏ ਮਰਦ ਵੱਲ ਨੱਠਦੀ ਨਜ਼ਰ ਆਉਂਦੀ ਹੈ। ਨਾਇਕਾ ਨੂੰ ਪਤੀ ਦੀਆਂ ਪਦਾਰਥਕ ਸੁੱਖ–ਸਹੂਲਤਾਂ ਅਤੇ ਸਮਾਜਿਕ ਰੁਤਬਾ ਉਸ ਦੀ ਮਾਨਸਿਕ ਭਟਕਣਾ ਸਾਹਮਣੇ ਹੀਣ ਲੱਗਦਾ ਹੈ।

ਇਸ ਨਾਰੀ ਦੇ ਵਿਸ਼ਾਦ ਦਾ ਕਾਰਨ ਮਰਦ ਪ੍ਰਭੂਸੱਤਾ ਨਹੀਂ ਬਲਕਿ ਉਹ ਅਧੁਨਿਕ ਤੰਤਰ ਹੈ ਜਿਸ ਦੇ ਭਰਮ ਸਦਕਾ ਉਹ ਅਨੈਤਿਕ ਰਿਸ਼ਤੇ ਬਣਾਉਣ ਲਈ ਤਤਪਰ ਹੁੰਦੀ ਹੈ।

ਅਮਰਜੀਤ ਕੌਂਕੇ ਦੀਆਂ ਬਹੁਤੀਆਂ ਕਵਿਤਾਵਾਂ ਅਜਿਹੀ ਕਾਵਿਨਾਇਕਾ ਦੀ ਮਾਨਸਿਕਤਾ ਦਾ ਨਿੱਗਰ ਬਿੰਬ ਪੇਸ਼ ਕਰਦੀਆਂ ਹਨ। ਪਰ ਕਵੀ ਦੇ ਹੀ ਸਰੋਕਾਰਾਂ ਨਾਲ ਸਬੰਧਿਤ ਕਵਿਤਾਵਾਂ ਲਿਖਣ ਦਾ ਅਨੁਯਾਈ ਨਹੀਂ ਬਲਕਿ ਉਹ ਨਾਰੀ ਦੇ ਹਰ ਉਸ ਵਰਤਾਰੇ ਤੇ ਕਿੰਤੂ ਕਰਦਾ ਹੈ ਜੋ ਸਮਾਜ ਦੇ ਸਾਵੇਂ ਪ੍ਰਬੰਧ ਤੇ ਸਵਾਲੀਆ ਨਿਸ਼ਾਨ ਬਣਦੀ ਹੋਵੇ। ਸ਼ਾਇਦ ਇਸੇ ਕਰਕੇ ਕਵੀ 'ਪੰਜ ਮੁਲਾਕਾਤਾਂ ਦੀ ਕਾਵਿ ਨਾਇਕਾ ਦੀ ਹਾਲਤ ਤੇ ਤੜਪ ਉਠਦਾ ਹੈ

ਮੈਂ ਲੋਕਾਂ ਨੂੰ ਤੇਰੇ ਅੰਗਾਂ ਦੀ
ਪ੍ਰਸੰਸਾਤਮਕ ਆਲੋਚਨਾ ਕਰਦੇ ਤੱਕਿਆ
ਮੈਂ ਆਪਣੇ ਅੰਦਰੋਂ
ਕਿੰਨਾ ਕੁਝ ਟੁੱਟਦੇ ਤੱਕਿਆ
ਕਿੰਨਾ ਕੁਝ ਮਰਦੇ ਤੱਕਿਆ।[24]

ਕਵੀ ਜਿਥੇ ਨਾਰੀ ਦੇ ਨਵੇਕਲੇ ਅੰਦਾਜ਼ ਤੋਂ ਪ੍ਰਭਾਵਿਤ ਹੈ ਉਥੇ ਉਹ ਉਸ ਪਿਤਰਕੀ ਵਿਹਾਰ ਤੇ ਵੀ ਚੋਟ ਕਰਦਾ ਹੈ ਜਿਸ ਸਦਕਾ ਉਹ ਵਸਤੂ ਦੇ ਰੂਪ ਵਿੱਚ ਵਿਚਾਰੀ ਜਾਂਦੀ ਹੈ। ਕਵੀ ਲਈ ਨਾਰੀ 'ਅਬਲਾ' ਤੇ 'ਸਬਲਾ' ਦੋਹਾਂ ਰੂਪਾਂ ਵਿੱਚ ਰੂਪਮਾਨ ਹੋ ਸਕਦੀ ਹੈ। ਇਸੇ ਕਰਕੇ ਉਹ ਕਹਿੰਦਾ ਹੈ-

ਨਦੀਓ, ਤੁਹਾਡੀ ਥਾਹ ਨਹੀਂ ਪਾਈ
ਜਦੋਂ ਪਿਆਰ ਕਰਦੀਆਂ
ਤਾਂ ਧਰਤੀ 'ਚ ਕਿੰਨੀਆਂ ਜਿਣਸਾਂ
ਕਿੰਨੇ ਰੂਪਾਂ 'ਚ ਵੱਟ ਕੇ
ਜੀਵਨ ਨੂੰ ਤੁਰਦਾ ਰੱਖਦੀਆਂ
ਖੂੰਖਾਰ ਹੁੰਦੀਆਂ ਤਾਂ ਤਹਿਸ-ਨਹਿਸ ਕਰ ਸੁੱਟਦੀਆਂ
ਸਾਰਾ ਆਲਾ-ਦੁਆਲਾ।[25]

ਅਤ੍ਰਿਪਤ ਨਾਰੀ ਦਾ ਬਿੰਬ ਕੌਂਕੇ ਦੀਆਂ ਕਵਿਤਾਵਾਂ ਵਿੱਚੋਂ ਵਾਰ-ਵਾਰ ਉਭਰ ਕੇ ਸਾਹਮਣੇ ਆਉਂਦਾ ਹੈ। ਮਾਨਸਿਕ ਭਟਕਣਾ ਉਸ ਨੂੰ ਘਰ ਦੀ ਚਾਰਦੀਵਾਰੀ ਅੰਦਰ ਟਿਕਣ ਨਹੀਂ ਦਿੰਦੀ। ਅਜਿਹੇ ਹਲਾਤਾਂ ਵਿੱਚ ਵਰਜਿਤ ਰਿਸ਼ਤਿਆਂ ਦਾ ਹੋਂਦ ਵਿੱਚ ਆਉਣਾ ਸਾਭਾਵਿਕ ਅਮਲ ਜਾਪਦਾ ਹੈ-

ਉਸਦੀ ਉਮਰ 'ਚ ਉਦੋਂ ਆਇਆ ਪਿਆਰ
ਜਦੋਂ ਉਸਦੇ ਬੱਚਿਆਂ ਦੀ, ਪਿਆਰ ਕਰਨ ਦੀ ਉਮਰ ਸੀ।[26]

ਅਮਰਜੀਤ ਕੌਂਕੇ ਦੀ ਕਵਿਤਾ ਵਿੱਚ ਨਾਰੀ ਸਮਾਜਿਕ ਖੁੱਲ੍ਹਾਂ ਲੈਣ ਵੱਲ ਅਗਰਸਰ ਨਜ਼ਰ ਆਉਂਦੀ ਹੈ। ਉਸ ਦੀਆਂ ਕਵਿਤਾਵਾਂ ਵਿੱਚ ਉਹ ਨਾਰੀ ਵਧੇਰੇ ਦ੍ਰਿਸ਼ਟੀਗਤ ਹੋਈ ਹੈ

ਜੋ ਨੈਤਿਕ ਮੁੱਲ-ਵਿਧਾਨ ਨੂੰ ਪਾਸੇ ਰੱਖ, ਸਿਰਫ ਵਰਤਮਾਨ ਨੂੰ ਮਾਨਣ ਵਿੱਚ ਵਿਸ਼ਵਾਸ ਰੱਖਣ ਵਾਲੀ ਹੈ। ਇਹ ਭਾਰਤੀ ਨਾਰੀ ਦਾ ਆਧੁਨਿਕ ਪਰ ਸਮਾਜਿਕ ਮਰਿਆਦਾ ਮੁਤਾਬਕ ਖੰਡਿਤ ਬਿੰਬ ਹੈ। ਕਵੀ ਅਜਿਹਾ ਸਸਤੀ ਸ਼ੋਹਰਤ ਖੱਟਣ ਲਈ ਨਹੀਂ ਕਰਦਾ ਬਲਕਿ ਨੈਤਿਕ-ਮੁੱਲ ਵਿਧਾਨ ਵਿੱਚ ਆਏ ਪਰਿਵਰਤਨਾਂ ਕਾਰਨ ਅਜਿਹਾ ਵਾਪਰਨਾ ਸੁਭਾਵਿਕ ਅਮਲ ਹੈ। ਉਸ ਦੀ ਕਵਿਤਾ ਸੰਬੰਧੀ ਡਾ. ਸੁਖਦੇਵ ਸਿੰਘ ਦੀ ਟਿੱਪਣੀ ਬੜੀ ਸਾਰਥਿਕ ਸਿੱਧ ਹੁੰਦੀ ਹੈ।

"ਕੌਂਕੇ ਦੀ ਕਵਿਤਾ ਵਿੱਚ ਪ੍ਰਕਿਰਤਕ ਪੱਧਰ ਤੇ ਦੇਹ-ਪਿਆਸ ਦੀ ਤ੍ਰਿਪਤੀ ਦੀ ਖੁੱਲ੍ਹ ਸਮਾਜਿਕ ਵਰਜਣਾਵਾਂ ਪ੍ਰਤੀ ਰੋਸ ਦਾ ਹੀ ਇੱਕ ਪਾਸਾਰ ਹੈ, ਇਸ ਨੂੰ ਕੇਵਲ 'ਦੇਹਵਾਦ' ਕਹਿ ਕੇ ਰੱਦ ਨਹੀਂ ਕੀਤਾ ਜਾ ਸਕਦਾ।[27]

ਅਮਰਜੀਤ ਕੌਂਕੇ ਦੀ ਕਾਵਿ ਸਿਰਜਣਾ ਵਿੱਚ ਨਾਰੀ ਪਰੰਪਰਾਗਤ ਰੂਪ ਤੋਂ ਹੁੰਦੀ ਹੋਈ ਅਧੁਨਿਕਤਾ ਦੇ ਪ੍ਰਭਾਵ ਹੇਠ ਵਿਚਰਦੀ ਕਈ ਰੂਪਾਂ ਵਿੱਚ ਰੂਪਮਾਨ ਹੋਈ ਹੈ। ਕਵੀ ਨੇ ਨਾਰੀ ਸੰਵੇਦਨਾਂ ਦੇ ਪੱਖ ਤੋਂ ਨਾਰੀ ਮਨ ਦੇ ਸੂਖਮ ਤੋਂ ਸੂਖਮ ਅਹਿਸਾਸ ਨੂੰ ਪਕੜਣ ਦੀ ਕੋਸ਼ਿਸ ਕੀਤੀ ਹੈ। ਚਾਹੇ ਨਾਰੀ ਮਾਂ ਦੇ ਰੂਪ ਵਿੱਚ ਦ੍ਰਿਸ਼ਟੀਗਤ ਹੈ ਜਾਂ ਫਿਰ ਪਤਨੀ, ਮਹਿਬੂਬਾ ਆਦਿ ਦੇ ਅਲੱਗ-ਅਲੱਗ ਰੂਪਾਂ ਵਿੱਚ ਚਿਹਨਿਤ ਹੋਈ ਹੈ। ਅਮਰਜੀਤ ਕੌਂਕੇ ਨੇ ਨਾਰੀ ਦੇ ਸਾਥ ਨੂੰ ਸਦੀਂਵੀ ਚਿਹਨ ਵਜੋਂ ਵਰਤਿਆ ਹੈ ਉਸ ਲਈ ਨਾਰੀ ਦੀ ਹੋਂਦ ਦੇ ਅਰਥ ਕੁਝ ਇਸ ਤਰ੍ਹਾਂ ਹਨ-

ਤੇਰੇ ਤੋਂ ਬਿਨਾਂ
ਮੇਰੀ ਹਰ ਖੁਸ਼ੀ
ਮੇਰੀ ਹਰ ਉਦਾਸੀ ਨੇ
ਵਿਧਵਾ ਦੀ
ਜੂਨ ਭੋਗੀ ਹੈ।[28]

ਇੰਜ ਕੌਂਕੇ ਕਾਵਿ ਪ੍ਰਵਚਨ ਵਿੱਚ ਨਾਰੀ ਚੇਤਨਾ ਹਾਸ਼ੀਆਗਤ ਹੋਂਦ ਤੋਂ ਆਧੁਨਿਕਤਾ ਦੇ ਨਵੇਂ ਦਿਸੱਹਦਿਆਂ ਤੱਕ ਫੈਲਦੀ ਨਜ਼ਰ ਆਉਂਦੀ ਹੈ, ਅਜਿਹਾ ਕਵੀ ਦੀ ਦੂਰਦ੍ਰਿਸ਼ਟੀ ਅਤੇ ਵਿਦਵਤਾ ਦਾ ਨਤੀਜਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਪ੍ਰੋ. ਲਖਵਿੰਦਰਜੀਤ ਕੌਰ, ਅਮਰਜੀਤ ਕੌਂਕੇ ਦਾ ਕਾਵਿ ਪੈਰਾਡਾਈਮ, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ, 2011, ਪੰਨਾ-71
2. ਅਮਰਜੀਤ ਕੌਂਕੇ ਦਾਇਰਿਆਂ ਦੀ ਕਬਰ 'ਚ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,1985, ਪੰਨਾ-63
3. ਉਹੀ, ਸਿਮਰਤੀਆਂ ਦੀ ਲਾਲਟੈਣ, ਸੰਗਮ ਪਬਲੀਕੇਸ਼ਨਜ਼, ਸਮਾਣਾ,2009, ਪੰਨਾ-25

4. ----------------------------ਉਹੀ------------------------------------------, ਪੰਨਾ-35
5. ਉਹੀ, ਪਿਆਸ, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ 2013,ਪੰਨਾ-111
6. ਉਹੀ, ਨਿਰਵਾਣ ਦੀ ਤਲਾਸ਼ 'ਚ, ਸੰਗਮ ਪਬਲੀਕੇਸ਼ਨਜ਼, ਸਮਾਣਾ, 2009, ਪੰਨਾ-52
7. ਉਹੀ, ਪਿਆਸ, 2013, ਪੰਨਾ-41
8. ਉਹੀ-ਪੰਨਾ-31
9. ਉਹੀ, ਯਕੀਨ, ਪੰਨਾ-43
10. ਉਹੀ, ਸਿਮਰਤੀਆਂ ਦੀ ਲਾਲਟੈਣ, ਪੰਨਾ-61
11. ਉਹੀ, ਸ਼ਬਦ ਰਹਿਣਗੇ ਕੋਲ, ਪੰਨਾ-57
12. ਉਹੀ, ਸਿਮਰਤੀਆਂ ਦੀ ਲਾਲਟੈਣ, ਪੰਨਾ-69
13. ਉਹੀ-ਪੰਨਾ-93
14. ਪ੍ਰੋ. ਲਖਵਿੰਦਰਜੀਤ ਕੌਰ, ਉਹੀ, ਪੰਨਾ-41
15. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-106
16. ਉਹੀ, ਸ਼ਬਦ ਰਹਿਣਗੇ ਕੋਲ, ਪੰਨਾ-27
17. ਉਹੀ, ਪੰਨਾ-107
18. ਉਹੀ, ਯਕੀਨ, ਪੰਨਾ-66
19. ਉਹੀ, ਪਿਆਸ, 2013, ਪੰਨਾ-142
20. ਉਹੀ-ਪੰਨਾ-15
21. ਉਹੀ-ਪੰਨਾ-126
22. ਉਹੀ, ਯਕੀਨ, 2009, ਪੰਨਾ-44
23. ਉਹੀ-, ਪੰਨਾ-136
24. ਉਹੀ, ਸਿਮਰਤੀਆਂ ਦੀ ਲਾਲਟੈਣ , ਪੰਨਾ-69
25. -ਉਹੀ-ਪੰਨਾ-77
26. -ਉਹੀ-ਪੰਨਾ-103
27. ਡਾ. ਆਤਮ ਰੰਧਾਵਾ (ਸੰਪਾ.) ਅਮਰਜੀਤ ਕੌਂਕੇ ਕਾਵਿ: ਸਿਰਜਣਾ ਤੇ ਸੰਵਾਦ, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ,2005, ਪੰਨਾ-14
28. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-65

# ਕਹਾਣੀ ਪੜ੍ਹਤ

(ਪ੍ਰਵਚਨ ਅੰਕ 96 ਵਿੱਚ ਪ੍ਰਕਾਸ਼ਿਤ ਕਹਾਣੀਆਂ ਦੇ ਆਧਾਰ'ਤੇ)

-ਡਾ. ਪਰਮਜੀਤ ਕੌਰ

ਕਹਾਣੀ ਗਾਲਪਨਿਕ ਵਿਧਾ ਹੋਣ ਕਰਕੇ ਇਸ ਵਿੱਚ ਗਲਪ ਤੱਤਾਂ ਦੀ ਸ਼ਮੂਲੀਅਤ ਹੋਣਾ ਸੁਭਾਵਿਕ ਹੈ। ਕਹਾਣੀ ਦਾ ਉਦਭਵ ਇਨਸਾਨ ਦੇ ਜਨਮ ਨਾਲ ਹੋ ਗਿਆ ਹੋਵੇਗਾ ਜਦੋਂ ਮਨੁੱਖ ਕੋਲ ਭਾਸ਼ਾ ਵੀ ਨਹੀਂ ਸੀ ਪਰ ਉਹ ਆਪਣੇ ਭਾਵਾਂ ਦਾ ਸੰਚਾਰ ਇਸ਼ਾਰਿਆਂ ਦੇ ਬਿਰਤਾਂਤ ਨਾਲ ਕਰਦਾ ਹੈ। ਕਹਾਣੀ ਵਿਚਲਾ ਗਲਪੀ ਤੱਤ ਲੇਖਕ ਦੀ ਅਜਿਹੀ ਕਲਪਨਾ ਹੈ ਜੋ ਵਾਸਤਵਿਕ ਸੰਸਾਰ ਤੋਂ ਪ੍ਰਭਾਵਿਤ ਹੁੰਦੀ ਹੈ। ਕਹਾਣੀ ਪੜ੍ਹਤ ਦੇ ਪੈਮਾਨੇ ਲੇਖਕ ਦੀ ਕਲਮ ਦੁਆਰਾ ਰਚੀ ਕਥਾ ਵਿਚਲੀ ਬਿਰਤਾਂਤ ਸਿਰਜਣਾ ਨੂੰ ਪਰਤ-ਦਰ-ਪਰਤ ਪੜ੍ਹਨਾ ਹੈ। ਨਿੱਕੀ ਕਹਾਣੀ ਦਾ ਖੇਤਰ ਮਨੁੱਖੀ ਜੀਵਨ ਦੀ ਵਿਸ਼ਾਲਤਾ ਨੂੰ ਆਪਣੇ ਕਲਾਵੇ ਵਿੱਚ ਲੈਣ ਦੀ ਸਮਰੱਥਾ ਰੱਖਦਾ ਹੈ। ਡਾ. ਜੋਗਿੰਦਰ ਸਿੰਘ ਰਾਹੀ ਨਿੱਕੀ ਕਹਾਣੀ ਸੰਬੰਧੀ ਲਿਖਦੇ ਹੋਏ ਕਹਾਣੀ ਬਣਤਰ ਵਿੱਚ ਲੁਪਤ ਸੱਚ ਨੂੰ ਉਜਾਗਰ ਕਰਦੇ ਹਨ: "ਨਿੱਕੀ ਕਹਾਣੀ ਨਿਰਪੇਖ ਸੱਚ ਦੀ ਨਹੀਂ, ਸਾਪੇਖ ਸੱਚ ਦੀ ਤਲਾਸ਼ ਕਰਦੀ ਹੈ, ਹਾਲਾਤਾਂ ਵਿੱਚੋਂ ਉਗਮੇ ਸੱਚ ਦੀ ਹੈ।[1]" ਕਹਾਣੀ ਮਨੁੱਖ ਜੀਵਨ ਦੇ ਕਰਮਾਂ-ਪ੍ਰਤੀਕਰਮਾ ਨੂੰ ਰੂਪਮਾਨ ਕਰਦੀ ਜੀਵਨ ਸੱਚ ਨੂੰ ਪੇਸ਼ ਕਰਦੀ ਹੈ।

ਕਹਾਣੀ ਪੜ੍ਹਤ ਲੇਖਕ ਦੁਆਰਾ ਸਿਰਜੇ ਪਾਠ ਨੂੰ ਪਹਿਲਾਂ ਪਾਠਕ ਨਜ਼ਰੀਏ ਤੇ ਫਿਰ ਆਲੋਚਕ ਦੇ ਨਜ਼ਰੀਏ ਤੋਂ ਵਾਚਦੀ ਉਸ ਅੰਦਰ ਸਧਾਰਨ ਮਨੁੱਖ ਦੇ ਅਸਧਾਰਨਤਾ ਨੂੰ ਪੇਸ਼ ਕਰਨ ਦਾ ਹੁਨਰ ਰੱਖਦੀ ਹੈ। ਕਹਾਣੀ ਪੜ੍ਹਤ ਲੇਖਕ -ਪਾਠ-ਪਾਠਕ-ਅਲੋਚਕ ਚਾਰ ਪੜਾਵਾਂ ਦੀ ਯਾਤਰਾ ਕਰਦੀ ਹੈ।

ਪ੍ਰਵਚਨ ਪਤ੍ਰਿਕਾ ਦੇ ਛਿਆਨ੍ਹਵੇਂ (96) ਅੰਕ ਵਿੱਚ ਨਿਹਿਤ ਕਹਾਣੀਆਂ ਦੀ ਪੜ੍ਹਤ ਦੀ ਵੱਡੀ ਖਾਸੀਅਤ ਇਹ ਹੈ ਕਿ ਕਹਾਣੀ ਚੋਣ ਸੰਬੰਧੀ ਸੰਪਾਦਕੀ ਬੋਰਡ ਬੜਾ ਸੁਚੇਤ ਪ੍ਰਤੀਤ ਹੁੰਦਾ ਹੈ। ਉਹ ਪਾਠਕਾਂ ਦੇ ਸਾਹਮਣੇ ਅਜਿਹੀਆਂ ਕਹਾਣੀਆਂ ਰੱਖਦਾ ਹੈ ਜਿਹੜੀਆਂ ਧਰਤੀ ਦੇ ਲੋਕਾਂ ਦੀਆਂ ਜੀਵਨ ਅਕਾਂਖਿਆਵਾਂ ਦੇ ਨਾਲ-ਨਾਲ ਜੀਵਨ ਸਥਲਤਾ ਦੇ ਵਿਭਿੰਨ ਪੈਮਾਨੇ ਵੀ ਸਿਰਜਦੀਆਂ ਹਨ। ਅੰਕ ਛਿਆਨਵੇਂ ਵਿੱਚ ਰੂਸੀ ਕਹਾਣੀ: "ਰਖਵਾਲਾ ਦੂਤ"ਅਨੁਵਾਦਤ ਡਾ. ਕਸ਼ਮੀਰ ਸਿੰਘ, ਅਵਤਾਰ ਸਿੰਘ ਓਠੀ ਦੀ ਕਹਾਣੀ "ਸੂਟਕੇਸ, ਬਲਵੰਤ ਫ਼ਰਵਾਲੀ ਦੀ ਕਹਾਣੀ "ਕੋਠਾ, ਕੁਲਵਿੰਦਰ ਕੌਸ਼ਲ ਦੀ ਕਹਾਣੀ "ਬਿੱਛੂ ਬੂਟੀ" ਪਾਠਕਾਂ ਦੀ ਝੋਲੀ ਪਾਈਆਂ ਹਨ। ਚਾਰੇ ਕਹਾਣੀਆਂ ਦੀ ਪਾਠ-ਪੜ੍ਹਤ ਦੌਰਾਨ ਪਾਠਕ ਵੱਖ-ਵੱਖਰੇ ਲੇਖਕਾਂ ਦੁਆਰਾ ਸਿਰਜੇ ਪ੍ਰਸੰਗਾਂ ਨੂੰ ਪੜ੍ਹਦਾ ਹੈ। ਕਹਾਣੀ ਪੜ੍ਹਦਿਆਂ ਪਾਠਕ ਦੀ ਬਿਰਤੀ ਕੇਵਲ ਪਾਠ ਕਥਾ ਤੱਕ ਹੀ ਸੀਮਤ ਨਹੀਂ ਰਹਿੰਦੀ ਸਗੋਂ ਪਾਠ ਦੀ ਬੁਣਤਰ ਵਿੱਚ ਲੁਕੀਆਂ ਰਮਜ਼ਾਂ ਨੂੰ ਪਛਾਣਦੀ ਹੈ। ਕਹਾਣੀਆਂ ਵਿਚਲੇ ਪਾਤਰਾਂ ਦੀ ਜ਼ਿੰਦਾਦਿਲੀ, ਜੀਵਨ ਪ੍ਰਤੀ ਸਕਾਰਾਤਮਕਤਾ ਤੇ ਸਮਾਜ ਪ੍ਰਤੀ ਵਿਸ਼ਾਲ ਨਜ਼ਰੀਆ ਕਥਾ ਪ੍ਰਸੰਗਾਂ ਦੀ ਖ਼ਾਸੀਅਤ ਹੈ।

"ਰੂਸੀ ਕਹਾਣੀ: ਰਖਵਾਲਾ ਦੂਤ" ਵਿਕਤਰ ਅਸਤਾਫਿਏਵ ਦੀ ਲਿਖੀ ਹੈ ਜਿਸ ਦਾ ਅਨੁਵਾਦ ਕਸ਼ਮੀਰ ਸਿੰਘ ਦੁਆਰਾ ਕੀਤਾ ਗਿਆ ਹੈ। ਇਸ ਅਨੁਵਾਦਤ ਕਹਾਣੀ ਨੇ ਕਹਾਣੀ ਵਿਧਾ ਨੂੰ ਜਿਹੜੀਆਂ ਪੈੜਾਂ ਦਿੱਤੀਆਂ ਉਹ ਕਹਾਣੀ ਪਾਤਰਾਂ ਦੀ ਜੀਵਨ-ਦ੍ਰਿਸ਼ਟੀ ਵਿੱਚੋਂ ਨਜ਼ਰ ਆਉਂਦੀ ਹੈ। ਸਮੁੱਚੀ ਕਹਾਣੀ ਦੇ ਦੋ ਪੈਂਤੜੇ ਹਨ ਪਰ ਦੋਹਾਂ ਦੀ ਸਿਰਮੌਰਤਾ ਉਹਨਾਂ ਅੰਦਰਲੇ ਮਾਨਵੀ ਸਰੋਕਾਰਾਂ ਵਿੱਚੋਂ ਉਭਰਦੀ ਹੈ। ਕਹਾਣੀ ਦੀ ਆਰੰਭਿਕਤਾ ਜਿੱਥੇ 1933 ਵਿੱਚ ਰੂਸ ਵਿੱਚ ਪਏ ਭਿਅੰਕਰ ਕਾਲ ਦੇ ਇਤਿਹਾਸਕ ਦਸਤਾਵੇਜ਼ ਸਿਰਜਦੀ ਹੈ ਉਥੇ ਨਾਲ ਹੀ ਕਾਲ ਦੌਰਾਨ ਪਿੰਡ ਵਾਸੀਆਂ ਵੱਲੋਂ ਇਨਸਾਨੀਅਤ ਨਾਤੇ ਜਿਊਣ ਲਈ ਕੀਤੇ ਹੀਲੇ ਕਹਾਣੀ ਅੰਦਰ ਮਾਨਵਵਾਦੀ ਸਰੋਕਾਰਾਂ ਨੂੰ ਰੂਪਮਾਨ ਕਰਦੀ ਹੈ। ਜਦੋਂ ਵੀ ਮਨੁੱਖਤਾ 'ਤੇ ਕੋਈ ਕੁਦਰਤੀ ਆਫ਼ਤਾਂ ਦਾ ਸੰਕਟ ਵਾਪਰਦਾ ਹੈ ਤਾਂ ਮਨੁੱਖਤਾ ਹਉਮੈ; ਈਰਖਾ ਤੇ ਪਦਾਰਥਕ ਮੋਹ ਜਿਹੀਆਂ ਗ਼ੈਰ ਮਾਨਵੀ ਤਬੀਅਤਾਂ ਦਾ ਤਿਆਗ ਕਰਕੇ ਮਾਨਵ ਕਲਿਆਣ ਦੀਆਂ ਸਾਰੀਆਂ ਕਦਰਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾ ਲੈਂਦਾ ਹੈ। ਇਸ ਕਹਾਣੀ ਦੇ ਪਾਤਰ ਧਰਤ ਲੋਕ ਵਿੱਚ ਵਿਚਰਦੇ ਸੁਪਨਿਆਂ ਦੀ ਜਗ੍ਹਾ ਤਲਖ਼ ਹਕੀਕਤਾਂ ਨੂੰ ਆਪਣੇ ਜੀਵਨ ਦਾ ਅਹਿਮ ਹਿੱਸਾ ਬਣਾਉਂਦੇ ਹਨ। ਪਾਤਰ ਨਾਨੀ ਦਾ ਵਾਕ "ਹੌਂਸਲਾ ਨਾ ਹਾਰੋ ਮਰਦੋ ਬਸੰਤ ਆਉਣ ਤੱਕ ਕਿਸੇ ਨਾ ਕਿਸੇ ਤਰ੍ਹਾਂ ਗੁਜ਼ਰ-ਗੁਜ਼ਾਰਾ ਕਰ ਹੀ ਲਵਾਂਗੇ।"[12] ਜੀਵਨ ਦੇ ਤ੍ਰਾਸਦਿਕ ਪਲਾਂ ਵਿੱਚ ਵੀ ਆਸ ਦੀ ਚਿਣਗ ਨਾ ਛੱਡਣ ਵਾਲਾ ਵਰਤਾਰਾ ਹੈ। ਪਾਤਰ ਨਾਨੀ ਘਰ ਦੀ ਹੀ ਨਹੀਂ ਸਗੋਂ ਸਾਰੇ ਪਿੰਡ ਦੀ ਯੋਗ ਅਗਵਾਈ ਕਰਦੀ ਦਰਸਾਈ ਹੈ। ਉਹ ਆਪਣੇ ਪਰਿਵਾਰ ਤੇ ਦੋਹਤਿਆਂ ਨਾਲ ਜਦੋਂ ਵਿਚਰਦੀ ਤਾਂ ਉਸ ਦੀ ਮਮਤਾ ਕਿਸੇ ਦੇਵੀ ਤੋਂ ਵੀ ਉੱਪਰ ਪ੍ਰਤੀਤ ਹੁੰਦੀ ਹੈ। ਉਮਰ ਨੂੰ ਨਜ਼ਰਅੰਦਾਜ਼ ਕਰਦੀ ਨਾਨੀ ਸਭ ਦੀ ਮਾਰਗ ਦਰਸ਼ਕ ਬਣ ਕੇ ਜੀਵਨ ਦੇ ਸੰਘਰਸ਼ ਉੱਤੇ ਜਿੱਤ ਹਾਸਲ ਕਰਨ ਦਾ ਹੌਂਸਲਾ ਰੱਖਦੀ ਹੈ। ਕਹਾਣੀ ਪਾਠ ਵਿੱਚ ਘਰ ਦੇ ਨਿਰਬਾਹ ਤੇ ਘਰ ਦੇ ਜੀਆਂ ਦਾ ਢਿੱਡ ਭਰਨ ਲਈ ਆਪਣੀਆਂ ਸਭ ਤੋਂ ਕੀਮਤੀ ਤੇ ਪਿਆਰੀਆਂ ਚੀਜ਼ਾਂ ਜਿੰਨ੍ਹਾਂ ਵਿੱਚ ਉਸਦੀ ਸਲਾਈ ਮਸ਼ੀਨ ਤੇ ਆਪਣੀ ਮਰੀ ਹੋਈ ਧੀ ਦੀ ਨਿਸ਼ਾਨੀ ਵਜੋਂ ਰੱਖੀਆਂ ਸੋਨੇ ਦੀਆਂ ਵਾਲੀਆਂ ਵੀ ਵੇਚ ਦਿੰਦੀ ਹੈ। ਪਿੰਡ ਦੀਆਂ ਲੋੜਾਂ ਜਦ ਪਿੰਡ ਵਿੱਚੋਂ ਪੂਰੀਆਂ ਨਾ ਹੁੰਦੀਆਂ ਤਾਂ ਉਹ ਸ਼ਹਿਰ ਜਾਂਦੇ ਪਰ ਸ਼ਹਿਰ ਦੀਆਂ ਦੁਕਾਨਾਂ ਵਿਚਲਾ ਭ੍ਰਿਸ਼ਟਾਚਾਰ ਤੇ ਮਤਲਬੀ ਵਿਹਾਰ ਨਾਨੀ ਨੂੰ ਇੱਕ ਪਾਸੇ ਨਿਰਾਸ਼ਾ ਦਿੰਦਾ ਤੇ ਦੂਜੇ ਪਾਸੇ ਉਹ ਕਮਿਊਨਿਸਟ ਤੇ ਸ਼ਹਿਰਾਂ ਦੇ ਨਿੱਜੀਕਰਨ ਦੇ ਵਿਰੋਧੀ ਬਣਾਉਂਦਾ ਹੈ। ਨਾਨੀ ਦੁਆਰਾ ਕੀਤਾ ਜਾਂਦਾ ਸੰਘਰਸ਼ 'ਜਾਨ ਹੈ ਤੇ ਜਹਾਨ ਹੈ' ਦੇ ਵਿਅੰਜਨਾਤਮਕ ਅਰਥਾਂ ਨੂੰ ਪੇਸ਼ ਕਰਦਾ ਹੈ। ਮਨੁੱਖ ਦੀਆਂ ਪ੍ਰਸਥਿਤੀਆਂ ਉਸਨੂੰ ਜਿਹੜਾ ਫ਼ਲਸਫਾ ਦਿੰਦੀਆਂ ਹਨ। ਮਨੁੱਖੀ ਜੀਵਨ-ਦ੍ਰਿਸ਼ਟੀ ਦੇ ਨਵੀਨ ਤੇ ਉਸਾਰੂ ਪੈਂਤੜੇ ਕੱਸਦੀਆਂ ਹਨ। ਪ੍ਰਸਥਿਤੀਆਂ ਅਧੀਨ ਵਿਚਰਦੇ ਕਹਾਣੀ ਦੇ ਪਾਤਰਾਂ ਦਾ ਜੀਵਨ ਫ਼ਲਸਫਾ ਜਾਨ ਬਚਾਉਣਾ ਘੱਟ ਤੇ ਢਿੱਡ ਦੀ ਭੁੱਖ ਮਿਟਾਉਣਾ ਵਧੇਰੇ ਜਾਪਦਾ ਹੈ। ਨਾਨੀ ਦੁਆਰਾ ਕਮਿਊਨਿਸਟ, ਭ੍ਰਿਸ਼ਟਾਚਾਰ, ਸਾਮਰਾਜਵਾਦ ਦੀ ਖੋਖਲੀ ਰਣਨੀਤੀ ਦਾ ਵਿਰੋਧ ਉਸ ਦੇ ਅੰਤਰਮਨ ਵਿਚਲੇ ਦਵੰਦਾਂ ਵਿੱਚੋਂ ਉਪਜਦਾ ਹੈ। ਉਮਰ ਪੱਖੋਂ ਨਾਨੀ ਬੇਸ਼ਕ ਵਡੇਰੀ ਹੈ ਪਰ ਉਸ ਦਾ ਹੌਸਲਾ ਸਮਕਾਲੀ ਸਮੱਸਿਆਵਾਂ ਨਾਲ ਟੱਕਰ ਲੈਣ ਦੀ ਹਿੰਮਤ ਰੱਖਦਾ

ਹੈ। ਹੋਂਦ ਤੇ ਹੋਣੀ ਦੇ ਦਵੰਦ ਵਿੱਚ ਗੁਜ਼ਰਦੇ ਇਹ ਪਾਤਰ ਨਾ ਥੱਕਦੇ ਤੇ ਨਾ ਹਾਰਦੇ ਹਨ ਸਗੋਂ ਬੇਬਾਕ ਹੋ ਕੇ ਜ਼ਿੰਦਗੀ ਜਿਉਂਦੇ ਨਜ਼ਰ ਆਉਂਦੇ ਹਨ। ਕਹਾਣੀ ਦੇ ਦੂਜੇ ਪੱਖ ਵਿੱਚ ਨਾਨੀ ਦੁਆਰਾ ਸ਼ਾਰਿਕ ਨਾਮ ਦੇ ਕਤੂਰੇ ਨੂੰ ਠੰਡ ਤੋਂ ਬਚਾਉਣਾ ਤੇ ਤੰਗੀਆਂ-ਤੁਰਸ਼ੀਆਂ ਦੀ ਪਰਵਾਹ ਨਾ ਕਰਦਿਆਂ ਉਸ ਲਈ ਦੁੱਧ ਤੇ ਡਬਲਰੋਟੀ ਦਾ ਪ੍ਰਬੰਧ ਕਰਨਾ ਕਿਤੇ ਨਾ ਕਿਤੇ ਪਾਠਕ ਨੂੰ ਨਸੀਹਤ ਕਰ ਰਿਹਾ ਹੈ ਕਿ ਮਦਦ ਜਾਂ ਭਲਾ ਕਰਨ ਲਈ ਜੇਬ ਵਿੱਚ ਪੈਸਿਆਂ ਨਾਲੋਂ ਵਧੇਰੇ ਦਿਲਦਾਰੀ ਸੁਭਾਅ ਵਧੇਰੇ ਅਹਿਮੀਅਤ ਰੱਖਦਾ ਹੈ। ਕਹਾਣੀ ਵਿੱਚ ਸ਼ਾਰਿਕ ਵੀ ਨਾਨੀ ਦੀ ਹਾਂ 'ਚ ਹਾਂ ਮਿਲਾਉਂਦਾ, ਨਾਨੀ ਉਸਨੂੰ ਬਾਹਰੀ ਕੁੱਤਿਆਂ ਤੋਂ ਬਚਾਉਂਦੀ ਤੇ ਸ਼ਾਰਿਕ ਜਦੋਂ ਬਹੁਤ ਸ਼ਰਾਰਤਾਂ ਕਰਦਾ ਨਾਨੀ ਉਸਨੂੰ ਪਿਆਰੀਆਂ ਮਿੱਠੀਆਂ ਗਾਹਲਾਂ ਦਿੰਦੀ ਪਰ ਸ਼ਾਰਿਕ ਹਰ ਵਾਰ ਨਾਨੀ ਨੂੰ ਸਹੀ ਆਖਦਾ ਹੋਇਆ ਉਸ ਅੰਦਰਲੀ ਇਨਸਾਨੀਅਤ ਦਾ ਸਤਿਕਾਰ ਕਰਦਾ ਹੈ। ਸਮੁੱਚੀ ਕਹਾਣੀ ਜੀਵਨ ਸੰਘਰਸ਼ ਦੇ ਪੈਂਤੜਿਆਂ ਵਿੱਚ ਗੁਜ਼ਰਦੇ ਇਨਸਾਨਾਂ ਦੇ ਵੱਡੇ ਕੱਦ ਨੂੰ ਰੂਪਮਾਨ ਕਰਨ ਵਿੱਚ ਸਫ਼ਲ ਪ੍ਰਤੀਤ ਹੁੰਦੀ ਹੈ। ਬਲਵੰਤ ਫ਼ਰਵਾਲੀ ਦੁਆਰਾ ਰਚਿਤ ਕਹਾਣੀ "ਕੋਠਾ" ਦੀ ਪਾਠ ਪੜ੍ਹਤ ਮਨੁੱਖ ਮਨ ਦੀਆ ਬੇਤਰਤੀਬੀਆਂ ਦੇ ਓਹਲੇ ਵਿੱਚ ਲੁਕੀਆਂ ਜੀਵਨ ਦੀਆਂ ਤਲਖ਼ ਹਕੀਕਤਾਂ ਦਾ ਸਫ਼ਰ ਹੈ। ਸਮਾਜ ਵਿੱਚ ਵਿਚਰਦਾ ਹਰ ਮਨੁੱਖ ਕਿਸੇ ਨਾ ਕਿਸੇ ਪੱਖੋਂ ਖੁਦ ਨੂੰ ਊਣਾ ਮਹਿਸੂਸ ਕਰਦਾ ਹੈ। ਇਹ ਊਣਤਾਈ ਕਿਤੇ ਮਾਨਸਿਕ ਤੇ ਕਿਤੇ ਸਮਾਜਿਕ ਹੈ। ਕਹਾਣੀ ਦਾ ਮੁੱਖ ਪਾਤਰ ਭੋਲਾ ਨਾਂ ਦਾ ਹੀ ਭੋਲਾ ਨਹੀਂ ਸਗੋਂ ਉਸ ਦੀ ਜੀਵਨ ਜੁਗਤ ਵਿੱਚ ਉਸਦਾ ਭੋਲਾਪਣ ਨਜ਼ਰ ਆਉਂਦਾ ਹੈ। ਦਲਿਤ ਵਰਗ ਨਾਲ ਸੰਬਧ ਰੱਖਣ ਕਰਕੇ ਭੋਲਾ ਹਮੇਸ਼ਾ ਸਮਾਜਿਕ ਹਾਸ਼ੀਏ 'ਤੇ ਗੁਜ਼ਰਦਾ ਬਹੁਤਾ ਕੁੱਝ ਮੂੰਹੋਂ ਨਾ ਬੋਲਦਾ ਸਗੋਂ ਮਨੋਬਚਨੀ ਗੋਸ਼ਟੀਆਂ ਕਰਦਾ। ਲੇਖਕ ਦੁਆਰਾ ਸਿਰਜੀ ਅਨਯ ਪੁਰਖ ਸ਼ੈਲੀ ਉਸ ਦੇ ਵਿਅਕਤੀਤਵ ਦੀ ਆਂਤਰਿਕਤਾ ਨੂੰ ਪਛਾਨਣ ਦਾ ਯਤਨ ਪ੍ਰਤੀਤ ਹੁੰਦਾ ਹੈ। ਲੇਖਕ ਦੀ ਕਲਮ ਭੋਲੇ ਦੇ ਘਰੋਂ ਬਾਹਰ ਨਿਕਲ ਕੇ ਬਾਹਰਲੇ ਸ਼ੋਰ ਨਾਲੋਂ ਭੋਲੇ ਦੇ ਅੰਦਰਲੇਸ਼ੋਰ ਵੱਲ ਤਵੱਜੋਂ ਦੇਣਾ ਉਸ ਦੀ ਖੰਡਿਤ ਮਾਨਸਿਕਤਾ ਵੱਲ ਇਸ਼ਾਰਾ ਕਰਨਾ ਹੈ। ਉਸਦੇ ਮਜ਼ਦੂਰੀ ਦੇ ਕਿੱਤੇ ਤੇ ਉਸਨੂੰ ਆਰਥਿਕ ਸੁੱਖ ਨਾ ਦੇ ਕੇ ਕਰਜ਼ੇ ਦਾ ਦੁੱਖ ਜ਼ਰੂਰ ਦਿੱਤਾ।ਵਿਆਹੁਤਾ ਜ਼ਿੰਦਗੀ ਬਸਰ ਕਰਦਿਆਂ ਉਹ ਪਤਨੀ ਦੀਆਂ ਖ਼ਾਹਿਸ਼ਾਂ ਪੂਰੀਆਂ ਨਾ ਕਰ ਸਕਿਆ ਪਰ ਪਤਨੀ ਦੇ ਨਿੱਘੇ ਸਾਥ ਨੇ ਉਸਦਾ ਮਨੋਬਲ ਬਣਾਈ ਰੱਖਿਆ। ਰੋਟੀ ਕਮਾਉਣ ਦੇ ਫ਼ਿਕਰ ਨੇ ਉਸਦੇ ਨਿਤਾਪ੍ਰਤੀ ਅਨੇਕਾਂ ਸੁਪਨਿਆ ਦਾ ਦਮਨ ਕੀਤਾ। ਉਹ ਜ਼ਿੰਦਗੀ ਵਿੱਚ ਸੁਪਨਿਆਂ ਦੀ ਥਾਂ ਜ਼ਰੂਰਤਾਂ ਨੂੰ ਦੇਣ ਲੱਗਾ। ਭੋਲੇ ਦਾ ਕੱਚਾ ਕੋਠਾ ਬਰਸਾਤੀ ਮੌਸਮ ਵਿੱਚ ਉਸ ਲਈ ਆਰਥਿਕ ਮਨੋਸੰਕਟ ਦਾ ਕਾਰਨ ਬਣਦਾ ਹੈ। ਭੋਲਾ ਆਪਣੇ ਠੇਕੇਦਾਰ ਤੇ ਬੈਂਕਾਂ ਦੇ ਫੇਰੇ ਮਾਰਦਾ ਪਰ ਗਰੀਬੀ ਉਸਦੀ ਦੁਸ਼ਮਣ ਬਣਦੀ ਤੇ ਕੋਈ ਵੀ ਪੈਸੇ ਦੇਣ ਲਈ ਤਿਆਰ ਨਾ ਹੁੰਦਾ। ਇਸ ਸਥਿਤੀ ਵਿੱਚ ਭੋਲੇ ਨੂੰ ਗਰੀਬੀ ਭਰੀ ਜ਼ਿੰਦਗੀ ਜ਼ਹਿਰ ਵਰਗੀ ਜਾਪਦੀ। ਮਨੁੱਖ ਆਪਣੇ ਜੀਵਨ ਦੀਆ ਤਲਖ਼ ਹਕੀਕਤਾਂ ਵਿੱਚੋਂ ਜੋ ਸਿੱਖਦਾ ਹੈ ਓਹੀ ਉਸਦਾ ਜੀਵਨ ਸੱਚ ਹੋ ਨਿਬੜਦਾ ਹੈ। "ਹਕੀਕਤ ਦੀ ਸਤਹ ਉੱਤੇ ਰੂਹਾਨੀਅਤ ਤਨਾਉ ਤੋਂ ਮੁਕਤ ਨਹੀਂ ਹੋ ਸਕਦੀ ਤੇ ਵਾਸਤਵਿਕਤਾ ਟਕਰਾਉ ਤੋਂ। ਬੰਦੇ ਦੇ ਸੁਪਨੇ ਨੂੰ ਜਦੋਂ ਜ਼ਿੰਦਗੀ

ਦੀਆ ਕਠੋਰ ਹਕੀਕਤਾਂ ਵਿੱਚ ਵਿਚਰਨਾ ਹੀ ਪਏਗਾ। ਜਿੰਨਾ ਵੱਡਾ ਸੁਪਨਾ, ਤਨਾਉ ਤੇ ਟਕਰਾਉ ਵੀ ਓਨੇ ਹੀ ਵੱਡੇ ਹੋਣਗੇ।[3] ਪਾਤਰ ਭੋਲੇ ਦਾ ਪੱਕਾ ਕੋਠਾ ਪਾਉਣ ਦਾ ਸੁਪਨਾ ਪਹਿਲਾਂ ਤਾਂ ਹਨੇਰੇ ਵਿੱਚ ਜਾਗਦੇ ਜੁਗਨੂੰ ਵਰਗਾ ਜਪਾਦਾ ਹੈ ਪਰ ਫਿਰ ਸਾਲੇ ਦੁਆਰਾ ਕਰਜ਼ਾ ਦਵਾਉਣ ਦੀ ਪ੍ਰਕਿਰਿਆ ਬਿਰਤਾਂਤ ਨੂੰ ਤੇਜ਼ੀ ਨਾਲ ਅੱਗੇ ਵਧਾਉਂਦੀ ਜਿੱਥੇ ਖੁਸ਼ੀਆਂ ਤੇ ਸੰਘਰਸ਼ ਦੋਵੇਂ ਰਲਗੱਡ ਜਾਪਦੇ ਹਨ। ਪਰਿਵਾਰ ਦੀ ਖਾਹਿਸ਼ ਮੁਤਾਬਕ ਜਦ ਇੱਕ ਕਮਰੇ ਦੀ ਜਗ੍ਹਾ ਦੋ ਕਮਰੇ ਉਸਾਰਦਾ ਹੈ ਤਾਂ ਲੈਂਟਰ 'ਤੇ  ਜਾ ਕੇ ਫਿਰ ਕੰਮ ਰੁੱਕ ਜਾਂਦਾ ਹੈ। ਭੋਲਾ ਮਨੋਬਚਨੀ ਵਿੱਚ ਆਰਥਿਕ ਸੰਕਟ ਦਾ ਹੱਲ ਲੱਭਦਾ ਹੋਇਆ ਭਾਰਤ ਸਰਕਾਰ ਵੱਲੋਂ ਅਗਨੀਵੀਰ ਸੈਨਾ ਭਰਤੀ 'ਤੇ ਤਨਜ਼ ਕੱਸਦਾ ਜਿਸਨੇ ਅਨੇਕਾਂ ਗਰੀਬ ਨੌਜਵਾਨਾਂ ਪਾਸੋਂ ਉਹਨਾਂ ਦੀ ਰੋਜ਼ੀ ਰੋਟੀ ਦੀ ਬੁਨਿਆਦ ਖੋਹ ਲਈ। ਉਹ ਅਗਨੀ ਵੀਰ ਭਰਤੀ ਦਾ ਵਿਰੋਧ ਕਰਦਾ ਨਿਸੰਗ ਹੋ ਕੇ ਆਖਦਾ "ਜੇ ਸਰਕਾਰਾਂ ਦਾ ਵੱਸ ਚੱਲੇ, ਸਰਕਾਰਾਂ ਤਾਂ ਬੰਦੇ ਦਾ ਚੰਮ ਲਾਹ ਕੇ ਵੇਚ ਦੇਣ, ਗਰੀਬ ਬੰਦੇ ਨੂੰ ਫੌਜ ਦੀ ਭਰਤੀ ਹੀ ਤਾਂ ਦਿਖਾਈ ਹੁੰਦੀ ਸੀ, ਮਾਂ ਜਾਵ੍ਹੀ ਸਰਕਾਰ ਨੇ ਉਹ ਵੀ ਦਾਅ 'ਤੇ ਲਾਤੀ, ਜਦੋਂ ਬੰਦਿਆਂ ਦਾ ਵਪਾਰ ਹੋਣ ਲੱਗਜੇ ਫੇਰ ਬੇੜਾ ਗਰਕ ਹੋਣਾ ਹੁੰਦਾ, ਚਹੁੰ ਸਾਲਾਂ ਲਈ ਬਿਨਾ ਪੈਨਸ਼ਨ ਭਰਤੀ ਕੀਤਾ ਬੰਦਾ, ਖੌਰੇ ਕੀ ਅੱਕ ਚੱਬਲੇ, ਸਾਲੇ ਦੇਸ਼ ਭਗਤੀ ਦੇ।[4] ਭੋਲੇ ਦੇ ਮਨ ਵਿੱਚ ਲਹਿਰੇ ਵਾਲੀ ਅਗਨੀਵੀਰ ਸ਼ਹਾਦਤ ਨੇ ਇੰਨਾ ਡੂੰਘਾ ਪ੍ਰਭਾਵ ਪਾਇਆ ਕਿ ਉਹ ਆਪਣੇ ਪੁੱਤਰ ਨੂੰ ਫੌਜੀ ਬਣਾਉਣ ਦਾ ਸੁਪਨਾ ਵੀ ਖਾਰਜ ਕਰਦਾ ਹੇ।[5] ਚਿੰਤਾ ਦੀ ਸਥਿਤੀ ਵਿੱਚ ਭੋਲੇ ਦਾ ਚਿੰਤਨ ਪੈਸੇ ਦੀ ਪ੍ਰਾਪਤੀ ਵੱਲ ਲੱਗਾ ਰਹਿੰਦਾ ਤੇ ਅਤੀਤ ਵਿੱਚ ਹੰਢਾਈਆਂ ਸਾਰੀਆਂ ਆਰਥਿਕ ਤੰਗੀਆਂ ਉਸ ਦੇ ਜ਼ਿਹਨ ਵਿੱਚ ਖਲਲ ਪੈਦਾ ਕਰਦੀਆਂ। ਅੰਤ ਨਾ ਚਾਹੁੰਦੇ ਵੀ ਭੋਲਾ ਘਰ ਦੀ ਮੱਝ ਨੂੰ ਘਾਟੇ ਵਿੱਚ ਵੇਚ ਕੇ ਪੈਸਿਆਂ ਦਾ ਪ੍ਰਬੰਧ ਕਰਦਾ ਮੁੜ ਹੱਥ ਕਿਰਤ ਕਰਕੇ ਮੁੜ ਆਰਥਿਕ ਵਸੀਲੇ ਘੜਨ ਦੀ ਸੋਚ ਅਧੀਨ ਕੋਠੇ 'ਤੇ ਲੈਂਟਰ ਪਾ ਦਿੰਦਾ ਹੈ। ਕਹਾਣੀ ਦੇ ਅੰਤ ਵਿਚਲੇ ਵਾਕ "ਪਰ ਦੀਵੇ ਤੇ ਆਸ ਦੀ ਬੱਤੀ ਨੇ ਫੇਰ ਵੀ ਘਰ ਨੂੰ ਤੇ ਉਨ੍ਹਾਂ ਦੇ ਮਨ ਨੂੰ ਚਾਨਣ ਨਾਲ ਭਰ ਦਿੱਤਾ ਸੀ।[6] ਪੰਜਾਬੀ ਅਖੌਤ 'ਜੀਵੇ ਆਸਾ ਮਰੇ ਨਿਰਾਸਾ' ਦੇ ਵਿਅੰਜਨੀ ਅਰਥਾਂ ਨੂੰ ਪੇਸ਼ ਕਰਦਾ ਪਾਠਕ ਮਨ ਵਿੱਚ ਸੰਘਰਸ਼ ਸਿਰੜ ਤੇ ਹਿੰਮਤੀ ਗੁਣਾਂ ਦੇ ਧਾਰਨੀ ਰਹਿਣ ਦੀ ਤਕਮੀਲ ਕਰਦਾ ਪ੍ਰਤੀਤ ਹੁੰਦਾ ਹੈ। ਕਹਾਣੀ ਵਿੱਚ ਭੋਲਾ ਪਾਤਰ ਰਾਹੀਂ ਆਰਥਿਕ ਤੰਗੀ ਨਾਲੋਂ ਸੰਘਰਸ਼ ਤੇ ਹਿੰਮਤ ਦੇ ਰਾਹ ਨੂੰ ਵਡੇਰਾ ਦਰਸਾਇਆ ਹੈ।

ਅਵਤਾਰ ਸਿੰਘ ਓਠੀ ਦੀ ਕਹਾਣੀ "ਸੂਟ ਕੇਸ"ਕਿਸਾਨੀ ਸੰਘਰਸ਼ ਦੌਰਾਨ ਕਿਸਾਨਾਂ ਦੇ ਪਰਿਵਾਰਾਂ ਤੇ ਪਿੰਡਾਂ ਵਿੱਚ ਇਸ ਅੰਦੋਲਨ ਲਈ ਕੀਤੇ ਜਾਂਦੇ ਯਤਨਾਂ ਨੂੰ ਰੂਪਮਾਨ ਕੀਤਾ। ਕਹਾਣੀ ਵਿੱਚ ਰਣਜੋਧ ਸਿੰਘ ਰਟਾਇਡ ਸੂਬੇਦਾਰ ਜਦ ਸ਼ੰਭੂ ਬਾਰਡਰ 'ਤੇ ਕਿਸਾਨ ਅੰਦੋਲਨ ਲਈ ਜਾਂਦਾ ਹੈ ਤਾਂ ਪਹਿਲਾਂ ਉਸ ਦੀ ਪਤਨੀ ਪਿਆਰੋ ਸੂਬੇਦਾਰ ਦੇ ਅਜਿਹੇ ਰਵੱਈਏ ਦਾ ਵਿਰੋਧ ਕਰਦੀ। ਇਕੱਲਤਾ ਹੰਢਾਉਂਦੀ ਪਿਆਰੋ ਟੀ.ਵੀ. ਵਿੱਚ ਰੋਜ਼ ਖ਼ਬਰਾਂ ਸੁਣਦੀ ਤਾਂ ਕਿਸਾਨਾਂ ਲਈ ਵਰਤੇ ਜਾਂਦੇ ਖਾਲਿਸਤਾਨੀ ਜਾਂ ਅੱਤਵਾਦੀ ਸ਼ਬਦ ਪ੍ਰਤੀ ਭੈਅਗ੍ਰਸਤ ਹੁੰਦੀ। ਸ਼ੰਭੂ ਬਾਰਡਰ 'ਤੇ ਬੈਠੇ ਸੂਬੇਦਾਰ ਨਾਲ ਫੋਨ ਤੇ ਗੱਲ ਕਰਦਿਆਂ ਅਕਸਰ ਸਾਰਾ ਪਰਿਵਾਰ

ਭਾਵੁਕ ਹੋ ਜਾਂਦਾ ਤੇ ਘਰ ਦਾ ਕੁੱਤਾ ਵੀ ਸੂਬੇਦਾਰ ਦੀ ਆਵਾਜ਼ ਸੁਣ ਕੇ ਹੀ ਰੋਟੀ ਖਾਂਦਾ। ਮਨੱਖ ਤੋਂ ਜਾਨਵਰ ਤੱਕ ਦੀ ਸੰਵੇਦਨਾ ਇਸ ਸੰਘਰਸ਼ ਦੀਆਂ ਔਖੀਆਂ ਵਾਟਾਂ ਵੱਲ ਇਸ਼ਾਰਾ ਦਿੰਦੀ ਹੈ। ਕਹਾਣੀ ਪਾਠ ਵਿੱਚ ਜਦ ਸੂਬੇਦਾਰ ਦਾ ਜਵਾਈ ਕਰੋਨੇ ਜਿਹੀ ਮਹਾਂਮਾਰੀ ਵਿੱਚ ਮਰ ਜਾਂਦਾ ਹੈ ਤਾਂ ਸੂਬੇਦਾਰ ਉਸ ਦੇ ਦਾਹ ਸੰਸਕਾਰ ’ਤੇ ਪੁੱਜ ਨਾ ਸਕਿਆ ਕਿਉਂਕਿ ਸੰਘਰਸ਼ ਨੂੰ ਅਧੂਰੇ ਛੱਡਣਾ ਉਸਦੀ ਗ਼ੈਰਤ ਦਾ ਹਿੱਸਾ ਨਹੀਂ। ਜਦੋਂ ਪਿਆਰੋ ਨੂੰ ਸੂਬੇਦਾਰ ਦੇ ਕਰੋਨਾ ਹੋਣ ਦੀ ਖ਼ਬਰ ਮਿਲਦੀ ਤਾਂ ਉਹ ਪਰਿਵਾਰ ਸਮੇਤ ਉਸਨੂੰ ਮਿਲਣ ਦਿੱਲੀ ਜਾਣਾ ਆਪਣੇ ਜੀਵਨ ਸਾਥੀ ਪ੍ਰਤੀ ਸਨੇਹ ਤੇ ਚਿੰਤਾ ਦਾ ਭਾਵ ਪ੍ਰਗਟਾਉਂਦਾ ਹੈ। ਲੇਖਕ ਦੁਆਰਾ ਦਿੱਲੀ ਦੇ ਸ਼ੰਭੂ ਬਾਰਡਰ ਪ੍ਰਤੀ ਜੋ ਸਥਾਨਕ ਰੰਗਣ ਦਿੱਤੀ ਗਈ ਉਸ ਤੋਂ ਕਿਸਾਨਾਂ ਦੇ ਸੰਘਰਸ਼ ‘ਤੇ ਤੰਗੀਆ ਦਾ ਅਹਿਸਾਸ ਪਾਠਕ ਮਨ ’ਤੇ ਡੂੰਘਾ ਅਸਰ ਪਾਉਂਦਾ ਹੈ। ਪਿਆਰੋ ਬਾਰ-ਬਾਰ ਸੂਬੇਦਾਰ ਨੂੰ ਜਵਾਈ ਦੇ ਭੋਗ ‘ਤੇ ਸ਼ਾਮਿਲ ਹੋਣ ਲਈ ਤਰਲੇ ਕਰਦੀ ਹੈ। ਕਹਾਣੀ ਦੇ ਅੰਤ ਵਿੱਚ ਪਿਆਰੋ ਅਜੇ ਦਿੱਲੀ ਤੋਂ ਘਰ ਹੀ ਪਰਤੀ ਕਿ ਅਚਾਨਕ ਪਿੰਡ ਵਿਚਲਾ ਰੌਲਾ “ਮੋਦੀ.....ਹਾ....ਰ ਗਿਆ ਤੇ ਸਾਡਾ ਤਾਇਆ ਜਿੱਤ ਗਿਆ।[7] ਦੀ ਆਵਾਜ਼ ਪਿਆਰੋ ਦੇ ਚਿਹਰੇ ’ਤੇ ਖ਼ੁਸ਼ੀ ਲੈ ਆਉਂਦੀ ਹੈ। ਬਿਰਤਾਂਤ ਵਿੱਚ ਅਚਾਨਕ ਫੋਟੋ ਨਾਲ ਸੂਟਕੇਸ ਡਿੱਗਣ ’ਤੇ ਕਿਸਾਨੀ ਸੰਘਰਸ਼ ਲਈ ਇਕੱਤਰ ਕੀਤੇ ਪੈਸਿਆਂ ਦੇ ਲਿਫ਼ਾਫੇ ਪਿਆਰੋ ਦੇ ਮਨ ਵਿੱਚ ਆਪਣਾ ਨਿੱਜੀ ਦੁੱਖ ਵਿਸਾਰ ਦਿੰਦੇ ਹਨ ਤੇ ਉਹ ਵੀ ਸੂਬੇਦਾਰ ਵੱਲੋਂ ਕੀਤੇ ਕਿਸਾਨੀ ਸੰਘਰਸ਼ ਦੀ ਜਿੱਤ ਦੀ ਖ਼ੁਸ਼ੀ ਵਿੱਚ ਸ਼ਾਮਿਲ ਹੁੰਦੀ ਹੈ। ਕਹਾਣੀ ਦੀ ਬਣਤਰ ’ਤੇ ਬੁਣਤਰ ਵਿੱਚ ਸਮੂਹ ਜਨ-ਚੇਤਨਾ ਦੇ ਹਿੱਸਾ ਆਏ ਸੰਘਰਸ਼ ਵਿੱਚ ਸਧਾਰਨ ਮਨੁੱਖ ਦੀਆਂ ਅਸਧਾਰਨ ਪ੍ਰਾਪਤੀਆਂ ਅਤੇ ਨਿਸ਼ਠਾਵਾਨ ਜਿੱਤ ਦਾ ਹੁਲਾਰਾ ਪੇਸ਼ ਹੁੰਦਾ ਹੈ।

ਕੁਲਵਿੰਦਰ ਕੌਸ਼ਲ ਰਚਿਤ ਕਹਾਣੀ “ਬਿੱਛੂ ਬੂਟੀ” ਦਾ ਵਿਸ਼ਾ ਪਹਿਲੀਆ ਕਹਾਣੀਆਂ ਤੋਂ ਭਿੰਨਤਾ ਵਾਲਾ ਹੈ। ਉਤਮਪੁਰਖੀ ਬਿਰਤਾਂਤ ਸ਼ੈਲੀ ਅਧੀਨ ਮੈਂ ਪਾਤਰ (ਰਵਿੰਦਰ) ਸਹੁਰੇ ਘਰ ਵਿੱਚ ਵਿਚਰਦਿਆਂ ਰਾਤ ਸਮੇਂ ਆਪਣੇ ਕਮਰੇ ਵਿੱਚ ਕਿਸੇ ਹੋਰ ਵਿਅਕਤੀ ਦੀ ਆਮਦ ਦਾ ਭੈਅ ਸਿਰਜਦੀ ਹੈ। ਰਵਿੰਦਰ ਦਾ ਸੰਦੇਹ ਮਰਦ ਪ੍ਰਧਾਨ ਸਮਾਜ ਵਿੱਚ ਇਕੱਲਤਾ ਹੰਢਾਉਂਦੀ ਔਰਤ ਦੇ ਮਨੋਸੰਤਾਪ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਕਹਾਣੀ ਦੇ ਆਰੰਭ ਵਿੱਚ ਰਵਿੰਦਰ ਦੀ ਮਨੋਬਚਨੀ ਵਿੱਚ ਜਿਹੜੇ ਪ੍ਰਸੰਗ ਸਿਰਜੇ ਗਏ ਹਨ ਉਸ ਤੋਂ ਮਰਦ ਪ੍ਰਧਾਨ ਸਮਾਜ ਦੇ ਔਰਤ ਪ੍ਰਤੀ ਹਾਸ਼ੀਆਗ੍ਰਸਤ ਪੈਰਾਡਾਈਮ ਨਜ਼ਰ ਆਉਂਦੇ ਹਨ। ਪਾਠ-ਪ੍ਰਸੰਗ ਅਧੀਨ ਵਾਕ “ਸਾਰੇ ਇਹੋ ਕਹਿੰਦੇ ਨੇ ਕਿ ਮੇਰਾ ਦਿਮਾਗ ਹਿੱਲ ਗਿਆ। ਡਾਕਟਰ ਦਾ ਕਹਿਣਾ ਹੈ ਕਿ ਦੌਰਾ ਪੈਂਦਾ ਹੈ, ਬਾਬੇ ਦਾ ਕਹਿਣਾ ਹੈ ਕਿ ਓਪਰੀ ਕਸਰ ਹੈ, ਸਾਰੇ ਰਲ ਕੇ ਮੈਨੂੰ ਪਾਗਲ ਬਣਾਉਂਣ ’ਤੇ ਲੱਗੇ ਹਨ..... ਅੱਜ ਮੈਂ ਇਸ ਨੂੰ ਫੜ੍ਹ ਕੇ ਸਾਰਿਆ ਨੂੰ ਝੂਠੇ ਪਾ ਦੇਣਾ। ਮੈਂ ਮੂੰਹ ਵਿੱਚ ਬੁੜਬੜਾਈ।[8] ਸਪੱਸ਼ਟ ਕਰਦੇ ਹਨ ਕਿ ਕਹਾਣੀ ਵਿੱਚ ਮੈਂ ਪਾਤਰ ਆਪਣੀ ਮਾਨਸਿਕ ਸਬਲਤਾ ਨੂੰ ਸਥਾਪਿਤ ਕਰਨ ਲਈ ਚੌਗਿਰਦੇ ਨਾਲ ਮੂਕ ਯੁੱਧ ਕਰ ਰਹੀ ਹੈ। ਮੈਂ ਪਾਤਰ ਦੇ ਅਚੇਤਨ ਵਿੱਚ “ਰਾਤ ਨੂੰ ਕੋਈ ਮੇਰੇ ਕਮਰੇ ਵਿੱਚ ਆਉਂਦਾ ਹੈ।[9]” ਉਸ ਦੀ ਮਾਨਸਿਕਤਾ ਅੰਦਰ ਵੱਸਦੇ ਭੈਅ ਨੂੰ ਉਜਾਗਰ ਕਰਦਾ ਪਾਠਕ ਮਨ ਵਿੱਚ ਅਨੇਕਾਂ ਸੁਆਲ ਖੜੇ ਕਰਦਾ ਹੈ। ਪਾਠਕ ਦੀ ਰੌਚਕਤਾ

ਪਾਠ ਦੀਆ ਪਰਤਾਂ ਖੋਲ੍ਹਣ ਵਿੱਚ ਲੱਗੀ ਰਹਿੰਦੀ ਹੈ। ਪਿਛਲਝਾਤ ਵਿਧੀ ਰਾਹੀਂ ਲੇਖਕ ਮੈਂ ਪਾਤਰ (ਰਵਿੰਦਰ) ਅੰਦਰ ਲੁਕੇ ਭੈਅ ਦੇ ਸੱਚ ਦਾ ਬਿਰਤਾਂਤ ਸਿਰਜਦੀ ਹੈ। ਰਵਿੰਦਰ ਦੀ ਅਜਿਹੀ ਮਾਨਸਿਕਤਾ ਅਸਲ ਵਿੱਚ ਉਸ ਦੇ ਅਨਜੋੜ ਵਿਆਹ ਦੀ ਉਪਜ ਹੈ। ਰਵਿੰਦਰ ਦਾ ਪਤੀ ਮੰਦਬੁੱਧੀ ਹੋਣ ਕਰਕੇ ਜਦੋਂ ਉਹ ਨਵ-ਵਿਆਹੀ ਸਹੁਰੇ ਘਰ ਆਉਂਦੀ ਹੈ ਤਾਂ ਉਸਦੇ ਮਰਦ ਰਿਸ਼ਤੇਦਾਰਾਂ ਦਾ ਰਵੱਈਆ ਉਸ ਅੰਦਰ ਭੈਅ ਪਾ ਦਿੰਦਾ ਹੈ ਉਹ ਹਰ ਸਮੇਂ ਡਰੀ-ਘਬਰਾਈ ਆਪਣੇ ਆਪ ਦਾ ਬਚਾਅ ਕਰਦੀ।[10] ਕਥਾ ਵਿੱਚ ਅਜਿਹੇ ਮਰਦ ਜਿਥੇ ਉਸ ਅੰਦਰ ਭੈਅ ਸਿਰਜਦੇ ਨਾਲ ਹੀ ਉਸ ਅੰਦਰ ਵੱਸਦੀ ਕਾਮੁਕ ਅੱਗ ਨੂੰ ਤੇਜ਼ ਕਰ ਜਾਂਦੇ ਤੇ ਉਹ ਦਿਨ 'ਚ ਕਿਨੀ ਹੀ ਵਾਰ ਆਪਣੇ ਸਰੀਰ ਤੇ ਠੰਡਾ ਪਾਣੀ ਪਾਉਂਦੀ ਅਜਿਹਾ ਵਰਤਾਰਾ ਰਵਿੰਦਰ ਲਈ ਵਿਆਹੁਤਾ ਜੀਵਨ ਦੀਆਂ ਔਖੀਆਂ ਵਾਟਾਂ ਜਾਪਦਾ। ਸੁਹਾਗ ਰਾਤ ਦੇ ਸੁਪਨੇ ਅਧੂਰਾ ਰਹਿਣਾ ਕਦੀ-ਕਦੀ 'ਭਰਜਾਈ' ਕਹਿ ਕੇ ਉਸ ਪ੍ਰਤੀ ਦੋਹਰਾ ਵਿਹਾਰ ਰੱਖਣ ਵਾਲੇ ਰਿਸ਼ਤੇਦਾਰਾਂ ਦੀ ਉਡੀਕ ਵੀ ਰੱਖਦਾ ਪਰ ਘਰ ਵਿੱਚ ਸੱਸ-ਸਹੁਰਾ ਦਾ ਸਾਇਆ ਹੋਣ ਕਾਰਣ ਅਜਿਹਾ ਕੁਝ ਨ ਵਾਪਰਦਾ। ਮਰਦ ਪ੍ਰਤੀ ਉਸ ਦੀ ਸੋਚ ਇੰਨ੍ਹੀ ਸੰਦੇਹ ਪੂਰਵਕ ਹੋ ਜਾਂਦੀ ਹੈ ਕਿ ਉਹ ਸਹੁਰੇ ਪ੍ਰਤੀ ਵੀ ਸੰਦੇਹ ਭਾਵਨਾ ਵਿੱਚ ਵਿਚਰਦੀ ਹੈ। ਪੇਕੇ ਘਰ ਵਿਚਲੀ ਆਰਥਿਕ ਗਰੀਬੀ ਤੇ ਪਿਤਾ ਵੱਲੋਂ ਕੀਤਾ ਜਾਂਦਾ ਵਿਤਕਰਾ ਉਸ ਦੇ ਮਨ ਵਿੱਚ ਜਿਹੜੇ ਹਾਸ਼ੀਏ ਛੱਡ ਗਿਆ ਉਹ ਉਸਦੀ ਖੰਡਿਤ ਮਾਨਸਿਕਤਾ ਦਾ ਹਿੱਸਾ ਬਣਦੇ ਗਏ। ਪੇਕੇ ਉਹ ਚਾਰ ਭੈਣਾਂ ਸਨ। ਪਿਤਾ ਪੁੱਤਰ ਦੀ ਅਪ੍ਰਾਪਤੀ ਕਾਰਣ ਸ਼ਰਾਬ ਪੀਂਦਾ ਤੇ ਆਪਣਾ ਸਾਰਾ ਗੁੱਸਾ ਧੀਆਂ 'ਤੇ ਕੱਢਦਾ। ਘਰ ਵਿੱਚ ਮਾਂ ਉਹਨਾਂ ਦੀ ਹਾਮੀ ਭਰਦੀ ਪਰ ਪਿਤਾ ਵੱਲੋਂ ਬੋਲੇ ਵਾਕ "ਨਹੀਂ ਸਾਹ ਵੀ ਨਾ ਕੱਢਣ ਜਦੋਂ ਚੰਦ ਚੜ੍ਹਿਆ ਕੋਈ ਫਿਰ ਪਤਾ ਲੱਗੂ।[11]" ਉਹਨਾਂ ਉੱਪਰ ਸਮਾਜਕ ਕਦਰਾਂ-ਕੀਮਤਾਂ ਦੀਆਂ ਬੰਦਿਸ਼ਾਂ ਲਾਗੂ ਕਰ ਦਿੱਤੀਆਂ। ਚਾਰੇ ਭੈਣਾਂ ਪੜ੍ਹ ਲਿਖ ਕੇ ਉੱਚੇ ਅਹੁਦਿਆਂ ਦੇ ਸੁਪਨੇ ਸਿਰਜਦੀਆਂ। 'ਸੁਪਨੇ ਲੈਣਾ ਤੇ ਜੀਊਣਾ ਮਨੁੱਖ ਦੇ ਮਨੁੱਖ ਹੋਣ ਦੀ ਪਛਾਣ ਹੈ ਪਰ ਇਨ੍ਹਾਂ ਦੀ ਤਕਮੀਲ ਜਿਵੇਂ ਉਹ ਚਾਹੁੰਦਾ ਤੇ ਕਲਪਦਾ ਹੈ, ਜ਼ਿੰਦਗੀ ਦੀ ਹਕੀਕਤਾ ਦਾ ਹਿੱਸਾ ਨਹੀਂ ਬਣਦੀ। ਬਹੁਤ ਕੁੱਝ ਬਸ ਹਸਰਤ ਬਣ ਕੇ ਰਹਿ ਜਾਂਦਾ ਹੈ।'[12] ਰਵਿੰਦਰ ਦੇ ਪਿਤਾ ਦੀ ਬਿਮਾਰੀ ਤੇ ਫਿਰ ਮੌਤ ਨੇ ਉਸ ਦੀ ਮਾਂ 'ਤੇ ਜ਼ਿੰਮੇਵਾਰੀਆਂ ਦਾ ਅਜਿਹਾ ਬੋਝ ਧਰਿਆ ਕਿ ਬੀ.ਐੱਡ. ਕਰਕੇ ਟੀਚਰ ਬਣਨ ਦਾ ਸੁਪਨਾ ਅਧੂਰਾ ਰਹਿ ਗਿਆ। ਬਾਰ੍ਹਵੀਂ ਬਾਅਦ ਵਿਆਹ ਦਾ ਫ਼ੈਸਲਾ ਬੇਸ਼ੱਕ ਜੱਕੋ ਤੱਕੀ ਵਾਲਾ ਸੀ ਪਰ ਇਸ ਪਿੱਛੇ ਵਿਚੋਲੇ ਤੇ ਮਾਂ ਦੁਆਰਾ ਕੀਤੇ ਲਾਲਚ ਦਾ ਸਿੱਟਾ ਜਾਪਦਾ।[13] ਬਚਪਨ ਤੋਂ ਜੁਆਨੀ ਤੱਕ ਉਸਦੇ ਅਧੂਰੇ ਰਹਿ ਕੇ ਸੁਪਨਿਆ ਦੇ ਬੋਝ ਨੇ ਰਵਿੰਦਰ ਦੀ ਮਾਨਸਿਕਤਾ ਨੂੰ ਜਿਹੜੀਆਂ ਬੇਤਰਤੀਬੀਆਂ ਦਿੱਤੀਆਂ ਉਹ ਕਦੀ ਦੌਰੇ ਦੇ ਰੂਪ 'ਚ ਕਦੀ ਕਸਰ ਦੇ ਰੂਪ ਤੇ ਕਦੀ ਸ਼ੱਕ ਜਾਂ ਭੈਅ ਦੇ ਰੂਪ ਵਿੱਚ ਉਜਾਗਰ ਹੁੰਦੀਆ। ਘਰ ਵਿੱਚ ਏਕਨੂਰ ਧੀ ਦੀ ਆਮਦ 'ਤੇ ਰਵਿੰਦਰ ਉਸ ਦੇ ਚੰਗੇਰੇ ਭਵਿੱਖ ਦੀ ਕਾਮਨਾ ਕਰਦੀ ਪਰ ਸੱਸ ਵੱਲੋਂ ਆਪਣੇ ਇਕੱਲੇ ਪੁੱਤਰ ਦੇ ਦੁੱਖ ਨੂੰ ਸੁਣਦਿਆਂ ਜਦ ਸੱਸ ਸਹੁਰੇ ਵੱਲੋਂ ਘਰ ਦੇ ਚਿਰਾਗ ਦੀ ਮੰਗ ਕੀਤੀ ਜਾਂਦੀ ਹੈ ਤਾਂ ਉਸ ਨੂੰ ਆਪਣੀ ਮਨੋਸਥਿਤੀ ਮਾਂ ਵਰਗੀ ਜਾਪਦੀ। ਉਹ ਵੀ ਮਾਂ ਵਾਂਗ ਪੁੱਤਰ ਪ੍ਰਾਪਤੀ ਦੇ ਭੈਅ ਵਿੱਚ ਵਿਚਰਦੀ ਖ਼ੁਦ ਨੂੰ ਊਣਾ

ਮਹਿਸੂਸ ਕਰਦੀ ਹੈ। ਲੇਖਕ ਦੀ ਕਲਮ ਔਰਤ ਮਨ ਦੀ ਸੂਖ਼ਮਤਾ ਨੂੰ ਇੰਨੀ ਪ੍ਰਬੀਨਤਾ ਨਾਲ ਪੇਸ਼ ਕਰਦੀ ਹੈ ਕਿ ਕਥਾ ਦੀ ਜੋਤ ਤੇ ਜੁਗਤ ਦੋਵੇਂ ਹੀ ਸਾਡੇ ਸਮਾਜ ਵਿੱਚ ਵਿਚਰਦੀ ਔਰਤ ਦੇ ਹਾਸ਼ੀਆਗ੍ਰਸਤ ਜੀਵਨ ਵਿਹਾਰ ਨੂੰ ਚਿਤਰਣ ਵਿੱਚ ਸਫ਼ਲ ਹੋਈ ਪ੍ਰਤੀਤ ਹੁੰਦੀ ਹੈ।

ਪ੍ਰਵਚਨ ਵਿੱਚ ਨਿਹਿਤ ਕਹਾਣੀਆਂ ਵਿੱਚ ਦਰਪੇਸ਼ ਮਸਲੇ ਸਧਾਰਨ ਮਨੁੱਖ ਦੀ ਜ਼ਿੰਦਗੀ ਵਿਚਲੇ ਸੰਘਰਸ਼ਾਂ ਵਰਗੇ ਜਾਪਦੇ ਹਨ। ਰਖਵਾਲਾ ਦੂਤ ਕਹਾਣੀ ਵਿੱਚ ਕਾਲ ਅਤੇ ਗਰੀਬੀ ਉੱਤੇ ਹਿੰਮਤ ਦੀ ਜਿੱਤ ਦਰਸਾਈ ਹੈ ਤੇ ਦੂਜੇ ਭਾਗ ਵਿੱਚ ਸ਼ਾਰਿਕ (ਕੁੱਤੇ) ਦਾ ਰਖਵਾਲਾ ਦੂਤ ਬਣਨਾ ਬਿਰਤਾਂਤ ਮਨੁੱਖੀ ਅਹਿਸਾਸਾਂ ਦੇ ਤਾਣੇ ਬਾਣੇ ਵਿੱਚੋਂ ਉਪਜਿਆ ਪ੍ਰਤੀਤ ਹੁੰਦਾ ਹੈ। "ਸੂਟ ਕੇਸ"ਕਹਾਣੀ ਵਿੱਚ ਕਿਸਾਨੀ ਅੰਦੋਲਨ ਵਿੱਚ ਡਟੇ ਕਿਸਾਨਾਂ ਦੇ ਸੰਘਰਸ਼ ਤੇ ਸਧਾਰਨ ਜਨਤਾ ਲਈ ਕੀਤੇ ਉਪਰਾਲੇ ਉਹਨਾਂ ਅੰਦਰ ਵੱਸਦੀ ਪੰਜਾਬੀਅਤ 'ਤੇ ਹੱਕ ਦੀ ਲੜਾਈ ਵਿੱਚ ਜਿੱਤ ਦੇ ਝੰਡੇ ਬੁਲੰਦ ਕਰਨ ਦੀ ਸਮਰੱਥਾ ਨੂੰ ਪੇਸ਼ ਕਰਦੇ ਹਨ। ਕਹਾਣੀ ਦੇ ਪਾਤਰ ਕਿਰਤੀ ਵਰਗ ਦੇ ਪਰਿਵਾਰਾਂ ਦੀ ਜੀਵਨ ਰੋਅ ਨੂੰ ਬੜੀ ਸਹਿਜਤਾ ਨਾਲ ਪੇਸ਼ ਕਰਦੇ ਹਨ। ਕਹਾਣੀ "ਕੋਠਾ"ਆਰਥਿਕ ਮਜ਼ਬੂਰੀਆਂ ਵਿੱਚ ਜੂਝਦੇ ਮਜ਼ਦੂਰ ਦੇ ਜੀਵਨ ਨੂੰ ਪੇਸ਼ ਕਰਦੀ ਹੈ ਪਰ ਕਿਰਤੀ ਵਰਗ ਦਾ ਹਿੱਸਾ ਹੋਣ ਕਰਕੇ ਹਰ ਹੀਲੇ ਜ਼ਰੂਰਤ ਮਈ ਸੁਪਨਿਆਂ ਦੀ ਸਮੂਰਤਤਾ ਉਹਨਾਂ ਦੇ ਜੀਵਨ ਪ੍ਰਾਕਰਮ ਨੂੰ ਪੇਸ਼ ਕਰਕੇ ਪਾਠਕ ਨੂੰ ਹਿੰਮਤ ਨਾ ਹਾਰਨ ਦਾ ਸੁਨੇਹਾ ਦਿੰਦੀ ਹੈ। "ਬਿੱਛੂ ਬੂਟੀ"ਕਹਾਣੀ ਵਿੱਚ ਔਰਤ ਮਨ ਦੀਆਂ ਤਨਜ਼ਾਂ ਨੂੰ ਬੜੀ ਮਹੀਨਤਾ ਨਾਲ ਪੇਸ਼ ਕੀਤਾ ਹੈ। ਮੱਧਵਰਗੀ ਵਿੱਚ ਪਹਿਲਾਂ ਕੁੜੀ ਹੋਣਾ ਤੇ ਫਿਰ ਮੰਦਬੁੱਧੀ ਪਤੀ ਦੀ ਪਤਨੀ ਅਤੇ ਸਮਾਜ ਵੱਲੋਂ ਪਰਿਵਾਰਕ ਇਕਾਈ ਦੀ ਸੰਪੂਰਨਤਾ ਲਈ 'ਇੱਕ ਬੇਟੀ ਇੱਕ ਬੇਟਾ' ਦਾ ਫ਼ਲਸਫ਼ਾ ਮਨੁੱਖ ਦੁਆਰਾ ਔਰਤ ਲਈ ਸਿਰਜੇ ਹਾਸ਼ੀਆਗ੍ਰਸਤ ਸਮਾਜ ਦਾ ਪ੍ਰਗਟਾਵਾ ਕਰਦੀ ਹੈ। ਔਰਤ ਸਾਰੇ ਸਮਾਜਿਕ ਆਰਥਿਕ ਯੁੱਧ ਤਾਂ ਲੜ ਲੈਂਦੀ ਹੈ ਪਰ ਪੁੱਤਰ ਪ੍ਰਾਪਤੀ ਦੀ ਅਸਫ਼ਲਤਾ ਜਾਂ ਪੁੱਤਰ ਪ੍ਰਾਪਤੀ ਦੀ ਕਾਮਨਾ ਉਸ ਅੰਦਰ ਵੱਸਦੀ ਇਨਸਾਨੀਅਤ ਅਤੇ ਔਰਤ ਅਸਤਿਤਵ ਪ੍ਰਤੀ ਅਨੰਤ ਸਵਾਲ ਖੜ੍ਹੇ ਕਰ ਦਿੰਦੀ ਹੈ ਜਿੰਨ੍ਹਾਂ ਵਿਚਕਾਰ ਉਸ ਦੀ ਮਾਨਸਿਕਤਾ ਅਨੇਕਾਂ ਚੋਟਾਂ ਖਾਂਦੀ, ਸੰਘਰਸ਼ ਕਰਦੀ ਤੇ ਫਿਰ ਅਧੂਰੇਪਨ ਦੇ ਅਹਿਸਾਸ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲੈਂਦੀ ਹੈ। ਕਹਾਣੀਆਂ ਦੀ ਬਣਤਰ ਤੇ ਬੁਣਤਰ ਦੀਆਂ ਤੰਦਾਂ ਅਜੋਕੇ ਮਨੁੱਖ ਦੀ ਹੋਂਦ ਤੇ ਹੋਣੀ ਦੇ ਦੁਖਾਂਤ ਵਿਚਲੇ ਜੀਵਨ ਸੰਘਰਸ਼ ਨੂੰ ਚਿਤਰਣ ਵਿੱਚ ਸਫ਼ਲ ਹਨ।

## ਹਵਾਲੇ ਤੇ ਟਿੱਪਣੀਆਂ


1. ਜੋਗਿੰਦਰ ਸਿੰਘ ਰਾਹੀ, ਜੋਤ-ਜੁਗਤ ਕੀ ਬਾਰਤਾ, ਪੰਨਾ 56
2. ਪ੍ਰਵਚਨ, ਅੰਕ 96, ਪੰਨਾ 43
3. ਜੋਗਿੰਦਰ ਸਿੰਘ ਰਾਹੀ, ਮਸਲੇ ਗਲਪ ਦੇ, ਪੰਨਾ 15
4. ਪ੍ਰਵਚਨ, ਅੰਕ ਉਹੀ, ਪੰਨਾ 81
5. ਭੈਣ ਮਰਾਗਿਆ ਅਗਨੀਵੀਰ, ਚਹੁੰ ਸਾਲਾਂ ਦੇ ਲਾਲਚ 'ਚ ਪੁੱਤ ਥੋੜ੍ਹੀ ਮਰਵਾਉਣਾ। ਬਲਵੰਤ ਫ਼ਰਵਾਲੀ, "ਕੋਠਾ , ਪ੍ਰਵਚਨ (ਅੰਕ 96), ਪੰਨਾ 61

6. ਓਹੀ, ਪੰਨਾ 91
7. ਅਵਤਾਰ ਸਿੰਘ ਓਠੀ, "ਸੂਟ ਕੇਸ," ਪ੍ਰਵਚਨ (ਅੰਕ 96) ਪੰਨਾ 79
8. ਕੁਲਵਿੰਦਰ ਕੌਸ਼ਲ, "ਬਿੱਛੂ ਬੂਟੀ , ਪ੍ਰਵਚਨ ਅੰਕ 96, ਪੰਨਾ 92
9. ਓਹੀ, ਪੰਨਾ 92
10. ਘਰੇ ਆਉਂਦਾ ਹਰ ਮਰਦ ਮੈਨੂੰ ਇਸ ਤਰ੍ਹਾਂ ਦੇਖਦਾ ਜਿਵੇਂ ਮੈਂ ਕੋਈ ਸ਼ਾਮਲਾਟ ਦੀ ਜ਼ਮੀਨ ਹੋਵਾਂ ਤੇ ਉਸਦਾ ਮੇਰੇ ਉੱਪਰ ਕਬਜ਼ਾ ਕਰਨਾ ਜੱਦੀ ਹੱਕ ਹੋਵੇ। ਓਹੀ, ਪੰਨਾ 96
11. ਓਹੀ, ਪੰਨਾ 93.
12. ਜੋਗਿੰਦਰ ਸਿੰਘ ਰਾਹੀਂ, ਮਸਲੇ ਗਲਪ ਦੇ , ਪੰਨਾ 15
13. "ਮਾਂ ਜਕੋ ਤਕੀ ਵਿੱਚ ਸੀ, ਇਸ ਤੋਂ ਪਹਿਲਾਂ ਕਿ ਮਾਂ ਕੁੱਝ ਮੂੰਹੋਂ ਬੋਲਦੀ ਉਸਨੇ ਫਿਰ ਗੱਲ ਸਿੱਟੀ" ਮੈਂ ਕਹਿਣਾ ਭੋਰਾ ਵੀ ਨਾ ਸੋਚੋ ਇਹ ਵੀ ਦੇਖੋ ਤੁਹਾਡੀ ਅੱਧੀ ਕਬੀਲਦਾਰੀ ਤਾਂ ਹੁਣੇ ਨਿਬੜਦੀ ਹੈ, ਰਹਿੰਦੀਆਂ ਦੋਵੇਂ ਛੋਟੀਆਂ ਜਦੋਂ ਤੱਕ ਵਿਆਹੁਣ ਜੋਗੀਆਂ ਹੋਈਆਂ ਆਪਣੀ ਰਵਿੰਦਰ ਨੇ ਉਦੋਂ ਤੱਕ ਸਾਰਾ ਘਰ ਆਪਣੇ ਹੱਥ ਕਰ ਲੈਣਾ ਫਿਰ ਜਿਵੇਂ ਮਰਜੀ ਵਿਆਹੇ ਆਪਣੀਆਂ ਭੈਣਾਂ ਨੂੰ। ਕੁਲਵਿੰਦਰ ਕੌਸ਼ਲ, "ਬਿੱਛੂ ਬੂਟੀ , ਪ੍ਰਵਚਨ (ਅੰਕ 96), ਪੰਨਾ 95


## ਬਲਬੀਰ ਪਰਵਾਨਾ ਦਾ ਨਾਵਲੀ ਸੰਸਾਰ




ਬਲਬੀਰ ਪਰਵਾਨਾ ਪੰਜਾਬੀ ਨਾਵਲ ਸਿਰਜਣਕਾਰੀ ਦੇ ਖੇਤਰ ਵਿਚ ਇਕ ਅਜਿਹਾ ਨਾਵਲਕਾਰ ਹੈ ਜਿਹੜਾ ਵਿਧਾਗਤ ਪਰਿਵਰਤਨ ਦਾ ਵਾਹਕ ਰਿਹਾ ਹੈ। ਗਲਪਕਾਰੀ ਦੇ ਖੇਤਰ ਵਿਚ ਉਹ ਮਿੰਨੀ ਕਹਾਣੀ ਤੋਂ ਸ਼ੁਰੂ ਕਰਕੇ ਕਹਾਣੀ ਅਤੇ ਨਾਵਲਿਟ ਰਾਹੀਂ ਨਾਵਲ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਉਹ ਪੰਜਾਬੀ ਸਮਾਜ ਦੀ ਹਰੇ ਇਨਕਲਾਬ ਤੋਂ ਬਾਅਦ ਦੀ ਵਾਸਤਵਿਕਤਾ ਨੂੰ ਨਾਵਲਕਾਰੀ ਦਾ ਅਧਾਰ ਬਣਾਉਂਦਾ ਹੈ। ਅਜਿਹਾ ਕਰਦੇ ਹੋਏ ਉਸ ਦੀ ਸਿਰਜਣਕਾਰੀ ਦਾ ਕੇਂਦਰ ਮਨੁੱਖੀ ਵਿਹਾਰ ਬਣਦਾ ਹੈ। ਇਸ ਵਿਹਾਰ ਵਿਚੋਂ ਅਜੋਕੇ ਸਮਾਜ ਦੀ ਜੀਵਨ-ਜਾਚ ਦਾ ਵਿਹਾਰਕ ਮਾਡਲ ਸਾਹਮਣੇ ਆਉਂਦਾ ਹੈ। ਇਸ ਮਾਡਲ ਵਿਚੋਂ ਜਿਹੜਾ ਪੰਜਾਬੀ ਮਨੁੱਖ ਸਾਹਮਣੇ ਆਉਂਦਾ ਹੈ ਉਹ ਰਿਸ਼ਤਿਆਂ ਵਿਚਲੇ ਹਰ ਆਦਰਸ਼ ਤੋਂ ਮੁਕਤ ਹੈ। ਉਹ ਜਿਸ ਇਲਾਕਾਈ ਪਰਿਵੇਸ਼ ਨੂੰ ਚੁਣਦਾ ਹੈ ਉਸ ਰਾਹੀਂ ਸਮੁੱਚੇ ਪੰਜਾਬੀ ਸਭਿਆਚਾਰਕ ਵਿਹਾਰ ਨੂੰ ਸੰਬੋਧਿਤ ਹੁੰਦਾ ਹੈ। ਉਸ ਦੇ ਸਿਰਜਣੀ ਵਰਤਾਰੇ ਨੂੰ 'ਬਹੁਤ ਸਾਰੇ ਚੁਰਸਤੇ' ਤੋਂ ਲੈ ਕੇ 'ਸ਼ੋਅ-ਰੂਮ' ਤਕ ਦੇ ਸਫ਼ਰ ਰਾਹੀਂ ਸਮਝਿਆ ਜਾ ਸਕਦਾ ਹੈ। -ਰਜਨੀਸ਼ ਬਹਾਦਰ ਸਿੰਘ

# ਸਮਕਾਲੀ ਸਾਹਿਤ ਨੂੰ ਵਾਚਦਿਆਂ

(1) ਵਰਿਆਮ ਸਿੰਘ ਸੰਧੂ, ਵੇਖਿਆ, ਜਾਣਿਆ ਸੋਹਣ ਸਿੰਘ ਸੀਤਲ, (ਜੀਵਨੀ-ਵਾਰਤਕ) ਸੰਗਮ ਪਬਲੀਕੇਸ਼ਨ, ਸਮਾਨਾ, 2024

(2) ਬਲਬੀਰ ਪਰਵਾਨਾ, ਰੌਲ਼ਿਆਂ ਵੇਲੇ (ਨਾਵਲ), ਲੋਕ ਗੀਤ ਪ੍ਰਕਾਸ਼ਨ, ਮੋਹਾਲੀ, 2024

(3) ਰਘਬੀਰ ਸਿੰਘ ਮਾਨ, ਅੜੇ ਥੁੜੇ (ਨਾਵਲ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2024

(4) ਮੇਜਰ ਮਾਂਗਟ, ਬਲੈਕ ਆਈਸ (ਕਹਾਣੀ-ਸੰਗ੍ਰਹਿ), ਗ੍ਰੇਸ਼ੀਅਸ ਬੁਕਸ, ਪਟਿਆਲਾ, 2024

(5) ਦਰਸ਼ਨ ਜੋਗਾ, ਫਨੀਅਰ (ਕਹਾਣੀ-ਸੰਗ੍ਰਹਿ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2024

(6) ਅਲਫ਼ਾਜ਼, ਛਲਾਵਿਆਂ ਦੀ ਰੁੱਤ (ਕਹਾਣੀ-ਸੰਗ੍ਰਹਿ), ਕੁਕਨਸ ਪ੍ਰਕਾਸ਼ਨ, ਜਲੰਧਰ, 2024

ਵਰਿਆਮ ਸਿੰਘ ਸੰਧੂ ਪੰਜਾਬੀ ਸਾਹਿਤ ਖਾਸ ਕਰਕੇ ਕਹਾਣੀ ਵਿਚ ਵੱਡਾ ਨਾਮ ਹੈ ਜਿਸ ਨੇ ਗਿਣਨਾਤਮਕ ਨਹੀਂ ਸਗੋਂ ਗੁਣਾਤਮਕ ਪੱਖੋਂ ਪੰਜਾਬੀ ਕਹਾਣੀ ਨੂੰ ਇਕ ਨਵਾਂ ਰੂਪ ਦਿੱਤਾ ਤੇ ਵਿਧਾ ਪੱਖੋਂ ਕਈ ਤਜਰਬੇ ਕੀਤੇ। ਕਹਾਣੀ ਤੋਂ ਇਲਾਵਾ ਵਾਰਤਕ, ਜੀਵਨੀ, ਸ੍ਵੈ-ਜੀਵਨੀ ਤੇ ਗ਼ਦਰ ਲਹਿਰ ਦੇ ਇਤਿਹਾਸ ਦੇ ਖੇਤਰ ਵਿਚ ਵੀ ਜ਼ਿਕਰਯੋਗ ਕੰਮ ਕੀਤਾ ਹੈ। ਹੱਥਲੀ ਪੁਸਤਕ ਸੋਹਣ ਸਿੰਘ ਸੀਤਲ ਬਾਰੇ ਹੈ। ਵਿਧਾ ਦੇ ਲਿਹਾਜ਼ ਨਾਲ ਇਹ ਪੁਸਤਕ ਕਿਸੇ ਵੀ ਸਥਾਪਤ ਪੰਜਾਬੀ ਵਾਰਤਕ ਵਿਧਾ ਵਾਂਗ ਲਿਖੀ ਗਈ ਪੁਸਤਕ ਨਹੀਂ। ਇਹ ਪੁਸਤਕ ਪੰਜਾਬੀ ਦੇ ਵਿਲੱਖਣ ਤੇ ਇਕੱਲੇ ਉਸ ਸ਼ਖ਼ਸ ਬਾਰੇ ਹੈ, ਜਿਸ ਦਾ ਕਾਰਜ-ਖੇਤਰ ਪੰਜਾਬੀ ਦੇ ਬਾਕੀ ਸਾਰੇ ਲੇਖਕਾਂ ਨਾਲੋਂ ਵੱਖਰੀ ਭਾਂਤ ਦਾ ਹੈ। ਇਹ ਪੁਸਤਕ ਇਕ ਲਿਹਾਜ਼ ਨਾਲ ਉਸ ਮਹਾਨ ਸ਼ਖ਼ਸੀਅਤ ਨੂੰ ਇਕ ਸ਼ਰਧਾਂਜਲੀ ਵਾਂਗ ਹੈ। ਇਸ ਵਿਚ ਉਸ ਦੇ ਜੀਵਨ-ਵੇਰਵੇ ਵੀ ਹਨ, ਇਸ ਦੇ ਪੰਜਾਬੀ ਦੇ ਨਿਵੇਕਲੇ ਢਾਡੀ ਹੋਣ ਤੇ ਇਸ ਕਲਾ ਨੂੰ ਇਕ ਨਵਾਂ ਰੂਪ ਦੇਣ ਤੇ ਕਲਾਤਮਕ ਬੁਲੰਦੀਆਂ ਤੇ ਲੈ ਕੇ ਜਾਣ ਦਾ ਜ਼ਿਕਰ ਵੀ ਹੈ ਤੇ ਇਹ ਲੰਮਾ ਸਮਾਂ ਨਾਵਲਕਾਰ ਦੇ ਤੌਰ 'ਤੇ ਅਣਗੌਲੇ ਰੱਖੇ ਜਾਣ ਮਗਰੋਂ ਇਕ ਸਥਾਪਤ ਨਾਵਲਕਾਰ ਵਜੋਂ ਵੀ ਆਪਣੀ ਪਛਾਣ ਕਾਇਮ ਕਰਨ ਦਾ ਜ਼ਿਕਰ ਹੈ।

ਲੇਖਕ ਦਾ ਮਕਸਦ ਸੀਤਲ ਦੀ ਸ਼ਖ਼ਸੀਅਤ ਦੇ ਨਾਲ-ਨਾਲ ਉਸ ਸਮਾਜਕ-ਵਾਤਾਵਰਣ ਨੂੰ ਵੀ ਸਮਝਣਾ ਤੇ ਪੇਸ਼ ਕਰਨਾ ਹੈ ਜਿਸ ਵਿਚੋਂ ਉਸਦੀ ਅਜੇਹੀ ਸ਼ਖ਼ਸੀਅਤ ਦੇ ਵਿਗਸਣ ਦੀਆਂ ਸੰਭਾਵਨਾਵਾਂ ਪੈਦਾ ਹੋਈਆਂ। ਆਜ਼ਾਦੀ ਤੋਂ ਪਹਿਲਾਂ ਦੇ ਪੇਂਡੂ ਜੀਵਨ ਬਹੁਤ ਸਾਰੇ ਵੇਰਵੇ ਇਸ ਪੁਸਤਕ 'ਚੋਂ ਮਿਲਦੇ ਸਨ। ਪੁਸਤਕ ਵਿਚਲੇ ਕੁਝ ਵੇਰਵੇ ਖ਼ੁਦ ਸੀਤਲ ਦੀ ਜ਼ੁਬਾਨੀ ਹਨ ਤੇ ਕੁਝ ਲੇਖਕ ਨੇ ਉਨ੍ਹਾਂ ਦੇ ਹਵਾਲੇ ਨਾਲ ਪੇਸ਼ ਕੀਤੇ ਹਨ। ਸੀਤਲ ਸਿਰਫ਼ ਇਕ ਢਾਡੀ ਵਜੋਂ ਹੀ ਨਹੀਂ। ਸਗੋਂ ਉੱਚੇ ਜੀਵਨ-ਮੁੱਲਾਂ ਵਾਲੇ ਵਿਅਕਤੀ ਵਜੋਂ ਪੇਸ਼ ਹੁੰਦਾ ਹੈ।

ਸੀਤਲ ਨੇ ਨਿਰੰਤਰ ਮਿਹਨਤ ਨਾਲ ਸਿੱਖ ਇਤਿਹਾਸ ਤੇ ਖੋਜ ਕਰਕੇ ਇਸ ਨੂੰ ਆਪਣੀ

ਢਾਡੀ ਕਲਾ ਦਾ ਹਿੱਸਾ ਬਣਾਇਆ। ਇਸ ਤਰ੍ਹਾਂ ਉਸ ਨੇ ਆਪਣੇ ਢੰਗ ਨਾਲ ਸਿੱਖ ਇਤਿਹਾਸ ਨੂੰ ਆਮ ਲੋਕਾਈ ਦੀ ਮਾਨਸਿਕਤਾ ਦਾ ਹਿੱਸਾ ਬਣਾਇਆ ਤੇ ਉਸਦੀ ਇਹ ਦੇਣ ਸ਼ਾਇਦ ਸਭ ਸਿੱਖ ਸੰਸਥਾਵਾਂ ਨਾਲੋਂ ਕਿਤੇ ਵਡੇਰੀ ਹੈ। ਇਸ ਤੋਂ ਇਲਾਵਾ ਸੀਤਲ ਦੀ ਸ਼ਖ਼ਸੀਅਤ ਦਾ ਇਕ ਹੋਰ ਪੱਖ ਵੀ ਇਸ ਪੁਸਤਕ ਵਿਚੋਂ ਉਜਾਗਰ ਹੁੰਦਾ ਹੈ; ਉਹ ਹੈ ਉਸਦੀ ਗੀਤਕਾਰੀ ਦਾ। ਉਸਦੇ ਗੀਤ ਉਸ ਦੇ ਜੀਂਦੇ, ਜੀ ਹੀ ਲੋਕ-ਗੀਤਾਂ ਦਾ ਦਰਜਾ ਧਾਰਨ ਕਰ ਗਏ। ਉਸ ਦੇ ਨਾਲ ਵੀ ਆਜ਼ਾਦੀ ਦੇ ਆਲੇ-ਦੁਆਲੇ ਵਾਲੇ ਕਾਲ ਦਾ ਜਿਸ ਢੰਗ ਨਾਲ ਚਿਤ੍ਰਣ ਕਰਦੇ ਹਨ, ਉਹ ਵੀ ਪੰਜਾਬੀ ਨਾਵਲ ਵਿਚ ਨਿਵੇਕਲਾ ਹੈ, ਖ਼ਾਸ ਕਰਕੇ ਮੁਸਲਿਮ ਭਾਈਚਾਰੇ ਬਾਰੇ। ਇਸ ਲਿਹਾਜ਼ ਨਾਲ ਇਹ ਪੁਸਤਕ ਸੋਹਣ ਸਿੰਘ ਸੀਤਲ ਦੀ ਸ਼ਖ਼ਸੀਅਤ, ਉਸਦੀ ਸਿਰਜਣਾਤਮਿਕਾ ਨੂੰ ਜਿਸ ਢੰਗ ਨਾਲ ਪੇਸ਼ ਕਰਦੀ ਹੈ, ਉਸ ਤੋਂ ਆਮ ਪਾਠਕ ਬਹੁਤ ਪ੍ਰਭਾਵਿਤ ਹੁੰਦਾ ਹੈ, ਇਹੀ ਇਸ ਪੁਸਤਕ ਦੀ ਪ੍ਰਾਪਤੀ ਹੈ।

ਬਲਬੀਰ ਪਰਵਾਨਾ ਬਹੁ-ਵਿਧਾਈ ਲੇਖਕ ਹੈ, ਪਰ ਪਿਛਲੇ ਕੁਝ ਸਮੇਂ ਤੋਂ ਉਹ ਨਾਵਲ ਦੇ ਖੇਤਰ ਵਿਚ ਹੀ ਸਰਗਰਮ ਹੈ। ਉਸ ਨੇ ਆਪਣੇ ਵਿਭਿੰਨ ਨਾਵਲਾਂ ਵਿਚ ਆਜ਼ਾਦੀ ਤੋਂ ਬਾਅਦ ਤੇ ਖਾਸ ਕਰਕੇ ਹਰਾ ਇਨਕਲਾਬ ਤੋਂ ਬਾਅਦ ਦੇ ਤੇਜ਼ੀ ਗੱਲ ਬਦਲ ਰਹੇ ਪੰਜਾਬ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਉਸਦੀ ਇਹ ਪੇਸ਼ਕਾਰੀ ਪੰਜਾਬ ਦੇ ਸਮਾਜਕ-ਰਾਜਨੀਤਿਕ ਤੇ ਆਰਥਿਕ ਦ੍ਰਿਸ਼ ਦੇ ਨਾਲ-ਨਾਲ ਇੱਥੋਂ ਦੇ ਬਦਲ ਰਹੇ ਭੂ-ਦ੍ਰਿਸ਼ ਨੂੰ ਚਿਤ੍ਰਣ 'ਤੇ ਕੇਂਦ੍ਰਿਤ ਹੈ, ਇਹ ਤਬਦੀਲੀ ਉਸ ਵਿਕਾਸ ਮਾਡਲ ਦੀ ਦੇਣ ਹੈ ਜੋ ਕਾਰਪੋਰੇਟ ਕਲਚਰ ਰਾਹੀਂ ਇੱਥੋਂ ਦੇ ਕੁਦਰਤੀ ਜੀਵਨ ਨੂੰ ਤਹਿਸ-ਨਹਿਸ ਕਰ ਰਹੀ ਹੈ। ਉਹ ਇਨ੍ਹਾਂ ਤਬਦੀਲੀਆਂ ਲਈ ਮੁਕੇਰੀਆਂ ਦੇ ਆਲੇ-ਦੁਆਲੇ ਦੇ ਕੰਢੀ ਦੇ ਜੀਵਨ ਨੂੰ ਆਪਣਾ ਵਿਸ਼ਾ ਬਣਾਉਂਦਾ ਹੈ। ਉਸ ਦਾ ਨਵਾਂ ਨਾਵਲ 'ਰੌਲ਼ਿਆ ਵੇਲੇ' ਦੇਸ਼ ਵੰਡ ਤੇ ਆਬਾਦੀ ਦੇ ਤਬਾਦਲੇ 'ਤੇ ਕੇਂਦ੍ਰਿਤ ਹੈ। ਪੰਜਾਬੀ ਦਾ ਵਧੇਰੇ ਗਲਪ-ਸਾਹਿਤ ਆਪਣੇ ਆਲੇ-ਦੁਆਲੇ ਦੇ ਸਮਾਜਕ ਜੀਵਨ ਵਿਚੋਂ ਆਕਾਰ ਗ੍ਰਹਿਣ ਕਰਦਾ ਹੋਣ ਕਰਕੇ, ਅਨੁਭਵ ਕੇਂਦ੍ਰਿਤ ਹੈ। ਅਨੁਭਵ ਕੇਂਦ੍ਰਿਤ ਹੋਣ ਕਰਕੇ ਪ੍ਰਮਾਣਿਕ ਵੀ ਹੈ, ਪਰ ਉਸ ਦੀਆਂ ਕੁਝ ਸੀਮਾਵਾਂ ਵੀ ਹਨ। ਪਰ ਪਰਵਾਨੇ ਨੇ ਆਜ਼ਾਦੀ ਦੇ ਆਲੇ-ਦੁਆਲੇ ਦੇ ਪੰਜਾਬੀ ਜਨ-ਜੀਵਨ ਨੂੰ ਚਿਤ੍ਰਣ ਤੇ ਇਸ ਖਿੱਤੇ ਵਿਚ ਆਬਾਦੀ ਦੀ ਵੱਸੋਂ ਬਾਰੇ ਜਾਨਣ ਲਈ ਬਹੁਤ ਸਾਰੀ ਮਦਦ ਇਤਿਹਾਸਕ ਸਰੋਤਾਂ ਤੋਂ ਵੀ ਲਈ ਹੈ।

ਦੇਸ਼ ਵੰਡ ਬਾਰੇ ਪੰਜਾਬੀ ਵਿਚ ਬਹੁਤ ਸਾਰਾ ਸਾਹਿਤ ਰਚਿਆ ਗਿਆ ਹੈ, ਪਰ ਪੰਜਾਬ ਵੰਡ ਦੀ ਇਹ ਇਤਿਹਾਸਕ ਘਟਨਾ ਏਨੀ ਵਿਸ਼ਾਲ ਤੇ ਬਹੁ-ਪਰਤੀ ਹੈ ਕਿ ਫਿਰ ਵੀ ਬਹੁਤ ਕੁਝ ਪੇਸ਼ ਹੋਣ ਤੋਂ ਰਹਿ ਹੀ ਜਾਂਦਾ ਹੈ। ਕਿਉਂਕਿ ਇਸ ਵੰਡ ਨੇ ਸਦੀਆਂ ਤੋਂ ਤੁਰੀ ਆ ਰਹੀ ਜੀਵਨ-ਜਾਚ ਨੂੰ ਇਸ ਤਰ੍ਹਾਂ ਤਬਦੀਲ ਕੀਤਾ ਕਿ ਅੱਜ ਵੀ ਪੌਣੀ ਸਦੀ ਬਾਅਦ ਵੀ ਉਸ ਦੀ ਟੀਸ ਪੰਜਾਬੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਦੀ ਰਹਿੰਦੀ ਹੈ। ਇਕ ਪਾਸੇ ਆਜ਼ਾਦੀ ਮਿਲਣ ਦੀ ਖ਼ੁਸ਼ੀ ਦੂਸਰੇ ਪਾਸੇ ਵੰਡ, ਆਬਾਦੀ ਦਾ ਤਬਦਲਾ, ਕਤਲੋਗ਼ਾਰਤ ਤੇ ਔਰਤਾਂ ਦੇ ਜਿਨਸੀ ਸੋਸ਼ਣ ਦੇ ਮਸਲੇ ਅਜੇ ਨਾਸੂਰ ਵਾਂਗ ਪੰਜਾਬੀ ਮਾਨਸਿਕਤਾ ਨੂੰ ਚੈਨ ਨਾਲ ਬੈਠਣ ਨਹੀਂ ਦੇਂਦੇ।

ਪਿਛਲੇ ਸਮੇਂ ਤੋਂ ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਾਂ 'ਤੇ ਇਸ ਦੁਖਾਂਤ ਨਾਲ

ਸੰਬੰਧਿਤ ਬਹੁਤ ਸਾਰੇ ਵਿਅਕਤੀਆਂ ਨੂੰ ਪੇਸ਼ ਕੀਤਾ ਜਾ ਰਿਹਾ ਹੈ, ਜਿਸ ਨਾਲ ਵਿਅਕਤੀਗਤ ਦੁਖਾਂਤ ਦੇ ਨਾਲ-ਨਾਲ ਇਸ ਮਹਾ-ਤ੍ਰਾਸਦੀ ਦੇ ਵੀ ਬਹੁਤ ਸਾਰੇ ਲੁਕੇ-ਛਿਪੇ ਪੱਖ ਸਾਹਮਣੇ ਆ ਰਹੇ ਹਨ ਪਰਵਾਨਾ ਦਾ ਇਹ ਨਾਵਲ ਵੀ ਇਸੇ 'ਚੋਂ ਹੀ ਪ੍ਰੇਰਣਾ ਲੈਂਦਾ ਹੈ। ਉਸਦਾ ਮੰਤਵ ਸਿਰਫ ਇਸ ਦੁਖਾਂਤ ਨੂੰ ਪੇਸ਼ ਕਰਨਾ ਨਹੀਂ, ਸਗੋਂ ਬਹੁਤ ਪਿੱਛੇ ਜਾ ਕੇ ਇਸ ਇਲਾਕੇ ਦੇ ਸਮੁੱਚੇ ਭੂ-ਦ੍ਰਿਸ਼ ਦੀ ਉਸਾਰੀ ਕਰਨੀ ਵੀ ਹੈ, ਕਿਸ ਇਤਿਹਾਸਕ ਦੌਰ ਵਿਚ ਇਹ ਇਲਾਕਾ ਵੱਸਣਾ ਸ਼ੁਰੂ ਹੋਇਆ। ਇਸ ਦੇ ਨਾਲ ਹੀ ਉਹ ਹੋਰ ਬਹੁਤ ਹੀ ਮਹੱਤਵਪੂਰਨ ਮੁੱਦੇ ਨੂੰ ਵੀ ਉਭਾਰਦਾ ਹੈ ਕਿ ਆਜ਼ਾਦੀ ਨਾਲ ਸਿਰਫ਼ ਵੱਸੋਂ ਦਾ ਤਬਾਦਲਾ ਹੀ ਨਹੀਂ ਹੋਇਆ, ਸਗੋਂ ਬਹੁਤ ਸਾਰੇ ਵਿਸ਼ੇਸ਼ ਕਿੱਤੇ, ਦਸਤਕਾਰੀ, ਜੋ ਕਿਸੇ ਵਿਸ਼ੇਸ਼ ਧਰਮ/ਜ਼ਾਤ ਨਾਲ ਵਾਬਸਤਾ ਸੀ ਉਹ ਵੀ ਖ਼ਤਮ ਹੋ ਗਏ ਤੇ ਨਾਲ ਹੀ ਉਹ ਸਭਿਆਚਾਰਕ ਵਿਲੱਖਣਤਾ ਵੀ ਜਿਸ ਲਈ ਕੋਈ ਖਿੱਤਾ ਜਾਣਿਆ ਜਾਂਦਾ ਸੀ ਇਸ ਮਸਲੇ ਬਾਰੇ ਚਰਚਾ ਸ਼ਾਇਦ ਪਹਿਲੀ ਵਾਰ ਇਸੇ ਹੀ ਰਚਨਾ ਵਿਚ ਹੋਈ ਹੈ।

ਦੂਸਰੇ ਇਸ ਨਾਲ ਇਕ ਰਾਜਨੀਤਿਕ ਪਵਚਨ ਵੀ ਉਸਰਦਾ ਹੈ, ਸੈਂਕੜੇ ਪਿੰਡਾਂ ਵਿਚ ਵੱਸੇ ਹੋਏ ਇਕ ਭਾਈਚਾਰੇ/ਕਬੀਲੇ ਨੂੰ ਇਕ ਥਾਂ ਤੋਂ ਪੁੱਟ ਕੇ ਇਕ ਵਿਸ਼ਾਲ ਖਿੱਤੇ ਵਿਚ ਵੱਸਣ ਲਈ ਮਜਬੂਰ ਕੀਤਾ ਗਿਆ, ਜਿਸ ਨਾਲ ਉਹ ਭਾਈਚਾਰਕ ਸਾਂਝ ਜੋ ਇਨ੍ਹਾਂ ਕਬੀਲਿਆਂ ਦੀ ਅਸਲੀ ਤਾਕਤ ਸੀ, ਖ਼ਤਮ ਹੋ ਗਈ, ਜਿਸ ਨੇ ਅਜੋਕੇ ਦੌਰ ਵਿਚ ਇਕ ਵੱਖਰੀ ਭਾਂਤ ਦਾ ਰਾਜਨੀਤਿਕ ਪ੍ਰਵਚਨ ਸਿਰਜਿਆਂ। ਤੀਸਰੇ, ਲੇਖਕ ਨੇ ਆਜ਼ਾਦੀ ਦੇ ਪ੍ਰਵਚਨ ਨੂੰ ਪੀੜ੍ਹੀਆਂ ਤੇ ਵਕਤ ਬਦਲਣ ਨਾਲ ਬਦਲ ਰਹੀ ਪ੍ਰਵਚਕਾਰੀ ਦੇ ਪ੍ਰਸੰਗ ਵਿਚ ਚਿਤਰਿਆ ਹੈ। ਮੌਜੂਦਾ ਜੀਵਨ ਦੇ ਬਹੁਤ ਸਾਰੇ ਆਰਥਿਕ-ਸਮਾਜਕ ਤੇ ਰਾਜਨੀਤਿਕ ਸਰੋਕਾਰ ਵੀ ਇਸ ਟੈਕਸਟ ਦਾ ਹਿੱਸਾ ਹਨ। ਪਰਵਾਨਾ ਦਾ ਇਹ ਨਾਵਲ ਨਿਸ਼ਚੇ ਹੀ ਕੁਝ ਨਵੀਆਂ ਅੰਤਰ-ਦ੍ਰਿਸ਼ਟੀਆਂ ਕਰਕੇ ਇਕ ਮਹੱਤਵਪੂਰਨ ਟੈਕਸਟ ਵਾਂਗ ਪੜ੍ਹਨ ਦੀ ਜ਼ਰੂਰਤ ਹੈ।

'ਅੜੇ-ਥੁੜੇ' ਰਘਬੀਰ ਸਿੰਘ ਮਾਨ ਦਾ ਤੀਸਰਾ ਨਾਵਲ ਹੈ। ਨਾਵਲ ਤੋਂ ਇਲਾਵਾ ਉਸ ਨੇ ਕਹਾਣੀ ਦੇ ਖੇਤਰ ਵਿਚ ਸਿਰਜਣਾਤਮਕ ਯੋਗਦਾਨ ਪਾਇਆ ਹੈ। ਇਹ ਨਾਵਲ ਛੋਟੀ ਕਿਸਾਨੀ ਬਾਰੇ ਹੈ। ਜਦੋਂ ਤੋਂ ਪੰਜਾਬੀ ਨਾਵਲ ਨੇ ਹੋਂਦ ਗ੍ਰਹਿਣ ਕੀਤੀ ਹੈ ਕਿਸਾਨੀ ਜੀਵਨ ਦੀ ਪੇਸ਼ਕਾਰੀ ਪੰਜਾਬੀ ਨਾਵਲ ਵਿਚ ਵਾਰ-ਵਾਰ ਪੇਸ਼ ਕੀਤੀ ਜਾਂਦੀ ਰਹੀ ਹੈ। ਭਾਈ ਵੀਰ ਸਿੰਘ ਤੋਂ ਲੈ ਕੇ ਹੁਣ ਤੱਕ ਕਿਸਾਨੀ ਜੀਵਨ ਬਦਲਦੇ ਹਾਲਾਤ ਵਿਚ ਬਦਲਦੇ ਪ੍ਰਸੰਗਾਂ ਵਿਚ ਪੇਸ਼ ਹੁੰਦਾ ਆ ਰਿਹਾ ਹੈ। ਇਹ ਨਾਵਲ 'ਅੜੇ ਥੁੜੇ' ਵੀ ਕਿਸਾਨੀ ਜੀਵਨ ਦੀ ਪੇਸ਼ਕਾਰੀ ਨਾਲ ਸੰਬੰਧਿਤ ਹੈ। ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਸਥਿਤੀ ਹਮੇਸ਼ਾ ਹੀ ਅਣਗੌਲੀ ਤੇ ਅਧੀਨਗੀ ਵਾਲੀ ਰਹੀ ਹੈ। ਹਾਲਾਂਕਿ ਕਿਸਾਨੀ ਸਮਾਜ ਆਪਣੀ ਕਿਰਤ ਦੀ ਹਿੱਸੇਦਾਰੀ ਕਰਕੇ ਔਰਤ ਬਿਨਾਂ ਘਰ ਦਾ ਸੰਕਲਪ ਮੁਕੰਮਲ ਹੀ ਨਹੀਂ ਹੁੰਦਾ, ਪਰ ਆਪਣੀ ਇਸ ਜ਼ਰੂਰੀ ਸਥਿਤੀ ਦੇ ਬਾਵਜੂਦ ਔਰਤ ਨੂੰ ਕਦੇ ਵੀ ਬਣਦੀ ਸਪੇਸ ਨਹੀਂ ਮਿਲ ਸਕੀ। ਇਹ ਸਥਿਤੀ ਉਸ ਵਕਤ ਹੋਰ ਵੀ ਬਦਤਰ ਹੋ ਜਾਂਦੀ ਹੈ, ਜੇਕਰ ਔਰਤ ਦਾ ਪਰਿਵਾਰਕ ਪਿਛੋਕੜ ਆਰਥਿਕ ਪੱਖੋਂ ਸਹੁਰਾ ਪਰਿਵਾਰ ਵਾਂਗ ਸਮਰਿੱਧ ਨਾ ਹੋਵੇ। ਸੀਬੋ ਦੀ ਸਥਿਤੀ ਵੀ ਅਜੇਹੀ ਹੀ ਹੈ, ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਕ ਪਿਛੋਕੜ ਤੇ ਸਰੀਰਕ ਤੌਰ 'ਤੇ ਅਪਾਹਜ ਹੋਣ ਕਰਕੇ ਉਸਨੂੰ ਜੈਲੇ ਨੇ ਕਦੇ

ਵੀ ਪਤਨੀ ਦਾ ਦਰਜਾ ਨਹੀਂ ਦਿੱਤਾ ਤੇ ਅਖੀਰ ਜੈਲਾ ਦੂਸਰਾ ਵਿਆਹ ਕਰਕੇ ਸੀਬੋ ਨੂੰ ਘਰੋਂ ਕੱਢ ਦੇਂਦਾ ਹੈ, ਉਸ ਦੇ ਮੁੰਡੇ ਸ਼ੇਰੂ ਵੀ ਜੈਲਾ ਆਪਣੇ ਕੋਲ ਹੀ ਰੱਖ ਲੈਂਦਾ ਹੈ।

'ਮਤਰੇਈ ਮਾਂ' ਦਾ ਬਿਰਤਾਂਤ ਵੀ ਪੰਜਾਬੀ ਮਾਨਸਿਕਤਾ ਦਾ ਹਿੱਸਾ ਬਣਿਆ ਹੋਇਆ ਹੈ। ਸ਼ੇਰਾ ਮਤਰੇਈ ਮਾਂ ਦੇ ਜ਼ੁਲਮ ਸਹਿੰਦਾ ਰੁਲ-ਖੁਲ ਕੇ ਪਲ ਕੇ ਜਵਾਨ ਹੋ ਜਾਂਦਾ ਹੈ। ਘਰ ਦੀ ਸਾਰੀ ਜ਼ਿੰਮੇਵਾਰੀ ਉਸਦੇ ਸਿਰ 'ਤੇ ਹੋਣ ਦੇ ਬਾਵਜੂਦ ਨਾ ਪਿਤਾ, ਨਾ ਮਤਰੇਈ ਮਾਂ ਤੇ ਨਾ ਹੀ ਮਤਰੇਏ ਭੈਣ-ਭਰਾ ਕਿਸੇ ਨਾਲ ਵੀ ਉਸਦਾ ਭਾਵਨਾਤਮਕ ਰਿਸ਼ਤਾ ਨਹੀਂ 'ਵਿਆਹ ਤੋਂ ਬਾਅਦ ਪਰਿਵਾਰਕ ਲੋੜਾ ਵਧ ਜਾਣ ਕਰਕੇ ਜਦੋਂ ਸ਼ੇਰਾ ਆਪਣਾ ਹਿੱਸਾ ਮੰਗਦਾ ਹੈ ਤਾਂ ਘਰ ਵਿਚ ਕਲੇਸ਼ ਸ਼ੁਰੂ ਹੋ ਜਾਂਦਾ ਹੈ, ਜੋ ਅੰਤ ਪਰਿਵਾਰਕ ਕਤਲਾਂ ਦੀ ਵਿਸਫੋਟਕ ਸਥਿਤੀ ਤੱਕ ਪਹੁੰਚ ਜਾਂਦਾ ਹੈ। ਇਹ ਨਾਵਲ ਇਕਹਰੀ ਪਰਿਵਾਰਕ ਕਹਾਣੀ ਬਣ ਕੇ ਰਹਿ ਜਾਂਦਾ ਹੈ, ਹਾਲਾਂਕਿ ਨਾਵਲ ਵਰਗੀ ਵੱਡੀ ਕਤਾਲਮਿਕ ਵਿਧਾ ਤੋਂ ਆਸ ਰੱਖੀ ਜਾਂਦੀ ਹੈ ਕਿ ਉਹ ਪਾਠਕ ਨੂੰ ਸਿਸਟਮ ਤੇ ਸਮਾਜ ਪ੍ਰਤੀ ਇਕ ਸੋਝੀ ਵੀ ਪ੍ਰਦਾਨ ਕਰੇ, ਪਰ ਇਹ ਨਾਵਲ ਅਜੇਹਾ ਕਰਨ ਤੋਂ ਖੁੰਝ ਜਾਂਦਾ ਹੈ।

ਮੇਜਰ ਮਾਂਗਟ ਪੰਜਾਬੀ ਦਾ ਬਹੁ-ਵਿਧਾਈ ਲੇਖਕ ਹੈ ਜਿਸ ਨੇ ਕਵਿਤਾ, ਗੀਤ, ਨਾਟਕ, ਵਾਰਤਕ, ਨਾਵਲ ਤੇ ਕਹਾਣੀਆਂ ਵੀ ਲਿਖੀਆਂ ਹਨ। ਉਸ ਨੂੰ ਵਧੇਰੇ ਪ੍ਰਵਾਨਗੀ ਇਕ ਕਹਾਣੀਕਾਰ ਵਜੋਂ ਪ੍ਰਾਪਤ ਹੈ। ਇਕ ਕਹਾਣੀ-ਸੰਗ੍ਰਿਹ ਬਲੈਕ ਆਈਸ ਵਿਚ 15 ਕਹਾਣੀਆਂ ਦਰਜ ਹਨ। ਪਹਿਲੀ ਕਹਾਣੀ 'ਛੱਲਾਂ ਦਾ ਸੰਗੀਤ' ਬੇਸ਼ੱਕ ਅੰਤਰ-ਸਭਿਆਚਾਰਕ ਰਿਸ਼ਤਿਆਂ ਦੀ ਕਹਾਣੀ ਹੈ, ਇਸ ਕਰਕੇ ਇਸ ਵਿਚ ਤਣਾਓ ਹੋਣਾ ਸੁਭਾਵਿਕ ਹੈ, ਪਰ ਅਜੋਕੀ ਨਵੀਂ ਪੀੜ੍ਹੀ ਅਜੇਹੀਆਂ ਸਮੱਸਿਆਵਾਂ ਨੂੰ ਸਮਝਣ ਤੇ ਨਜਿੱਠ ਸਕਣ ਵਿਚ ਵਧੇਰੇ ਸਮਰੱਥ ਹੈ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਵਿਅਕਤੀ ਚਾਹੇ ਕਿਸੇ ਵੀ ਸਭਿਆਚਾਰ 'ਚੋਂ ਆਇਆ ਹੋਵੇ, ਉਸਦੀ ਵਿਅਕਤੀਗਤ ਹੋਂਦ ਨੂੰ ਬਣਦੀ ਸਪੇਸ ਮਿਲਣੀ ਜ਼ਰੂਰੀ ਹੈ। ਤਾਂ ਕਿ ਛੱਲਾਂ ਦੇ ਸੰਗੀਤ ਦਾ ਵਜੂਦ ਕਾਇਮ ਰਹਿ ਸਕੇ। 'ਕਾਲੇ ਕੱਜਣ', 'ਰੁਕੇ ਹੋਏ ਪਲ' ਤੇ 'ਸ਼ਾਂਤੀ ਬਹਾਲ' ਕਹਾਣੀਆਂ ਅੰਤਰ-ਰਾਸ਼ਟਰੀ ਹਾਲਾਤ ਨੂੰ ਪੇਸ਼ ਕਰਦੀਆਂ ਹਨ, ਇਨ੍ਹਾਂ ਵਿਚ ਇਕ ਪਾਸੇ ਅਮਰੀਕੀ ਸਾਮਰਾਜ ਦਾ ਆਪਣਾ ਏਜੰਡਾ ਹਰ ਹੀਲੇ ਲਾਗੂ ਕਰਨ ਦਾ ਪ੍ਰਪੰਚ ਤੇ ਦੂਸਰੇ ਪਾਸੇ ਜਾਣ-ਬੁੱਝ ਕੇ ਇਕ ਧਰਮ ਪ੍ਰਤੀ ਫੈਲਾਇਆ ਜਾ ਨਫਰਤੀ ਵਾਤਾਵਰਣ ਇਨ੍ਹਾਂ ਕਹਾਣੀਆਂ ਦੀ ਕੇਂਦਰੀ ਧੁਨੀ ਹੈ, ਪ੍ਰਚਾਰ ਦੀ ਮਸ਼ੀਨਰੀ ਏਨੇ ਯੋਜਨਾਬੱਧ ਢੰਗ ਨਾਲ ਆਪਣਾ ਬਿਰਤਾਂਤ ਸਿਰਜਦੀ ਹੈ ਕਿ ਸਧਾਰਣ ਮਨੁੱਖ ਹੀ ਨਹੀਂ, ਸਗੋਂ ਬਹੁ-ਗਿਣਤੀ ਇਸ ਪ੍ਰਚਾਰ ਨੂੰ ਸੱਚ ਮੰਨ ਲੈਂਦੀ ਹੈ, ਪਰ ਕਿਤੇ-ਕਿਤੇ ਇਨ੍ਹਾਂ ਕਹਾਣੀਆਂ ਵਿਚਲਾ ਗਾਲਪਨਿਕ ਵਾਤਾਵਰਣ ਨਿਰੋਲ ਪ੍ਰਚਾਰ ਦੀ ਪੱਧਰ ਤਕ ਘੱਟ ਜਾਂਦਾ ਹੈ। 'ਇਕਾਂਤਵਾਸ' ਕਰੋਨਾ ਕਾਲ ਦੀ ਦਹਿਸ਼ਤ ਤੇ ਮਾਨਵੀਂ ਰਿਸ਼ਤਿਆਂ ਦੀ ਕਹਾਣੀ ਹੈ। 'ਲਹੂ ਬਾਹਰੇ ਰਿਸ਼ਤੇ' ਮਨੁੱਖੀ ਰਿਸ਼ਤਿਆਂ ਦੀਆਂ ਵਿਭਿੰਨ ਸੇਡਜ਼ ਨੂੰ ਪੇਸ਼ ਕਰਦੀ ਹੈ, ਜਿਸ ਵਿਚ ਇਕ ਵੱਖਰੀ ਭਾਂਤ ਦਾ ਨਸਲਵਾਦ ਵੀ ਹੈ ਤੇ ਮਾਨਵੀ ਭਾਵਨਾਵਾਂ ਵੀ ਜੋ ਧਰਮ/ਜ਼ਾਤ ਨਸਲ ਤੋਂ ਉਪਰ ਉੱਠਦੇ ਹਨ। 'ਯੁੱਗ-ਅੰਤਰ' ਇਕ ਬਹੁਤ ਹੀ ਸੰਵੇਦਨਸ਼ੀਲ ਮਸਲੇ ਨੂੰ ਉਭਾਰਦੀ ਹੈ। ਅਮਰੀਕਾ ਵੱਸਦੀ ਭਾਰਤੀ ਮੂਲ ਦੀ ਨਵੀਂ ਪੀੜ੍ਹੀ ਦੇ ਆਪਣੀਆਂ

ਜੜ੍ਹਾਂ ਨੂੰ ਜਾਨਣ ਦਾ ਰੁਝਾਨ ਇਸ ਕਹਾਣੀ ਦੀ ਕੇਂਦਰੀ ਧੁਨੀ ਹੈ, ਪਰ ਭਾਰਤੀਆਂ ਖ਼ਾਸ ਕਰ ਪੰਜਾਬੀਆਂ ਦਾ ਆਪਣੇ ਇਤਿਹਾਸ ਪ੍ਰਤੀ ਨਜ਼ਰੀਆ ਬਹੁਤ ਹੀ ਆ ਸੰਵੇਦਨਾਤਮਕ ਹੈ। ਇਸੇ ਕਰਕੇ ਅਮਰੀਕਾ ਵਿਚ ਬਲੈਕ ਹਿਸਟਰੀ ਤਾਂ ਪੜ੍ਹਾਈ ਜਾ ਰਹੀ ਹੈ, ਪਰ ਬਰਾਉਨ ਹਿਸਟਰੀ ਅਣਗੌਲੀ ਹੈ।

'ਮਨ ਅੰਦਰਲੇ ਖਲਾਅ' ਕਹਾਣੀ ਪੰਜਾਬੀ ਮਾਨਸਿਕਤਾ ਨੂੰ ਤਿੰਨ ਪੀੜ੍ਹੀਆਂ ਦੇ ਪ੍ਰਸੰਗ ਵਿਚ ਪੇਸ਼ ਕਰਦੀ ਹੈ, ਜਿਸ ਵਿਚ ਜਾਤੀਗਤ ਤੇ ਹਉਮੈਂ, ਪਿੱਤਰੀ ਸੱਤਾ, ਪੀੜ੍ਹੀ-ਪਾੜਾ ਆਦਿ ਸਰੋਕਾਰਾਂ ਨੂੰ ਚਿਤਰਿਆ ਗਿਆ ਹੈ। ਇਹ ਕਹਾਣੀ ਕੈਨੇਡਾ ਵੱਸਕੇ ਪੰਜਾਬੀਆਂ ਦੀ ਮਾਨਸਿਕਤਾ ਦਾ ਸੰਪੂਰਨ ਚਿੱਤਰ ਹੈ। 'ਕੀ ਜਾਣਾ ਮੈਂ ਕੌਣ' ਹੋਂਦ ਦੀ ਪਛਾਣ ਦੇ ਸੰਕਟ ਨੂੰ ਪੇਸ਼ ਕਰਦੀ ਹੈ, ਪੰਜਾਬੀ ਵਿਚ ਇਸ ਵਿਸ਼ੇ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। 'ਪੈਂਡੂਲਮ' ਕਹਾਣੀ ਪਿੱਤਰੀ ਸੱਤਾ ਤੇ ਮਰਦਾਵੀਂ ਹਉਮੈਂ ਦੀ ਪੇਸ਼ਕਾਰੀ ਹੈ। 'ਧਰਤੀ ਬੰਜਰ ਨਹੀਂ ਹੁੰਦੀ' ਬੇਸ਼ੱਕ ਪੀੜ੍ਹੀਆਂ ਦੇ ਫ਼ਰਕ ਨੂੰ ਪੇਸ਼ ਕਰਦੀ ਹੈ, ਪਰ ਕਹਾਣੀ ਦੀ ਪ੍ਰਾਪਤੀ ਇਹ ਹੈ ਕਿ ਇਸ ਵਿਚ ਪੁਰਾਣੀ ਪੀੜ੍ਹੀ ਨੂੰ ਬਦਲਦੇ ਹੋਏ ਪੇਸ਼ ਕੀਤਾ ਗਿਆ ਹੈ, ਜੋ ਲੇਖਕ ਦੀ ਉਸਾਰੂ ਰਚਨਾ-ਦ੍ਰਿਸ਼ਟੀ ਦਾ ਸਬੂਤ ਹੈ। 'ਪੰਡੋਰਾ' ਵੀ ਇਸੇ ਤਰਜ਼ ਦੀ ਕਹਾਣੀ ਹੈ। 'ਬਲੈਕ ਆਈਸ' ਪੰਜਾਬੀ ਭਾਈਚਾਰੇ ਦੇ ਦੁਖਾਂਤ ਹੀ ਕਹਾਣੀ ਹੈ। ਪਹਿਲੀ ਪੀੜ੍ਹੀ ਨੇ ਪੈਰ ਜਮਾਉਣ ਲਈ ਲਗਾਤਾਰ ਮਿਹਨਤ ਕੀਤੀ, ਪਰ ਆਪਣੀ ਅਗਲੀ ਪੀੜ੍ਹੀ ਨੂੰ ਗਵਾ ਲਿਆ ਤੇ ਪਰਿਵਾਰ ਬਰਬਾਦੀ ਵੱਲ ਧੱਕੇ ਗਏ। 'ਮਿੱਟੀ ਨਹੀਂ ਮਰਦੀ' ਕਿਸਾਨੀ ਸੰਕਟ ਦੀ ਕਹਾਣੀ ਹੈ। ਸਮੁੱਚੇ ਰੂਪ ਵਿਚ ਇਹ ਪੁਸਤਕ ਪਰਵਾਸੀ ਜੀਵਨ ਦੇ ਨਾਲ-ਨਾਲ, ਅੰਤਰ-ਰਾਸ਼ਟਰੀ ਰਾਜਨੀਤੀ, ਸਮਰਾਜੀ ਚਾਲਾਂ ਨੂੰ ਪੇਸ਼ ਕਰਦੀ ਹੈ ਪਰ ਕਿਤੇ-ਕਿਤੇ ਵਾਧੂ ਵੇਰਵੇ ਜੋ ਗਲਪ ਦਾ ਹਿੱਸਾ ਨਹੀਂ ਬਣਦੇ, ਰੜਕਦੇ ਹਨ।

ਦਰਸ਼ਨ ਜੋਗਾ ਪੰਜਾਬੀ ਕਹਾਣੀ ਦੇ ਖੇਤਰ ਵਿਚ ਜਾਣਿਆ-ਪਛਾਣਿਆ ਨਾਂ ਹੈ, ਜਿਸ ਨੇ ਪਿਛਲੇ ਸਮੇਂ ਵਿਚ ਪੰਜਾਬੀ ਕਹਾਣੀ ਵਿਚ ਭਰਪੂਰ ਹਾਜ਼ਰੀ ਲਵਾਈ ਹੈ। 'ਫਨੀਅਰ' ਉਸਦਾ ਤੀਸਰਾ ਕਹਾਣੀ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ 'ਨਮਸਕਾਰ' ਤੇ 'ਮੁੱਕਦੀ ਗੱਲ' ਵੀ ਪਾਠਕਾਂ ਵੱਲੋਂ ਪ੍ਰਵਾਨ ਕੀਤੇ ਗਏ ਹਨ। 'ਫਨੀਅਰ' ਵਿਚ ਸੱਤ ਕਹਾਣੀਆਂ ਦਰਜ ਹੈ। ਜੋਗਾ ਆਪਣੀਆਂ ਕਹਾਣੀਆਂ ਦੇ ਵਿਸ਼ੇ ਆਲੇ-ਦੁਆਲੇ ਦੇ ਜੀਵਨ ਵਿਚੋਂ ਲੈਂਦਾ ਹੈ। ਇਸ ਕਹਾਣੀ-ਸੰਗ੍ਰਹਿ ਨਾਲ ਉਹ ਪੰਜਾਬੀ ਵਿਚ ਇਕ ਕਹਾਣੀਕਾਰ ਵਜੋਂ ਸਥਾਪਿਤ ਹੁੰਦਾ ਨਜ਼ਰ ਆਉਂਦਾ ਹੈ। ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਕੁਛ ਨੀ ਹੁੰਦਾ' ਜਾਗੀਰੂ ਕਦਰਾਂ-ਕੀਮਤਾਂ ਤੇ ਨਵੀਆਂ ਕੀਮਤਾਂ ਦੇ ਟਕਰਾਓ ਨੂੰ ਪੇਸ਼ ਕਰਦੀ ਹੋਈ ਕਿਤੇ ਵੀ ਉਨ੍ਹਾਂ ਪ੍ਰਤੀ ਕਿਸੇ ਹੇਜ ਦਾ ਪ੍ਰਗਟਾਵਾ ਕਰਕੇ ਉਲਾਰਪਣ ਦਾ ਸ਼ਿਕਾਰ ਨਹੀਂ ਹੁੰਦੀ। ਸਗੋਂ ਨਵੀਂ ਪੀੜ੍ਹੀ, ਨਵੀਆਂ ਕੀਮਤਾਂ ਨੂੰ ਬਣਦੀ ਸਪੇਸ ਦੇ ਕਹਾਣੀਕਾਰ ਆਪਣੀ ਰਚਨਾ-ਦ੍ਰਿਸ਼ਟੀ ਨੂੰ ਪੇਸ਼ ਕਰਦਾ ਹੈ। ਔਰਤ ਵਿਚਲੇ ਸ੍ਵੈ-ਮਾਨ ਦੀ ਪੇਸ਼ਕਾਰੀ ਕਹਾਣੀ ਦੀ ਪ੍ਰਾਪਤੀ ਹੈ। 'ਕੁਛ ਨਹੀਂ ਹੁੰਦਾ' ਇਕ ਐਸਾ ਮੈਟਾਫ਼ਰ ਹੈ, ਜੋ ਮਰਦਾਵੀਂ ਹਉਮੈ ਨੂੰ ਵੀ ਪੇਸ਼ ਕਰਦਾ ਹੈ ਤੇ ਕਹਾਣੀ ਨੂੰ ਅਰਥ-ਵਿਸਥਾਰ ਵੀ ਦੇਂਦਾ ਹੈ।

'ਅੰਬਰੀ ਆਂਡਾ' ਬਹੁ-ਪਾਸਾਰੀ ਕਹਾਣੀ ਹੈ, ਜੋ ਧਰਮ ਦੇ ਪਰਦੇ ਤੇ ਧਾਰਮਿਕ ਵਿਅਕਤੀਆਂ ਦੇ ਪਾਖੰਡ, ਦੋਗਲੇ ਵਿਹਾਰ ਨੂੰ ਪੇਸ਼ ਕਰੀ ਹੈ। ਦੂਸਰੇ ਪਾਸੇ ਇਹ ਕਹਾਣੀ

ਸਮਾਜਕ ਪ੍ਰਸੰਗ ਔਰਤ ਦੀ ਪੇਸ਼ਕਾਰੀ ਵੀ ਕਰਦੀ ਹੈ। ਆਮ ਵਿਅਕਤੀ ਲਈ ਧਰਮ ਤੇ ਧਾਰਮਿਕ ਪੁਰਸ਼ ਦੋਵੇਂ ਹੀ ਮਾਨਸਿਕ ਠਾਹਰ ਤੇ ਰਾਹਤ ਹੁੰਦੇ ਹਨ, ਪਰ ਕਹਾਣੀ ਵਿਚਲੇ ਉਨ੍ਹਾਂ ਦੇ ਜੀਵਨ-ਵੇਰਵੇ ਜੋ ਉਜਾਗਰ ਕਰਦੇ ਹਨ, ਉਹ ਬਹੁਤ ਹੀ ਨੀਵੇਂ ਦਰਜੇ ਦਾ ਹੈ ਉਨ੍ਹਾਂ ਲਈ ਧਰਮ ਸਿਰਫ਼ ਇਕ ਓਹਲਾ ਹੈ, ਜਿਸ ਦੇ ਪਰਦੇ ਹੇਠ ਉਹ ਆਪਣੀਆਂ ਹਰ ਤਰ੍ਹਾਂ ਦੀਆਂ ਅਤ੍ਰਿਪਤ ਅਕਾਂਖਿਆਵਾਂ ਦੀ ਪੂਰਤੀ ਕਰਦੇ ਹਨ। ਇੱਥੋਂ ਤੱਕ ਦੇ ਮੰਦ-ਬੁੱਧੀ ਬਾਲਕ ਵੀ ਉਸ ਦੇ ਅਤ੍ਰਿਪਤ ਜਿਸਨੀ ਹਾਬੜੇ ਦਾ ਸ਼ਿਕਾਰ ਬਣ ਜਾਂਦਾ ਹੈ। 'ਫਨੀਅਰ' ਵੀ ਬਹੁ-ਪਰਤੀ ਕਹਾਣੀ ਹੈ, ਜੋ ਸਾਡੇ ਸਮਾਜਕ ਜੀਵਨ ਦੀ ਦੋਫਾੜ ਸ਼ਖ਼ਸੀਅਤ ਨੂੰ ਪੇਸ਼ ਕਰਦੀ ਹੈ। ਇਕ ਪਾਸੇ ਇਕਵੀਂ ਸਦੀ ਦੇ ਜੀਵਨ ਮੁੱਲ ਹਨ ਤੇ ਦੂਸਰੇ ਪਾਸੇ ਮੱਧਕਾਲੀ ਜਾਤੀ ਵਿਵਸਥਾ ਕਿਸੇ ਨਾ ਕਿਸੇ ਰੂਪ ਵਿਚ ਅਜੇ ਵੀ ਤੁਰੀ ਆ ਰਹੀ ਹੈ। 'ਸਿੱਧੀਆਂ ਧਾਰਾਂ' ਸਮਾਜਕ ਰਿਸ਼ਤਿਆਂ ਵਿਚਲੇ ਨਿਰਧਾਰਿਤ ਤੱਤ ਆਰਥਿਕਤਾ ਨੂੰ ਕੇਂਦਰ ਵਿਚ ਰੱਖ ਕੇ ਲਿਖੀ ਗਈ ਕਹਾਣੀ ਹੈ। 'ਸਪੋਲੀਏ' ਵੀ ਜਾਤੀਗਤ ਵਿਵਸਥਾ ਦੇ ਪੱਖਾਂ ਨੂੰ ਉਜਾਗਰ ਕਰਦੀ ਹੈ। ਪਰ ਕਹਾਣੀ ਵਿਚਲਾ ਵਿਅੰਗ ਇਹ ਹੈ ਕਿ ਪਹਿਲੀ ਪੀੜ੍ਹੀ ਜਿਸਨੇ ਮਿਹਨਤ ਕਰਕੇ ਆਪਣੇ-ਆਪ ਨੂੰ ਸਥਾਪਿਤ ਕੀਤਾ, ਉਸ ਲਈ ਦਲਿਤ ਹੋਣਾ ਮਿਹਣਾ ਨਹੀਂ, ਪਰ ਨਵੀਂ ਸਾਧਨ-ਸੰਪੰਨ ਪੀੜ੍ਹੀ ਇਸ ਛੁਪਾ ਕੇ ਰੱਖਣਾ ਚਾਹੁੰਦੀ ਹੈ। ਇਹ ਕਹਾਣੀ ਬੇਸ਼ੱਕ ਇਸ ਮਾਨਸਿਕਤਾ ਪਿਛਲੇ ਪਾਸਾਰਾਂ ਦੀ ਗੱਲ ਨਹੀਂ ਕਰਦੀ, ਸਗੋਂ ਇਕ ਪਰਿਵਾਰਕ ਮਸਲੇ ਵਾਂਗ ਪੇਸ਼ ਹੁੰਦੀ ਹੈ। 'ਇਕ ਦਰਵਾਜ਼ਾ' ਕਹਾਣੀ ਦਾ ਵਿਸ਼ਾ ਛੋਟੀ ਕਿਸਾਨੀ ਹੈ ਜਿਸ ਦੇ ਕੇਂਦਰ ਵਿਚ ਜ਼ਮੀਨ ਤੇ ਔਰਤ ਹੈ। ਵਿਡੰਬਨਾਤਮਕ ਸਥਿਤੀ ਇਹ ਹੈ ਕਿ ਔਰਤ ਦੀ ਪ੍ਰਾਪਤੀ ਲਈ ਜ਼ਮੀਨ ਦੀ ਮਾਲਕੀ ਜ਼ਰੂਰੀ ਹੈ, ਪਰ ਉਸ ਮਾਲਕੀ ਨੂੰ ਅੱਗੇ ਕਾਇਮ ਰੱਖਣ ਲਈ ਔਰਤ ਨੂੰ ਹੀ ਵਸਤੂ ਵਾਂਗ ਵਰਤਿਆ ਜਾਂਦਾ ਹੈ, ਪਰ ਇਸ ਦੇ ਬਾਵਜੂਦ ਔਰਤ ਦੀ ਸਥਿਤੀ ਕਿਤੇ ਹੀਣ ਹੈ। 'ਲਕੀਰ' ਜ਼ਮੀਨ ਦੀ ਮਾਲਕੀ ਤੇ ਰਿਸ਼ਤਿਆਂ ਦੇ ਤਵਾਜ਼ਨ ਦੀ ਕਹਾਣੀ ਹੈ। ਪੰਜਾਬੀ ਸਮਾਜ ਲਈ ਪਹਿਲ ਜ਼ਮੀਨ ਦੀ ਹੈ। ਪਰ ਕਹਾਣੀ ਦਾ ਕੇਂਦਰੀ ਪਾਤਰ ਮਾਨਵੀ ਰਿਸ਼ਤਿਆਂ ਨੂੰ ਪਹਿਲ ਦੇ ਕੇ ਆਪਣੇ ਮਾਨਵੀ ਗੁਣਾ ਦਾ ਸਬੂਤ ਦੇਂਦਾ ਹੈ।

ਸਮੁੱਚੇ ਰੂਪ ਵਿਚ ਜੋਗਾ ਦੀਆਂ ਕਹਾਣੀਆਂ ਸਮਾਜਕ ਰਿਸ਼ਤਿਆਂ ਦੇ ਦਵੰਦ ਨੂੰ ਪ੍ਰਗਟਾਉਂਦੀਆਂ ਹਨ, ਇਸ ਵਿਚ ਉਸਦੀ ਰਚਨਾ-ਦ੍ਰਿਸ਼ਟੀ ਦੇ ਮਾਨਵੀ ਪਾਸਾਰ ਉਸਦੀਆਂ ਕਹਾਣੀਆਂ ਨੂੰ ਵਿਲੱਖਣ ਬਣਾਉਂਦੇ ਹਨ। ਸਭ ਤੋਂ ਮਹੱਤਵਪੂਰਨ ਜੋਗਾ ਦੀ ਭਾਸ਼ਾ ਹੈ, ਜੋ ਮਾਲਵੇ ਦੇ ਖਿੱਤੇ-ਵਿਸ਼ੇਸ਼ 'ਚੋਂ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਉਸ ਦੀ ਭਾਸ਼ਾ 'ਤੇ ਪਕੜ ਪਾਠਕ ਨੂੰ ਪ੍ਰਭਾਵਿਤ ਕਰਦੀ ਹੈ।

'ਛਲਾਵਿਆਂ ਦੀ ਰੁੱਤ' ਅਲਫ਼ਾਜ਼ ਦਾ ਪਹਿਲਾ ਕਹਾਣੀ-ਸੰਗ੍ਰਹਿ ਹੈ। ਇਨ੍ਹਾਂ ਕਹਾਣੀਆਂ ਦੀ ਪੜ੍ਹਤ ਤੋਂ ਬਾਅਦ ਪਾਠਕ ਦੇ ਮਨ ਤੇ ਪਹਿਲਾ ਪ੍ਰਭਾਵ ਇਹ ਪੈਂਦਾ ਹੈ ਕਿ ਲੇਖਕ ਨੇ ਆਪਣੀਆਂ ਕਹਾਣੀਆਂ ਵਿਚ ਬਿਲਕੁੱਲ ਨਵੇਂ ਵਿਸ਼ੇ ਲਏ ਹਨ, ਜੋ ਸ਼ਾਇਦ ਸਾਡੇ ਸਮਾਜਕ ਸਰੋਕਾਰਾਂ ਵਿਚ ਤਾਂ ਚਰਚਾ ਦਾ ਵਿਸ਼ਾ ਬਣ ਹੋਏ ਹਨ, ਪਰ ਅਜੇ ਸਾਹਿਤਕ ਕ੍ਰਿਤਾਂ ਵਿਚ ਪੇਸ਼ ਹੋਣੇ ਸ਼ੁਰੂ ਨਹੀਂ ਹੋਣੇ। ਲੇਖਕ ਦੀ ਇਹ ਪਹਿਲ-ਕਦਮੀ ਨਿਸ਼ਚੇ ਹੀ ਪ੍ਰਭਾਵਿਤ ਕਰਦੀ ਹੈ। ਇਸ ਕਹਾਣੀ-ਸੰਗ੍ਰਹਿ ਦੀ ਵਿਸ਼ੇਸ਼ਤਾ ਹੀ ਇਹ ਹੈ ਕਿ ਇਹ ਕਹਾਣੀਆਂ ਸੋਸ਼ਲ

ਮੀਡੀਆ ਦੇ ਵਿਭਿੰਨ ਪੱਖਾਂ ਨੂੰ ਆਮ ਮਨੁੱਖ ਦੀ ਜ਼ਿੰਦਗੀ ਤੈ ਪੈ ਰਹੇ ਪ੍ਰਭਾਵਾਂ ਦੇ ਪ੍ਰਸੰਗ ਵਿਚ ਚਿਤਰਿਆ ਗਿਆ ਹੈ। ਸੋਸ਼ਲ ਮੀਡੀਆ ਦੇ ਇਨ੍ਹਾਂ ਪ੍ਰਭਾਵਾਂ ਪ੍ਰਤੀ ਸੁਚੇਤ ਹੋਣਾ ਉਸ ਦੀ ਫ਼ਿਕਰਮੰਦੀ ਦਾ ਪ੍ਰਗਟਾਵਾ ਹੈ, ਕਿਉਂਕਿ ਆਉਣ ਵਾਲੇ ਸਮਿਆਂ ਵਿਚ ਇਨ੍ਹਾਂ ਦੀ ਵਿਕਰਾਲਤਾ ਹੋਰ ਵੀ ਵਧਣ ਦੀ ਸੰਭਾਵਨਾ ਹੈ ਤੇ ਇਸ ਦੀ ਜ਼ੱਦ ਵਿਚ ਸਾਡੇ ਸਮਾਜਕ ਰਿਸ਼ਤੇ ਵੀ ਆਉਣੇ ਸੁਭਾਵਿਕ ਹੀ ਹਨ। ਡੋਪਾਮਾਈਨ, ਗਾਰਡੀਅਨ ਏਂਜਲ, ਸਟੋਨ ਬੱਚ, ਫੈਂਟੇਸੀ, ਜਿਗੋਲੋ, ਵਰਲਡ ਆਰਡਰ ਅਜੇਹੀਆਂ ਹੀ ਕਹਾਣੀਆਂ ਹਨ।

'ਡੋਪਾਮਾਈਨ' ਕਹਾਣੀ ਨਵੀਂ ਪੀੜ੍ਹੀ ਤੇ ਪੈ ਰਹੇ ਸੋਸ਼ਲ ਮੀਡੀਆਂ ਦੇ ਅਸਰਾਂ ਨੂੰ ਪੇਸ਼ ਕਰਦੀ ਹੈ। ਉਨ੍ਹਾਂ ਦਾ ਵਿਹਾਰ ਨਸ਼ੇੜੀਆਂ ਵਰਗਾ ਹੈ, ਸੋਸ਼ਲ ਮੀਡੀਆ ਤੋਂ ਬਿਨਾਂ ਉਨ੍ਹਾਂ ਨੂੰ ਜ਼ਿੰਦਗੀ, ਸਮਾਜਕ ਰਿਸ਼ਤੇ ਸਭ ਝੂਠੇ ਲਗਦੇ ਹਨ, ਉਹ ਇਕ ਵੱਖਰੀ ਭਾਂਤ ਦੀ ਤਲਿਸਮੀ ਦੁਨੀਆਂ ਦੀ ਜਕੜ ਵਿਚ ਹਨ। ਨਿਸ਼ਚੇ ਹੀ ਇਹ ਵਿਹਾਰ ਚਿੰਤਾ ਦਾ ਵਿਸ਼ੇ ਹੋ ਸਕਦੇ। 'ਗਾਰਡੀਅਨ ਏਂਜਲਸ' ਵੀ ਅਜੋਕੇ ਰਿਸ਼ਤਿਆਂ ਦੀਆਂ ਉਨ੍ਹਾਂ ਪਰਤਾਂ ਨੂੰ ਉਘਾੜਦੀ ਹੈ, ਜੋ ਸਾਡੇ ਰਿਸ਼ਤਿਆਂ ਵਿਚਲੇ ਸੁਹਜ ਦਾ ਪ੍ਰਗਟਾਵਾ ਹੈ। 'ਸਟੋਨ ਬੱਚ' ਲੈਜ਼ਬੀਅਨ ਰਿਸ਼ਤਿਆਂ ਦੀ ਕਹਾਣੀ ਹੈ। 'ਫੈਂਟੇਸੀ' ਕੈਨੇਡਾ ਪੜ੍ਹਨ ਗਈ ਸਾਡੀ ਨਵੀਂ ਪੀੜ੍ਹੀ ਵੀ ਕਹਾਣੀ ਹੈ ਲੇਖਕ ਜਿਸ ਤਰ੍ਹਾਂ ਇਸ ਕਹਾਣੀ ਨੂੰ ਸਿਖਰ 'ਤੇ ਪੁਚਾਉਂਦਾ ਹੈ, ਉਹ ਉਸਦੇ ਸਮਾਜਕ ਰਿਸ਼ਤਿਆਂ ਵਿਚਲੇ ਵਿਸ਼ਵਾਸ ਦਾ ਪ੍ਰਗਟਾਵਾ ਹੈ। 'ਜਿਗੋਲੋ' ਕਹਾਣੀ ਵੀ ਇਸੇ ਪੀੜ੍ਹੀ ਦੇ ਇਕ ਹੋਰ ਪੱਖ ਤੇ ਸੌਖਾ ਪੈਸਾ ਕਮਾਉਣ ਤੇ ਦੁਖਾਂਤ ਦੇ ਭਾਗੀ ਬਣਨ ਦੀ ਕਹਾਣੀ ਹੈ। 'ਯੂ-ਟਰਨ' ਇਨ੍ਹਾਂ ਰਿਸ਼ਤਿਆਂ ਦਾ ਇਕ ਹੋਰ ਪੱਖ ਜਸਲੀਨ ਦੇ ਪਾਤਰ ਰਾਹੀਂ ਪੇਸ਼ ਕਰਦੀ ਹੈ, ਜਿਸ ਵਿਚ ਸਥਾਪਿਤ ਰਿਸ਼ਤਿਆਂ ਤੇ ਪਿੱਤਰੀ ਸੱਤਾ ਪ੍ਰਤੀ ਬਗਾਵਤ ਹੈ। 'ਵਰਲਡ ਆਰਡਰ' ਕਹਾਣੀ LGBT ਵਰਗੇ ਸੰਵੇਦਨਸ਼ੀਲ ਮੁੱਦੇ ਨੂੰ ਪੇਸ਼ ਕਰਦੀ ਹੈ, ਇਸ ਨੂੰ ਵੱਡੀਆਂ ਤਾਕਤਾਂ ਦੀ ਸਾਜ਼ਿਸ਼ ਦਾ ਹਿੱਸਾ ਦੱਸਿਆ ਗਿਆ ਹੈ। ਪਰ ਲੇਖਕ ਇਸ ਗੁੰਝਲਦਾਰ ਮੁੱਦੇ ਨੂੰ ਗਲਪ ਵਿਚ ਢਾਲਣ ਵਿਚ ਨਾਕਾਮ ਨਜ਼ਰ ਆਉਂਦਾ ਹੈ। 'ਸਟਰੇਂਜਰ' ਪੰਜਾਬੀ ਬੰਦੇ ਦੀ ਵਿਡੰਬਨਾ ਦੀ ਕਹਾਣੀ ਹੈ। ਚੰਗੇਰੇ ਜੀਵਨ ਦੀ ਭਾਲ ਵਿਚ ਪਿੰਡ ਤੋਂ ਸ਼ਹਿਰ, ਸ਼ਹਿਰ ਤੋਂ ਪਰਦੇਸ ਤੇ ਫਿਰ ਪਰਦੇਸ ਤੋਂ ਘਰ ਵਾਪਸੀ, ਪਰ ਉਦੋਂ ਤੱਕ ਉਹ ਆਪਣੀ ਜੜ੍ਹਾਂ ਨਾਲੋਂ ਵੀ ਟੁੱਟ ਚੁੱਕਾ ਹੁੰਦਾ ਹੈ। ਇਹ ਕਹਾਣੀ ਪੰਜਾਬ ਦੇ ਪਰਵਾਸ ਦੇ ਦੁਖਾਂਤਕ ਪਹਿਲੂਆਂ ਨੂੰ ਪੇਸ਼ ਕਰਦੀ ਹੈ। 'ਬੱਜੋਰੱਤਾ' ਦੁਰਘਟਨਾ ਕਾਰਣ ਅਪਾਹਜ ਹੋਏ ਵਿਅਕਤੀ ਦੇ ਸੁਪਨਿਆਂ ਤੇ ਉਮੀਦਾਂ ਦੇ ਘਾਣ ਦੀ ਕਹਾਣੀ ਹੈ, ਇਸ ਵਿਚ ਇਕ ਗੁੱਝਾ ਵਿਅੰਗ ਵੀ ਹੈ। ਕਿਉਂਕਿ ਅਸੀਂ ਸਮਾਜਕ ਰਿਸ਼ਤਿਆਂ ਵਿਚ ਜੀਣ ਦੇ ਦਾਅਵੇ ਕਰਦੇ ਹਾਂ, ਪਰ ਇਨ੍ਹਾਂ ਪ੍ਰਤੀ ਅਸੀਂ ਬਹੁਤ ਅਸੰਵੇਦਨਸ਼ੀਲ ਵੀ ਹਾਂ। 'ਸੱਤ ਦਿਨ ਦੀ ਕੈਦ' ਕਰੋਨਾ ਕਾਲ ਦੀ ਸਥਿਤੀ ਨੂੰ ਪੇਸ਼ ਕਰਦੀ ਹੈ, ਪਰ ਵਾਧੂ ਵੇਰਵੇ ਕਹਾਣੀ ਦੀ ਬਣਤਰ ਨੂੰ ਪ੍ਰਭਾਵਿਤ ਕਰਦੇ ਹਨ।

ਸਮੁੱਚੇ ਰੂਪ ਵਿਚ ਅਲਫ਼ਾਜ਼ ਦਾ ਇਹ ਕਹਾਣੀ-ਸੰਗ੍ਰਹਿ ਪੰਜਾਬੀ ਕਹਾਣੀ ਵਿਚ ਨਵੇਂ ਵਿਸ਼ੇ ਲੈ ਆਉਂਦਾ ਹੈ, ਜੋ ਪ੍ਰਭਾਵਿਤ ਕਰਦੇ ਹਨ। ਪਰ ਕਿਤੇ-ਕਿਤੇ ਭਾਸ਼ਾ ਪ੍ਰਤੀ ਹੋਰ ਸੁਚੇਤ ਹੋਣ ਦੀ ਜ਼ਰੂਰਤ ਹੈ। ਪਹਿਲਾ ਕਹਾਣੀ-ਸੰਗ੍ਰਹਿ ਹੋਣ ਦੇ ਬਾਵਜੂਦ ਇਹ ਸੰਗ੍ਰਹਿ ਪਾਠਕ ਨੂੰ ਪ੍ਰਭਾਵਿਤ ਕਰ ਸਕਣ ਦੀ ਸਮਰੱਥਾ ਰੱਖਦਾ ਹੈ।